2-April-Sunday.qxd 4/1/2023 9:20 PM Page 1



ਅਜ਼ੀਜ਼ ਸਰੋਏ ਨਾਲ ਮੁਲਾਕਾਤ
ਆਖਰੀ ਸਫ਼ੇ 'ਤੇ

ਆਖਰੀ ਸਫ਼ੇ 'ਤੇ

# ਨਵਾਂ ਜ਼ਮਾਨਾ ਐਤਵਾਰਤਾ

ਬਿਰਖਾਂ ਕੋਲੋਂ ਖੋਹ ਕੇ,
ਵਿਕਸਤ ਹੋਵਣ ਰਾਹ
ਵਤਨ ਵਿਕਾਸ ਕਰੇਂਦਿਆ
ਛਾਂ ਦਾ ਕਰਜ਼ ਲਾਹ।
- ਮਲਵਿੰਦਰ

Regd. No : Pb/JL-123/2021-2023, (R.N.I.)-00068/57
ਜਲੰਧਰ : ਐਤਵਾਰ, 2 ਅਪ੍ਰੈਲ 2023
www.nawanzamana.in
ਕੀਮਤ 5.00 ਰੁਪਏ

ਅਜੋਕੇ ਸਰੋਕਾਰ

## ਫਾਸ਼ੀਵਾਦ ਅਤੇ ਫਾਸ਼ੀਵਾਦ ਵਿਰੋਧੀ ਮੋਰਚਾ-2

ਕਾਮਰੇਡ ਜਗਰੂਪ

(ਲੜੀ-3)

ਰਾਜਨੀਤੀ-ਸ਼ਾਸਤਰ (ਦਰਸ਼ਨ) ਪਰਵਰਗਾਂ (categories) ਰਾਹੀਂ ਮਸਲੇ ਵਿਚਾਰਦਾ ਅਤੇ ਨਜਿੱਠਦਾ ਹੈ।

ਪਰਵਰਗ ਕੀ ਹੈ? ਇਹ ਮਿਲਦੀਆਂ-ਜੁਲਦੀਆਂ ਧਾਰਨਾਵਾਂ (concepts) ਦਾ ਗਰੁੱਪ ਹੁੰਦਾ ਹੈ। [(ਨਿੰਬੂ ਜਾਤੀ ਦੇ ਫਲ; ਸੰਤਰਾ, ਮਾਲਟਾ, ਕਿੰਨੂ, ਮੌਸਮੀ ਆਦਿ, ਇਕੋ ਜਾਤੀ ਦੇ ਫਲ, ਪਰਵਰਗ ਬਣਾਉਂਦੇ ਹਨ।)

ਰਾਜਨੀਤੀ ਸ਼ਾਸਤਰ ਵਿਚ "ਬੁਰਜੂਆ" ਅਤੇ ਪਰੋਲਤਾਰੀ, (ਕਰਮਵਾਰ, ਕਿਰਤ ਦੀ ਲੁੱਟ ਕਰਨ ਵਾਲਿਆਂ ਦਾ ਅਤੇ ਲੁੱਟੇ ਜਾਣ ਵਾਲਿਆਂ ਦਾ) ਪਰਵਰਗ ਹਨ। ਨਾਮਕਰਨ ਮੂਰਤ ਹੁੰਦੇ ਹਨ, ਨਾਮਕਰਨਾ ਦੇ ਨਾਮਕਰਨ ; ਧਾਰਨਾਵਾਂ ਅਤੇ ਪਰਵਰਗ ਅਮੂਰਤ ਹੁੰਦੇ ਹਨ।(ਕਣਕ, ਜੌਂ, ਛੋਲੇ, ਮੱਕੀ, ਮੂਰਤ-ਸ਼ਬਦ ਹਨ ਅਤੇ "ਦਾਣੇ" ਅਮੂਰਤ ਧਾਰਨਾ ਹੈ) ਮੂਰਤ ਅਤੇ ਅਮੂਰਤ (concrete & abstract) ਦਾ ਦਵੰਦਵਾਦੀ ਰਿਸ਼ਤਾ : "ਠੋਸ ਤੋਂ ਅਮੂਰਤ-ਅਮੂਰਤ ਤੋਂ ਠੋਸ", ਹੈ। ਅਮੂਰਤ ਸੂਖਮ ਵੀ ਹੁੰਦਾ ਹੈ। ਇਸ ਦੀ ਸਮਝਦਾਰੀ, ਧਾਰਨਾਵਾਂ ਅਤੇ ਪਰਵਰਗਾਂ ਦੀ ਅਮਲੀ ਵਰਤੋਂ ਨੂੰ ਸਮਝਣਯੋਗ ਬਣਾਉਂਦੀ ਹੈ। [ਸੰਯੋਗੁ ਵਿਜੋਗੁ ਦੋਇ ਕਾਰ ਚਲਾਵਹਿ ਲੇਖੇ ਆਵਹਿ ਭਾਗ ।।] (ਸੰਯੋਗ, ਦੋ ਤੋਂ ਇਕ ਹੋਣਾ ਅਤੇ ਵਿਯੋਗ, ਇਕ ਤੋਂ ਦੋ ਜਾਂ ਬਹੁਤੇ ਹੋਣਾ ਹੈ)

ਹਰ ਵਿਸ਼ੇ ਦੇ ਆਪਣੇ ਆਪਣੇ ਪਰਵਰਗ (ਧਾਰਨਾਵਾਂ ਦੇ ਸਮੂਹ) ਹੁੰਦੇ ਹਨ।

ਇਹਨਾਂ ਦੀ ਸਪੱਸ਼ਟਤਾ ਬਗੈਰ ਝਮੇਲੇ ਖੜੇ ਰਹਿੰਦੇ ਹਨ। ਡੈਮੋਕਰੇਸੀ (ਲੋਕਰਾਜ, ਜਮਹੂਰੀਅਤ) ਸ਼ਬਦ ਅਜਿਹੇ ਪਰਵਰਗਾਂ ਵਿਚੋਂ ਹੈ, ਜਿੱਥੇ ਇਸ ਦੇ ਵਿਸ਼ੇਸ਼ਣ (ਅਗੇਤਰ-ਸ਼ਬਦ) ਦੀ ਵਰਤੋਂ ਨਾਲ ਇਹ ਵਧੇਰੇ ਝਮੇਲੇ ਵਾਲੇ ਬਣਦੇ ਹਨ।

ਇਸ ਦੇ ਉਲਟ ਪਛੇਤਰ ਨਾਲ ਵੀ "ਰਾਜਨੀਤੀ-ਸ਼ਾਸਤਰ" ਦੇ ਸ਼ਬਦ ਸਮਝਣ ਲਈ ਧਿਆਨ ਮੰਗਦੇ ਹਨ; "ਬੁਰਜੂਆ-ਜਮਹੂਰੀਅਤ" ਅਤੇ "ਬੁਰਜੂਆ ਤਾਨਾਸ਼ਾਹੀ", (ਇਹ ਇਕ ਬਿੰਦੂ ਤੋਂ ਉਲਟ ਦਿਸ਼ਾਵੀ ਮਾਰਗ ਹੈ) (ਇਵੇਂ "ਪਰੋਲਤਾਰੀ-ਤਾਨਾਸ਼ਾਹੀ" ਅਤੇ "ਪਰੋਲਤਾਰੀ-ਜਮਹੂਰੀਅਤ" ਵੀ ਇਕੋ ਬਿੰਦੂ ਤੋਂ ਉਲਟ ਦਿਸ਼ਾਵੀ ਹੈ) ਆਦਿ ।

ਇਹ ਕੀ ਅਰਥ ਰੱਖਦੇ ਹਨ?

"ਜਮਹੂਰੀ" ਅਤੇ "ਗੈਰ-ਜਮਹੂਰੀ" ਵਿਚਕਾਰ,

"ਜਮਹੂਰੀਅਤ" ਦੇ ਕਿੰਨੇ ਸਾਰੇ ਰੂਪ ਹਨ :

'ਬੁਰਜੂਆ ਜਮਹੂਰੀਅਤ', 'ਸਮਾਜਕ ਜਮਹੂਰੀਅਤ',

'ਲੋਕ ਜਮਹੂਰੀਅਤ', 'ਕੌਮੀ ਜਮਹੂਰੀਅਤ', 'ਨਵ ਜਮਹੂਰੀਅਤ', 'ਪਰੋਲਤਾਰੀ ਜਮਹੂਰੀਅਤ',

'ਖਰੀ ਜਮਹੂਰੀਅਤ', 'ਸਮਾਜਵਾਦੀ ਜਮਹੂਰੀਅਤ',

' ਕਮਿਊਨਿਸਟ ਜਮਹੂਰੀਅਤ' ਆਦਿ।

ਰਾਜਨੀਤੀ-ਸ਼ਾਸਤਰ ਦੇ ਇਹਨਾਂ ਪਰਵਰਗਾਂ ਦੀ ਸਮਝਦਾਰੀ ਨਾਲ ਹੀ ਇਹਨਾਂ ਦੀ ਸਹੀ ਵਰਤੋਂ ਹੋ ਸਕਦੀ ਹੈ। ਪਰਵਰਗਾਂ ਦੀ ਸਮਝਦਾਰੀ ਬਗੈਰ ਚੇਤਨ ਲਹਿਰ-ਉਸਾਰੀ ਅਸੰਭਵ ਹੈ।

ਜਮਹੂਰੀਅਤ; (ਲੋਕਤੰਤਰ, ਲੋਕਰਾਜ) ਦੇ ਕੀ ਅਰਥ ਹਨ?

ਕੀ ਇਹ ਚੋਣਾਂ ਵਿਚ ਭਾਗ ਲੈਣ ਨਾਲ ਸੰਬੰਧਤ ਹੈ?

ਕੀ ਅਜੋਕੀ ਭਾਰਤੀ ਸੱਤਾ; ਲੋਕਤੰਤਰਕ, ਲੋਕਰਾਜੀ, ਜਮਹੂਰੀ ਹੈ ਜਾਂ "ਗੈਰ-ਜਮਹੂਰੀ" ਹੈ?

ਇਹ ਕੀ ਕਸਵੱਟੀ ਹੈ ਕਿ ਕਿਹੜੀ ਪਾਰਟੀ "ਜਮਹੂਰੀ" ਹੈ ਜਾਂ "ਗੈਰ-ਜਮਹੂਰੀ" ਹੈ?

ਜਮਹੂਰੀ ਸ਼ਕਤੀਆਂ ਦੀ ਕੀ ਪਹਿਚਾਣ ਹੈ?

ਕੌਣ ਜਮਹੂਰੀਅਤ ਪਸੰਦ ਹੈ ਅਤੇ ਕੌਣ ਜਮਹੂਰੀਅਤ ਵਿਰੋਧੀ ਹੈ?

ਜੇ ਕੇਵਲ ਚੋਣਾਂ 'ਚ ਭਾਗ ਲੈਣ ਨਾਲ ਸੰਬੰਧਤ ਕਰਦੇ ਹਾਂ ਤਾਂ ਰਾਜ ਸੱਤਾ 'ਤੇ ਕਾਬਜ਼ ਭਾਜਪਾ ਵੀ ਜਮਹੂਰੀ ਹੈ, ਕਿਉਂਕਿ ਉਹ ਚੋਣਾਂ 'ਚ ਭਾਗ ਲੈਂਦੀ, ਜਿੱਤਦੀ, ਹਾਰਦੀ ਹੈ। ਇੰਜ ਤਾਂ ਫਿਰ ਸਾਰੇ ਹੀ ਜਮਹੂਰੀ ਹਨ।

ਫਿਰ "ਸੈਕੂਲਰ-ਜਮਹੂਰੀ ਸ਼ਕਤੀਆਂ" ਨੂੰ ਇਕੱਠੇ ਕਰਨ ਦਾ ਵਖਰੇਵਾਂ ਕਿਸ ਗੱਲ ਵਿਚ ਹੈ?

ਫਿਰ ਭਾਜਪਾ ਇਸ ਵਿੱਚੋਂ ਬਾਹਰ ਕਿਵੇਂ ਹੈ?

ਇਸ ਦਾ ਮਤਲਬ ਹੈ ਚੋਣਾਂ 'ਚ ਭਾਗ ਲੈਣਾ ਜਮਹੂਰੀ ਹੋਣ ਦੀ ਕਸਵੱਟੀ ਨਹੀਂ ਹੈ, ਜਦੋਂ ਕਿ ਜਮਹੂਰੀ ਧਿਰਾਂ ਚੋਣਾਂ ਰਾਹੀਂ ਪ੍ਰਬੰਧਕ ਅਦਾਰੇ, ਸਰਕਾਰਾਂ ਆਦਿ ਚੁਣਦੇ ਹਨ। ਇਹ ਇਕ ਭਾਗ ਹੈ।

ਡੈਮੋਕਰੇਸੀ, "ਲੋਕ" ਅਤੇ "ਤਾਕਤ" (demos/ਲੋਕ & cratos/ਤਾਕਤ, ਸ਼ਕਤੀ) ਦੋ ਯੂਨਾਨੀ (greek) ਸ਼ਬਦ ਦੇ ਸੁਮੇਲ ਦਾ ਸਾਂਝਾ ਸ਼ਬਦ, "ਡੈਮੋਕਰੇਸੀ" ("ਲੋਕਰਾਜ/ਲੋਕਤੰਤਰ") ਹੈ।



ਦਮਿਤਰੋਵ

ਜਗੀਰੂ ਜੁਗ ਵਿਚ ਰਾਜਤੰਤਰ ਸਮੇਂ, ਭੋਂ ਮਾਲਕ ਵਰਗ ਕੋਲ ਸਭ ਦੌਲਤ ਇਕੱਠੀ ਹੁੰਦੀ ਸੀ। ਮੁਜ਼ਾਰੇ, ਖੇਤੀਕਾਰ/ਹਲਵਾਹਕ, ਕਿਰਤੀਆਂ ਦੇ ਪੱਲੇ ਬਹੁਤ ਘੱਟ ਆਉਂਦਾ ਸੀ। ਉਹਨਾਂ ਦੀ ਖਰੀਦ ਸ਼ਕਤੀ ਜੀਵਨ ਲੋੜਾਂ ਲਈ ਨਾ-ਮਾਤਰ ਸੀ।

ਦਸਤਕਾਰੀ ਦੇ ਵਾਧੇ ਨੇ ਮਿਕਦਾਰੀ ਤੋਂ ਸਿਫਤੀ ਫਰਕ ਨਾਲ, ਕਾਰਖਾਨੇਦਾਰੀ ਬਣਨਾ ਸੀ। ਉਸ ਨੂੰ ਆਪਣਾ ਮਾਲ ਵਿਕਣ ਯੋਗ ਬਣਾਉਣ ਲਈ, ਖੇਤੀਕਾਰ-ਜਨਤਾ ਦੀ ਖਰੀਦਦਾਰੀ ਵਧਾਉਣ ਲਈ, ਖਰੀਦ ਸ਼ਕਤੀ ਵਧਾਉਣ ਲਈ, ਸਮਾਜਿਕ ਪੱਧਰ 'ਤੇ "ਆਜ਼ਾਦੀ, ਬਰਾਬਰੀ ਅਤੇ ਭਾਈਚਾਰਾ" ਦੇ ਮਾਰਗ ਬਿਨ ਹੋਰ ਕੋਈ ਰਾਹ ਨਹੀਂ ਸੀ।

ਇਹੀ ਜਗੀਰੂ ਪ੍ਰਬੰਧ ਵਿਰੁੱਧ, ਬੁਰਜੂਆ (ਸਰਮਾਏਦਾਰਾ) ਇਨਕਲਾਬ ਦੇ ਚਾਲਕ ਨਾਹਰੇ ਬਣੇ।

ਬੁਰਜੂਆ ਇਨਕਲਾਬ (1789 ਦੀ ਫਰਾਂਸ ਕਰਾਂਤੀ) ਨੇ ਜਨਤਾ ਨੂੰ ਜੋ ਹੱਕ ਦਿੱਤੇ, ਮੁੱਢ ਬੰਨ੍ਹਿਆ, ਉਸ ਨੇ ਮਨੁੱਖੀ ਵਿਕਾਸ ਦੇ ਰਾਹ ਖੋਲ੍ਹੇ। ਮੁਜ਼ਾਰੇ-ਕਿਸਾਨ, ਕਾਰਖਾਨਿਆਂ ਦੇ ਮਜ਼ਦੂਰ ਬਣੇ। ਉਨ੍ਹਾਂ ਨੂੰ ਮਾਲਕ ਚੁਣਨ ਦੀ ਆਜ਼ਾਦੀ ਮਿਲੀ, ਬੋਲਣ, ਵਿਚਾਰ ਪ੍ਰਗਟਾਉਣ, ਪੜ੍ਹਨ-ਲਿਖਣ, ਘੁੰਮਣ ਆਦਿ ਦੀ ਆਜ਼ਾਦੀ ਮਿਲੀ। ਉਨ੍ਹਾਂ ਨੂੰ 'ਸ਼ਹਿਰੀ ਹੱਕ' ਮਿਲੇ। ਉਨ੍ਹਾਂ ਨੂੰ ਮਨੁੱਖ ਹੋਣ ਦਾ ਅਹਿਸਾਸ ਹੋਇਆ। ਕਾਨੂੰਨੀ ਹੱਕ ਮਿਲੇ। ਵੋਟ ਬਣੀ, ਫਿਰ ਸਭ ਦੀ ਵੋਟ ਬਣੀ, ਚੋਣ ਕਰਨ ਤੇ ਚੁਣੇ ਜਾਣ ਦਾ ਹੱਕ ਮਿਲਿਆ।

ਬੁਰਜਵਾਜੀ ਨੇ ਜਿਵੇਂ-ਜਿਵੇਂ ਵਿਕਾਸ ਕੀਤਾ, ਮਜ਼ਦੂਰ ਦੀ ਲੁੱਟ ਵੀ ਤੇਜ਼ ਹੋਈ ਤਾਂ ਮਜ਼ਦੂਰਾਂ ਨੂੰ ਨਵਾਂ ਅਹਿਸਾਸ ਹੋਇਆ ਕਿ "ਆਜ਼ਾਦੀ, ਬਰਾਬਰੀ ਤੇ ਭਾਈਚਾਰਾ" ਪੱਖਪਾਤੀ ਹੈ, ਮਜ਼ਦੂਰਾਂ ਲਈ ਨਹੀਂ, ਸਰਮਾਏਦਾਰ ਵਰਗ ਲਈ ਹੈ। ਇਸ ਲਈ ਇਸ ਇਨਕਲਾਬ ਨਾਲ, ਇਸ ਦਾ "ਵਿਸ਼ੇਸ਼ਣ", ਅਗੇਤਰ ਵਜੋਂ ਜੁੜ ਗਿਆ; ਇਹ "ਬੁਰਜੂਆ-ਇਨਕਲਾਬ" ਸੱਦਿਆ ਜਾਂਦਾ ਹੈ ਅਤੇ ਇਹੀ "ਬੁਰਜੂਆ ਜਮਹੂਰੀਅਤ", ਸਰਮਾਏਦਾਰਾ-ਵਰਗ ਦੇ ਵਿਕਾਸ ਲਈ "ਆਜ਼ਾਦੀ, ਬਰਾਬਰੀ ਅਤੇ ਭਾਈਚਾਰਾ" ਹੈ। ਮਜ਼ਦੂਰਾਂ, ਕਿਸਾਨਾਂ, ਮਿਹਨਤਕਸ਼ਾਂ ਲਈ ਸੀਮਤ ਕੀਤੀ "ਆਜ਼ਾਦੀ, ਬਰਾਬਰੀ" ਉਹ ਵੀ ਲੁੱਟੇ ਜਾਣ ਲਈ ਵਧੇਰੇ, "ਭਰੱਪਾ" ਬਿਲਕੁਲ ਨਹੀਂ।

### ਨੀਮ ਹਕੀਮ ਖਤਰਾ ਏ ਜਾਨ

ਸੋ "ਆਜ਼ਾਦੀ, ਬਰਾਬਰੀ ਅਤੇ ਭਾਈਚਾਰਾ"-"ਅਦਰਸ਼ਕ ਸੱਭਿਆਚਾਰ" (ਜਮਹੂਰੀਅਤ) ਹੈ। ਇਹ ਮਨੁੱਖ ਦੀ ਆਰਥਿਕਤਾ ਵਿਚਲੀ ਬਰਾਬਰੀ ਨਾਲ ਜੁੜਿਆ, ਦਾਰਸ਼ਨਿਕ ਪਰਵਰਗ-ਸ਼ਬਦ ਹੈ, ਜਿਸ ਨੂੰ "ਲੋਕਰਾਜ" (ਲੋਕਤੰਤਰ, ਜਮਹੂਰੀਅਤ) ਵਜੋਂ ਵਿਚਾਰਦੇ ਹਾਂ। ਇਸ ਦੇ ਅਗੇਤਰ ਇਸ ਦੀ ਵਿਸ਼ੇਸ਼ਤਾ ਬਿਆਨ ਕਰਦੇ ਹਨ।

ਸੋ "ਜਮਹੂਰੀ" ਅਤੇ "ਗੈਰ-ਜਮਹੂਰੀ" ਦੀ ਪਹਿਚਾਣ ਇਹੀ ਹੈ, ਜੋ ਸਮਾਜ ਵਿਚ ਲੋਕਾਂ ਦੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਹੱਕ ਵਧਾਉਣ ਵੱਲ ਹੈ, ਉਹ ਜਮਹੂਰੀ ਹੈ, ਜਮਹੂਰੀਅਤ ਦਾ ਰਾਖਾ ਹੈ। ਜੋ ਲੋਕਾਂ ਦੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਹੱਕ ਮਾਰਦਾ ਹੈ, ਉਹ ਗੈਰ-ਜਮਹੂਰੀ" ਹੈ। ਭਾਰਤੀ ਰਾਜਸੀ ਖੇਤਰ ਵਿਚ ਕੌਣ-ਕੌਣ ਗੈਰ-ਜਮਹੂਰੀ ਹੈ, ਇਸ ਪਰਤੱਖ ਨੂੰ ਕਿਸੇ ਪ੍ਰਮਾਣ ਦੀ ਲੋੜ ਨਹੀਂ ਹੈ। ਜੋ ਸਾਡੇ ਬੁਰਜੂਆ ਜਮਹੂਰੀ ਹੱਕ ਵੀ ਖੋਹਣ ਦੇ ਰਾਹ ਪਏ ਹੋਏ ਨੇ, ਸਭ "ਗੈਰ-ਜਮਹੂਰੀ" ਹਨ, ਪਰ ਜਿਨ੍ਹਾਂ ਦੀ ਗਿਣਤੀ ਸਮਾਜ ਦਾ 1/10 ਤੋਂ ਵੀ ਘੱਟ ਹੈ। 9/10 ਲੋਕ (90%) ਭਾਵੇਂ ਖਿੰਡੇ-ਪੁੰਡੇ ਹਨ, ਪਰ ਸਿਧਾਂਤਕ ਰੂਪ ਵਿਚ ਜਮਹੂਰੀ ਸ਼ਕਤੀਆਂ ਹਨ। ਇਹਨਾਂ ਦੀ ਚੇਤਨ ਲਾਮਬੰਦੀ ਚਿੰਤਨ ਦਾ ਵਿਸ਼ਾ ਹੈ।

(ਲੜੀ-4)

ਦਮਿਤਰੋਵ "ਸੋਸ਼ਲ ਡੈਮੋਕ੍ਰੇਟਸ" ਦੇ ਨਾਂਹ-ਪੱਖੀ ਰੋਲ, ਕਮੀਆਂ ਦੇ ਵਿਖਿਆਨ ਦੇ ਨਾਲ-ਨਾਲ ਅੱਗੇ, ਆਪਣੀ ਰਿਪੋਰਟ ਵਿਚ ਫਾਸ਼ੀਵਾਦ ਦੇ ਸੱਤਾਧਾਰੀ ਹੋਣ ਦੇ ਹੋਰ ਕਾਰਨ ਵੀ ਦਰਜ ਕਰਦਾ ਹੈ। ਇਹ ਹਵਾਲੇ ਕੇਵਲ ਇਤਿਹਾਸ ਉਤੇ ਝਾਤ ਮਾਰਨਾ ਨਹੀਂ, ਇਹ ਵਰਤਮਾਨ ਸਮੇਂ ਲਈ ਸ਼ੀਸ਼ਾ ਹੈ, ਜਿਸ ਵਿਚ ਅਸੀਂ (ਪਰੋਲਤਾਰੀ ਧਿਰ ਨੇ) ਆਪਣਾ ਅਮਲੀ- ਚਿਹਰਾ ਦੇਖਣਾ ਹੈ ਅਤੇ ਖੁਦ ਦੇ ਨਿਭਾਏ ਰੋਲ ਦਾ ਮੁਲਾਂਕਣ ਕਰਨਾ ਹੈ। ਇਹ ਇਕ ਤਰ੍ਹਾਂ ਇਤਿਹਾਸ ਤੋਂ ਸਬਕ "ਨਾ-ਲੈਣ" ਦਾ ਅਤੇ ਆਪਣੀਆਂ ਕੀਤੀਆਂ ਭੁੱਲਾਂ, ਗਲਤੀਆਂ ਉਤੇ ਨਜ਼ਰਸਾਨੀ ਅਤੇ ਰੀਵਿਊ ਵੀ ਹੈ, ਕਿਉਂਕਿ ਫਾਸ਼ੀਵਾਦ ਤਾਂ ਕਿਸੇ ਜਮਾਤੀ ਵਿਰੋਧੀ ਨੂੰ ਮੁਆਫ ਨਹੀਂ ਕਰਦਾ।

ਉਹ ਦਰਜ ਕਰਦਾ ਹੈ :

"ਫਾਸ਼ੀਵਾਦ ਇਸ ਕਰਕੇ ਵੀ ਜੇਤੂ ਹੋਇਆ, ਕਿਉਂਕਿ ਇਹ ਨੌਜਵਾਨਾਂ ਦੀਆਂ ਸਫਾਂ ਅੰਦਰ ਘੁਸਣ ਵਿਚ ਸਫਲ ਹੋ ਗਿਆ, ਜਦੋਂ ਕਿ ਸੋਸ਼ਲ ਡੈਮੋਕਰੇਟਾਂ ਨੇ ਮਜ਼ਦੂਰ ਜਮਾਤ ਦੇ ਨੌਜਵਾਨਾਂ ਨੂੰ ਜਮਾਤੀ ਸੰਘਰਸ਼ ਤੋਂ ਹੋੜਿਆ (ਵਰਜਿਆ) ਜਦੋਂ ਕਿ ਇਨਕਲਾਬੀ ਪਰੋਲਤਾਰੀ ਨੇ ਨੌਜਵਾਨਾਂ ਵਿਚ ਅਜੇ ਲੋੜੀਂਦਾ ਸਿੱਖਿਆ ਦਾ ਕੰਮ ਵਿਕਸਤ ਨਹੀਂ ਸੀ ਕੀਤਾ ਅਤੇ ਉਨ੍ਹਾਂ ਦੇ ਵਿਸ਼ੇਸ਼ ਹਿੱਤਾਂ ਤੇ ਮੰਗਾਂ ਲਈ ਸੰਘਰਸ਼ ਕਰਨ ਵੱਲ ਕਾਫੀ ਲੋੜੀਂਦਾ ਧਿਆਨ ਨਹੀਂ ਸੀ ਦਿੱਤਾ। ਫਾਸ਼ੀਵਾਦ ਨੇ ਲੜਾਕੂ ਸਰਗਰਮੀ ਕਰਨ ਲਈ ਨੌਜਵਾਨਾਂ ਦੀਆਂ ਜ਼ਰੂਰਤਾਂ ਨੂੰ ਤਾੜ ਲਿਆ ਅਤੇ ਨੌਜਵਾਨਾਂ ਦੇ ਇਕ ਕਾਫੀ ਵੱਡੇ ਹਿੱਸੇ ਨੂੰ ਭਰਮਾ ਕੇ ਆਪਣੇ ਲੜਾਕੂ ਦਸਤਿਆਂ ਵਿਚ ਸ਼ਾਮਲ ਕਰ ਲਿਆ।"

ਅਸੀਂ ਅੱਜ ਦੇ ਸੰਦਰਭ ਵਿਚ ਸੋਚੀਏ!

ਕੀ ਅਸੀਂ ਇਤਿਹਾਸ ਤੋਂ ਸਬਕ ਲੈ ਕੇ ਆਪਣੇ ਕੰਮ-ਢੰਗ ਵਿਚ ਇਸ ਮਸਲੇ ਨੂੰ ਸੰਬੋਧਨ ਹੋਏ ਹਾਂ?

"ਰੀਵਿਊ" ਦਾ ਮਤਲਬ ਗਲਤੀਆਂ ਗਿਣਨਾ, ਗਿਣਾਉਣਾ ਹੀ ਨਹੀਂ ਹੁੰਦਾ, ਸਬਕ ਲੈਣਾ ਅਤੇ ਫੌਰੀ ਅਮਲ ਅਰੰਭਣਾ ਵੀ ਹੁੰਦਾ ਹੈ, ਉਹ ਵੀ ਘਾਟ ਪੂਰੀ ਕਰਨ ਲਈ ਵਧੇਰੇ ਸਿਧਾਂਤਕ-ਸੇਧ ਅਤੇ ਵਧੇਰੇ ਇਨਕਲਾਬੀ ਜੋਸ਼ ਨਾਲ। ਕੀ ਤੱਤਪਰਤਾ ਦੀ ਲੋੜ ਹੈ?

"ਕਮਿਊਨਿਸਟ ਇੰਟਰਨੈਸ਼ਨਲ" (ਕਾਮਿੰਟਰਨ) ਦੀ ਰਿਪੋਰਟ ਨਿਰਣਾ ਦਿੰਦੀ ਹੈ :

"ਫਾਸ਼ੀਵਾਦ-ਇਕ ਖੂੰਖਾਰ ਪਰ ਅਸਥਿਰ ਸੱਤਾ" ਹੈ।

ਜ਼ਾਹਰ ਹੈ, ਉਹ ਇਸ ਬੁਰਾਈ ਨੂੰ ਰੋਕਣ, ਸੱਤਾ-ਹੀਣ ਕਰਨ ਲਈ, "ਫਾਸ਼ੀਵਾਦ ਵਿਰੋਧੀ ਸਾਂਝੇ ਮੋਰਚੇ" ਦਾ ਸੱਦਾ ਦਿੰਦੀ ਹੈ। ਇਸ ਦੀ ਰੂਪ-ਰੇਖਾ ਕੀ ਹੈ?

"ਫਾਸ਼ੀਵਾਦ ਵਿਰੁੱਧ ਮਜ਼ਦੂਰ ਜਮਾਤ ਦਾ ਮੋਰਚਾ" ਅਤੇ "ਫਾਸ਼ੀਵਾਦ ਵਿਰੁੱਧ ਜਨਤਕ ਮੋਰਚਾ' ਦਾ ਦਵੰਦਵਾਦੀ ਰਿਸ਼ਤਾ ਕੀ ਹੈ?

ਰਿਪੋਰਟ ਵਿਸਥਾਰ ਵਿਚ ਜ਼ਿਕਰ ਕਰਦੀ ਹੈ ਅਤੇ ਇਸ ਵਿਰੋਧ ਵਿਕਾਸ ਵਿੱਚੋਂ ਆਪਣਾ ਨਿਰਣਾ ਦਿੰਦੀ ਹੈ, ਜੋ ਸਾਡੇ ਲਈ ਅੱਜ ਵੀ ਸਬਕ ਹੈ।

ਕੀ ਇਹਨਾਂ ਵਿਚ ਵਖਰੇਵਾਂ ਹੈ?

ਕੀ ਇਹ ਬੁਨਿਆਦੀ ਫਰਕ ਰੱਖਦੇ ਹਨ?

ਕੀ ਇਹ ਇਕ-ਦੂਜੇ ਦੇ ਉਲਟ (opposite) ਹਨ?

ਇਸ ਮੋਰਚੇ ਦੀ ਉਸਾਰੀ ਕਿਵੇਂ ਹੋਵੇਗੀ?

ਇਸ ਝਮੇਲੇ ਦਾ ਖਾਤਮਾ ਜ਼ਰੂਰੀ ਹੈ।

ਇਸ ਰਿਪੋਰਟ ਦੇ ਕਿਤਾਬੀ ਰੂਪ ਦਾ ਦੂਜਾ ਚੈਪਟਰ ਹੈ :

"ਫਾਸ਼ੀਵਾਦ ਵਿਰੁੱਧ ਮਜ਼ਦੂਰ ਜਮਾਤ ਦਾ ਸਾਂਝਾ ਮੋਰਚਾ"

"ਸਾਥੀਓ, ਪੂੰਜੀਵਾਦੀ ਦੇਸ਼ਾਂ ਦੇ ਕਰੋੜਾਂ ਮਜ਼ਦੂਰ ਅਤੇ ਮਿਹਨਤਕਸ਼ ਇਹ ਸਵਾਲ ਪੁੱਛਦੇ ਹਨ :

ਫਾਸ਼ੀਵਾਦ ਨੂੰ ਰਾਜ ਸੱਤਾ 'ਤੇ ਕਾਬਜ਼ ਹੋਣ ਤੋਂ ਕਿਸ ਤਰ੍ਹਾਂ ਰੋਕਿਆ ਜਾ ਸਕਦਾ ਹੈ ਅਤੇ ਫਾਸ਼ੀਵਾਦ ਦੇ ਜੇਤੂ ਹੋ ਜਾਣ ਪਿੱਛੋਂ ਇਸ ਨੂੰ ਕਿਸ ਤਰ੍ਹਾਂ ਉਲਟਾਇਆ ਜਾ ਸਕਦਾ ਹੈ"?

ਜਵਾਬ ਵੀ ਦਰਜ ਹੈ :

"ਪਹਿਲੀ ਚੀਜ਼ ਜਿਹੜੀ ਜ਼ਰੂਰੀ ਕਰਨੀ ਚਾਹੀਦੀ ਹੈ, ਚੀਜ਼ ਜਿਸ ਤੋਂ ਅਰੰਭ ਕਰਨਾ ਹੈ, ਉਹ ਹੈ ਸਾਂਝਾ ਮੋਰਚਾ ਉਸਾਰਨਾ, ਹਰ ਕਾਰਖਾਨੇ 'ਚ, ਹਰ ਜ਼ਿਲ੍ਹੇ 'ਚ, ਹਰ ਖਿੱਤੇ 'ਚ, ਹਰ ਦੇਸ਼ 'ਚ, ਸਾਰੇ ਸੰਸਾਰ ਭਰ 'ਚ, ਮਜ਼ਦੂਰਾਂ ਦੇ ਐਕਸ਼ਨ ਦੀ ਏਕਤਾ ਸਥਾਪਤ ਕਰਨੀ, ਕੌਮੀ ਅਤੇ ਕੌਮਾਂਤਰੀ ਪੱਧਰ ਉਤੇ ਪਰੋਲਤਾਰੀ ਦੇ ਐਕਸ਼ਨ ਇਕ ਸ਼ਕਤੀਸ਼ਾਲੀ ਹਥਿਆਰ ਹੈ ਜਿਹੜਾ ਮਜ਼ਦੂਰ ਜਮਾਤ ਨੂੰ ਫਾਸ਼ੀਵਾਦ ਵਿਰੁੱਧ, ਜਮਾਤੀ ਦੁਸ਼ਮਣ ਵਿਰੁੱਧ ਨਾ ਕੇਵਲ ਸਫਲ ਰੱਖਿਆ ਲਈ, ਸਗੋਂ ਸਫਲ ਜਵਾਬੀ ਹਮਲੇ ਦੇ ਯੋਗ ਬਣਾਉਂਦਾ ਹੈ।"

ਇਹ "ਪਰੋਲਤਾਰੀ ਐਕਸ਼ਨ" ਕੀ ਹੈ?

"ਮਜ਼ਦੂਰ ਜਮਾਤ" ਕੀ ਹੈ? ਜਿਸ ਨੂੰ ਪਰੋਲਤਾਰੀ ਐਕਸ਼ਨ, ਜਮਾਤੀ ਦੁਸ਼ਮਣ ਵਿਰੁੱਧ "ਨਾ ਕੇਵਲ ਸਫਲ ਰੱਖਿਆ ਲਈ ਸਗੋਂ ਸਫਲ ਜਵਾਬੀ ਹਮਲੇ ਦੇ ਯੋਗ ਬਣਾਉਂਦਾ ਹੈ।"

ਇਸ ਉਪਰੋਕਤ ਪਾਰੇ ਵਿਚ ਦੋ ਮੁੱਖ ਫੈਕਟਰ ਹਨ :

1) "ਸਾਂਝਾ ਮੋਰਚਾ", ਹੇਠਾਂ ਤੋਂ ਕੌਮਾਂਤਰੀ ਪੱਧਰ ਤੱਕ, ਕਿਸ ਮਕਸਦ ਲਈ? "ਪਰੋਲਤਾਰੀ ਦੇ ਐਕਸ਼ਨ" ਲਈ! (ਜੋ "ਮਜ਼ਦੂਰ ਜਮਾਤ" ਨੂੰ "ਸਫਲ ਰੱਖਿਆ" ਅਤੇ "ਸਫਲ ਜਵਾਬੀ ਹਮਲੇ" ਯੋਗ ਬਣਾਉਂਦੇ ਹਨ।)

ਇਹ ਫੈਕਟਰ; "ਪਰੋਲਤਾਰੀ" ਅਤੇ "ਮਜ਼ਦੂਰ ਜਮਾਤ" ਦੋਵੇਂ ਏਨੇ ਮਹੱਤਵਪੂਰਨ ਹਨ ਕਿ ਇਨ੍ਹਾਂ ਸ਼ਬਦਾਂ ਦੀ ਸਹੀ ਸਮਝਦਾਰੀ ਬਗੈਰ, ਸਹੀ ਅਤੇ ਚੇਤਨ-ਵਰਤੋਂ ਕਰਨੀ ਲੱਗਭੱਗ ਅਸੰਭਵ ਹੈ।

ਪਰੋਲਤਾਰੀ, ਬੁਰਜੂਆ ਵਿਕਾਸ ਦੀ "ਕਬਰਪੁਟ" ਉਪਜ ਹੈ। ਇਹ (ਸਾਰੇ ਲੁੱਟੇ ਜਾਣ ਵਾਲਿਆਂ ਦਾ) ਪਰਵਰਗ ਹੈ। ਫਾਸ਼ੀਵਾਦ ਇਤਿਹਾਸਕ ਹੈ,

ਵਿਕਾਸ ਕਰਦੇ ਸਮੇਂ ਬੁਰਜਵਾਜੀ ਨੂੰ ਨੰਗੇ-ਚਿੱਟੇ "ਫਾਸ਼ੀਵਾਦੀ"- ਹਕੂਮਤੀ-ਰੂਪ ਦੀ ਲੋੜ ਨਹੀਂ ਹੁੰਦੀ, ਇਸ ਦੀ ਲੋੜ ਪੈਂਦੀ ਉਦੋਂ ਹੈ, ਜਦੋਂ ਉਸ ਦੇ ਵਿਕਾਸ ਦਾ ਰਾਹ ਬੰਦ ਹੋਣ ਲੱਗਦਾ ਹੈ। ਉਦੋਂ ਸਮਾਜ ਅੰਦਰ ਪਰੋਲਤਾਰੀ (ਵਾਧੂ ਕਾਮਿਆਂ) ਦੀ ਵੀ ਭਰਮਾਰ ਹੁੰਦੀ ਹੈ। ਰਿਪੋਰਟ ਇਸ (ਵਾਧੂ ਕਾਮਿਆਂ ਦੇ) "ਪਰੋਲਤਾਰੀ ਐਕਸ਼ਨ" ਦੀ ਗੱਲ ਕਰਦੀ ਹੈ। ਇਨ੍ਹਾਂ "ਵਾਧੂ ਕਾਮਿਆਂ" (ਬੇਰੁਜ਼ਗਾਰਾਂ) ਦਾ ਕੀ ਕੀਤਾ ਜਾਵੇ? ਇਸ ਦੇ ਹੱਲ ਦਾ ਅਮਲ ਪੇਸ਼ ਕਰਨਾ, "ਪਰੋਲਤਾਰੀ-ਐਕਸ਼ਨ" ਹੈ। ਰਿਪੋਰਟ ਇਸ ਪਰੋਲਤਾਰੀ-ਐਕਸ਼ਨ ਨੂੰ "ਸ਼ਕਤੀਸ਼ਾਲੀ ਹਥਿਆਰ" ਬਿਆਨ ਕਰਦੀ ਹੈ, ਜੋ "ਮਜ਼ਦੂਰ ਜਮਾਤ" ਨੂੰ ਆਪਣੇ ਜਮਾਤੀ ਦੁਸ਼ਮਣ ਵਿਰੁੱਧ ਨਾ ਕੇਵਲ "ਸਫਲ ਰੱਖਿਆ", ਸਗੋਂ "ਸਫਲ ਜਵਾਬੀ ਹਮਲੇ" ਦੇ ਯੋਗ ਵੀ ਬਣਾਉਂਦਾ ਹੈ।

(ਯਾਦ ਰਹੇ ਕੌਮਾਂਤਰੀ ਮੰਚ ਤੋਂ ਵਿਚਾਰ (ਗਾਹੜੇ) ਦਾਰਸ਼ਨਿਕ ਰੂਪ ਵਿੱਚ ਹੀ ਪੇਸ਼ ਹੁੰਦਾ ਹੈ)

ਫਿਰ ਰਿਪੋਰਟ "ਸਾਂਝੇ ਮੋਰਚੇ ਦੀ ਮਹੱਤਤਾ" ਦਾ ਖੁਲਾਸਾ ਕਰਦੀ ਹੈ; ਪਰ ਪਹਿਲਾਂ ਸਵਾਲ ਕਰਦੀ ਹੈ।

"ਕੀ ਇਹ ਸਪੱਸ਼ਟ ਨਹੀਂ ਹੈ ਕਿ ਦੋਨੋਂ ਇੰਟਰਨੈਸ਼ਨਲਾਂ, ਕਮਿਊਨਿਸਟ ਅਤੇ ਦੂਜੀ ਇੰਟਰਨੈਸ਼ਨਲ ਦੀਆਂ ਪਾਰਟੀਆਂ ਅਤੇ ਜਥੇਬੰਦੀਆਂ ਦੇ ਅਨੁਆਈਆਂ ਵੱਲੋਂ ਸਾਂਝਾ ਐਕਸ਼ਨ ਫਾਸ਼ਿਸਟ ਹਮਲੇ ਨੂੰ ਜਨ-ਸਮੂਹਾਂ ਵੱਲੋਂ ਫਾਸ਼ੀਵਾਦ ਨੂੰ ਪਿਛਾੜ ਦੇਣਾ ਸਹਿਲ ਬਣਾਏਗਾ?

[ਦੋਨੋਂ ਇੰਟਰਨੈਸ਼ਨਲਾਂ, ਦੂਜੀ ਅਤੇ ਤੀਜੀ?

ਭਾਵ ਦੂਜੀ ਇੰਟਰਨੈਸ਼ਨਲ ਜੋ ਜੁਲਾਈ 1889 ਨੂੰ ਏਂਗਲਜ਼ ਦੀ ਅਗਵਾਈ ਵਿਚ (ਮਾਰਕਸ ਦੀ ਮੌਤ ਦੇ ਛੇ ਸਾਲ ਬਾਅਦ) ਕਾਇਮ ਕੀਤੀ ਗਈ ਸੀ। ਇਸ ਨੇ ਸ਼ਾਨਦਾਰ ਅਗਵਾਈ ਕੀਤੀ, ਪਰ ਏਂਗਲਜ਼ ਦੀ ਮੌਤ (1895) ਪਿੱਛੋਂ ਇਸ ਦੇ ਕੁਝ ਨਾਮਵਰ ਆਗੂ ਸਾਮਰਾਜਵਾਦ ਦੇ ਰੋਲ ਬਾਰੇ "ਸੋਸ਼ਲ ਡੈਮੋਕਰੇਟਿਕ" ਪੁਜ਼ੀਸ਼ਨਾਂ ਦੇ ਧਾਰਨੀ ਹੋ ਗਏ ਸਨ, ਇਸ ਵਿਚ ਵਿਚਾਰਧਾਰਕ ਮੱਤਭੇਦ ਹੋਣ ਕਾਰਨ, ਮਜ਼ਦੂਰ ਜਮਾਤ ਨੂੰ ਭੰਬਲਭੂਸਾ ਪੈਂਦਾ ਸੀ, ਵਖਰੇਵੇਂ ਅਤੇ ਸਪੱਸ਼ਟ ਸੇਧ ਦੇਣ ਲਈ ਲੈਨਿਨ ਦੀ ਅਗਵਾਈ 'ਚ 1919 ਨੂੰ ਕਮਿਊਨਿਸਟ ਇੰਟਰਨੈਸ਼ਨਲ (ਤੀਜੀ ਇੰਟਰਨੈਸ਼ਨਲ) ਦੀ ਸਥਾਪਨਾ ਹੋਈ ਸੀ।]

ਸਵਾਲ ਪਿੱਛੋਂ ਰਿਪੋਰਟ ਨਿਰਣਾ ਪੇਸ਼ ਕਰਦੀ ਹੈ :

"ਫਾਸ਼ਿਜ਼ਮ ਵਿਰੁੱਧ ਦੋਨਾਂ ਇੰਟਰਨੈਸ਼ਨਲਾਂ ਦੀਆਂ ਪਾਰਟੀਆਂ ਵੱਲੋਂ ਸਾਂਝੇ ਐਕਸ਼ਨ, ਹਰ ਸੂਰਤ 'ਚ, ਉਨ੍ਹਾਂ ਦੇ ਮੌਜੂਦ ਅਨੁਆਈਆਂ, ਕਮਿਊਨਿਸਟਾਂ ਅਤੇ ਸੋਸ਼ਲ ਡੈਮੋਕਰੇਟਾਂ ਨੂੰ ਪ੍ਰਭਾਵਤ ਕਰਨ ਤੱਕ ਸੀਮਤ ਨਹੀਂ ਰਹੇਗਾ; ਸਗੋਂ ਕੈਥੋਲਿਕ, ਅਰਾਜਕਤਾਵਾਦੀ ਅਤੇ ਗੈਰ ਜਥੇਬੰਦ ਮਜ਼ਦੂਰਾਂ ਦੀਆਂ ਸਫਾਂ ਉਤੇ ਵੀ, ਉਨ੍ਹਾਂ 'ਤੇ ਵੀ ਜਿਹੜੇ ਅਸਥਾਈ ਤੌਰ 'ਤੇ ਫਾਸ਼ਿਸਟ ਲੱਛੇਦਾਰ ਭਾਸ਼ਣਬਾਜ਼ੀ ਦਾ ਸ਼ਿਕਾਰ ਹੋ ਚੁੱਕੇ ਹਨ, ਸ਼ਕਤੀਸ਼ਾਲੀ ਪ੍ਰਭਾਵ ਪਾਵੇਗੀ।"

"ਇਸ ਤੋਂ ਸਿਵਾਏ, ਪਰੋਲਤਾਰੀ ਦਾ ਸ਼ਕਤੀਸ਼ਾਲੀ ਸਾਂਝਾ ਮੋਰਚਾ ਮਿਹਨਤਕਸ਼ ਲੋਕਾਂ ਦੇ ਹੋਰ ਸਾਰੇ ਭਾਗਾਂ ਉਤੇ, ਕਿਸਾਨੀ ਉਤੇ, ਸ਼ਹਿਰੀ ਨਿੱਕ-ਬੁਰਜਵਾਜੀ ਉਤੇ, ਬੁੱਧੀਜੀਵੀਆਂ ਉਤੇ ਭਾਰੀ ਪ੍ਰਭਾਵ ਪਾਏਗਾ। ਸਾਂਝਾ ਮੋਰਚਾ ਥਿਰਕਦੇ ਗਰੁੱਪਾਂ ਨੂੰ ਮਜ਼ਦੂਰ ਜਮਾਤ ਦੀ ਸ਼ਕਤੀ 'ਚ ਵਿਸ਼ਵਾਸ ਨਾਲ ਪ੍ਰੇਰੇਗਾ।"

ਇਹ ਰਿਪੋਰਟ ਨੇ ਵੱਖ-ਵੱਖ ਜਮਾਤਾਂ, ਮਿਹਨਤਕਸ਼ ਲੋਕਾਂ, ਕਿਸਾਨਾਂ, ਬੁੱਧੀਜੀਵੀਆਂ, ਉਹਨਾਂ, ਜਿਹਨਾਂ ਨੂੰ ਪ੍ਰਚਾਰ ਨੇ ਗੁੰਮਰਾਹ ਕੀਤਾ ਹੈ, ਸਭ ਉਪਰ ਪੈਣ ਵਾਲੇ ਹਾਂ-ਪੱਖੀ ਪ੍ਰਭਾਵ ਨੂੰ ਪਦਾਰਥਵਾਦੀ ਸਲੀਕੇ ਨਾਲ ਉਸਰਦਾ ਦਰਸਾਇਆ ਹੈ।

ਫਾਸ਼ੀਵਾਦ ਵਿਰੁੱਧ ਸਾਂਝੇ ਮੋਰਚੇ ਦੀ ਉਸਾਰੀ ਉਪਰ ਉੱਠੇ ਸਵਾਲਾਂ ਨੂੰ ਨਜਿੱਠਣ ਦਾ ਜੋ ਰਾਹ ਦਰਸਾਇਆ ਹੈ, ਉਹ ਅੱਜ ਵੀ ਰਾਹ ਦਰਸਾਵਾ ਹੈ।

(ਚਲਦਾ)

## ਫਾਸ਼ੀਵਾਦ ਤੇ ਔਰਤਾਂ

ਮਨੀਸ਼ ਆਜ਼ਾਦ

ਅਨੁ : ਬੂਟਾ ਸਿੰਘ ਮਹਿਮੂਦਪੁਰ

**ਪਿਤਰ-ਸੱਤਾ ਫਿਰਕਾਪ੍ਰਸਤੀ-ਫਾਸ਼ੀਵਾਦ ਦਾ ਆਪਸ ਵਿਚ ਇਕ ਡੂੰਘਾ ਸੰਬੰਧ ਹੁੰਦਾ ਹੈ। ਭਾਰਤ ਵਿਚ ਜਦੋਂ ਇਸ ਨੂੰ ਮੰਨੂਵਾਦ 'ਚ ਮਿਸ਼ਰਤ ਕਰ ਲਿਆ ਜਾਂਦਾ ਹੈ ਤਾਂ ਇਹ ਹੋਰ ਵੀ ਖ਼ਤਰਨਾਕ ਮਿਸ਼ਰਣ ਬਣ ਜਾਂਦਾ ਹੈ।**

ਮਸ਼ਹੂਰ ਲੇਖਕਾ 'ਕਲਾਦੀਆ ਕੂਨਜ਼' ਆਪਣੀ ਕਿਤਾਬ 'ਮਦਰਜ਼ ਇਨ ਫਾਦਰਲੈਂਡ' ਵਿਚ ਲਿਖਦੀ ਹੈ ਕਿ ਜਦੋਂ ਇਕ ਸੀਨੀਅਰ ਨਾਜ਼ੀ ਅਫ਼ਸਰ ਨੂੰ ਪੁੱਛਿਆ ਗਿਆ ਕਿ ਹਿਟਲਰ ਨੇ ਅਜੇ ਤੱਕ ਵਿਆਹ ਕਿਉਂ ਨਹੀਂ ਕਰਵਾਇਆ ਤਾਂ ਉਸ ਨੇ ਬੜੇ ਮਾਣ ਨਾਲ ਕਿਹਾ ਕਿ ਹਿਟਲਰ ਨੇ ਜਰਮਨੀ ਨਾਲ ਵਿਆਹ ਕਰ ਲਿਆ ਹੈ। ਜਰਮਨੀ ਹੀ ਹਿਟਲਰ ਦੀ ਵਹੁਟੀ ਹੈ।

ਇਹ ਕੋਈ ਆਮ ਮਜ਼ਾਕ ਨਹੀਂ ਹੈ, ਇਸ ਦੇ ਨਿਹਿਤ ਅਰਥ ਡੂੰਘੇ ਹਨ, ਜਿਨ੍ਹਾਂ ਨੂੰ ਸਮਝਣ ਦੀ ਲੋੜ ਹੈ। ਸਮਾਜ ਵਿਚ ਪਰਵਾਰ ਨਾਂਅ ਦੀ ਸੰਸਥਾ ਜਿਸ ਜਗੀਰੂ ਮਰਦ ਪ੍ਰਧਾਨ ਢਾਂਚੇ ਵਿਚ ਕੰਮ ਕਰਦੀ ਹੈ, ਉਸ ਵਿਚ ਔਰਤਾਂ ਮਰਦਾਂ ਦੇ ਅਧੀਨ ਹਨ। ਜੇ ਪੁਰਾਣੇ ਮੁਹਾਵਰੇ ਵਿਚ ਕਿਹਾ ਜਾਵੇ ਤਾਂ ਮਰਦਾਂ ਦੇ ਪੈਰਾਂ ਦੀ ਜੁੱਤੀ ਹੁੰਦੀਆਂ ਹਨ ਅਤੇ ਐਨ ਉਸੇ ਤਰ੍ਹਾਂ ਕੋਈ ਤਾਨਾਸ਼ਾਹ ਜਾਂ ਫਾਸ਼ੀਵਾਦੀ ਹਾਕਮ ਪੂਰੇ ਮੁਲਕ ਨੂੰ ਆਪਣੇ ਪੈਰਾਂ ਦੀ ਜੁੱਤੀ ਸਮਝਦਾ ਹੈ ਅਤੇ ਉਸੇ ਹਿਸਾਬ ਨਾਲ ਜਨਤਾ ਨਾਲ ਸਲੂਕ ਕਰਦਾ ਹੈ। ਪਰਵਾਰ ਦੀ ਸੰਸਥਾ ਅਤੇ ਔਰਤਾਂ ਦੀ ਇਸ ਅਧੀਨਤਾ ਨੂੰ ਜਿੰਨਾ ਵਡਿਆਇਆ ਜਾਵੇਗਾ, ਤਾਨਾਸ਼ਾਹ ਲਈ ਆਪਣੀ ਵਾਜਬੀਅਤ ਨੂੰ ਸਾਬਤ ਕਰਨਾ ਓਨਾ ਹੀ ਸੌਖਾ ਹੋਵੇਗਾ।

ਇਸੇ ਲਈ ਫਾਸ਼ੀਵਾਦੀ/ ਫਿਰਕੂ ਦੌਰ ਵਿਚ ਪਰਵਾਰ ਅਤੇ ਮਾਂ ਦੀ ਪਦਵੀ ਦਾ ਹਮੇਸ਼ਾ ਗੁਣਗਾਣ ਕੀਤਾ ਜਾਂਦਾ ਹੈ। ਹਿਟਲਰ ਨੇ ਸਪੱਸ਼ਟ ਤੌਰ 'ਚ ਐਲਾਨ ਕੀਤਾ ਸੀ, 'ਮੇਰੇ ਰਾਜ ਵਿਚ ਮਾਵਾਂ ਸਭ ਤੋਂ ਮਹੱਤਵਪੂਰਨ ਨਾਗਰਿਕ ਹਨ।'

ਆਰ ਐੱਸ ਐੱਸ ਦੀਆਂ ਸ਼ਾਖਾਵਾਂ ਵਿਚ ਔਰਤਾਂ ਕਿਉਂ ਨਹੀਂ ਜਾਂਦੀਆਂ? ਇਹ ਸਵਾਲ ਸਮੇਂ-ਸਮੇਂ 'ਤੇ ਉੱਠਦਾ ਰਿਹਾ ਹੈ। ਇਸ ਦਾ ਬਹੁਤ ਹੀ ਦਿਲਚਸਪ ਪਰ ਅਰਥਪੂਰਨ ਜਵਾਬ ਦਿੱਤਾ ਗਿਆ। ਆਰ ਐੱਸ ਐੱਸ ਦੇ ਇਕ ਸੀਨੀਅਰ ਆਗੂ ਨੇ 'ਇਕਨਾਮਿਕ ਟਾਈਮਜ਼' ਅਖ਼ਬਾਰ ਨੂੰ ਦੱਸਿਆ, 'ਸ਼ਾਖਾ ਦਾ ਸਮਾਂ ਅਜਿਹਾ ਹੈ ਕਿ ਇਹ ਔਰਤਾਂ ਨੂੰ ਰਾਸ ਨਹੀਂ ਆਉਂਦਾ।' ਇਸ ਸਤਰ ਨੂੰ ਡੀਕੋਡ ਕਰਨਾ ਔਖਾ ਨਹੀਂ ਹੈ। ਸਵੇਰੇ-ਸਵੇਰੇ ਔਰਤਾਂ ਪੂਰੇ ਦਿਨ ਦੇ ਭਾਰੇ ਗੱਡੇ ਨੂੰ ਅੱਗੇ ਤੋਰਨ ਲਈ ਕਮਰ ਕੱਸ ਰਹੀਆਂ ਹੁੰਦੀਆਂ ਹਨ। ਅਜਿਹੇ 'ਚ ਉਨ੍ਹਾਂ ਕੋਲ ਸਵੇਰੇ 6 ਵਜੇ ਸ਼ਾਖਾ 'ਚ ਜਾਣ ਦਾ ਸਮਾਂ ਕਿੱਥੇ ਹੋਵੇਗਾ। ਯਾਨੀ ਜੇ ਉਹ ਸਵੇਰੇ-ਸਵੇਰੇ ਸ਼ਾਖਾ ਵਿਚ ਜਾਂਦੀਆਂ ਹਨ ਤਾਂ ਘਰ ਦਾ ਕੰਮ ਕੌਣ ਕਰੇਗਾ। ਔਰਤਾਂ ਨੂੰ ਸ਼ਾਖਾ ਵਿਚ ਨਾ ਸੱਦਣ ਦਾ ਜੋ ਦੂਜਾ ਕਾਰਨ ਉਸ ਨੇ ਦੱਸਿਆ, ਉਹ ਇਹ ਸੀ ਕਿ ਸ਼ਾਖਾ ਵਿਚ ਜਿਸ ਤਰ੍ਹਾਂ ਦੀ ਸਰੀਰਕ ਮਿਹਨਤ ਕਰਵਾਈ ਜਾਂਦੀ ਹੈ, ਔਰਤਾਂ ਉਹ ਕਰਨ ਦੇ ਕਾਬਲ ਨਹੀਂ ਹਨ। ਭਾਵ ਔਰਤਾਂ ਕੁਦਰਤੀ ਤੌਰ 'ਤੇ ਕਮਜ਼ੋਰ ਹੁੰਦੀਆਂ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਔਰਤਾਂ ਪ੍ਰਤੀ ਇਨ੍ਹਾਂ ਫਾਸ਼ੀਵਾਦੀ ਅਤੇ ਫਿਰਕੂ ਲੋਕਾਂ ਦਾ ਰਵੱਈਆ ਕੀ ਹੈ।

ਹਾਲ ਹੀ ਵਿਚ ਹਰਿਦੁਆਰ 'ਚ ਆਯੋਜਿਤ 'ਧਰਮ ਸੰਸਦ' ਵਿਚ ਔਰਤਾਂ ਨੂੰ ਸੱਦਾ ਦਿੱਤਾ ਗਿਆ ਕਿ ਉਹ ਵੱਧ ਤੋਂ ਵੱਧ ਬੱਚੇ ਜੰਮਣ ਅਤੇ ਮੁਸਲਮਾਨਾਂ ਨੂੰ ਇਸ ਮਾਮਲੇ 'ਚ ਪਛਾੜ ਦੇਣ। ਮੋਹਨ ਭਾਗਵਤ ਅਤੇ ਹੋਰ ਫਿਰਕੂ ਆਗੂ ਅਕਸਰ ਇਹ ਨਾਅਰਾ ਲਾਉਂਦੇ ਰਹਿੰਦੇ ਹਨ। ਜਰਮਨੀ ਵਿਚ ਨਾਜ਼ੀਆਂ ਨੇ ਇਕ ਗੁਰ ਘੜਿਆ ਸੀ, 'ਜ਼ਮੀਨ ਭੋਜਨ ਮੁਹੱਈਆ ਕਰਦੀ ਹੈ, ਔਰਤਾਂ ਜਨ-ਸੰਖਿਆ ਮੁਹੱਈਆ ਕਰਦੀਆਂ ਹਨ ਅਤੇ ਮਰਦ ਕਾਰਵਾਈ ਕਰਦੇ ਹਨ।'

ਇੱਥੇ ਇਹ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਬੱਚੇ ਦਾ ਮਤਲਬ ਲੜਕਾ ਹੈ। ਯਾਨਿ ਫਾਸ਼ੀਵਾਦ ਵਿਚ ਔਰਤਾਂ ਉੱਪਰ ਲੜਕਾ ਜੰਮਣ ਦਾ ਦਬਾਅ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਵਧ ਜਾਂਦਾ ਹੈ। ਤੁਸੀਂ ਇਸ ਅੰਕੜੇ ਤੋਂ ਇਸ ਦਬਾਅ ਦੇ ਪ੍ਰਭਾਵ ਨੂੰ ਸਮਝ ਸਕਦੇ ਹੋ। 'ਸੰਯੁਕਤ ਰਾਸ਼ਟਰ ਆਬਾਦੀ ਫੰਡ' ਅਨੁਸਾਰ 2013-17 ਦਰਮਿਆਨ ਭਾਰਤ ਵਿਚ 4.6 ਕਰੋੜ ਲੜਕੀਆਂ 'ਲਾਪਤਾ' ਹੋਈਆਂ। ਭਾਵ ਉਨ੍ਹਾਂ ਦੀ ਭਰੂਣ ਹੱਤਿਆ ਕਰ ਦਿੱਤੀ ਗਈ ਜਾਂ ਉਹ ਤਮਾਮ ਅਣਗਹਿਲੀਆਂ ਕਾਰਨ ਜਨਮ ਤੋਂ ਬਾਅਦ ਮਰ ਗਈਆਂ।

ਇਸੇ ਲਈ ਅਸੀਂ ਦੇਖਦੇ ਹਾਂ ਕਿ ਹਰ ਦੰਗੇ ਵਿਚ ਬੱਚੇ ਪੈਦਾ ਕਰਨ ਵਾਲੀ ਇਸੇ ਮਸ਼ੀਨ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਜੋ ਵਿਰੋਧੀ ਕੌਮ ਦੀ ਨਸਲ ਨੂੰ ਖ਼ਤਮ ਕੀਤਾ ਜਾ ਸਕੇ।

ਬੱਚੇ ਜੰਮਣ ਵਾਲੀ ਮਸ਼ੀਨ ਬਣਨ ਤੋਂ ਇਨਕਾਰ ਕਰਨ ਵਾਲੀਆਂ ਔਰਤਾਂ ਫਿਰਕੂ/ ਫਾਸ਼ੀਵਾਦੀਆਂ ਦੀਆਂ ਅੱਖਾਂ 'ਚ ਕੰਡਾ ਬਣ ਚੁਭਦੀਆਂ ਹਨ ਅਤੇ ਉਹ ਐਸੀਆਂ ਔਰਤਾਂ ਨੂੰ ਸਬਕ ਸਿਖਾਉਣ ਦੀ ਉਡੀਕ ਵਿਚ ਘਾਤ ਲਾਈ ਬੈਠੇ ਰਹਿੰਦੇ ਹਨ। ਇਸੇ ਪਿਛੋਕੜ ਵਿਚ ਉਪਰੋਕਤ ਲੇਖਕਾ ਕਲਾਦੀਆ ਕੂਨਜ਼ ਨੇ ਇਕ ਬਹੁਤ ਹੀ ਮਹੱਤਵਪੂਰਨ ਗੱਲ ਕਹੀ ਹੈ-'ਫਾਸ਼ੀਵਾਦ ਵਿਚ ਜਿਵੇਂ ਆਰੀਅਨ ਯਹੂਦੀਆਂ ਉੱਪਰ ਆਪਣੀ ਜਿੱਤ ਦੇ ਜਸ਼ਨ ਮਨਾਉਂਦੇ ਹਨ, ਉਸੇ ਤਰ੍ਹਾਂ ਮਰਦ ਆਜ਼ਾਦ ਔਰਤਾਂ ਉੱਪਰ ਆਪਣੀ ਜਿੱਤ ਦੇ ਜਸ਼ਨ ਮਨਾਉਂਦੇ ਹਨ।' ਇਹ ਗੱਲ ਭਾਰਤ ਦੇ ਪ੍ਰਸੰਗ 'ਚ ਵੀ ਹੂਬਹੂ ਸੱਚ ਹੈ। 'ਲਵ ਜੇਹਾਦ ਕਾਨੂੰਨ' ਔਰਤਾਂ ਉੱਪਰ ਮਰਦਾਂ ਦੀ ਜਿੱਤ ਦਾ ਜਸ਼ਨ ਹੈ।

ਭਾਰਤ ਵਿਚ ਅਜੇ ਇਸ ਬਾਰੇ ਅਧਿਐਨ ਕਰਨ ਦੀ ਲੋੜ ਹੈ ਕਿ ਜਿਉਂ-ਜਿਉਂ ਫਿਰਕੂ ਵਿਚਾਰ ਅਤੇ ਇਸ ਦੀ ਰਾਜਨੀਤੀ ਸਮਾਜ ਵਿਚ ਆਪਣੇ ਪੈਰ ਪਸਾਰ ਰਹੀ ਹੈ, ਤਿਉਂ-ਤਿਉਂ ਮਰਦਾਂ ਵਿਚ ਕੰਡੋਮ ਦੀ ਵਰਤੋਂ ਘਟਦੀ ਜਾ ਰਹੀ ਹੈ। ਭਾਰਤ ਦੇ ਸਿਹਤ ਮੰਤਰਾਲੇ ਦੇ ਅੰਕੜਿਆਂ ਮੁਤਾਬਕ 2008 ਤੋਂ 2016 ਦਰਮਿਆਨ ਕੰਡੋਮ ਦੀ ਵਰਤੋਂ ਵਿਚ 52 ਫੀਸਦੀ ਦੀ ਕਮੀ ਆਈ ਹੈ। ਅਜਿਹੇ 'ਚ ਤੁਸੀਂ ਸਮਝ ਸਕਦੇ ਹੋ ਕਿ ਔਰਤਾਂ ਉੱਪਰ ਪਰਵਾਰ ਨਿਯੋਜਨ ਦਾ ਬੋਝ ਵਧਦਾ ਜਾ ਰਿਹਾ ਹੈ।

ਆਰ ਐੱਸ ਐੱਸ ਦੇ 'ਪਰਵਾਰ ਪ੍ਰਬੋਧਨ' ਪ੍ਰੋਗਰਾਮ 'ਚ ਔਰਤਾਂ ਦੀ ਰਵਾਇਤੀ ਭੂਮਿਕਾ ਉੱਪਰ ਬਹੁਤ ਜ਼ੋਰ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ 'ਸੰਸਕ੍ਰਿਤੀ ਦੀ ਪੁਨਰਜਨਣੀ' ਕਹਿ ਕੇ ਵਡਿਆਇਆ ਜਾਂਦਾ ਹੈ।

ਕਿਉਂਕਿ ਬੱਚੇ ਦਾ ਪਹਿਲਾ ਸਕੂਲ ਮਾਂ ਦੀ ਗੋਦ ਹੁੰਦਾ ਹੈ, ਇਸ ਲਈ ਫਾਸ਼ੀਵਾਦੀ/ ਫਿਰਕੂ ਤਾਕਤਾਂ ਇਸ ਪ੍ਰਤੀ ਬਹੁਤ ਸੁਚੇਤ ਹਨ। ਔਰਤਾਂ ਦੇ ਅੰਦਰ ਪਹਿਲਾਂ ਤੋਂ ਮੌਜੂਦ ਪਿਤਰ-ਸੱਤਾ ਇਕ ਪੁਲ ਦਾ ਕੰਮ ਕਰਦੀ ਹੈ, ਜਿਸ ਰਾਹੀਂ ਸਾਰੇ ਜ਼ਹਿਰੀਲੇ ਅਤੇ ਪਿਛਾਂਹਖਿੱਚੂ ਵਿਚਾਰ ਔਰਤਾਂ ਦੇ ਅੰਦਰ ਦਾਖ਼ਲ ਕੀਤੇ ਜਾਂਦੇ ਹਨ ਜਿੱਥੋਂ ਉਹ ਬਹੁਤ ਹੀ ਆਸਾਨੀ ਨਾਲ ਮਾਸੂਮ ਬੱਚੇ ਵਿਚ ਪ੍ਰਵੇਸ਼ ਕਰ ਕੇ ਉਸ ਦੀ 'ਆਮ ਸੂਝ' ਦਾ ਹਿੱਸਾ ਬਣਦੀ ਰਹਿੰਦੀ ਹੈ।

ਇਸੇ ਲਈ ਪਿਤਰ-ਸੱਤਾ ਫਿਰਕਾਪ੍ਰਸਤੀ-ਫਾਸ਼ੀਵਾਦ ਦਾ ਆਪਸ ਵਿਚ ਇਕ ਡੂੰਘਾ ਸੰਬੰਧ ਹੁੰਦਾ ਹੈ। ਭਾਰਤ ਵਿਚ ਜਦੋਂ ਇਸ ਨੂੰ ਮਨੂਵਾਦ 'ਚ ਮਿਸ਼ਰਤ ਕਰ ਲਿਆ ਜਾਂਦਾ ਹੈ ਤਾਂ ਇਹ ਹੋਰ ਵੀ ਖ਼ਤਰਨਾਕ ਮਿਸ਼ਰਣ ਬਣ ਜਾਂਦਾ ਹੈ। ਆਖ਼ਰਕਾਰ ਦੰਗਿਆਂ ਵਿਚ ਹਿੰਦੂ ਉੱਚ ਜਾਤੀਆਂ ਦਲਿਤ ਜਾਤੀਆਂ ਨੂੰ ਮੁਸਲਮਾਨਾਂ ਵੱਲ ਭੜਕਾ ਕੇ ਉੱਚ ਜਾਤੀਆਂ ਦੇ ਤਮਾਤ ਵਿਸ਼ੇਸ਼ ਅਧਿਕਾਰਾਂ ਪ੍ਰਤੀ ਦਲਿਤਾਂ ਦੇ ਸੰਘਰਸ਼ ਨੂੰ ਖੁੰਢਾ ਕਰਨ ਦੀ ਕੋਸ਼ਿਸ਼ ਕਰਦੀਆਂ ਹਨ।

ਦਰਅਸਲ ਫਾਸ਼ੀਵਾਦੀ/ ਫਿਰਕੂ ਪ੍ਰੋਜੈਕਟ ਸਾਰੇ ਅਗਾਂਹਵਧੂ/ ਇਨਕਲਾਬੀ ਪ੍ਰੋਜੈਕਟਾਂ ਨੂੰ ਰੋਕਣ ਅਤੇ ਤਬਾਹ ਕਰਨ ਦਾ ਇਕ ਪ੍ਰੋਜੈਕਟ ਹੈ। ਇਸ ਲਈ ਸਾਨੂੰ ਇਸ ਨੂੰ ਬਹੁਤ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

'ਨਿਸ਼ਾ ਪਾਹੂਜਾ' ਦੀ ਮਸ਼ਹੂਰ ਡਾਕੂਮੈਂਟਰੀ 'ਦੀ ਵਰਲਡ ਬਿਫੋਰ ਹਰ' ਵਿਚ ਆਰ ਐੱਸ ਐੱਸ ਦੀ ਫਰੰਟ ਜਥੇਬੰਦੀ 'ਦੁਰਗਾ ਵਾਹਿਨੀ' ਦੀ ਇਕ ਵਰਕਸ਼ਾਪ ਲਗਾ ਚੁੱਕੀ ਮਹਿਜ਼ 11 ਸਾਲ ਦੀ ਬੱਚੀ ਕੈਮਰੇ ਦੇ ਸਾਹਮਣੇ ਬੜੇ ਆਤਮ ਵਿਸ਼ਵਾਸ ਨਾਲ ਕਹਿੰਦੀ ਹੈ, 'ਮੈਨੂੰ ਮਾਣ ਹੈ ਕਿ ਮੇਰਾ ਕੋਈ ਮੁਸਲਮਾਨ ਦੋਸਤ ਨਹੀਂ ਹੈ।' ਤੁਸੀਂ ਕਲਪਨਾ ਕਰ ਸਕਦੇ ਹੋ ਕਿ ਇਹੀ ਬੱਚੀ ਜਦੋਂ ਮਾਂ ਦੀ ਭੂਮਿਕਾ ਅਖ਼ਤਿਆਰ ਕਰੇਗੀ ਤਾਂ ਉਸ ਦੀ ਗੋਦ ਵਿਚ ਬੈਠਾ ਬੱਚਾ ਕੀ-ਕੀ ਸਿੱਖੇਗਾ। ਹੁਣ ਤੁਸੀਂ ਇਕ ਬੱਚੇ ਦੀ ਕਲਪਨਾ ਕਰੋ, ਜੋ ਅਜਿਹੀ ਮਾਂ ਦੀ ਗੋਦੀ ਤੋਂ ਉੱਤਰ ਕੇ ਸਕੂਲ ਜਾਂਦਾ ਹੈ ਅਤੇ ਉੱਥੇ ਉਹੀ ਸਭ ਚੀਜ਼ਾਂ ਸਿੱਖਦਾ ਹੈ, ਫਿਰ ਉਹ ਟੀ ਵੀ ਲਗਾਉਂਦਾ ਹੈ ਅਤੇ ਉੱਥੇ ਉਹ ਉਹੀ ਚੀਜ਼ਾਂ ਹੋਰ ਵੀ ਅਸ਼ਲੀਲ ਅਤੇ ਭੜਕਾਊ ਤਰੀਕੇ ਨਾਲ ਦੇਖਦਾ ਹੈ, ਫਿਰ ਉਹ ਵੱਡਿਆਂ ਦੀ ਸੰਗਤ ਵਿਚ ਜਾਂਦਾ ਹੈ ਅਤੇ ਉੱਥੇ ਵੀ ਉਸ ਨੂੰ ਉਹੀ ਜ਼ਹਿਰ ਮਿਲਦਾ ਹੈ। ਇਸ ਵਾਰ-ਵਾਰ ਹੋਣ ਵਾਲੇ ਇਸ 'ਦੁਹਰਾਓ' ਕਾਰਨ ਹੀ ਪਿਛਾਖੜੀ ਜ਼ਹਿਰੀਲੇ ਫਿਰਕੂ ਫਾਸ਼ੀਵਾਦੀ ਵਿਚਾਰ ਉਸ ਦੇ ਅੰਦਰ ਵਿਚਾਰ ਡੂੰਘੀ ਜੜ੍ਹ ਫੜ ਲੈਂਦੇ ਹਨ ਅਤੇ ਫਿਰ ਉਸੇ ਦਾ ਖ਼ਦਸ਼ਾ ਹਮੇਸ਼ਾ ਬਣਿਆ ਰਹਿੰਦਾ ਹੈ, ਜੋ 13 ਦਸੰਬਰ ਨੂੰ ਹਰਿਆਣਾ ਦੇ ਪਲਵਲ ਵਿਚ ਵਾਪਰਿਆ, ਜਿੱਥੇ ਇਕ ਮੁਸਲਮਾਨ ਨੌਜਵਾਨ ਦੀ ਹਿੰਦੂ ਦੋਸਤਾਂ ਨੇ ਇਹ ਕਹਿ ਕੇ 'ਲਿੰਚਿੰਗ' ਕੀਤੀ ਕਿ ਭਾਵੇਂ ਤੂੰ ਸਾਡਾ ਦੋਸਤ ਹੈਂ, ਪਰ ਹੈ ਤਾਂ ਮੁੱਲਾ। ਲਵ-ਜੇਹਾਦ ਵਰਗੇ ਕਾਨੂੰਨ ਨੂੰ ਤੁਸੀਂ ਇਸੇ ਅਕਸ 'ਚ ਦੇਖ ਸਕਦੇ ਹੋ, ਜਿਥੇ ਔਰਤਾਂ ਦੀ ਏਜੰਸੀ ਯਾਨਿ ਉਨ੍ਹਾਂ ਦੀ ਸੁਤੰਤਰ ਭੂਮਿਕਾ ਪੂਰੀ ਤਰ੍ਹਾਂ ਖ਼ਤਮ ਕਰ ਦਿੱਤੀ ਗਈ ਹੈ। ਔਰਤਾਂ ਦੀ ਅਖੌਤੀ ਪਵਿੱਤਰਤਾ ਦੇ ਤਾਲੇ ਦੀ ਚਾਬੀ ਹੁਣ ਪਰਵਾਰ ਦੇ ਮਰਦ ਮੁਖੀ ਰਾਹੀਂ ਹੁੰਦੀ ਹੋਈ ਰਾਜ ਦੇ ਹੱਥ 'ਚ ਪਹੁੰਚ ਗਈ ਹੈ। ਪੁਰਾਣੇ ਸਮਿਆਂ ਵਿਚ ਕੁਝ ਭਾਈਚਾਰਿਆਂ ਵਿਚ ਔਰਤਾਂ ਨੂੰ ਸੱਚਮੁੱਚ ਇਕ ਐਸੀ ਕਮਰ ਬੈਲਟ ਪਹਿਨਾਈ ਜਾਂਦੀ ਸੀ, ਜਿਸ ਦੀ ਚਾਬੀ ਸੱਚੀਮੁੱਚੀਂ ਘਰ ਦੇ ਮੁਖੀ ਜਾਂ ਪਿੱਤਰ-ਸੱਤਾ ਦਾ ਬੋਝ ਚੁੱਕਣ ਵਾਲੀਆਂ ਘਰ ਦੀਆਂ ਬਜ਼ੁਰਗ ਸੁਆਣੀਆਂ ਕੋਲ ਹੁੰਦੀ ਸੀ, ਤਾਂ ਜੋ ਔਰਤਾਂ ਦੀ ਅਖੌਤੀ ਪਵਿੱਤਰਤਾ ਬਣੀ ਰਹੇ।

ਪਰ ਇਸ ਦੇ ਨਾਲ ਹੀ ਫਾਸ਼ੀਵਾਦ ਅੰਦਰ ਔਰਤਾਂ ਵਿੱਚੋਂ ਹੀ ਕੁਝ ਐਸੀਆਂ ਔਰਤਾਂ ਵੀ ਤਿਆਰ ਕੀਤੀਆਂ ਜਾਂਦੀਆਂ ਹਨ, ਜੋ ਆਪਣੀ ਪਰੰਪਰਾਗਤ ਪਰਵਾਰਕ ਭੂਮਿਕਾ ਤੋਂ ਮੁਕਤ ਹੋ ਕੇ ਰਾਜ ਜਾਂ ਫਾਸ਼ੀਵਾਦੀ/ ਫਿਰਕੂ ਜਥੇਬੰਦੀ ਦੇ ਪ੍ਰੋਜੈਕਟ ਵਿਚ ਸਰਗਰਮੀ ਨਾਲ ਸ਼ਾਮਲ ਹੁੰਦੀਆਂ ਹਨ ਅਤੇ ਜਨਤਕ ਮੰਚਾਂ ਤੋਂ ਦੂਜੇ ਭਾਈਚਾਰਿਆਂ ਵਿਰੁੱਧ ਜ਼ਹਿਰ ਉਗਲਦੀਆਂ ਰਹਿੰਦੀਆਂ ਹਨ। ਪੂਜਾ ਸਕੁਨ ਪਾਂਡੇ ਉਰਫ਼ ਸਾਧਵੀ ਅੰਨਪੂਰਨਾ, ਜਿਸ ਨੇ ਪਿਛਲੇ ਦਿਨੀਂ ਹਰਿਦੁਆਰ ਵਿਚ ਹੋਈ ਧਰਮ ਸਭਾ ਵਿਚ ਖੁੱਲ੍ਹੇਆਮ ਮੁਸਲਮਾਨਾਂ ਦੀ ਨਸਲਕੁਸ਼ੀ ਦਾ ਸੱਦਾ ਦਿੱਤਾ, ਉਹ ਇਕ ਔਰਤ ਹੀ ਹੈ, ਜੋ ਸੰਵਿਧਾਨ ਨੂੰ ਨਜ਼ਰਅੰਦਾਜ਼ ਕਰਕੇ ਗੋਡਸੇ ਤੋਂ ਸਿੱਖਣ ਦਾ ਸੱਦਾ ਦੇ ਰਹੀ ਹੈ। ਦਰਅਸਲ ਇਨ੍ਹਾਂ ਔਰਤਾਂ ਨੂੰ ਸਮਾਜ ਵਿਚ ਫਾਸ਼ੀਵਾਦੀ/ ਫਿਰਕੂ ਵਿਚਾਰਧਾਰਾ ਨੂੰ ਵਧੇਰੇ ਪ੍ਰਵਾਨਤ ਅਤੇ 'ਨੈਤਿਕ' ਬਣਾਉਣ ਲਈ ਵਰਤਿਆ ਜਾਂਦਾ ਹੈ। ਯਾਨਿ ਅੰਨਪੂਰਨਾ ਜਾਂ ਸਾਧਵੀ ਪ੍ਰਗਿਆ ਠਾਕੁਰ ਵਰਗੀਆਂ ਔਰਤਾਂ ਰਵਾਇਤੀ ਪਰਵਾਰਕ ਜੀਵਨ ਤੋਂ ਮੁਕਤ ਹੋਣ ਦੇ ਬਾਵਜੂਦ ਆਪਣੇ ਸਮਿਆਂ ਦੇ ਫਾਸ਼ੀਵਾਦੀ/ ਫਿਰਕੂ ਪ੍ਰੋਜੈਕਟ ਦਾ ਮਹਿਜ਼ ਇਕ ਪੁਰਜ਼ਾ ਹੁੰਦੀਆਂ ਹਨ। ਇਸੇ ਲਈ ਆਮ ਤੌਰ 'ਤੇ ਉਨ੍ਹਾਂ ਦਾ ਸਿਆਸੀ ਜੀਵਨ ਵੀ ਉਨ੍ਹਾਂ ਦੇ ਮਰਦ ਸਾਥੀਆਂ ਨਾਲੋਂ ਬਹੁਤ ਘੱਟ ਹੁੰਦਾ ਹੈ। ਜਿਵੇਂ ਪੁਰਜ਼ਾ ਥੋੜ੍ਹਾ ਜਿਹਾ ਘਸ ਗਿਆ ਤਾਂ ਉਸ ਨੂੰ 'ਰੀਪਲੇਸ' ਕਰ ਦਿੱਤਾ ਜਾਂਦਾ ਹੈ। ਐਨ ਉਸੇ ਤਰ੍ਹਾਂ, ਜਿਵੇਂ ਬੰਬਈਆ ਫਿਲਮਾਂ ਵਿਚ ਹੀਰੋਇਨਾਂ ਦੇ ਜੋਬਨ ਦਾ 'ਤੇਜ਼' ਫਿੱਕਾ ਪੈਂਦੇ ਹੀ ਉਨ੍ਹਾਂ ਨੂੰ ਰਿਟਾਇਰ ਕਰ ਦਿੱਤਾ ਜਾਂਦਾ ਹੈ।

ਇੱਥੇ ਅਸੀਂ ਉਨ੍ਹਾਂ ਭਾਈਚਾਰਿਆਂ ਦੀਆਂ ਔਰਤਾਂ ਦੀ ਚਰਚਾ ਨਹੀਂ ਕਰ ਰਹੇ, ਜੋ ਸਟੇਟ ਦੀ ਸਰਪ੍ਰਸਤੀ ਵਾਲੇ ਫਾਸ਼ੀਵਾਦ ਦੇ ਨਿਸ਼ਾਨੇ 'ਤੇ ਹੁੰਦੀਆਂ ਹਨ, ਜਿਵੇਂ ਜਰਮਨੀ ਵਿਚ ਯਹੂਦੀ ਜਾਂ ਭਾਰਤ ਵਿਚ ਮੁਸਲਮਾਨ ਔਰਤਾਂ। ਇਸ ਲਈ ਵੱਖਰੇ ਅਧਿਐਨ ਦੀ ਲੋੜ ਹੈ। ਹਾਲਾਂਕਿ, ਅਜੋਕੇ ਫਾਸ਼ੀਵਾਦ/ ਫਿਰਕਾਪ੍ਰਸਤੀ ਦੇ ਅਕਸ 'ਚ ਅਸੀਂ ਦੇਖ ਸਕਦੇ ਹਾਂ ਕਿ ਉੱਥੇ ਸਥਿਤੀ ਕਿੰਨੀ ਪੇਚੀਦਾ ਅਤੇ ਭਿਆਨਕ ਹੋਵੇਗੀ।

ਦਰਅਸਲ ਅਜੋਕਾ ਪੂੰਜੀਵਾਦ ਅਰਥਾਤ ਸਾਮਰਾਜਵਾਦ ਆਪਣੇ ਆਪ ਨੂੰ ਬਚਾਈ ਰੱਖਣ ਅਤੇ ਆਪਣਾ ਪੁਨਰ-ਉਤਪਾਦਨ ਕਰਨ ਲਈ ਦੁਨੀਆ ਭਰ ਦੀਆਂ ਪਿਛੜੀਆਂ ਹੋਈਆਂ ਪਿਛਾਂਹਖਿੱਚੂ ਕਦਰਾਂ-ਕੀਮਤਾਂ ਦਾ ਇਸਤੇਮਾਲ ਕਰਦਾ ਹੈ ਅਤੇ ਉਨ੍ਹਾਂ ਨੂੰ ਪਾਲਦਾ-ਪੋਸਦਾ ਹੈ। ਪਿਤਰ-ਸੱਤਾ ਉਨ੍ਹਾਂ ਵਿੱਚੋਂ ਇਕ ਹੈ। ਇਸੇ ਲਈ ਫਾਸ਼ੀਵਾਦ ਸਾਮਰਾਜਵਾਦ ਦਾ ਹੀ ਰਾਜਨੀਤਕ ਇਜ਼ਹਾਰ ਹੈ।

ਪਰ ਤਸਵੀਰ ਦਾ ਇਕ ਹੋਰ ਸ਼ਾਨਦਾਰ ਪਹਿਲੂ ਵੀ ਹੈ। ਹਿਟਲਰ ਦੇ ਫਾਸ਼ੀਵਾਦੀ ਰਾਜ ਵਿਚ ਸਾਰੀਆਂ ਅਖੌਤੀ ਆਰੀਅਨ ਔਰਤਾਂ ਫਾਸ਼ੀਵਾਦੀ ਪ੍ਰੋਜੈਕਟ ਦਾ ਹਿੱਸਾ ਨਹੀਂ ਸਨ। ਔਰਤਾਂ ਦੀ ਵਾਹਵਾ ਗਿਣਤੀ 'ਵਿਰੋਧ ਲਹਿਰ' ਦਾ ਹਿੱਸਾ ਸੀ ਅਤੇ ਲਗਾਤਾਰ ਹਿਟਲਰ ਦੇ ਫਾਸ਼ੀਵਾਦੀ ਪ੍ਰੋਜੈਕਟ ਦੀ ਕਬਰ ਪੁੱਟ ਰਹੀ ਸੀ। ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਇਹ ਉਹ ਔਰਤਾਂ ਸਨ, ਜੋ ਲਗਾਤਾਰ ਪਿਤਰ-ਸੱਤਾ ਨਾਲ ਲੜ ਰਹੀਆਂ ਸਨ, ਯਾਨਿ ਉਨ੍ਹਾਂ ਨੇ ਪਹਿਲਾਂ ਹੀ ਉਸ ਪੁਲ ਨੂੰ ਨੁਕਸਾਨ ਪਹੁੰਚਾ ਦਿੱਤਾ ਸੀ, ਜਿੱਥੋਂ ਦੀ ਲੰਘ ਕੇ ਜ਼ਹਿਰੀਲੀ ਫਾਸ਼ੀਵਾਦੀ ਵਿਚਾਰਧਾਰਾ ਔਰਤਾਂ ਤੱਕ ਪਹੁੰਚਦੀ ਸੀ। ਅੱਜ ਉਨ੍ਹਾਂ ਦੀ ਇਸ ਸ਼ਾਨਦਾਰ ਭੂਮਿਕਾ 'ਤੇ ਕਈ ਫਿਲਮਾਂ ਅਤੇ ਬਹੁਤ ਸਾਰਾ ਸਾਹਿਤ ਮੌਜੂਦ ਹੈ। ਜਰਮਨੀ ਵਿਚ ਵੱਡੀ ਗਿਣਤੀ ਵਿਚ ਦਲੇਰ ਔਰਤਾਂ ਵੀ ਸਨ, ਜੋ ਆਪਣੇ ਨਾਜ਼ੀ ਪਤੀਆਂ ਅਤੇ ਪੁੱਤਰਾਂ ਤੋਂ ਛੁਪ ਕੇ ਯਹੂਦੀਆਂ ਨੂੰ ਆਪਣੇ ਘਰਾਂ ਵਿਚ ਪਨਾਹ ਦਿੰਦੀਆਂ ਸਨ ਅਤੇ ਫੜੇ ਜਾਣ 'ਤੇ ਆਪਣੀਆਂ ਜਾਨਾਂ ਵੀ ਕੁਰਬਾਨ ਕਰਦੀਆਂ ਸਨ। ਸਾਡੇ ਮੁਲਕ ਵਿਚ ਵੀ ਸਾਨੂੰ ਦੰਗਿਆਂ ਦੇ ਦੌਰਾਨ ਅਜਿਹੀਆਂ ਕਈ ਕਹਾਣੀਆਂ ਦੇਖਣ ਨੂੰ ਮਿਲ ਜਾਂਦੀਆਂ ਹਨ, ਜਿੱਥੇ ਔਰਤਾਂ ਆਪਣੀ ਜਾਨ ਨੂੰ ਖ਼ਤਰੇ ਵਿਚ ਪਾ ਕੇ ਲੋਕਾਂ ਦੀ ਮਦਦ ਕਰਦੀਆਂ ਹਨ ਅਤੇ ਇਸ ਧੜਵੈਲ ਫਾਸ਼ੀਵਾਦੀ ਮਸ਼ੀਨ ਦਾ ਪੁਰਜ਼ਾ ਬਣਨ ਤੋਂ ਇਨਕਾਰ ਕਰ ਦਿੰਦੀਆਂ ਹਨ। ਨਤਾਸ਼ਾ ਨਰਵਾਲ, ਦੇਵਾਂਗਨਾ ਕਾਲੀਤਾ ਅਤੇ ਸੁਧਾ ਭਾਰਦਵਾਜ ਵਰਗੀਆਂ ਔਰਤਾਂ ਸਾਡੇ ਮੁਲਕ ਦੀਆਂ ਅਜਿਹੀਆਂ ਹੀ ਬਹਾਦਰ ਔਰਤਾਂ ਹਨ।

ਔਰਤਾਂ ਅਤੇ ਫਾਸ਼ੀਵਾਦ ਉੱਪਰ ਏਨੀ ਚਰਚਾ ਤੋਂ ਬਾਅਦ ਅੰਤ ਵਿਚ ਸਾਨੂੰ ਸਟਾਲਿਨ ਦਾ ਇਹ ਨਿਰਣਾਇਕ ਨੁਕਤਾ ਹਮੇਸ਼ਾ ਚੇਤੇ ਰੱਖਣਾ ਹੋਵੇਗਾ ਕਿ ਫਾਸ਼ੀਵਾਦ ਨਾਲ ਬਹਿਸ ਨਹੀਂ ਕੀਤੀ ਜਾ ਸਕਦੀ, ਇਸ ਨੂੰ ਤਾਂ ਨਸ਼ਟ ਕਰਨਾ ਪੈਂਦਾ ਹੈ।

# ਅਮਰੀਕਾ ਵਰਗਾ ਰਾਜ ਪ੍ਰਬੰਧ, ਦੋ ਪਾਰਟੀ ਸਿਸਟਮ ਅਤੇ ਵੋਟ ਜ਼ਰੂਰੀ ਦੇ ਸ਼ੋਸ਼ੇ ਕਿਉਂ ਛੱਡੇ ਜਾਣ ਲੱਗੇ ਹਨ!

## ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਲੰਮੇ ਸਮੇਂ ਬਾਅਦ ਭਾਰਤ ਵਿੱਚ ਇੱਕ ਵਾਰ ਫਿਰ ਉਨ੍ਹਾਂ ਤਿੰਨ ਮੁੱਦਿਆਂ ਬਾਰੇ ਮੱਠੀ ਜਿਹੀ ਸੁਰ ਵਿੱਚ ਬਹਿਸ ਸ਼ੁਰੂ ਹੋ ਗਈ ਹੈ, ਜਿਨ੍ਹਾਂ ਬਾਰੇ ਪਹਿਲਾਂ ਵੀ ਕਈ ਵਾਰੀ ਹੋਈ ਅਤੇ ਫਿਰ ਆਪਣੇ ਆਪ ਰੁਕ ਜਾਂਦੀ ਰਹੀ ਹੈ। ਇਨ੍ਹਾਂ ਵਿੱਚੋਂ ਇੱਕ ਮੁੱਦਾ ਭਾਰਤ ਵਿੱਚ 'ਦੋ ਪਾਰਟੀ ਸਿਸਟਮ' ਦਾ ਹੈ, ਦੂਸਰਾ ਭਾਰਤ ਦੇ ਅਜੋਕੇ ਪਾਰਲੀਮੈਂਟਰੀ ਪ੍ਰਬੰਧ ਵਿੱਚ ਪ੍ਰਧਾਨ ਮੰਤਰੀ ਦੀ ਸਰਦਾਰੀ ਦੀ ਥਾਂ ਅਮਰੀਕਾ ਵਾਂਗ ਸਾਰੀ ਸਿਆਸੀ ਤਾਕਤ ਰਾਸ਼ਟਰਪਤੀ ਦੇ ਹੱਥ ਦੇਣ ਦਾ ਤੇ ਤੀਸਰਾ ਹਰ ਨਾਗਰਿਕ ਲਈ ਵੋਟ ਪਾਉਣਾ ਇੱਕ ਕਾਨੂੰਨੀ ਜ਼ਿੰਮੇਵਾਰੀ ਬਣਾ ਦੇਣ ਦਾ ਹੈ। ਆਜ਼ਾਦੀ ਦੇ ਬਾਅਦ ਸੰਵਿਧਾਨ ਘੜਨੀ ਸਭਾ ਦੀ ਬਹਿਸ ਤੋਂ ਇਲਾਵਾ ਭਾਰਤ ਵਿੱਚ ਇਨ੍ਹਾਂ ਮੁੱਦਿਆਂ ਵਾਸਤੇ ਚਰਚਾ ਪਹਿਲੀ ਵਾਰ ਕਦੋਂ ਸ਼ੁਰੂ ਹੋਈ ਸੀ, ਇਸ ਦਾ ਵੇਰਵਾ ਤਾਂ ਸਾਨੂੰ ਨਹੀਂ ਮਿਲਿਆ, ਪਰ ਇਹ ਗੱਲ ਯਾਦ ਹੈ ਕਿ ਪਹਿਲੇ ਦੋਵਾਂ ਮੁੱਦਿਆਂ ਦੀ ਵੱਡੀ ਬਹਿਸ ਐਮਰਜੈਂਸੀ ਦੌਰਾਨ ਸੰਜੇ ਗਾਂਧੀ ਤੇ ਉਸ ਨਾਲ ਜੁੜੀ ਹੋਈ ਜੁੰਡੀ ਨੇ ਚਲਵਾਈ ਸੀ। ਉਨ੍ਹਾਂ ਦਾ ਖਿਆਲ ਸੀ ਕਿ ਜੇ ਦੋ ਪਾਰਟੀ ਸਿਸਟਮ ਚੱਲ ਪਵੇ ਤਾਂ ਕਾਂਗਰਸ ਦੀ ਹਸਤੀ ਦੇ ਮੁਕਾਬਲੇ ਉਸ ਵਕਤ ਦੀਆਂ ਹੋਰ ਪਾਰਟੀਆਂ ਵੱਲੋਂ ਬਣਾਈ ਗਈ ਇਕਲੌਤੀ ਮੁਕਾਬਲੇ ਦੀ ਧਿਰ ਆਪਸੀ ਮੱਤਭੇਦਾਂ ਦੇ ਕਾਰਨ ਪੈਰਾਂ ਸਿਰ ਨਹੀਂ ਖੜੀ ਹੋ ਸਕੇਗੀ ਤੇ ਰਾਜ ਇੰਦਰਾ ਗਾਂਧੀ ਜਾਂ ਉਸ ਦੇ ਬਾਅਦ ਉਸੇ ਪਰਵਾਰ ਵਿੱਚੋਂ ਕਿਸੇ ਹੋਰ ਜੀਅ ਦੇ ਹੱਥ ਰਹਿਣ ਦੀ ਸੰਭਾਵਨਾ ਵਧ ਜਾਵੇਗੀ। ਚੰਗੀ ਗੱਲ ਇਹ ਹੋਈ ਕਿ ਭਾਵੇਂ ਵਿਰੋਧੀ ਧਿਰਾਂ ਦੇ ਲੀਡਰ ਜੇਲ੍ਹਾਂ ਵਿੱਚ ਬੰਦ ਸਨ, ਓਦੋਂ ਰਾਜ ਚਲਾ ਰਹੀ ਕਾਂਗਰਸ ਪਾਰਟੀ ਦੇ ਅੰਦਰੋਂ ਹੀ ਇਨ੍ਹਾਂ ਝੁਕਾਵਾਂ ਦਾ ਵਿਰੋਧ ਸ਼ੁਰੂ ਹੋ ਗਿਆ ਤੇ ਇਹ ਸੋਚਾਂ ਸਿਰੇ ਨਹੀਂ ਸਨ ਚੜ੍ਹ ਸਕੀਆਂ। ਹੈਰਾਨੀ ਦੀ ਗੱਲ ਹੈ ਕਿ ਜਦੋਂ ਐਮਰਜੈਂਸੀ ਦੀ ਬਦਨਾਮੀ ਨਾਲ ਕਾਂਗਰਸ ਅਗਲੀ ਪਾਰਲੀਮੈਂਟ ਚੋਣ ਵਿੱਚ ਹਾਰ ਗਈ ਤਾਂ ਉਸ ਦੀ ਥਾਂ ਮੋਰਾਰਜੀ ਡਿਸਾਈ ਦੀ ਅਗਵਾਈ ਹੇਠ ਬਣੀ ਜਨਤਾ ਪਾਰਟੀ ਸਰਕਾਰ ਵਿੱਚੋਂ ਵੀ ਇਹੋ ਰਾਗ ਛਿੜ ਪਿਆ ਅਤੇ ਚਿਰਾਂ ਤੱਕ ਚੱਲਦਾ ਰਿਹਾ ਸੀ। ਲੋਕਤੰਤਰ ਦੇ ਅਜੋਕੇ ਪ੍ਰਬੰਧ ਦੀ ਬਜਾਏ ਅਮਰੀਕੀ ਤਰਜ਼ ਦੇ ਪ੍ਰਬੰਧ ਲਈ ਇਸ ਬਹਿਸ ਦੀ ਅਗਵਾਈ ਓਦੋਂ ਪੁਰਾਣੇ ਜਨ ਸੰਘੀ ਕਰਦੇ ਸਨ।

ਮੋਰਾਰਜੀ ਡਿਸਾਈ ਦੀ ਸਰਕਾਰ ਕਹਿਣ ਨੂੰ ਇੱਕ ਜਨਤਾ ਪਾਰਟੀ ਦੀ ਅਗਵਾਈ ਹੇਠ ਚੱਲਦੀ ਸੀ, ਅਸਲ ਵਿੱਚ ਉਸ ਵਿਚਲੀਆਂ ਸਾਢੇ ਚਾਰ ਪਾਰਟੀਆਂ ਵਾਲੇ ਆਗੂ ਅੰਦਰੋਂ ਇੱਕ-ਸੁਰ ਨਹੀਂ ਸਨ ਹੋ ਸਕੇ। ਜਨਤਾ ਪਾਰਟੀ ਵਿੱਚ ਇੱਕ ਇੰਦਰਾ ਗਾਂਧੀ ਨਾਲ ਵਿਰੋਧਾਂ ਕਾਰਨ ਕਾਂਗਰਸ ਤੋਂ ਟੁੱਟ ਕੇ ਬਣੀ ਸਿੰਡੀਕੇਟ ਕਾਂਗਰਸ ਸ਼ਾਮਲ ਸੀ, ਦੂਸਰੀ ਵੱਡੀ ਜਥੇਬੰਦ ਧਿਰ ਭਾਰਤੀ ਜਨ ਸੰਘ (ਬਾਅਦ ਵਿੱਚ ਇਨ੍ਹਾਂ ਹੀ ਭਾਰਤੀ ਜਨਤਾ ਪਾਰਟੀ ਬਣਾਈ ਸੀ), ਤੀਸਰੀ ਸਮਾਜਵਾਦੀ ਪਾਰਟੀ ਤੇ ਚੌਥੀ ਚੌਧਰੀ ਚਰਨ ਸਿੰਘ ਦਾ ਭਾਰਤੀ ਲੋਕ ਦਲ ਸੀ। ਇਸ ਤੋਂ ਇਲਾਵਾ ਪੁਰਾਣੀ ਸੁਤੰਤਰ ਪਾਰਟੀ ਤੇ ਐਮਰਜੈਂਸੀ ਹਟਣ ਦੇ ਬਾਅਦ ਕਾਂਗਰਸ ਛੱਡ ਕੇ ਆਏ ਬਾਬੂ ਜਗਜੀਵਨ ਰਾਮ ਦੀ ਅਗਵਾਈ ਵਾਲਾ ਕਾਂਗਰਸ ਫਾਰ ਡੈਮੋਕਰੇਸੀ (ਸੀ ਐੱਫ ਡੀ) ਵਾਲਾ ਗਰੁੱਪ ਵੀ ਇਸੇ ਵਿੱਚ ਮਿਲ ਗਿਆ ਸੀ। ਜਨ ਸੰਘ ਵਾਲੇ ਇਹ ਸਮਝਦੇ ਸਨ ਕਿ ਦੋ ਪਾਰਟੀ ਸਿਸਟਮ ਹੋ ਜਾਵੇ ਤਾਂ ਕਾਂਗਰਸ ਦੇ ਮੁਕਾਬਲੇ ਦੀ ਦੂਸਰੀ ਧਿਰ ਉਨ੍ਹਾਂ ਦੇ ਬਿਨਾਂ ਕੋਈ ਨਹੀਂ ਹੋਣਾ ਅਤੇ ਲਾਗੜ-ਭੂਗੜ ਪਾਰਟੀਆਂ ਆਪਣੇ ਆਪ ਝੜ ਜਾਣਗੀਆਂ। ਕਾਂਗਰਸ ਵਿਚਲਾ ਸੰਜੇ ਗਾਂਧੀ ਧੜਾ ਜਿਨ੍ਹਾਂ ਲੋਕਾਂ ਦੀ ਜਕੜ ਵਿੱਚ ਸੀ, ਉਨ੍ਹਾਂ ਵਿੱਚੋਂ ਵੀ ਬਹੁਤਿਆਂ ਉੱਤੇ ਅੰਦਰ-ਖਾਤੇ ਜਨ ਸੰਘ ਨਾਲ ਰਲੇ ਹੋਣ ਦੇ ਦੋਸ਼ ਲੱਗਦੇ ਸਨ ਅਤੇ ਉਨ੍ਹਾਂ ਵਿੱਚੋਂ ਕਈ ਜਣੇ ਭਾਰਤੀ ਜਨਤਾ ਪਾਰਟੀ ਬਣਨ ਪਿੱਛੋਂ ਉਸ ਵਿੱਚ ਚਲੇ ਗਏ ਤਾਂ ਇਹ ਗੱਲ ਸਾਬਤ ਵੀ ਹੋ ਗਈ ਸੀ। ਚੰਗੀ ਗੱਲ ਇਹ ਹੋਈ ਕਿ ਉਸ ਵੇਲੇ ਜਨਤਾ ਪਾਰਟੀ ਅੰਦਰਲੇ ਬਹੁਤੇ ਆਗੂਆਂ ਨੇ ਦੋ ਪਾਰਟੀ ਸਿਸਟਮ ਜਾਂ ਅਮਰੀਕਾ ਵਰਗੇ ਰਾਸ਼ਟਰਪਤੀ ਦੀ ਸਰਦਾਰੀ ਵਾਲੇ ਪ੍ਰਬੰਧ ਦੀ ਰਾਏ ਦਾ ਤਿੱਖਾ ਵਿਰੋਧ ਕੀਤਾ ਅਤੇ ਵੇਲੇ ਸਿਰ ਇਸ ਨੂੰ ਰੋਕ ਲਿਆ ਸੀ। ਉਹ ਗੱਲ ਅੱਜਕੱਲ੍ਹ ਫਿਰ ਦੱਬੀ-ਢੱਕੀ ਸੁਰ ਵਿੱਚ ਚੱਲਦੀ ਮਹਿਸੂਸ ਕੀਤੀ ਜਾਣ ਲੱਗ ਪਈ ਹੈ, ਜਿਹੜੀ ਸਮਾਂ ਪਾ ਕੇ ਫਿਰ ਭਖਦਾ ਮੁੱਦਾ ਬਣ ਸਕਦੀ ਹੈ।

ਤੀਜਾ ਮੁੱਦਾ ਵੀਹ ਕੁ ਸਾਲ ਪਹਿਲਾਂ ਭਾਰਤੀ ਜਨਤਾ ਪਾਰਟੀ ਦੇ ਮੋਹਰੀ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਦੇਸ਼ ਦੇ ਲੋਕਾਂ ਮੂਹਰੇ ਉਛਾਲਿਆ ਸੀ ਕਿ ਵੋਟ ਪਾਉਣ ਜਾਣਾ ਹਰ ਨਾਗਰਿਕ ਦਾ ਕਾਨੂੰਨੀ ਫਰਜ਼ ਹੋਣਾ ਚਾਹੀਦਾ ਹੈ ਤੇ ਜਿਹੜੇ ਲੋਕ ਵੋਟ ਪਾਉਣ ਨਾ ਜਾਣ, ਉਨ੍ਹਾਂ ਦੇ ਖਿਲਾਫ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਅਸੀਂ ਓਦੋਂ ਵੀ ਇਸ ਸੋਚਣੀ ਦਾ ਸਖਤ ਵਿਰੋਧ ਕਰਨ ਵਾਲਿਆਂ ਵਿੱਚੋਂ ਸਾਂ ਅਤੇ ਅੱਜ ਵੀ ਇਸ ਨੂੰ ਠੀਕ ਨਹੀਂ ਮੰਨਦੇ। ਭਾਰਤ ਦੇ ਬਹੁਤ ਸਾਰੇ ਲੋਕਾਂ ਨੂੰ ਅਜੋਕੇ ਰਾਜ ਪ੍ਰਬੰਧ ਵਿੱਚ ਵਾਰੋ-ਵਾਰੀ ਅੱਗੇ ਆਉਂਦੀਆਂ ਸਿਆਸੀ ਪਾਰਟੀਆਂ ਵਿੱਚੋਂ ਕਈ ਵਾਰੀ ਕੋਈ ਇੱਕ ਵੀ ਪਸੰਦ ਨਹੀਂ ਹੋ ਸਕਦੀਅਤੇ ਉਨ੍ਹਾਂ ਦੇ ਮਨ ਵਿੱਚ ਇਹ ਸੋਚ ਆਉਂਦੀ ਹੈ ਕਿ ਜੇ ਵੋਟ ਪਾਉਣ ਨਾਲ ਫਰਕ ਕੋਈ ਨਹੀਂ ਪੈਣ ਵਾਲਾ ਤਾਂ ਫਿਰ ਪੋਲਿੰਗ ਬੂਥ ਅੱਗੇ ਧੁੱਪ ਵਿੱਚ, ਧੁੰਦ ਵਿੱਚ ਜਾਂ ਮੀਂਹ ਵਰ੍ਹਦੇ ਵਿੱਚ ਖੜੋਣ ਦਾ ਵੀ ਲਾਭ ਨਹੀਂ। ਇਹ ਗੱਲ ਵੀ ਕਈ ਵਾਰੀ ਕਹੀ ਜਾ ਚੁੱਕੀ ਹੈ ਕਿ ਵੋਟ ਜ਼ਰੂਰ ਪਾਉਣੀ ਚਾਹੀਦੀ ਹੈ, ਤੁਹਾਡੀ ਪਸੰਦ ਦਾ ਕੋਈ ਉਮੀਦਵਾਰ ਨਾ ਹੋਵੇ ਤਾਂ ਜਿਹੜੇ ਉਮੀਦਵਾਰ ਚੋਣ ਲੜ ਰਹੇ ਹੋਣ, ਉਨ੍ਹਾਂ ਵਿੱਚੋਂ ਕਿਸੇ ਘੱਟ ਬੁਰੇ ਨੂੰ ਪਾ ਦੇਣੀ ਚਾਹੀਦੀ ਹੈ। ਕਈ ਵਾਰੀ ਇਹ ਕੰਮ ਵੀ ਆਤਮਾ ਉੱਤੇ ਬੋਝ ਪਾਉਣ ਵਾਲਾ ਸਾਬਤ ਹੁੰਦਾ ਹੈ ਅਤੇ ਇਸ ਦੀਆਂ ਕਈ ਮਿਸਾਲਾਂ ਮੌਜੂਦ ਹਨ।

ਉੱਤਰ ਪ੍ਰਦੇਸ਼ ਵਿੱਚ ਵਿੱਚ ਇੱਕ ਵਾਰ ਵਿਧਾਨ ਸਭਾ ਚੋਣਾਂ ਮੌਕੇ ਇੱਕ ਹਲਕੇ ਵਿੱਚ ਤਿੰਨਾਂ ਵੱਡੀਆਂ ਰਾਜਸੀ ਧਿਰਾਂ ਨੇ ਜਿਹੜੇ ਉਮੀਦਵਾਰ ਆਹਮੋ-ਸਾਹਮਣੇ ਖੜੇ ਕੀਤੇ, ਉਹ ਤਿੰਨੇ ਹੀ ਕਤਲ ਕੇਸਾਂ ਵਿੱਚ ਜੇਲ੍ਹ ਵਿੱਚ ਸਨ ਤੇ ਉਨ੍ਹਾਂ ਦੀ ਥਾਂ ਉਨ੍ਹਾਂ ਤਿੰਨਾਂ ਦੇ ਚੋਣ ਏਜੰਟ ਬਾਹਰ ਉਨ੍ਹਾਂ ਦੇ ਚੋਣ ਪ੍ਰਚਾਰ ਦੀ ਕਮਾਨ ਸੰਭਾਲ ਰਹੇ ਸਨ। ਸਾਰਿਆਂ ਨੂੰ ਪਤਾ ਸੀ ਕਿ ਇਨ੍ਹਾਂ ਵਿੱਚੋਂ ਹੀ ਇੱਕ ਜਣੇ ਨੇ ਜਿੱਤਣਾ ਹੈ ਤੇ ਹੋਇਆ ਵੀ ਇਹੋ ਸੀ। ਜਦੋਂ ਨਤੀਜਾ ਆਇਆ ਤਾਂ ਜਿੱਤਣ ਵਾਲੇ ਕਾਤਲ ਕੈਦੀ ਨੇ ਜੇਲ੍ਹ ਵਿੱਚ ਪਾਰਟੀ ਕਰ ਕੇ ਜਿੱਤ ਦਾ ਜਸ਼ਨ ਮਨਾਇਆ ਅਤੇ ਆਪਣੇ ਵਿਰੋਧੀ ਹਾਰੇ ਹੋਏ ਦੋ ਜਣਿਆਂ ਦੀ ਬੈਰਕ ਵਿੱਚ ਵੀ ਖਾਣ ਤੇ ਪੀਣ ਵਾਲਾ ਸਾਮਾਨ ਏਦਾਂ ਭਿਜਵਾ ਦਿੱਤਾ, ਜਿਵੇਂ ਵਿਆਹ-ਸ਼ਾਦੀ ਸਮੇਂ ਸ਼ਰੀਕਾਂ ਦੇ ਘਰ ਖਾਣੇ ਵਾਲੀ ਥਾਲੀ ਭੇਜੀ ਜਾਂਦੀ ਹੈ। ਜਿਸ ਹਲਕੇ ਦੇ ਲੋਕਾਂ ਨੂੰ ਇਹ ਅਗੇਤਾ ਹੀ ਪਤਾ ਹੋਵੇ ਕਿ ਤਿੰਨ ਕਾਤਲ ਖੜੇ ਹਨ ਅਤੇ ਇਨ੍ਹਾਂ ਵਿੱਚੋਂ ਹੀ ਕਿਸੇ ਇੱਕ ਨੇ ਜਿੱਤਣਾ ਹੈ ਤਾਂ ਉਹ ਉਨ੍ਹਾਂ ਵਿੱਚੋਂ ਇੱਕ ਨੂੰ ਵੋਟਾਂ ਪਾਉਣ ਦੀ ਸ਼ਰਮਨਾਕ ਪ੍ਰਕਿਰਿਆ ਵਿੱਚ ਸ਼ਾਮਲ ਹੋਣ ਦੇ ਲਈ ਲਾਈਨਾਂ ਵਿੱਚ ਜਾ ਕੇ ਖੜੋਣ ਦੀ ਥਾਂ ਉਨ੍ਹਾਂ ਵਿਚੋਂ ਕਈ ਘਰ ਦਾ ਕੰਮ ਕਰਨ ਜਾਂ ਛੁੱਟੀ ਮਨਾਉਣ ਨੂੰ ਪਹਿਲ ਦੇਣਗੇ ਅਤੇ 'ਸਾਨ੍ਹਾਂ ਦੇ ਭੇੜ' ਵਿੱਚ ਸੱਟ-ਫੇਟ ਖਾਣ ਲਈ ਖਾਹ-ਮਖਾਹ ਦਾ ਖਤਰਾ ਮੁੱਲ ਲੈਣਾ ਕਦੇ ਨਹੀਂ ਚਾਹੁਣਗੇ।

ਬੜਾ ਚਿਰ ਇਹੋ ਜਿਹੀ ਬਹਿਸ ਰੁਕੀ ਰਹੀ ਸੀ, ਪਰ ਪਿਛਲੇ ਦਿਨੀਂ ਕੁਝ ਰਾਜਸੀ ਚੁਸਤੀਆਂ ਕਰਨ ਵਾਲੇ ਦਿਮਾਗਾਂ ਨੇ ਇਹ ਗੱਲ ਫਿਰ ਛੇੜ ਦਿੱਤੀ ਹੈ। ਇਸ ਵਾਰੀ ਸਾਹਮਣੇ ਇੰਦਰਾ ਗਾਂਧੀ ਨਹੀਂ, ਜਿਹੜੀ ਹੋਰ ਸਾਰੇ ਸਿਆਸੀ ਆਗੂਆਂ ਦੇ ਮੁਕਾਬਲੇ ਦੇਸ਼ ਦੇ ਲੋਕਾਂ ਵਿੱਚ ਉੱਚੇ ਕੱਦ ਵਾਲੀ ਗਿਣੀ ਜਾਣ ਨਾਲ ਕਾਂਗਰਸ ਪਾਰਟੀ ਨੂੰ ਆਸ ਹੋਵੇ ਕਿ ਰਾਜ-ਸੱਤਾ ਫਿਰ ਉਨ੍ਹਾਂ ਕੋਲ ਆ ਸਕਦੀ ਹੈ, ਫਿਰ ਵੀ ਕੁਝ ਕਾਂਗਰਸੀ ਆਗੂ ਇਹ ਆਸ ਰੱਖੀ ਜਾਂਦੇ ਹਨ ਕਿ ਜਦੋਂ ਕਦੇ ਨਰਿੰਦਰ ਮੋਦੀ ਦੇ ਖਿਲਾਫ ਜਨਤਾ ਵਿੱਚ ਕੋਈ ਉਭਾਰ ਪੈਦਾ ਹੋਇਆ ਤਾਂ ਓਦੋਂ ਸਾਡੇ ਬਿਨਾਂ ਕੋਈ ਅੱਗੇ ਆਉਣ ਵਾਲਾ ਨਹੀਂ। ਇਸ ਆਸ ਦੇ ਚੱਕਰ ਵਿੱਚ ਉਹ ਭਾਰਤ ਨੂੰ ਰੂਸ ਵਿੱਚ ਵਲਾਦੀਮੀਰ ਪੂਤਿਨ ਵਾਲੀ ਹਾਲਤ ਵਿੱਚ ਫਸਦਾ ਵੇਖਣ ਜੋਗੇ ਵੀ ਨਹੀਂ ਤੇ ਉਹ ਇਹ ਵੀ ਨਹੀਂ ਦੇਖਦੇ ਕਿ ਭਾਰਤ ਪਹਿਲਾਂ ਹੀ ਉਸ ਰਾਹ ਵੱਲ ਵਧੀ ਜਾਂਦਾ ਹੈ, ਜਿੱਥੇ ਸਿਰਫ ਕਹਿਣ ਨੂੰ ਦੋ ਰਾਜਸੀ ਧਿਰਾਂ ਹੋ ਸਕਦੀਆਂ ਹਨ, ਅਸਲ ਵਿੱਚ ਇੱਕ ਵਿਸ਼ੇਸ਼ ਧਰਮ ਦੀ ਬਹੁ-ਗਿਣਤੀ ਦਾ ਧਰੁਵੀਕਰਨ ਬਣਨ ਦੇ ਹਾਲਾਤ ਹਨ। ਜਿਹੜੇ ਵੀ ਦੇਸ਼ ਵਿੱਚ ਇਸ ਤਰ੍ਹਾਂ ਦਾ ਧਰੁਵੀਕਰਨ ਹੋਣਾ ਸ਼ੁਰੂ ਹੋ ਜਾਵੇ, ਉਸ ਨੂੰ ਵੇਲੇ ਸਿਰ ਨਾ ਸਮਝਿਆ ਜਾਵੇ ਤਾਂ ਫਿਰ ਕਦੀ ਮੋੜਾ ਪੈਣ ਜਾਂ ਰੋਕ ਲੱਗਣ ਦੀ ਗੁੰਜਾਇਸ਼ ਹੀ ਨਹੀਂ ਰਿਹਾ ਕਰਦੀ। ਅਜੋਕੇ ਸਮੇਂ ਵਿੱਚ ਭਾਰਤ ਜਿਸ ਤਰ੍ਹਾਂ ਦੇ ਹਾਲਾਤ ਦੀ ਘੁੰਮਣਘੇਰੀ ਵਿੱਚ ਫਸਦਾ ਜਾਂਦਾ ਹੈ ਅਤੇ ਜਿਵੇਂ ਸਿਰਫ ਇੱਕ ਧਰਮ ਦੇ ਖਾਸ ਰੁਤਬੇ ਦੀ ਰਾਜਨੀਤਕ ਲਹਿਰ ਚਲਾਈ ਜਾ ਰਹੀ ਹੈ, ਉਸ ਨਾਲ ਇਸ ਦੇਸ਼ ਵਿੱਚ ਕਿਸ ਦੇ ਦੁਆਲੇ ਧਰੁਵੀਕਰਨ ਹੋ ਸਕਦਾ ਹੈ, ਇਹ ਵੀ ਕਿਸੇ ਤੋਂ ਗੁੱਝਾ ਨਹੀਂ।

ਜਿਹੜੀ ਗੱਲ ਹੋਣੀ ਚਾਹੀਦੀ ਸੀ ਤੇ ਕਦੀ ਕਿਸੇ ਨੇ ਕਰਨੀ ਤੱਕ ਵੀ ਨਹੀਂ ਸੀ ਸੋਚੀ, ਉਹ ਸਾਬਕਾ ਰਾਸ਼ਟਰਪਤੀ ਕ੍ਰਿਸ਼ਨ ਕਾਂਤ ਦੀ ਇਹ ਸੋਚ ਸੀ ਕਿ ਭਾਰਤ ਵਿੱਚ ਚੋਣ ਪ੍ਰਬੰਧ ਵਿੱਚ ਇਹ ਨਿਯਮ ਚਾਹੀਦਾ ਹੈ ਕਿ ਕੋਈ ਉਮੀਦਵਾਰ ਓਦੋਂ ਜੇਤੂ ਮੰਨਿਆ ਜਾਵੇਗਾ, ਜਦੋਂ ਆਪਣੇ ਹਲਕੇ ਵਿੱਚ ਪੋਲ ਹੋਈਆਂ ਕੁੱਲ ਵੋਟਾਂ ਦਾ ਅੱਧੇ ਤੋਂ ਵੱਧ ਲਵੇਗਾ। ਅੱਜਕੱਲ੍ਹ ਕਈ ਆਗੂ ਜਿੱਤ ਭਾਵੇਂ ਜਾਂਦੇ ਹਨ, ਪਰ ਹਲਕੇ ਦੀਆਂ ਅੱਧੀਆਂ ਕੀ, ਤੀਸਰਾ ਹਿੱਸਾ ਵੋਟਾਂ ਵੀ ਨਹੀਂ ਲੈ ਸਕਦੇ। ਪੰਜਾਬ ਵਿਧਾਨ ਸਭਾ ਦੇ ਮੌਜੂਦਾ ਮੈਂਬਰਾਂ ਵਿੱਚੋਂ ਵੀ ਨੌਂ ਜਣੇ ਪਿਛਲੇ ਸਾਲ ਤੇਤੀ ਫੀਸਦੀ ਤੋਂ ਘੱਟ ਵੋਟਾਂ ਨਾਲ ਜਿੱਤੇ ਹਨ ਤੇ ਇਨ੍ਹਾਂ ਵਿੱਚੋਂ ਵੀ ਚਾਰ ਜਣਿਆਂ ਨੂੰ ਪੋਲ ਹੋਈਆਂ ਕੁੱਲ ਵੋਟਾਂ ਵਿੱਚੋਂ ਤੀਹ ਫੀਸਦੀ ਤੋਂ ਘੱਟ ਮਿਲੀਆਂ ਹਨ। ਦੋਆਬੇ ਦੇ ਇੱਕ ਹਲਕੇ ਦੇ ਚੌਕੋਨੇ ਮੁਕਾਬਲੇ ਵਿੱਚ ਜਿੱਤਿਆ ਵਿਧਾਇਕ ਪੋਲ ਹੋਈਆਂ ਵੋਟਾਂ ਦਾ ਸਾਢੇ ਛੱਬੀ ਫੀਸਦੀ ਵੀ ਨਹੀਂ ਲੈ ਸਕਿਆ। ਕ੍ਰਿਸ਼ਨ ਕਾਂਤ ਫਾਰਮੂਲੇ ਮੁਤਾਬਕ ਹਰ ਉਮੀਦਵਾਰ ਦੇ ਜਿੱਤਣ ਲਈ ਪੋਲ ਹੋਈਆਂ ਵੋਟਾਂ ਵਿੱਚੋਂ ਅੱਧੇ ਨਾਲੋਂ ਵੱਧ ਲੈਣ ਦੀ ਸ਼ਰਤ ਜੋੜੀ ਜਾਵੇ ਤਾਂ ਜਿਸ ਹਲਕੇ ਵਿੱਚ ਹਰ ਉਮੀਦਵਾਰ ਦੀਆਂ ਇਸ ਤੋਂ ਘੱਟ ਵੋਟਾਂ ਨਿਕਲਣ, ਓਥੇ ਬਾਕੀਆਂ ਤੋਂ ਅੱਗੇ ਜਾਣ ਵਾਲੇ ਤਿੰਨ ਉਮੀਦਵਾਰਾਂ ਦਾ ਫਿਰ ਮੁਕਾਬਲਾ ਕਰਵਾਇਆ ਜਾ ਸਕਦਾ ਹੈ। ਜੇ ਕਿਸੇ ਥਾਂ ਫਿਰ ਵੀ ਕੋਈ ਅੱਧੇ ਨਾਲੋਂ ਵੱਧ ਵੋਟ ਨਾ ਲੈ ਸਕੇ ਤਾਂ ਮੂਹਰਲੇ ਦੋਂਹ ਵਿੱਚ ਮੁਕਾਬਲਾ ਹੋ ਸਕਦਾ ਹੈ, ਪਰ ਏਦਾਂ ਦਾ ਹਲਕਾ ਕੋਈ ਵਿਰਲਾ ਹੀ ਨਿਕਲੇਗਾ। ਇਸ ਪ੍ਰਬੰਧ ਨਾਲ ਇੱਕ ਫਰਕ ਇਹ ਪੈ ਸਕਦਾ ਹੈ ਕਿ ਕਿਸੇ ਹਲਕੇ ਦਾ ਉਮੀਦਵਾਰ ਓਥੋਂ ਦੇ ਘੱਟ-ਗਿਣਤੀ ਭਾਈਚਾਰੇ ਖਿਲਾਫ ਲੋਕਾਂ ਨੂੰ ਭੜਕਾ ਕੇ ਨਹੀਂ ਜਿੱਤ ਸਕੇਗਾ। ਜਿਸ ਹਲਕੇ ਵਿੱਚ ਬਹੁ-ਗਿਣਤੀ ਲੋਕਾਂ ਦੀ ਵਸੋਂ ਬਾਹਲੀ ਹੋਵੇਗੀ, ਓਥੇ ਵੀ ਸਾਰਾ ਭਾਈਚਾਰਾ ਇੱਕਮੁੱਠ ਹੋ ਕੇ ਵੋਟਾਂ ਨਾ ਪਾਉਂਦਾ ਹੋਣ ਕਾਰਨ ਘੱਟ-ਗਿਣਤੀ ਭਾਈਚਾਰੇ ਦੇ ਲੋਕਾਂ ਦੇ ਵੋਟ ਮੰਗਣੇ ਪੈਣਗੇ ਅਤੇ ਇਹ ਵੋਟ ਉਸ ਉਮੀਦਵਾਰ ਨੂੰ ਕਦੇ ਵੀ ਨਹੀਂ ਮਿਲਣਗੇ, ਜਿਹੜਾ ਬਹੁ-ਗਿਣਤੀ ਵਾਲੇ ਲੋਕਾਂ ਨੂੰ ਭੜਕਾ ਕੇ ਦੂਸਰੇ ਭਾਈਚਾਰੇ ਦੇ ਗਲ਼ ਪਵਾਉਣ ਦੀ ਰਾਜਨੀਤੀ ਕਰੇਗਾ। ਇਸ ਨਾਲ ਦੇਸ਼ ਵਿੱਚ ਮਾਹੌਲ ਸੁਖਾਲਾ ਹੋ ਸਕਦਾ ਹੈ।

ਦੁੱਖ ਦੀ ਗੱਲ ਇਹ ਹੈ ਕਿ ਦੇਸ਼ ਦੇ ਅਮਨ-ਅਮਾਨ ਨਾਲ ਵਿਕਾਸ ਦੇ ਰਾਹ ਉੱਤੇ ਤੁਰਨ ਲਈ ਜੋ ਕੁਝ ਕਰਨ ਦੀ ਲੋੜ ਹੈ, ਉਸ ਦੀ ਥਾਂ ਹੋਰ ਵੀ ਕੁਰਾਹੇ ਪਾਉਣ ਵਾਲੀ ਬਹਿਸ ਮੁੜ ਕੇ ਛੇੜੀ ਜਾਣ ਲੱਗ ਪਈ ਹੈ।

# ਪੰਜਾਬ ਦੇ ਤਿੰਨ ਮਹਾਨ ਸ਼ਹੀਦ-ਤਿੰਨਾਂ ਦੀਆਂ ਚਲਦੀਆਂ ਜਾਅਲੀ ਤਸਵੀਰਾਂ

ਪ੍ਰੋ. ਚਮਨ ਲਾਲ

ਪੇਸ਼ਕਸ਼ : ਗੁਰਨਾਮ ਕੰਵਰ

(ਪਿਛਲੇ ਐਤਵਾਰ ਤੋਂ ਅੱਗੇ)

ਭਗਤ ਸਿੰਘ ਦੀਆਂ ਕੁਲ ਚਾਰ ਤਸਵੀਰਾਂ ਹਨ : ਇਕ ਗਿਆਰਾਂ ਸਾਲ ਦੀ ਉਮਰ ਦੀ ਹੈ, ਇਕ ਸਤਾਰਾਂ ਸਾਲ ਦੀ ਉਮਰ ਦੀ ਹੈ, 1923 ਦੀ ਜਦੋਂ ਉਹ ਨੈਸ਼ਨਲ ਕਾਲਜ ਲਾਹੌਰ ਦਾ ਵਿਦਿਆਰਥੀ ਸੀ, ਪ੍ਰਿੰਸੀਪਲ ਛਬੀਲ ਦਾਸ ਉਸ ਦੇ ਪ੍ਰਿੰਸੀਪਲ ਸਨ, ਉਸ ਵੇਲੇ ਦੀ ਵੀ ਭਗਤ ਸਿੰਘ ਦੀ ਕੋਈ ਇਕੱਲੀ ਤਸਵੀਰ ਨਹੀਂ ਹੈ, ਉਹ ਲਾਹੌਰ ਨੈਸ਼ਨਲ ਕਾਲਜ ਦੇ ਡਰਾਮਾਟਿਕ ਕਲੱਬ ਦੀ ਤਸਵੀਰ ਹੈ, ਜਿਸ ਵਿਚ ਭਗਤ ਸਿੰਘ ਲੰਮਾ-ਉੱਚਾ ਇਕੱਲਾ ਹੀ ਖੜ੍ਹਾ ਹੈ ਅਤੇ ਉਸ ਨੇ ਚਿੱਟੀ ਪੱਗ ਬੰਨ੍ਹੀ ਹੋਈ ਹੈ। ਮੈਂ ਤੁਹਾਨੂੰ ਇਹ ਕਿਤਾਬ ਦਿਖਾਉਂਦਾ ਹਾਂ, ਵਿਚਾਰਵਾਨ ਇਨਕਲਾਬੀ ਨਵਯੁੱਗ ਪ੍ਰੈੱਸ ਨੇ ਛਾਪੀ ਸੀ 1909 ਵਿਚ, ਹੁਣ ਇਹ ਪੇਪਰਬੈਕ ਵਿਚ ਵੀ ਕਾਫੀ ਛਾਪਦੇ ਨੇ। ਇਹਦੇ 'ਤੇ ਦੋ ਜਿਹੜੀਆਂ ਸਭ ਤੋਂ ਪਾਪੂਲਰ ਤਸਵੀਰਾਂ ਹਨ, ਮੈਂ ਉਹ ਲਾਈਆਂ। ਪਹਿਲੇ ਸਫੇ ਦੇ ਕਵਰ 'ਤੇ ਇਹ ਹੈਟ ਵਾਲੀ ਤਸਵੀਰ ਤੇ ਦੂਜੇ ਪਾਸੇ ਇਹ ਤਸਵੀਰ ਹੈ ਇਹ ਭਗਤ ਸਿੰਘ ਦੀ ਅਸਲ ਪੱਗ ਵਾਲੀ ਤਸਵੀਰ ਹੈ, ਇਹ ਚਿੱਟੀ ਪੱਗ ਹੈ, ਉਸ ਨੇ ਲੜ ਛੱਡਿਆ ਹੋਇਆ ਹੈ, ਇਹ ਡਰਾਮਾਟਿਕ ਕਲੱਬ 'ਚੋਂ ਕੱਢ ਕੇ ਇਕੱਲੀ ਤਸਵੀਰ ਬਣਾਈ ਹੋਈ ਹੈ ਅਤੇ ਤੀਜੀ ਤਸਵੀਰ, ਤੁਸੀਂ ਸਾਰੇ ਜਾਣਦੇ ਹੋ, ਜਿਹੜੀ ਗ੍ਰਿਫਤਾਰੀ ਵਾਲੀ ਹੈ, ਖੁੱਲ੍ਹੇ ਵਾਲਾਂ ਵਾਲੀ ਹੈ, ਹੱਥਕੜੀਆਂ ਲੱਗੀਆਂ ਹੋਈਆਂ ਉਸ ਦੇ ਅਤੇ ਗੋਪਾਲ ਸਿੰਘ, ਜਿਹੜਾ ਇੰਸਪੈਕਟਰ ਹੈ, ਜਿਹੜਾ ਗੁਲਜ਼ਾਰ ਸਿੰਘ ਸੰਧੂ ਹੁਰਾਂ ਦੀ ਸ੍ਰੀਮਤੀ ਦਾ ਸ਼ਾਇਦ ਰਿਸ਼ਤੇਦਾਰ ਸੀ, ਉਹ ਇੰਟੈਰੋਗੇਟ ਕਰ ਰਿਹਾ ਤੇ ਚੌਥੀ ਤਸਵੀਰ 11 ਸਾਲ ਦੀ ਛੋਟੀ ਉਮਰ ਦੀ ਹੈ, ਜਦੋਂ ਉਹ ਕੁਰਸੀ 'ਤੇ ਬੈਠਾ ਹੈ। ਇਹਨਾਂ ਚਾਰ ਤਸਵੀਰਾਂ ਤੋਂ ਇਲਾਵਾ ਭਗਤ ਸਿੰਘ ਦੀ ਕੋਈ ਪੰਜਵੀ ਤਸਵੀਰ ਨਹੀ ਦੁਨੀਆਂ ਵਿਚ ਮੌਜੂਦ। ਸਾਨੂੰ ਤਾਂ ਇਹ ਲੜਾਈ ਪਿਛਲੇ 25-30 ਸਾਲਾਂ ਤੋਂ ਕਰਨੀ ਪੈ ਰਹੀ ਹੈ। ਮੈਂ ਨਹੀਂ ਇਕੱਲਾ ਲੜ ਰਿਹਾ, ਉਹ ਪ੍ਰੋਫੈਸਰ ਜਗਮੋਹਨ ਸਿੰਘ ਵੀ ਲੜ ਰਿਹੈ, ਮਾਲਵਿੰਦਰ ਸਿੰਘ ਵੜੈਚ ਵੀ ਲੜ ਰਿਹੈ, ਹੋਰ ਵੀ ਕਈ ਲੋਕ ਇਸ ਵਿਚ ਸ਼ਾਮਲ ਹਨ, ਜਿਹਨਾਂ ਭਗਤ ਸਿੰਘ 'ਤੇ ਕੰਮ ਕੀਤਾ ਜਾਂ ਭਗਤ ਸਿੰਘ ਦੇ ਪਰਵਾਰ ਵਿਚ ਹਨ। ਭਗਤ ਸਿੰਘ ਦੀਆਂ ਸਿਰਫ਼ ਇਹ ਚਾਰ ਅਸਲ ਤਸਵੀਰਾਂ ਹਨ, ਤੁਸੀ ਕੋਈ ਮਰਜ਼ੀ ਵਰਤੋ, ਪਰ ਤਸਵੀਰ ਵਿਗਾੜ ਕੇ ਨਾ ਵਰਤੋ। ਮੈਂ ਕਈ ਵਾਰ ਅਖਬਾਰਾਂ ਵਿਚ ਲਿਖ ਚੁੱਕਿਆਂ, ਪੰਜਾਬੀ ਵਿਚ ਵੀ, ਹਿੰਦੀ ਵਿਚ ਵੀ ਅਤੇ ਅੰਗਰੇਜ਼ੀ ਵਿਚ ਵੀ, ਕੀ ਤੁਸੀ ਹਿੰਮਤ ਕਰ ਸਕਦੇ ਹੋ ਕਿ ਗਾਂਧੀ ਦੀ ਤਸਵੀਰ ਵਿਗਾੜ ਦਿਓ, ਨਹਿਰੂ ਦੀ ਤਸਵੀਰ ਵਿਗਾੜ ਕੇ ਲਾ ਦਿਓ, ਅੰਬੇਡਕਰ ਦੀ ਹੀ ਤਸਵੀਰ ਵਿਗਾੜ ਕੇ ਲਾ ਦਿਓ, ਦੰਗੇ ਹੋ ਜਾਣਗੇ। ਅੰਬੇਡਕਰ ਦੀ ਤਸਵੀਰ ਕਈ ਵਾਰੀ ਘਟੀਆ ਜਿਹਾ ਬੁੱਤ ਜਿਹੀ, ਕਈ ਵਾਰੀ ਘਟੀਆ ਜਿਹੇ ਰੰਗ ਦੀ ਲਾ ਦਿੰਦੇ ਹਨ ਤੇ ਉਥੇ ਸ਼ਹਿਰਾਂ ਵਿਚ ਜਿੱਥੇ ਲੱਗਦੀ ਹੈ, ਦੰਗੇ ਹੋ ਜਾਂਦੇ। ਭਗਤ ਸਿੰਘ ਦੀ ਤਸਵੀਰ, ਕਰਤਾਰ ਸਿੰਘ ਸਰਾਭੇ ਦੀ ਤਸਵੀਰ ਜਾਲ੍ਹੀ ਤਸਵੀਰ ਹੈ, ਇੱਥੋਂ ਤੱਕ ਕਿ ਊਧਮ ਸਿੰਘ ਦੀ ਵੀ ਜਾਲ੍ਹੀ ਤਸਵੀਰ ਹੈ। ਮਤਲਬ ਸਾਡੇ ਪੰਜਾਬ ਦੇ ਤਿੰਨ ਵੱਡੇ ਸ਼ਹੀਦ ਹਨ, ਤਿੰਨਾਂ ਵੱਡੇ ਸ਼ਹੀਦਾਂ ਦੀਆਂ ਤਸਵੀਰਾਂ ਜਾਲ੍ਹੀ ਲੱਗਦੀਆਂ ਹਨ। ਅਸਲੀ ਤਸਵੀਰ ਲਾਉਂਦੇ ਹੀ ਨਹੀਂ, ਕਿਉਂਕਿ ਕਰਤਾਰ ਸਿੰਘ ਸਰਾਭੇ ਦੀ ਜਿਹੜੀ ਅਸਲੀ ਤਸਵੀਰ ਹੈ, ਉਹ ਬਿਨਾਂ ਪੱਗ ਵਾਲੀ ਹੈ, ਉਹ ਕੈਲੇਫੋਰਨੀਆ ਬਰਕਲੇ ਯੂਨੀਵਰਸਿਟੀ ਵਿਚ ਜਦੋਂ ਪੜ੍ਹਦਾ ਸੀ, ਉਸ ਵੇਲੇ ਦੀ ਖਿੱਚੀ ਹੋਈ ਹੈ। ਜਿਹੜਾ ਅਖਬਾਰ ਗਦਰ ਪਾਰਟੀ ਵੱਲੋਂ ਨਿਕਲਦਾ ਸੀ, ਉਸ ਵਿਚ ਉਹ ਤਸਵੀਰ ਬਕਾਇਦਾ ਛਪੀ ਹੋਈ ਹੈ, ਪਰ ਉਹ ਬਣਾ ਕੇ ਉਤੇ ਪੱਗ ਚੜ੍ਹਾ ਕੇ ਲਾਉਂਦੇ ਹਨ। ਇਵੇਂ ਹੀ ਊਧਮ ਸਿੰਘ ਨਾਲ ਕੀਤਾ ਹੋਇਐ। ਊਧਮ ਸਿੰਘ ਦੀ ਵੀ ਜਿਹੜੀ ਅਸਲ ਤਸਵੀਰ ਹੈ, ਕੇਵਲ ਇਕ ਤਸਵੀਰ ਹੈ ਪੱਗ ਵਾਲੀ। ਅਸਲ ਵਿਚ ਦੋ ਤਸਵੀਰਾਂ ਨੇ, ਜਿਹੜੀ ਪੱਗ ਵਾਲੀਆਂ ਤਸਵੀਰਾਂ ਨੇ, ਉਹ ਬਿਨਾਂ ਦਾਹੜੀ ਤੋਂ ਹਨ, ਦਾਹੜੀ ਉਹਦੀ ਕਿਤੇ ਹੈ ਹੀ ਨਹੀਂ, ਊਧਮ ਸਿੰਘ ਦੀਆਂ ਜਿਹੜੀਆਂ ਅਸਲ ਤਸਵੀਰਾਂ ਨੇ। ਉਹ ਤੁਸੀਂ ਮੱਲੋਮੱਲੀ ਧੱਕੇ ਨਾਲ ਦਾਹੜੀ ਵੀ ਚੜ੍ਹਾ ਦਿੰਦੇ ਹੋ।

ਇਕ ਵਾਰੀ ਬੜਾ ਦਿਲਚਸਪ ਕਿੱਸਾ ਹੋਇਆ, ਅਮਰਜੀਤ ਚੰਦਨ ਨੇ ਇਸ ਉਤੇ ਪੂਰਾ ਲੇਖ ਲਿਖਿਆ। ਇਹ ਨਵਾਂ ਸ਼ਹਿਰ, ਹੁਣ ਸ਼ਹੀਦ ਭਗਤ ਸਿੰਘ ਨਗਰ ਕਹਿਣ ਲੱਗ ਪਏ, ਉਥੇ ਜ਼ੈਲ ਸਿੰਘ ਨੇ ਭਗਤ ਸਿੰਘ ਦਾ ਬੁੱਤ ਲਾਇਆ, ਹੈਟ ਵਾਲਾ ਬੁੱਤ ਸੀ, ਉਹ ਮੇਰੀ ਇਸ ਕਿਤਾਬ ਵਿਚ ਅਸਲੀ ਤਸਵੀਰ ਹੈ, ਅਮਰਜੀਤ ਚੰਦਨ ਨੇ ਭੇਜੀ ਹੋਈ ਛਾਪੀ ਹੋਈ ਹੈ ਮੈਂ। ਜ਼ੈਲ ਸਿੰਘ ਭਗਤ ਸਿੰਘ ਦਾ ਹੈਟ ਵਾਲਾ ਬੁੱਤ ਲਾ ਰਿਹੈ ਤੇ ਨਾਲ ਕੁਲਤਾਰ ਸਿੰਘ ਭਗਤ ਸਿੰਘ ਦਾ ਛੋਟਾ ਭਰਾ ਖੜ੍ਹਾ ਹੈ, ਇਹ 1972-73 ਦੀ ਗੱਲ ਹੈ, ਕਿਸੇ ਵੇਲੇ ਦੀ। ਉਸ ਤੋਂ ਬਾਅਦ ਕੀ ਹੋਇਆ, ਜਦੋਂ ਇਹ ਤੰਗਨਜ਼ਰ ਦੌਰ ਚੱਲਿਆ, ਭਗਤ ਸਿੰਘ ਨੂੰ ਜੱਟ ਬਣਾਉਣ ਦਾ, ਭਗਤ ਸਿੰਘ ਤਾਂ ਆਪਣੇ ਆਪ ਨੂੰ 'ਸਿੰਧੂ' ਲਿਖਦਾ ਸੀ, ਉਹਦੀ ਭਤੀਜੀ ਹੈ ਉਹ ਵੀ ਆਪਣੇ ਆਪ ਨੂੰ 'ਸਿੰਧੂ' ਲਿਖਦੀ ਹੈ। 'ਸਿੰਧੂ' ਨਾਂਅ ਨਾਲ ਉਹ ਆਪਣੇ ਆਪ ਨੂੰ ਸਿੰਧੂ ਸਭਿਅਤਾ ਨਾਲ ਜੋੜਦਾ ਸੀ। ਉਹ ਜੱਟ-ਜੁੱਟ ਤਾਂ ਕੀ ਕਿਸੇ ਜਾਤ ਜਾਂ ਧਰਮ ਵਿਚ ਯਕੀਨ ਹੀ ਨਹੀਂ ਸੀ ਕਰਦਾ। ਨਾਸਤਿਕ ਬੰਦਾ ਸੀ ਉਹ ਤਾਂ। ਉਹਨੇ ਤਾਂ ਆਪਣੀ ਨਾਸਤਿਕਤਾ ਲੜ ਕੇ ਦਿਖਾਈ ਹੈ। ਉਹਨੇ ਕਿਹਾ ਕਿ ਜੇ ਲੋਕ ਮੈਨੂੰ ਹੰਕਾਰੀ ਸਮਝਣਗੇ, ਨਾਸਤਿਕ ਹੋਣ ਬਾਰੇ ਤਾਂ ਸਮਝੀ ਜਾਣ, ਮੈਨੂੰ ਇਸ ਗੱਲ ਦੀ ਪ੍ਰਵਾਹ ਨਹੀਂ ਹੈਗੀ। ਜੇ ਮੈ ਨਾਸਤਿਕ ਹਾਂ ਤਾਂ ਆਪਣੇ ਵਿਚਾਰਾਂ ਦੀ ਦ੍ਰਿੜ੍ਹਤਾ ਕਰਕੇ ਨਾਸਤਿਕ ਹਾਂ। ਨਾਸਤਿਕ ਉਹਨੇ ਲਿਖਿਆ, ਜਿਹੜਾ ਉਹਦਾ ਲੇਖ ਹੈ ਕਿ 'ਮੈ ਨਾਸਤਿਕ ਕਿਉ ਹਾਂ', ਉਹਦੇ ਵਿਚ ਉਹਨੇ ਸਾਫ਼ ਤੌਰ 'ਤੇ ਲਿਖਿਆ ਕਿ ਮੈਂ 1926 ਤੱਕ ਆਉਂਦੇ-ਆਉਂਦੇ ਜਦੋਂ, ਉਹਦੀ ਉਮਰ 19 ਸਾਲ ਦੀ ਸੀ, ਉਦੋਂ ਤੱਕ ਨਾਸਤਿਕ ਬਣ ਚੁੱਕਿਆ ਸੀ ਅਤੇ ਨਾਸਤਿਕ ਬਣਨ ਦੀ ਉਹਨੇ ਆਪਣੀ ਪੂਰੀ ਪ੍ਰਕਿਰਿਆ ਦੱਸੀ ਹੋਈ ਹੈ। ਸਵਾਲ ਵੀ ਖੜ੍ਹੇ ਕੀਤੇ ਹੋਏ ਨੇ ਕਿ ਜੇ ਤੁਹਾਡਾ ਸਰਵ-ਸ਼ਕਤੀਮਾਨ ਈਸ਼ਵਰ ਐਡਾ ਤਾਕਤਵਰ ਇਨਸਾਨ ਹੈ ਕਿ ਸਾਰੀ ਦੁਨੀਆਂ ਨੂੰ ਚਲਾਉਂਦਾ ਹੈ, ਉਹ ਦੇਸ਼ ਵਿਚੋਂ ਗਰੀਬੀ ਕਿਉਂ ਨਹੀ ਮਿਟਾ ਦਿੰਦਾ? ਕਿਉਂ ਕੁੜ-ਕੁੜ ਕਰਦੇ ਏਨੇ ਦੁਨੀਆ ਭਰ ਦੇ ਗਰੀਬ ਲੋਕ ਬੈਠੇ ਨੇ।

ਜੇ ਉਹਦੇ ਹੱਥ ਵਿਚ ਹੀ ਸਾਰੀ ਤਾਕਤ ਹੈ, ਉਹੀ ਸਰਵ-ਸ਼ਕਤੀਮਾਨ ਹੈ, ਇਹੋ ਜਿਹੀਆਂ ਉਹਨੇ ਦਲੀਲਾਂ ਦਿੱਤੀਆਂ ਹਨ ਕਿ ਜਿਹਨਾਂ ਦਲੀਲਾਂ ਦਾ ਧਾਰਮਕ ਬੰਦਿਆਂ ਕੋਲ ਕੋਈ ਜਵਾਬ ਨਹੀ। ਕਿਉਂ ਨਹੀ ਗਰੀਬੀ ਖਤਮ ਹੁੰਦੀ ਦੁਨੀਆ ਤੋਂ, ਜੇ ਸਰਵ-ਸ਼ਕਤੀਮਾਨ ਨੇ ਹੀ ਸਾਰਾ ਕੁਝ ਕਰਨਾ। ਇਹ ਬਿਲਕੁਲ ਹਕੀਕਤ ਹੈ, ਜਿਵੇਂ ਭਗਤ ਸਿੰਘ ਵੀ ਕਹਿੰਦੈ ਕਿ ਰੱਬ ਨੇ ਇਨਸਾਨ ਨਹੀਂ ਬਣਾਇਆ, ਇਨਸਾਨ ਨੇ ਰੱਬ ਬਣਾਇਆ। ਇਨਸਾਨ ਦੀ ਸਿਰਜਣਾਤਮਿਕ ਕਲਪਨਾ ਹੈ ਰੱਬ, ਹੋਰ ਕੁਛ ਨਹੀਂ, ਕਿਉਂਕਿ ਇਨਸਾਨ ਇਕ ਕਮਜ਼ੋਰ ਪ੍ਰਾਣੀ ਹੈ। ਇਸ ਕਮਜ਼ੋਰ ਪ੍ਰਾਣੀ ਨੂੰ ਕਿਸੇ ਨਾ ਕਿਸੇ ਤਾਕਤ ਦੀ, ਕਾਲਪਨਿਕ ਜਾਂ ਅਸਲੀ ਤਾਕਤ ਦੀ ਲੋੜ ਹੁੰਦੀ ਹੈ, ਕਿਉਂਕਿ ਇਸ ਬਿਨਾਂ ਬਹੁਤ ਮੁਸ਼ਕਲ ਹੁੰਦਾ ਹੈ। ਦੂਜਾ ਇਨਸਾਨ ਤਰਕਸ਼ੀਲ ਹੈ ਨਹੀਂ। ਉਸ ਦੀ ਸਿੱਖਿਆ ਪ੍ਰਣਾਲੀ ਉਸ ਤਰੀਕੇ ਨਾਲ ਹੈ ਨਹੀਂ, ਜਿਸ ਵਿਚ ਉਸ ਦੀ ਠੀਕ ਟਰੇਨਿੰਗ ਹੁੰਦੀ ਹੋਵੇ। ਸਾਡਾ ਮੁਲਕ ਤਾਂ ਵੈਸੇ ਭੀ ਅਨਪੜ੍ਹ ਮੁਲਕ ਰਿਹਾ ਹੈ, ਇਥੋਂ ਤੱਕ ਕਿ ਅਨਪੜ੍ਹਤਾ ਵੀ ਰਹੀ ਹੈ ਬਹੁਤ ਸਾਰੀ। ਇਨਸਾਨ ਨੂੰ ਅੰਦਰੋਂ ਕੁਝ ਸਹਾਰੇ ਦੀ ਲੋੜ ਹੁੰਦੀ ਹੈ, ਆਪਣੇ ਸਹਾਰੇ ਦੀ ਲੋੜ ਪਿੱਛੇ, ਉਹਨੇ ਰੱਬ ਦੀ ਕਲਪਨਾ ਕੀਤੀ ਹੈ, ਰੱਬ ਉਹਨੂੰ ਸਹਾਰਾ ਦਿੰਦੈ। ਮਾਰਕਸ ਦੀ ਟੂਕ ਹੈ, ਜਿਸ ਵਿਚ ਉਹਨੇ ਲਿਖਿਆ ਕਿ ਇਹ ਜਿਹੜੀ 'ਰੱਬ' ਦੀ ਧਾਰਨਾ ਹੈ, ਇਹ ਦੱਬੇ-ਕੁਚਲਿਆਂ ਦੀ ਇਕ ਤਰ੍ਹਾਂ ਦੀ ਆਹ ਹੈ। ਉਹਨਾਂ ਦੇ ਅੰਦਰੋਂ ਆਹ ਨਿਕਲਦੀ ਹੈ। ਇਕ ਤਰ੍ਹਾਂ ਦਾ ਉਹ ਰੂਪ ਹੈ।

ਭਾਈ ਰਣਧੀਰ ਸਿੰਘ ਨਾਲ ਮੁਲਾਕਾਤ ਅਸਲ ਵਿਚ, ਖ਼ੈਰ ਇਹ ਇਕ ਵੱਖਰੀ ਗੱਲ ਹੋ ਸਕਦੀ ਹੈ ਕਿ ਭਗਤ ਸਿੰਘ ਧਾਰਮਕ ਬੰਦਿਆਂ ਦੇ ਖਿਲਾਫ਼ ਨਹੀਂ ਸੀ। ਉਹਨੇ ਖਾਸ ਤੌਰ 'ਤੇ ਭਾਈ ਰਣਧੀਰ ਸਿੰਘ ਨਾਲ ਮੁਲਾਕਾਤ ਰੱਖੀ। ਭਾਈ ਰਣਧੀਰ ਸਿੰਘ ਨੇ ਜੇਲ੍ਹ 'ਚੋਂ ਰਿਹਾਅ ਹੋਣਾ ਸੀ।, 2 ਅਕਤੂਬਰ ਦੇ ਨੇੜੇ-ਤੇੜੇ। ਭਗਤ ਸਿੰਘ ਕਈ ਵਾਰ ਸੁਨੇਹਾ ਭੇਜ ਚੁੱਕਾ ਸੀ, ਤੁਹਾਡੇ ਦਰਸ਼ਨ ਕਰਨ ਦੀ ਬੜੀ ਇੱਛਾ ਹੈ, ਸਾਡੇ ਗਦਰ ਲਹਿਰ ਦੇ ਬੜੇ ਵੱਡੇ ਮਹਾਨ ਆਗੂ ਹੋ, ਪਰ ਜਵਾਬ ਦੇ ਦਿੱਤਾ ਸੀ ਭਾਈ ਰਣਧੀਰ ਸਿੰਘ ਨੇ ਕਿ ਉਸ ਪਤਿਤ ਬੰਦੇ ਨੂੰ ਨਹੀਂ ਮਿਲਣਾ, ਜਿਸ ਨੇ ਆਪਣੇ ਕੇਸ ਕਤਲ ਕਰਵਾਏ ਹਨ। ਫੇਰ ਭਗਤ ਸਿੰਘ ਨੇ ਲਿਖ ਕੇ ਸੁਨੇਹਾ ਭੇਜਿਆ ਕਿ ਭਾਈ ਸਾਹਿਬ ਅਸੀਂ ਤੁਹਾਡੀ ਬੜੀ ਇੱਜ਼ਤ ਕਰਦੇ ਹਾਂ, ਪਰ ਇਸ 'ਤੇ ਅਫ਼ਸੋਸ ਹੋਇਆ ਕਿ ਤੁਸੀਂ ਇਹ ਸੌੜੀ ਸੋਚ ਦਿਖਾਈ ਹੈ। ਹਾਲੇ ਤਾਂ ਅਸੀਂ ਮੁਲਕ ਦੀ ਆਜ਼ਾਦੀ ਪਿੱਛੇ ਇਕ ਅੰਗ ਕਟਵਾਇਐ, ਲੋੜ ਪਈ ਤਾਂ ਅੰਗ-ਅੰਗ ਕਟਵਾ ਸਕਦੇ ਹਾਂ। ਜਦੋਂ ਇਹ ਗੱਲ ਲਿਖੀ ਤਾਂ ਭਾਈ ਰਣਧੀਰ ਸਿੰਘ ਨੇ ਸੁਨੇਹਾ ਭੇਜਿਆ ਕਿ ਚਲੋ ਮੈਨੂੰ ਮਿਲ ਲਓ ਆ ਕੇ। ਉਹ 4 ਅਕਤੂਬਰ 1930 ਨੂੰ ਮਿਲੇ। ਭਗਤ ਸਿੰਘ ਦੀ ਜਿਹੜੀ ਅੱਧੇ ਘੰਟੇ ਦੀ ਮੁਲਾਕਾਤ ਸੀ ਜਾਂ 45 ਮਿੰਟ ਦੀ ਜਾਂ 15 ਮਿੰਟ ਦੀ, ਜਿੰਨੀ ਵੀ ਸੀ ਮੁਲਾਕਾਤ, ਭਗਤ ਸਿੰਘ ਨੂੰ ਉਦੋਂ ਹੀ ਅੰਦਾਜ਼ਾ ਹੋ ਗਿਆ ਕਿ ਭਾਈ ਰਣਧੀਰ ਸਿੰਘ ਨੇ ਬੜੇ ਇੱਜ਼ਤਵਾਨ, ਸਭ ਕੁਛ ਨੇ ਉਹ, ਪਰ ਧਾਰਮਕ ਬੰਦੇ ਦੀ ਇਕ ਮਾਇਥੋਲੋਜੀ ਹੁੰਦੀ ਹੈ, ਉਹ ਹਮੇਸ਼ਾ ਮਿਥਾਂ ਵਿਚ ਸੋਚਦਾ ਹੈ। ਹਕੀਕਤ ਦੇ ਤੌਰ 'ਤੇ ਉਹਨੂੰ ਸੁਝਦਾ ਹੀ ਨਹੀਂ, ਉਹ ਬਹੁਤੀ ਅਸਲੀਅਤ ਦੇ ਤੌਰ 'ਤੇ ਨਹੀ ਦੇਖਦਾ।

ਭਗਤ ਸਿੰਘ ਨੇ ਉਸ ਨੂੰ ਇੱਜ਼ਤ-ਮਾਣ ਨਾਲ ਸਾਰਾ ਕੁਝ ਦੱਸਿਆ ਹੋਣਾ ਤੇ ਭਾਈ ਸਾਹਿਬ ਨੇ ਬੜੇ ਆਰਾਮ ਨਾਲ ਲਿਖ ਦਿੱਤਾ ਕਿ ਭਗਤ ਸਿੰਘ ਨੇ ਮੇਰੀਆਂ ਗੱਲਾਂ ਸੁਣ ਕੇ ਬੜਾ ਪਛਤਾਵਾ ਜ਼ਾਹਰ ਕੀਤਾ ਅਤੇ ਮੁੜ ਕੇ ਉਹਨੇ ਆਪਣੀ ਦਾਹੜੀ ਰੱਖ ਲਈ। ਫਾਂਸੀ ਵੇਲੇ ਉਹਦੀ ਦਾਹੜੀ ਐਨੀ-ਐਨੀ ਹੋਈ ਸੀ। ਭਗਤ ਸਿੰਘ ਨੂੰ ਪਤਾ ਸੀ, ਉਹਦੀ ਦੂਰ-ਦ੍ਰਿਸ਼ਟੀ ਏਨੀ ਸੀ ਕਿ ਉਸ ਨੂੰ ਪਤਾ ਸੀ ਕਿ ਭਾਈ ਸਾਹਿਬ ਨੇ ਆਪਣੇ ਵੱਲੋਂ ਮੇਰੇ ਬਾਰੇ ਪਤਾ ਨਹੀ ਕੀ ਕਹਿ ਦੇਣਾ, ਇਸ ਕਰਕੇ 5 ਅਤੇ 6 ਅਕਤੂਬਰ 1930 ਨੂੰ ਜੇਲ੍ਹ ਵਿਚ ਬਹਿ ਕੇ ਉਹਨੇ ਇਕ ਲੇਖ ਲਿਖਿਆ, ਕਿਉਂਕਿ ਭਾਈ ਸਾਹਿਬ ਦੇ ਸੰਵਾਦ ਤੋਂ ਬਾਅਦ ਉਹਨੇ ਲਿਖਿਆ। ਜੇ ਭਾਈ ਸਾਹਿਬ ਦੀਆਂ ਗੱਲਾਂ ਦਾ ਉਸ 'ਤੇ ਅਸਰ ਹੋਣਾ ਹੁੰਦਾ ਤਾਂ ਫਿਰ 5 ਤੇ 6 ਅਕਤੂਬਰ ਨੂੰ ਇਹ ਲੇਖ ਕਿਉਂ ਲਿਖਦਾ ਉਹ? ਉਹਨੂੰ ਪਤਾ ਸੀ ਕਿ ਭਾਈ ਸਾਹਿਬ ਨੇ ਮੈਨੂੰ ਐਹੋ ਜਿਹੇ ਸਵਾਲ ਪੁੱਛੇ ਨੇ ਜਾਂ ਮੈਨੂੰ ਇਸ ਤਰ੍ਹਾਂ ਦੀਆਂ ਗੱਲਾਂ ਕਹੀਆਂ ਨੇ ਕਿ ਮੈਨੂੰ ਇਸ ਤਰੀਕੇ ਨਾਲ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਧਰਮ ਵਿਚ ਯਕੀਨ ਕਰ ਲਓ ਤਾਂ ਫੇਰ ਉਹਨੇ ਤਰਕ ਸਹਿਤ ਜਵਾਬ ਦਿੱਤਾ, ਭਾਈ ਸਾਹਿਬ ਦੀ ਤਾਂ ਅਸੀ ਇੱਜ਼ਤ ਕਰਦੇ ਹਾਂ, ਭਾਈ ਸਾਹਿਬ ਦਾ ਜ਼ਿਕਰ ਕਿਤੇ ਨਹੀਂ ਹੈ ਉਸ ਲੇਖ ਵਿਚ, ਪਰ ਫਿਰ ਉਸ ਨੇ ਇਕੱਲੇ-ਇਕੱਲੇ ਸਵਾਲ ਨਾਲ ਲਿਖੀ ਇਹ ਗੱਲ ਕਿ ਦੱਸੋ ਜੇ ਸਰਵ-ਸ਼ਕਤੀਮਾਨ ਹੁੰਦਾ ਹੈ ਤਾਂ ਫਿਰ ਦੁਨੀਆ ਵਿਚ ਏਨਾ ਜੁਰਮ ਕਿਉਂ ਹੁੰਦਾ ਹੈ। ਫਿਰ ਜੁਰਮ ਨੂੰ ਸਰਵ-ਸ਼ਕਤੀਮਾਨ ਕਿਉਂ ਨਹੀਂ ਖਤਮ ਕਰ ਦਿੰਦਾ? ਕਿਉਂ 2 ਫੀਸਦੀ ਲੋਕ ਸਾਰੇ ਅਮੀਰ ਹੁੰਦੇ ਜਾਂਦੇ ਹਨ ਤੇ ਕਿਉਂ 98 ਫੀਸਦੀ ਗਰੀਬ ਰਹਿੰਦੇ ਜਾਂਦੇ ਹਨ, ਸਾਰੇ ਮੁਲਕਾਂ ਦੇ ਵਿਚ, ਕਿਉਂ ਵਿਤਕਰਾ ਹੁੰਦਾ ਬੱਚਿਆਂ, ਬਜ਼ੁਰਗਾਂ, ਔਰਤਾਂ ਤੇ ਮਰਦਾਂ ਵਿਚ ਹਰ ਤਰੀਕੇ ਨਾਲ? ਇਹ ਸਾਰੀਆਂ ਚੀਜ਼ਾਂ ਉਸ ਨੇ ਤਰਕ ਸਹਿਤ ਲਿਖ ਕੇ, ਫਿਰ ਜਦੋਂ ਕੁਮਾਰੀ ਲੱਜਿਆਵਤੀ ਉਸ ਨੂੰ ਆਖਰੀ ਵਾਰ ਜੇਲ੍ਹ ਵਿਚ ਮਿਲਦੀ ਹੈ, ਉਸ ਗਠੜੀ ਵਿਚ ਉਹਨੇ ਆਪਣੇ ਸਾਰੇ ਦਸਤਾਵੇਜ਼ ਦੇ ਦਿਤੇ। ਜਿਹੜੀ ਨੋਟ-ਬੁਕ ਹੈ, ਉਹ ਭਗਤ ਸਿੰਘ ਨੇ ਆਪਣੇ ਛੋਟੇ ਭਰਾ ਕੁਲਬੀਰ ਸਿੰਘ ਨੂੰ, ਜਿਹੜਾ ਕੁਲਤਾਰ ਸਿੰਘ ਤੋ ਵੱਡਾ ਸੀ, ਉਹਨੂੰ ਸੰਭਾਲ ਦਿੱਤੀ ਸੀ ਤੂੰ ਲੈ ਜਾ।

ਅਸਲ ਵਿਚ ਭਗਤ ਸਿੰਘ ਨੂੰ ਆਪ ਅੰਦਾਜ਼ਾ ਨਹੀਂ ਸੀ ਕਿ ਕਿਸੇ ਵੇਲੇ ਮੇਰੀ ਜੇਲ੍ਹ ਦੀ ਨੋਟ-ਬੁਕ ਏਨੀ ਜ਼ਿਆਦਾ ਮਹੱਤਵਪੂਰਨ ਬਣ ਜਾਣੀ ਹੈ। ਕਈ ਵਾਰ ਕਈ ਕਿਤਾਬਾਂ ਜਾਂ ਦਸਤਾਵੇਜ਼ ਇਹੋ ਜਿਹੇ ਹੁੰਦੇ ਨੇ, ਜਿਨ੍ਹਾਂ ਦਾ ਉਸ ਵੇਲੇ ਕੋਈ ਮੁੱਲ ਨਹੀਂ ਲੱਗਦਾ, ਪਰ ਸੌ ਸਾਲ ਬਾਅਦ, ਪੰਜਾਹ ਸਾਲ ਬਾਅਦ, ਸੱਤਰ ਸਾਲ ਬਾਅਦ ਇਉਂ ਲੱਗਦਾ ਹੈ ਕਿ ਇਹ ਤਾਂ ਇਤਿਹਾਸਕ ਹੈ, ਇਨ੍ਹਾਂ ਦਾ ਤਾਂ ਇਤਿਹਾਸਕ ਮਹੱਤਵ ਹੈ ਤੇ ਉਹ ਜੇਲ੍ਹ ਨੋਟ-ਬੁਕ ਉਸ ਨੇ ਇਸ ਤਰੀਕੇ ਨਾਲ ਲਈ ਕਿ ਇਹ ਤਾਂ ਬੱਚਿਆਂ ਵਾਲੀ ਨੋਟ-ਬੁਕ ਹੈ ਕਿ ਇਹਦੇ ਵਿਚ ਉਸ ਨੇ ਕਿਤਾਬਾਂ ਦੇ ਨੋਟ ਲਏ ਹੋਣਗੇ, ਖਾਸ ਗੱਲ ਨਹੀਂ ਹੈ ਤੇ ਉਹ ਕੁਲਬੀਰ ਨੂੰ ਫੜਾ ਦਿੱਤੀ।

(ਚਲਦਾ)

# ਮੇਰੀ ਸਿਹਤ ਚੋਰੀ ਹੋਈ ਹੈ ....

## ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ

ਡਾ. ਸ਼ਿਆਮ ਸੁੰਦਰ ਦੀਪਤੀ

ਐੱਮ ਬੀ ਬੀ ਐੱਸ ਦੇ ਵਿਸ਼ੇ ਐੱਸ ਪੀ ਐੱਮ ਦਾ ਪੀਰੀਅਡ। ਵਿਸ਼ੇ ਦਾ ਪੂਰਾ ਨਾਂਅ ਸੋਸ਼ਲ ਐਂਡ ਪ੍ਰੀਵੈਨਟਿਵ ਮੈਡੀਸਨ, ਡਾਕਟਰ ਪ੍ਰੋਫੈਸਰ ਹਰਚਰਨ ਸਿੰਘ ਪੜ੍ਹਾ ਰਹੇ। ਇੱਕ ਪ੍ਰਭਾਵਸ਼ਾਲੀ ਸ਼ਖ਼ਸੀਅਤ, ਕੱਦ-ਕਾਠ ਤੋਂ ਵੀ, ਤੋਰ ਅਤੇ ਬੋਲਣ ਦੇ ਲਹਿਜੇ ਤੋਂ ਵੀ। ਪੁੱਛ ਰਹੇ ਨੇ, 'ਐੱਫ ਆਈ ਆਰ ਦਾ ਪਤਾ ਹੈ?' ਫਿਰ ਖੁਦ ਹੀ ਜਵਾਬ ਦਿੰਦੇ ਗੱਲ ਕਰਦੇ ਹਨ। 'ਫਸਟ ਇਨਫਰਮੇਸ਼ਨ ਰਿਪੋਰਟ। ਥਾਣੇ ਵਿਚ ਪਹੁੰਚ ਕੇ ਜਦੋਂ ਕੋਈ ਆਪਣੇ ਸਾਮਾਨ ਦੀ ਹੋਈ ਚੋਰੀ ਦੀ ਰਿਪੋਰਟ ਦਰਜ ਕਰਵਾਉਂਦਾ ਹੈ। ਬਿਲਕੁਲ ਉਸੇ ਤਰ੍ਹਾਂ ਜਦੋਂ ਕੋਈ ਮਰੀਜ਼ ਆ ਕੇ ਆਪਣੀ ਸ਼ਿਕਾਇਤ ਦੱਸਦਾ ਹੈ ਤਾਂ ਉਹ ਕਹਿ ਰਿਹਾ ਹੁੰਦਾ ਹੈ, ਮੇਰੀ ਸਿਹਤ ਚੋਰੀ ਹੋ ਗਈ ਹੈ। ਪੁਲਸ ਰਿਪੋਰਟ ਲਿਖ ਕੇ ਸਿਪਾਹੀ ਨੂੰ ਭੇਜਦੀ ਹੈ ਮੌਕਾ ਏ ਵਾਰਦਾਤ 'ਤੇ ਕਿ ਛਾਣ-ਬੀਣ ਕਰਕੇ ਪਤਾ ਚੱਲੇ ਕਿ ਚੋਰੀ ਹੋਈ ਕਿਵੇਂ? ਚੋਰ ਕਿਸ ਰਸਤੇ ਤੋਂ ਆਇਆ ਤੇ ਕਿਹੜੇ ਤਰੀਕੇ ਨਾਲ ਅੰਦਰ ਵੜਿਆ ਤੇ ਇਸ ਘਟਨਾ ਨੂੰ ਸਿਰੇ ਚੜ੍ਹਾਇਆ। ਇਸੇ ਤਰਜ਼ 'ਤੇ ਹੀ ਜਦੋਂ ਮਰੀਜ਼ ਆਪਣੀ ਸਿਹਤ ਦੀ ਚੋਰੀ ਦੀ ਸ਼ਿਕਾਇਤ ਲੈ ਕੇ ਆਇਆ ਤਾਂ ਉਸ ਦਾ ਵੀ ਮੌਕਾ-ਏ-ਵਾਰਦਾਤ ਅਹਿਮ ਹੈ। ਇਹ ਦੇਖਣਾ, ਜਾਂਚ ਕਰਨੀ ਕਿ ਕਿਹੋ ਜਿਹੇ ਹਾਲਾਤ ਨੇ, ਜੋ ਸਿਹਤ ਚੁਰਾ ਰਹੇ ਨੇ।'

ਇਹ ਗੱਲ ਅਜੇ ਤੱਕ ਮੇਰੇ ਦਿਮਾਗ ਵਿਚ ਘੁੰਮਦੀ ਰਹਿੰਦੀ ਹੈ। ਇਸ ਲਈ ਜਦੋਂ ਮੈਨੂੰ ਐੱਮ ਡੀ ਕਰਨ ਦਾ ਮੌਕਾ ਮਿਲਿਆ ਤਾਂ ਉਸ ਵੇਲੇ ਮੇਰੇ ਤੋਂ ਐੱਸ ਪੀ ਐੱਮ ਵਿਸ਼ੇ ਦੀ ਚੋਣ ਕੀਤੀ ਗਈ। ਪਰਹੇਜ਼ ਅਤੇ ਸਮਾਜੀ ਮੈਡੀਸਨ। ਸੰਨ 1984 ਵਿਚ ਸਰਕਾਰੀ ਮੈਡੀਕਲ ਕਾਲਜ, ਜਦੋਂ ਆ ਕੇ ਹਾਜ਼ਰ ਹੋਇਆ ਤਾਂ ਮੈਂ ਸਬੱਬੀਂ ਐੱਮ ਏ ਸ਼ੋਸਿਆਲੋਜੀ ਕੀਤੀ ਹੋਈ ਸੀ। ਆਪਣੀ ਪੇਂਡੂ ਸੇਵਾ ਦੌਰਾਨ ਜਦੋਂ ਕੁਝ ਸਮਾਂ ਵੀ ਸੀ, ਪਿੰਡ ਹੀ ਰਹਿੰਦਾ ਸੀ ਤੇ ਅਜੇ ਅਣਵਿਆਹਿਆ ਵੀ ਸੀ। ਸ਼ਾਇਦ ਸਮਾਜ ਵਿਗਿਆਨ ਵਾਲੇ ਪੱਖ ਨੇ ਵੀ ਰਾਹ ਦਿਖਾਇਆ। ਭਾਵੇਂ ਕਿ ਇਹ ਵਿਸ਼ਾ ਬਹੁਤਾ ਮਕਬੂਲ ਨਹੀਂ ਸੀ, ਜਿਵੇਂ ਮੈਡੀਸਨ, ਸਰਜਰੀ, ਬੱਚਿਆਂ ਦਾ ਮਾਹਰ ਜਾਂ ਹੱਡੀਆਂ ਦੇ ਮਾਹਰ ਆਦਿ।

ਜਦੋਂ ਮੈਂ ਵਿਭਾਗ ਦੇ ਮੁਖੀ ਡਾ. ਹਰਜੀਤ ਸਿੰਘ ਨੂੰ ਆਪਣੀ ਹਾਜ਼ਰੀ ਰਿਪੋਰਟ ਦੇਣ ਗਿਆ ਤਾਂ ਉਨ੍ਹਾ ਮੈਨੂੰ ਬੈਠਾ ਕੇ ਸਮਝਾਇਆ, 'ਇਹ ਕਲੀਨੀਕਲ ਵਿਸ਼ਾ ਨਹੀਂ ਹੈ ਤੇ ਨਾ ਹੀ ਛੇਤੀ ਕਿਤੇ ਭਵਿੱਖ ਵਿਚ ਹੋਣਾ ਹੈ, ਜੇ ਕਿਸੇ ਨੇ ਤੈਨੂੰ ਇਸ ਤਰ੍ਹਾਂ ਦੱਸਿਆ ਹੈ, ਤਾਂ ਮੈਂ ਦੱਸ ਰਿਹਾ ਕਿ ਅਜੇ ਵੀ ਸੋਚਣਾ ਹੈ ਤਾਂ ਸੋਚ ਲੈ।'

ਸਹੀ ਦੱਸਾਂ ਤਾਂ ਮੈਨੂੰ ਉਨ੍ਹਾ ਦੀ ਇਹ ਹਦਾਇਤ, ਉਨ੍ਹਾ ਦੀ ਰਾਏ ਦੀ ਸਮਝ ਨਹੀਂ ਆਈ ਕਿ ਇਸ ਦੇ ਅਰਥ ਕੀ ਹਨ। ਮੈਂ ਤਾਂ ਖੁਦ ਸੋਚ-ਸਮਝ ਕੇ ਇਹ ਵਿਸ਼ਾ ਚੁਣਿਆ ਸੀ। ਉਂਜ ਜੇਕਰ ਕੋਈ ਸਲਾਹ ਦੇਣ ਵਾਲਾ ਹੁੰਦਾ ਤਾਂ ਸ਼ਾਇਦ ਉਹ ਵੀ ਇਸ ਵਿਸ਼ੇ ਦੀ ਸਿਫਾਰਿਸ਼ ਨਾ ਹੀ ਕਰਦਾ। ਸਾਫ਼ ਸੀ ਕਿ 'ਪਰੈਕਟਿਸ' ਵਾਲਾ ਵਿਸ਼ਾ ਨਹੀਂ ਸੀ, ਕਹਿ ਸਕਦੇ ਹਾਂ 'ਕਮਾਊ ਪੁੱਤ' ਵਰਗਾ। ਇਸੇ ਦੀ ਐੱਮ ਡੀ ਕਰਕੇ ਇਸੇ ਵਿਸ਼ੇ ਦੇ ਮਾਹਰ ਵਜੋਂ ਮੈਂ ਮੈਡੀਕਲ ਕਾਲਜ ਅੰਮ੍ਰਿਤਸਰ ਅਧਿਆਪਨ ਸ਼ੁਰੂ ਕੀਤਾ। ਤਦ ਤੱਕ ਇਸ ਦਾ ਨਾਂਅ ਬਦਲ ਕੇ ਕਮਿਊਨਿਟੀ ਮੈਡੀਸਨ ਹੋ ਗਿਆ ਸੀ। ਪੰਜਾਬੀ ਵਿਚ ਕਹਾਂ ਤਾਂ ਸਮੂਹਿਕ ਮੈਡੀਸਨ। ਵਿਸ਼ੇ ਦਾ ਕੁਝ ਹਰਮਨ-ਪਿਆਰਾ ਨਾਂਅ ਕਹਿ ਲਵੋ। ਲੋਕਾਂ ਨੂੰ ਮੈਡੀਸਨ ਹੀ ਸੁਣਦਾ, ਚੇਤੇ ਰਹਿੰਦਾ।

ਚਾਲੀ ਸਾਲ ਇਸ ਵਿਸ਼ੇ ਨੂੰ ਪੜ੍ਹਾਉਂਦਿਆਂ, ਮੈਂ ਅੱਜ ਵੀ ਕਿਸੇ ਨੂੰ ਦੱਸਣਾ ਹੋਵੇ ਕਿ ਇਹ ਵਿਸ਼ਾ ਹੈ ਕੀ? ਇਸ ਵਿਚ ਕੀ ਕਰਦੇ ਨੇ? ਤਾਂ ਸੱਚੀਓਂ ਦਿੱਕਤ ਆਉਂਦੀ ਹੈ।

ਪਹਿਲੀ ਵਾਰ ਇਹ ਸਵਾਲ ਸਾਹਮਣੇ ਆਇਆ, ਜਦੋਂ ਬੱਚੇ ਸਕੂਲ ਪੜ੍ਹਣ ਲੱਗੇ ਤੇ ਅਧਿਆਪਕ ਨੂੰ ਪਤਾ ਚੱਲਿਆ ਕਿ ਇਨ੍ਹਾਂ ਦੇ ਪਾਪਾ ਡਾਕਟਰ ਨੇ ਤਾਂ ਨਾਲ ਹੀ ਅਹਿਮ ਸਵਾਲ ਹੁੰਦਾ, ਕਿਸ ਵਿਸ਼ੇ ਦੇ?

ਕੁਦਰਤੀ ਸਿਹਤ ਇਕ ਅਹਿਮ ਮਸਲਾ ਹੈ ਤੇ ਕਦੇ ਨਾ ਕਦੇ ਜਦੋਂ ਹਰ ਇਕ ਨੂੰ ਕਿਸੇ ਮਾਹਰ ਦੀ ਲੋੜ ਪੈਂਦੀ ਹੈ। ਬੱਚਿਆਂ ਨੇ ਮੈਨੂੰ ਪੁੱਛਿਆ ਤੇ ਇਸ ਸਵਾਲ ਦਾ ਹੋਰ ਵੀ ਕਈ ਥਾਵਾਂ 'ਤੇ ਸਾਹਮਣਾ ਕਰਨਾ ਪਿਆ। ਸਹੀ ਦੱਸਾਂ ਮੈਂ ਅੱਜ ਤੱਕ ਸਪੱਸ਼ਟਤਾ ਨਾਲ ਸਮਝਾ ਸਕਣ ਵਿਚ ਨਾਕਾਮਸਾਬ ਰਿਹਾ ਹਾਂ। ਇਹ ਨਹੀਂ ਕਿ ਮੈਨੂੰ ਵਿਸ਼ੇ ਦਾ ਪਤਾ ਨਹੀਂ ਹੈ। ਮੈਂ ਮਾਹਰ ਹਾਂ। ਮੈਂ ਸਿਰਫ਼ ਪੜ੍ਹਿਆ-ਪੜ੍ਹਾਇਆ ਹੀ ਨਹੀਂ? ਸਗੋਂ ਲਿਖਿਆ ਵੀ ਹੈ। ਇਕ ਸ਼ਬਦੀ ਵਿਆਖਿਆ ਨਹੀਂ ਹੈ, ਜੋ ਲੋਕ ਜਾਨਣਾ ਚਾਹੁੰਦੇ ਨੇ।

ਮੇਰੇ ਐੱਮ ਬੀ ਬੀ ਐੱਸ ਦੇ ਅਧਿਆਪਕ ਦੀ ਐੱਫ ਆਈ ਆਰ ਵਾਲੀ ਗੱਲ ਅਤੇ ਆਪਣੇ ਵਿਸ਼ੇ ਦੀ ਐੱਮ ਡੀ ਕਰਦਿਆਂ ਤੇ ਫਿਰ ਖੁਦ ਅਧਿਆਪਨ ਸਮੇਂ ਇਕ ਹੋਰ ਸਮਝ ਬਣੀ। ਜਦੋਂ ਟੀ ਬੀ ਦੀ ਬਿਮਾਰੀ ਬਾਰੇ ਪੜ੍ਹਿਆ। ਇਸ ਬਿਮਾਰੀ ਦਾ ਇਤਿਹਾਸ ਵੀ ਕਾਫ਼ੀ ਵਿਸ਼ਾਲ ਅਤੇ ਪੇਚੀਦਾ ਹੈ। ਇਹ ਭਾਵੇਂ ਕੀਟਾਣੂਆਂ ਨਾਲ ਹੋਣ ਵਾਲੀ ਛੂਤ ਦੀ ਬਿਮਾਰੀ ਹੈ, ਪਰ ਇਸ ਨੂੰ ਪਹਿਲੀ ਵਾਰ ਯੂਰਪ ਵਿਚ 'ਸਮਾਜਕ ਬਿਮਾਰੀ' ਦਾ ਨਾਂਅ ਦਿੱਤਾ ਗਿਆ।

ਮੈਂ ਪੜ੍ਹਿਆ ਕਿ ਅਜ਼ਾਦੀ ਦੇ ਚਾਲੀ ਸਾਲ ਬਾਅਦ, ਜਦੋਂ ਮੈਂ ਐੱਮ ਡੀ ਦਾ ਵਿਦਿਆਰਥੀ ਸੀ, ਇਹ ਤੱਥ ਸਾਹਮਣੇ ਆਇਆ ਕਿ ਚਾਲੀ ਸਾਲਾਂ ਵਿਚ ਇਸ ਬਿਮਾਰੀ ਦੇ ਨਿਵੇਕਲੇ ਪ੍ਰੋਗਰਾਮ ਹੋਣ ਦੇ ਬਵਜੂਦ, ਨਾ ਤਾਂ ਇਸ ਦੇ ਫੈਲਣ ਵਿਚ ਫ਼ਰਕ ਆਇਆ ਹੈ ਤੇ ਨਾ ਹੀ ਮੌਤ ਦਰ ਵਿਚ। ਇਸ ਦੇ ਉਲਟ ਯੂਰਪ ਨੇ ਟੀ ਬੀ ਦੀਆਂ ਦਵਾਈਆਂ ਇਜਾਦ ਹੋਣ ਤੋਂ ਪਹਿਲਾਂ ਹੀ ਇਸ ਬਿਮਾਰੀ ਦਾ ਖਾਤਮਾ ਕਰ ਦਿੱਤਾ। ਇਸੇ ਤਰ੍ਹਾਂ ਹੀ ਸਾਡੇ ਕੋਲ ਇਤਿਹਾਸ ਵਿਚ ਖਾਸ ਕਰਕੇ ਲੇਖਕਾਂ ਵਿਚੋਂ ਅਨੇਕਾਂ ਹੀ ਨਾਂਅ ਨੇ, ਜਿਵੇਂ ਕੀਟ, ਸੈਲੇ, ਚੈਖਵ ਵਰਗੇ ਕਵੀਆਂ ਅਤੇ ਕਹਾਣੀਕਾਰ ਆਦਿ, ਜਿਨ੍ਹਾਂ ਨੂੰ ਛੂਤ ਦੀ ਇਹ ਬਿਮਾਰੀ ਹੋਈ ਤੇ ਉਹ ਸੈਨੀਟੋਰੀਅਮ ਵਿਚ ਆ ਕੇ ਰਹਿੰਦੇ ਤੇ ਠੀਕ ਹੋ ਕੇ ਮੁੜ ਆਉਂਦੇ। ਸੈਨੀਟੋਰੀਅਮ ਦਾ ਆਧਾਰ ਸੀ, ਸਾਫ਼ ਹਵਾ, ਚੰਗੀ ਖੁਰਾਕ ਅਤੇ ਆਰਾਮ। ਇਸ ਸਮਝ ਨੂੰ ਲੈ ਕੇ ਮੈਂ ਇਸ ਨਿਰਣੇ 'ਤੇ ਪਹੁੰਚਿਆ ਤੇ ਆਪਣੀ ਕਮਿਊਨਿਟੀ ਮੈਡੀਸਨ ਦੇ ਵਿਸ਼ੇ ਵਾਲੀ ਸੂਝ ਨਾਲ, 'ਦਵਾਈਆਂ ਨੂੰ ਹਾਰ' ਪੁਸਤਕ ਛਾਪੀ, ਜਿਸ ਵਿਚ ਟੀ ਬੀ, ਸੈਕਸ ਸੰਬੰਧੀ ਬਿਮਾਰੀਆਂ, ਮਾਨਸਕ ਰੋਗ ਆਦਿ ਸ਼ਾਮਲ ਕੀਤੇ। ਇਨ੍ਹਾਂ ਬਿਮਾਰੀਆਂ ਪਿੱਛੇ ਅਸਲੀ ਸਮਝ ਉਹੀ ਸੀ ਕਿ ਬਿਮਾਰੀ ਦੇ ਮੌਕਾ-ਏ-ਵਾਰਦਾਤ 'ਤੇ ਜਾ ਕੇ ਸੁਰਾਗ ਇਕੱਠੇ ਕਰਨ ਦੀ ਲੋੜ ਹੈ, ਦਵਾਈਆਂ ਤਾਂ ਆਰਜ਼ੀ ਨੇ, ਡੰਗ-ਟਪਾਊ ਨੇ। ਇਸੇ ਸਮਝ ਨੇ ਹੀ ਨਸ਼ੇ ਅਤੇ ਖੁਦਕੁਸ਼ੀ ਤੱਕ ਸਭ ਸਮੱਸਿਆਵਾਂ ਨੂੰ ਸਮਝਣ ਲਈ ਦਿਮਾਗ ਦੀ ਖਿੜਕੀ ਨੂੰ ਖੋਲ੍ਹਿਆ।

ਵਿਭਾਗ ਵਿਚ ਰਹਿੰਦਿਆਂ ਲਗਾਤਾਰ ਆਪਣੇ ਨਜ਼ਰੀਏ ਤੋਂ ਸਿਹਤ ਬਾਰੇ ਲਿਖਦਿਆਂ, ਜੋ ਕਿ ਸਮਾਜ ਵਿਗਿਆਨ ਤੋਂ ਵੱਧ ਪ੍ਰਭਾਵਤ ਸੀ, ਮੈਨੂੰ ਯਾਦ ਹੈ, ਪੰਜਾਬ ਸਰਕਾਰ ਦੇ ਮੈਗਜ਼ੀਨ 'ਜਾਗ੍ਰਤੀ' ਦੇ ਸੰਪਾਦਕ ਨੂੰ ਜਦੋਂ ਮੈਂ ਕਵਿਤਾਵਾਂ ਦਿੱਤੀਆਂ ਤੇ ਉਸ ਨੇ ਮੈਨੂੰ ਸਿਹਤ ਬਾਰੇ ਲਿਖਣ ਨੂੰ ਉਕਸਾਇਆ। ਇਹ ਕਹਿ ਕੇ ਕਿ ਕਵਿਤਾਵਾਂ ਤਾਂ ਕਿੰਨੇ ਹੀ ਲੇਖਕ ਲਿਖ ਰਹੇ ਨੇ।

ਮੈਂ ਉਸ ਦਾ ਕਹਿਣਾ ਮੰਨ ਕੇ ਇਕ ਲੇਖ ਲਿਖਿਆ, ਪਰ ਤਸੱਲੀ ਨਾ ਹੋਈ। ਮੈਨੂੰ ਲੱਗਿਆ ਕਿ ਇਹ ਅਨੁਵਾਦ ਹੈ, ਮੇਰਾ ਬਸ ਏਨਾ ਯੋਗਦਾਨ ਹੈ, ਮੈਂ ਖੁਦ ਇਸ ਵਿਚੋਂ ਗਾਇਬ ਹਾਂ। ਫਿਰ ਮੈਂ ਸਮਾਜ ਵਿਗਿਆਨ ਦੇ ਨਜ਼ਰੀਏ ਨਾਲ ਮਾਨਸਕ ਰੋਗਾਂ ਨੂੰ ਇਕ-ਇਕ ਕਰਕੇ ਲਿਖਿਆ ਤੇ ਅਗਲੇ ਪੜਾਅ ਦੇ ਹੋਰ ਸਰੀਰਕ ਬਿਮਾਰੀਆਂ ਨੂੰ ਵੀ, ਜਿਨ੍ਹਾਂ ਦੀ ਜੜ੍ਹ ਵਿਚ ਸਮਾਜਕ ਵਿਵਸਥਾ ਸੀ।

ਆਮ ਪੜ੍ਹਾਉਂਦਿਆਂ ਤੇ ਖਾਸ ਕਰ ਕੇ ਐੱਮ ਡੀ ਦੇ ਵਿਦਿਆਰਥੀਆਂ ਨਾਲ ਚਰਚਾ ਕਰਦਿਆਂ, ਉਨ੍ਹਾਂ ਨੂੰ ਖੋਜ ਕਰਨ ਲਈ ਵਿਸ਼ਿਆਂ ਨੂੰ ਭਾਲਦਿਆਂ ਜਰਮਨ ਦੇ ਡਾਕਟਰ ਰੋਡਲਫ ਵਰਚੋ ਦੇ ਇਤਿਹਾਸਕ ਕੰਮ ਤੇ ਨਜ਼ਰ ਪਈ। ਉਹ ਮੂਲ ਰੂਪ ਵਿਚ ਪੈਥਾਲੋਜਿਸਟ ਸੀ ਅਤੇ ਆਪਣੀਆਂ ਬਿਮਾਰੀਆਂ ਪ੍ਰਤੀ ਖੋਜ ਸਮੇਂ ਟਾਈਫਸ ਮਹਾਂਮਾਰੀ ਦੌਰਾਨ, ਉਹ ਇਸ ਨਤੀਜੇ 'ਤੇ ਪਹੁੰਚਿਆ ਕਿ ਗਰੀਬੀ, ਗੰਦਗੀ ਵਿਚ ਰਹਿਣਾ ਅਤੇ ਮਾੜੀ ਖੁਰਾਕ ਹੀ ਮਹਾਂਮਾਰੀ ਦੇ ਮੁੱਖ ਕਾਰਨ ਹਨ। ਇਸ ਤੋਂ ਬਾਅਦ ਜਦੋਂ ਚੀ ਗਵੇਰਾ ਬਾਰੇ ਪੜ੍ਹਣ ਦਾ ਮੌਕਾ ਮਿਲਿਆ, ਜਿਸ ਨੇ ਐੱਮ ਬੀ ਬੀ ਐੱਸ ਕੀਤੀ ਤੇ ਆਪਣੇ ਘੁੱਮਕੜ ਸੁਭਾਅ ਤਹਿਤ ਘੁੰਮਣ ਨੂੰ ਨਿਕਲਿਆ ਤਾਂ ਇਹ ਸੋਝੀ ਪੈਦਾ ਹੋਈ ਕਿ ਡਾਕਟਰ ਬਣ ਕੇ ਬਿਮਾਰੀਆਂ ਦਾ ਇਲਾਜ ਕੋਈ ਹੱਲ ਨਹੀਂ ਹੈ। ਬਿਮਾਰੀਆਂ ਦੇ ਕਾਰਨ ਤਾਂ ਲੋਕਾਂ ਦੀ ਮੰਦੀ ਹਾਲਤ ਕਰਕੇ ਹਨ। ਉਸ ਦਾ ਵੀ ਉਹੀ ਨਤੀਜਾ ਸੀ, ਜੋ ਵਰਚੋ ਨੇ ਪੇਸ਼ ਕੀਤਾ ਸੀ ਕਿ 'ਮੈਡੀਸਨ ਇਕ ਸਮਾਜ ਵਿਗਿਆਨ ਹੈ ਤੇ ਰਾਜਨੀਤੀ ਵੱਡੇ ਪੱਧਰ 'ਤੇ ਮੈਡੀਸਨ ਹੈ।'

ਚੀ ਗਵੇਰਾ ਨੇ ਵੀ ਤੇ ਵਰਚੋ ਨੇ ਵੀ ਰਾਜਨੀਤਕ ਕਾਰਕੁਨ ਵਜੋਂ ਆਪਣੀ ਜ਼ਿੰਦਗੀ ਨੂੰ ਮੋੜਾ ਦਿੱਤਾ। ਚੀ ਗਵੇਰਾ ਤਾਂ ਸੱਤਾ ਦਾ ਹਿੱਸਾ ਬਣ ਕੇ ਰਿਹਾ ਤੇ ਆਪਣੀ ਬੇਬਾਕੀ ਨਾਲ ਵਿਵਸਥਾ ਦੀ ਆਲੋਚਨਾ ਕਰਦਾ ਮਾਰਿਆ ਵੀ ਗਿਆ ਤੇ ਵਰਚੋ ਨੇ ਜਰਮਨ ਦੀ ਰਾਜਨੀਤੀ ਵਿਚ ਕਿਸੇ ਸੰਸਥਾ ਨਾਲ ਮਿਲ ਕੇ ਸਰਗਰਮ ਭੂਮਿਕਾ ਨਿਭਾਈ।

ਇਸ ਤਰ੍ਹਾਂ ਕਮਿਊਨਿਟੀ ਮੈਡੀਸਨ ਕੀ ਹੈ, ਮੈਂ ਇਸ ਨੂੰ ਸ਼ੁਰੂ ਵਿਚ ਆਪਸੀ ਸਮਝ ਲਈ ਵਿਸ਼ਲੇਸ਼ਿਤ ਕਰਦਾ ਰਿਹਾ। ਸਧਾਰਨ ਸ਼ਬਦਾਂ ਵਿਚ ਲੋਕਾਂ ਦਾ ਡਾਕਟਰ, ਇਹ ਅਨੁਵਾਦ ਹੈ ਵਿਸ਼ੇ ਦਾ। ਫਿਰ ਮੈਂ ਵੱਖ-ਵੱਖ ਮਾਹਰਾਂ ਦੇ ਮੱਦੇਨਜ਼ਰ ਖੁਦ ਨੂੰ ਆਦਮੀਆਂ ਦਾ ਡਾਕਟਰ ਕਹਿੰਦਾ। ਪੂਰੇ ਆਦਮੀ ਦਾ ਨਾ ਕਿ ਗੁਰਦੇ, ਪੇਟ ਜਾਂ ਦਿਲ ਦਾ, ਪਰ ਕਿਸੇ ਵੀ ਵਿਆਖਿਆ ਨਾਲ ਤਸੱਲੀ ਜਿਹੀ ਨਾ ਹੁੰਦੀ।

ਇਕ ਵਾਰੀ ਮੇਰੇ ਵਿਦਿਆਰਥੀ 'ਗਗਨਦੀਪ' ਨੇ ਆਪਣੇ ਕਿਸੇ ਹੋਰ ਸਾਥੀ ਵੱਲੋਂ ਚਲਦੇ ਯੂਟਿਊਬ ਪ੍ਰੋਗਰਾਮ ਲਈ ਮੈਨੂੰ ਹੋਲੀਸਟਿਕ ਹੈੱਲਥ 'ਤੇ ਗੱਲ ਕਰਨ ਲਈ ਕਿਹਾ। ਮੈਂ ਇਸ ਦਾ ਪੰਜਾਬੀ ਅਰਥ ਲੱਭਿਆ ਤੇ ਜੋ ਮੈਨੂੰ ਜਚਿਆ ਉਹ ਸੀ ਮੁਕੰਮਲ ਸਿਹਤ। ਮੈਨੂੰ ਦੱਸਿਆ ਗਿਆ ਕਿ ਪਹਿਲਾਂ ਵੀ ਇਸ ਮੰਚ ਤੋਂ ਫਲਾਂ-ਫਲਾਂ ਡਾਕਟਰ ਆ ਕੇ ਗੱਲਬਾਤ ਕਰ ਗਏ ਹਨ। ਮੈਂ ਕਿਹਾ ਉਹ ਤਾਂ ਸਾਰੇ ਵੱਖ-ਵੱਖ ਪ੍ਰਣਾਲੀ, ਅੰਗਾਂ ਦੇ ਮਾਹਰ ਹਨ, ਉਨ੍ਹਾਂ ਨੇ ਕਿਵੇਂ ਹੋਲੀਸਟਿਕ ਹੈੱਲਥ 'ਤੇ ਗੱਲ ਕੀਤੀ। ਮੈਂ ਵਿਸ਼ੇ ਦੀ ਤਿਆਰੀ ਕੀਤੀ ਤੇ ਆਪਣੇ ਵਿਚਾਰ ਰੱਖੇ। ਮੈਨੂੰ ਉਦੋਂ ਅਹਿਸਾਸ ਹੋਇਆ ਕਿ ਮੇਰੇ ਵਿਸ਼ੇ ਦਾ ਨਾਂਅ ਮੁਕੰਮਲ ਸਿਹਤ ਹੋਣਾ ਚਾਹੀਦਾ ਹੈ।

ਮੈਂ ਵਿਚਾਰ ਰੱਖੇ ਕਿ ਅਸੀਂ ਮਾਹਰ ਤੋਂ ਸੁਪਰ ਮਾਹਰ ਕੋਰਸਾਂ ਦੀ ਸ਼ੁਰੂਆਤ ਕੀਤੀ। ਵੱਖ-ਵੱਖ ਪ੍ਰਣਾਲੀਆਂ ਅਤੇ ਅੰਗਾਂ ਦੇ ਮਾਹਰ। ਵੱਖ-ਵੱਖ ਉਮਰ ਦੇ ਪੜਾਅ, ਬੱਚੇ ਅਤੇ ਬੁੱਢਿਆਂ ਦੇ ਮਾਹਰ। ਫਿਰ ਖੁਰਾਕ ਨੂੰ ਲੈ ਕੇ ਪ੍ਰੋਟੀਨ, ਫੈਟ, ਮਿਨਰਲ ਤੇ ਵਿਟਾਮਿਨਾਂ ਨੂੰ ਲੈ ਕੇ ਮਹਿਰਾਨਾ ਪਹੁੰਚ ਅਤੇ ਉਨ੍ਹਾਂ 'ਤੇ ਆਧਾਰਤ ਪ੍ਰੋਗਰਾਮ। ਅਨੀਮੀਆ ਲਈ ਲੋਹੇ ਦੀਆਂ ਗੋਲੀਆਂ, ਗਿੱਲੜ ਲਈ ਆਇਓਡੀਨ। ਵਿਅਕਤੀ ਨੂੰ ਤੋੜ-ਤੋੜ ਕੇ, ਮਨ ਅਤੇ ਸਰੀਰ ਨੂੰ ਵੱਖਰਾ ਕਰ ਕੇ ਅਤੇ ਟੁਕੜੇ-ਟੁਕੜੇ ਕਰਕੇ ਦੇਖਣਾ, ਮਨੁੱਖ ਨੂੰ ਮੁਕੰਮਲ ਨਾ ਸਮਝਣਾ ਅਤੇ ਇਸ ਅਧੂਰੀ ਸਮਝ ਨਾਲ , ਸਗੋਂ ਨਵੀਂਆਂ ਮੁਸ਼ਕਲਾਂ ਖੜੀਆਂ ਕਰਨਾ ਹੈ।

ਮੈਂ ਤਾਂ ਇਥੋਂ ਤੱਕ ਕਿਹਾ ਕਿ ਹਵਾ, ਪਾਣੀ, ਮਿੱਟੀ, ਖਾਣਾ, ਪੇੜ-ਪੌਦੇ, ਫ਼ਲ, ਸਬਜ਼ੀਆਂ ਨੂੰ ਵੀ ਮੁਕੰਮਲ ਸਿਹਤ ਵਜੋਂ ਸਮਝਣਾ ਚਾਹੀਦਾ ਹੈ। ਇਹ ਸਭ ਵੀ ਮੇਰੇ ਵਿਸ਼ੇ ਦਾ ਹਿੱਸਾ ਰਹੇ ਹਨ।

ਫਿਰ ਮੈਨੂੰ ਜਾਪਿਆ ਕਿ ਇਹ ਖੰਡਿਤ ਪਹੁੰਚ ਅਸਲ ਵਿਚ ਸਰਮਾਏਦਾਰੀ ਨਿਜ਼ਾਮ ਦੀ ਪਹੁੰਚ ਹੈ। ਮਾਹਰ, ਸੁਪਰ ਮਾਹਰ ਬਣਾ ਕੇ ਮਨੁੱਖ ਨੂੰ ਭਟਕਾਉਣ, ਫਸਾਉਣ ਅਤੇ ਬਾਜ਼ਾਰ ਵਿਚ ਲੈ ਕੇ ਆਉਣ ਦੀ ਪਹੁੰਚ ਹੈ। ਇਸ ਪਹੁੰਚ ਪਿੱਛੇ ਸਿੱਧਾ ਰਿਸ਼ਤਾ ਰਾਜਨੀਤੀ ਦਾ ਹੈ। ਮੈਂ ਹੁਣ ਵਿਸ਼ੇ ਨੂੰ ਹੈੱਲਥ ਪਾਲਿਟਿਕਸ 'ਸਿਹਤ ਦੀ ਸਿਆਸਤ' ਦੇ ਵਿਸ਼ੇ ਦੇ ਨਾਂਅ ਨਾਲ ਪੇਸ਼ ਕਰਨ ਦਾ ਚਾਹਵਾਨ ਹਾਂ। ਕਿਸੇ ਨੇ ਕੀ ਕਹਿਣਾ ਜਾਂ ਕਿਸੇ ਤੋਂ ਮਾਨਤਾ ਲੈਣ ਦੀ ਲੋੜ ਨਹੀਂ ਹੈ। ਮੈਨੂੰ ਜਚਦਾ ਹੈ, ਨਾਲੇ ਮੈਡੀਸਨ ਪਈ ਹੀ ਰਾਜਨੀਤੀ ਵਿਚ ਹੈ। ਦਵਾਈਆਂ ਨੂੰ ਪਾਸੇ ਰੱਖੀਏ, ਸਿਹਤ ਸਹੂਲਤਾਂ ਵੀ ਬਾਅਦ ਦੀ ਗੱਲ ਹੈ, ਜਦੋਂ ਕੋਈ ਬਿਮਾਰ ਹੋਵੇਗਾ। ਹਵਾ-ਪਾਣੀ ਸਾਫ਼ ਹੋਣ ਤਾਂ ਕਿੰਨੀਆਂ ਹੀ ਬਿਮਾਰੀਆਂ ਤੋਂ ਬਚ ਸਕਦੇ ਹਾਂ। ਹਰ ਇਕ ਕੋਲ ਸੁਰੱਖਿਅਤ ਛੱਤ ਹੋਵੇ ਰਹਿਣ ਲਈ, ਪੇਟ ਵਿਚ ਖਾਣਾ ਹੋਵੇ। ਖਾਣਾ ਹਾਸਲ ਕਰਨ ਲਈ ਦਿਹਾੜੀ ਹੋਵੇ, ਠੀਕ-ਠਾਕ ਦਿਹਾੜੀ ਮਿਲੇ ਕਿ ਘਰ ਦਾ ਗੁਜ਼ਾਰਾ ਚੱਲ ਸਕੇ। ਕਹਿਣ ਤੋਂ ਭਾਵ, ਉਹੀ ਸਮਝ ਕਿ ਮੌਕਾ-ਏ-ਵਾਰਦਾਤ 'ਤੇ ਜਾ ਕੇ ਜੋ ਪਤਾ ਲਾਇਆ ਜਾਵੇ, ਉਹੀ ਸਮਝ ਜੋ ਵਰਚੋ ਨੇ ਪੇਸ਼ ਕੀਤੀ ਅਤੇ ਚੀ ਗਵੇਰਾ ਦੇ ਤਜਰਬੇ ਵਿਚ ਨਿਕਲੀ। ਉਸ ਦਾ ਇਲਾਜ ਤਾਂ ਰਾਜਨੀਤੀ ਹੈ। ਚੋਰ ਨੂੰ ਫੜਣਾ ਤੇ ਉਸ ਤੋਂ ਵੀ ਅੱਗੇ ਇਹ ਚੋਰ ਚੋਰੀ ਨਾ ਕਰੇ, ਇਸ ਆਦਤ ਪਿੱਛੇ ਲੁਕੀ ਪਈ ਮਨੋਦਿਸ਼ਾ ਦਾ ਹੱਲ ਤਾਂ ਸਿਆਸੀ ਹੈ।

ਮੋ: 981580-08506

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

2-April-Sunday.qxd 4/1/2023 9:21 PM Page 4



# ਅੰਦਰੂਨੀ ਤੇ ਬਾਹਰੀ ਯਥਾਰਥ ਦਾ ਸੁਹਜਮਈ ਕਾਵਿਕ ਚਿਤਰਨ

## ਤੀਲਾ-ਤੀਲਾ, ਧਾਗਾ-ਧਾਗਾ

**(ਕਾਵਿ-ਪੁਸਤਕ)**
**ਬਲਵਿੰਦਰ ਸੰਧੂ**
**ਪੰਨੇ : 135, ਮੁੱਲ : 250 ਰੁਪਏ**
**ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ**

ਕਿਤਾਬ ਦੀ **ਪਰਖ ਪੜਚੋਲ**

**ਅਰਵਿੰਦਰ ਕੌਰ ਕਾਕੜਾ (ਡਾ.)**





ਕਵਿਤਾ ਵਰਗਾ ਸ਼ਾਇਰ ਬਲਵਿੰਦਰ ਸੰਧੂ ਆਪਣੀ ਨਿਵੇਕਲੀ ਸਪੇਸ ਹਾਸਲ ਕਰਦਾ ਹੋਇਆ ਕਾਵਿਕ ਪੈਂਡਿਆਂ 'ਤੇ ਨਵਾਂ ਸਿਰਨਾਵਾਂ ਲਿਖਦਾ ਹੈ। ਸ਼ਬਦ ਉਹਦੀ ਸੰਗਤ ਕਰਦੇ ਨੇ ਤੇ ਉਹ ਸ਼ਬਦਾਂ ਦੀ ਸੰਗਤ ਮਾਣਦਾ ਹੈ। ਇਹੀ ਉਹਦਾ ਸੰਬੰਧ ਕਵਿਤਾ ਨਾਲ ਇਕਮਿਕਤਾ ਦਾ ਅਹਿਸਾਸ ਕਰਵਾਉਂਦਾ ਹੈ। ਉਹ ਕਵਿਤਾ ਦੇ ਸਾਗਰ ਵਿੱਚ ਟੁੱਭੀ ਮਾਰਦਾ, ਹੁਸੀਨ ਵਲਵਲਿਆਂ ਦੇ ਮੋਤੀ ਚਿਣਦਾ, ਭਾਵਾਂ ਨੂੰ ਅਜਿਹੇ ਰੂਪ ਵਿੱਚ ਢਾਲਦਾ ਹੋਇਆ ਪਾਠਕਾਂ ਨਾਲ ਗੁਫਤਗੂ ਕਰਦਾ ਸਾਹਮਣੇ ਆਉਂਦਾ। ਕਵਿਤਾ ਦੀ ਅਸਲ ਪਹਿਚਾਣ ਇਹ ਹੀ ਹੁੰਦੀ ਹੈ ਕਿ ਉਹ ਪਾਠਕ ਦੀ ਧੁਰ ਤੱਕ ਪਹੁੰਚ ਕੇ ਆਪਣਾ ਸੁਨੇਹਾ ਦੇਣ ਵਿੱਚ ਸਫਲ ਹੋਵੇ। ਇਹ ਕਵਿਤਾ ਕਵੀ ਦਾ ਪਾਠਕ, ਆਲੋਚਕ ਨਾਲ ਗਹਿਰਾ ਰਿਸ਼ਤਾ ਬਣਾ ਲੈਂਦੀ ਹੈ। ਬਲਵਿੰਦਰ ਕਵਿਤਾ ਵਿੱਚ ਜਿਉਂਦਾ, ਕਵਿਤਾ ਨਾਲ ਤੁਰਦਾ, ਕਵਿਤਾ ਨਾਲ ਗੱਲਾਂ ਕਰਦਾ, ਕਵਿਤਾ ਪੜ੍ਹਨ ਤੇ ਸੁਣਨ ਵਾਲੇ ਦਾ ਧਿਆਨ ਖਿੱਚਦਾ ਹੈਂ। 'ਇੱਕ ਗੀਤ ਅਧੂਰਾ' ਕਾਵਿ ਪੁਸਤਕ ਤੋਂ ਸਫਰ ਦਾ ਆਰੰਭ ਕਰਦਾ ਹੋਇਆ ਬਲਵਿੰਦਰ ਸੰਧੂ ਜੀਵਨ ਦੀ ਪੂਰਨਤਾ ਲਈ ਕਈ ਦਿਸਹੱਦਿਆਂ ਦੀ ਤਲਾਸ਼ ਕਰ ਜਾਂਦਾ ਹੈ। 'ਕੋਮਲ ਸਿੰਘ ਆਖਦਾ ਹੈ' ਕਾਵਿ ਪੁਸਤਕ ਵਿੱਚ ਉਹ ਕੋਮਲਤਾ ਨੂੰ ਪਰਨਾਇਆ ਉਹ ਪਾਤਰ ਬਣਦਾ ਹੈ, ਜੋ ਜ਼ਿੰਦਗੀ ਵਿਚਲੀਆਂ ਝਰੀਟਾਂ ਤੋਂ ਬਚ ਕੇ ਤੁਰਨ ਦਾ ਸਲੀਕਾ ਸਿੱਖਦਾ ਕੋਮਲ ਸਿੰਘ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਇਹ ਕੋਮਲਤਾ ਉਸ ਦੀ ਰਹਿਣੀ-ਬਹਿਣੀ, ਵਿਵਹਾਰ ਤੇ ਅੰਤਰੀਵ ਮਨ ਅੰਦਰ ਵਿਚਰਦੀ ਹੈ। ਉਹ ਹੁਸੀਨ ਸ਼ਬਦਾਂ ਦੇ ਤੋਪੇ ਪਾਉਂਦਾ ਹੋਇਆ 'ਘਾੜਿਤ' ਪੁਸਤਕ ਵਿੱਚ ਹਾਜ਼ਰ ਹੁੰਦਾ ਹੈ। ਸ਼ਬਦ ਅੰਦਰ ਜੀਵਨ ਦੀ ਖੋਜ ਉਸ ਦੀ ਕਵਿਤਾ ਦੀ ਕੇਂਦਰੀ ਧੁਰਾ ਬਣਦੀ ਹੈ। ਸ਼ਬਦ ਦੀ ਅਮਰਤਾ ਦਾ ਅਹਿਸਾਸ ਉਸ ਨੂੰ ਪੂਰਨ ਬ੍ਰਹਿਮੰਡ ਅੰਦਰ ਝੂਮਣ ਲਾ ਦਿੰਦਾ ਹੈ। 'ਮੈਂ ਵੀ ਆਦਿ ਜੁਗਾਦਿ' ਕਾਵਿ ਪੁਸਤਕ ਰਾਹੀਂ ਬਲਵਿੰਦਰ ਅਨੇਕਤਾ ਵਿੱਚ ਏਕਤਾ ਤੇ ਏਕਤਾ ਵਿੱਚ ਅਨੇਕਤਾ ਦਾ ਨਾਦ ਵਜਾਉਂਦਾ ਤ੍ਰੈ-ਕਾਲ ਨੂੰ ਆਪਣੇ ਵਿੱਚ ਸਮਾ ਲੈਂਦਾ ਹੈ। ਸ਼ਬਦਾਂ ਵਿਚਲੇ ਰਸ ਨੂੰ ਮਾਨਣ ਦੀ ਪ੍ਰਵਿਰਤੀ ਮਿੱਠੜੇ ਅਰਥਾਂ ਨਾਲ ਲਬਰੇਜ ਹੋਈ 'ਮਧੂਕਰੀ' ਕਾਵਿ ਪੁਸਤਕ ਵਿਚਲਾ ਜਾਦੂ ਬਲਵਿੰਦਰ ਦੀ ਕਾਰਗੁਜ਼ਾਰੀ, ਸੁਭਾਅ ਤੇ ਜ਼ੁਬਾਂ ਦੇ ਦਰਸ ਕਰਾ ਜਾਂਦਾ ਹੈ। ਉਸ ਦੀ ਕਾਵਿ ਕੈਨਵਸ ਵਿਚਲੀ ਗਤੀਸ਼ੀਲਤਾ ਹਰ ਨਵੀਂ ਪੁਲਾਂਘ ਪੁੱਟਦੀ ਹਾਜ਼ਰ ਹੁੰਦੀ ਹੈ। 'ਤੀਲਾ-ਤੀਲਾ, ਧਾਗਾ-ਧਾਗਾ' ਨਵੀਂ ਕਾਵਿ ਪੁਸਤਕ ਸਮਿਆਂ ਦੀ ਬਾਤ ਪਾਉਂਦੀ ਹਰ ਘਟਨਾਕ੍ਰਮ ਨੂੰ ਚੁਗਦੀ ਮਨੁੱਖ ਅੰਦਰ ਜੀਊਂਦੇ ਤੇ ਬਾਹਰੀ ਸੰਸਾਰ ਅੰਦਰ ਝੁਰਮਟ ਪਾਈ ਬਹੁ ਰੰਗਾਂ ਨੂੰ ਇੱਕ ਚਿੱਤਰਕਲਾ ਵਿੱਚ ਚਿਤਰਦੀ ਹੈ। ਇਸ ਕਵਿਤਾ ਵਿੱਚੋਂ ਗੁਜ਼ਰਦਿਆਂ ਸੂਖਮ ਤੋਂ ਸਥੂਲਤਾ ਵੱਲ ਦਾ ਪ੍ਰਵਾਹ ਕਈ ਰੂਪਾਂ ਵਿੱਚ ਪ੍ਰਗਟ ਹੁੰਦਾ ਹੈ। ਅੱਜ ਅਸੀਂ ਉਸ ਦੌਰ ਵਿੱਚੋਂ ਹੀ ਗੁਜ਼ਰ ਰਹੇ ਹਾਂ, ਜਿਸ ਵਿੱਚ ਜੀਵਨ ਵਿਚਲੀ ਸੂਖਮਤਾ ਡਗਮਗਾ ਰਹੀ ਹੈ। ਸੂਖਮ ਅੰਸਾਂ ਦੀ ਆਪਸੀ ਏਕਤਾ ਜਦੋਂ ਕਿਸੇ ਰੂਪ ਨੂੰ ਸਕਾਰਿਤ ਕਰਦੀ ਹੈ ਤਾਂ ਉਸ ਵਿਚਲਾ ਅਰਥ ਪੂਰੀ ਕਾਇਨਾਤ ਵਿੱਚ ਵਿਸਥਾਰਤ ਹੁੰਦਾ ਹੈ। ਅਜਿਹੇ ਸ਼ਬਦਾਂ ਦੀ ਆਪਸੀ ਏਕਤਾ ਅੰਦਰ ਜਨਮਦੇ ਜੀਵਨ ਦੇ ਅਰਥਾਂ ਨੂੰ ਵਿਸ਼ਾਲ ਕੈਨਵਸ ਵਿੱਚ ਜਾਗਦੇ ਰੱਖਣ ਲਈ ਬਲਵਿੰਦਰ ਸੰਧੂ ਦੀ ਕਵਿਤਾ ਪਾਠਕਾਂ ਨਾਲ ਪੀਡੀ ਸਾਂਝ ਪਾਉਂਦੀ ਹੈ। ਜਿਵੇਂ ਇਸ ਪੁਸਤਕ ਦੀ ਪਹਿਲੀ ਕਵਿਤਾ 'ਤੀਲਾ-ਤੀਲਾ, ਧਾਗਾ-ਧਾਗਾ' ਸੁਚੇਤ ਰੂਪ ਦੇ ਵਿਚ ਖਿੱਲਰੇ ਤਿਣਕਿਆਂ ਨੂੰ ਇੱਕ ਜਗ੍ਹਾ 'ਤੇ ਇਕੱਠੇ ਕਰਨ ਦਾ ਸੰਕੇਤ ਦਿੰਦੀ ਹੈ।

ਅੱਖਰ ਅੱਖਰ ਕਥਾ ਖਿਤਾਬਤ
ਖਬਰਾ ਖਬਰ ਅਖਬਾਰ ਓ ਯਾਰ!
ਤੀਲਾ-ਤੀਲਾ ਬਣੇ ਆਹਲਣਾ
ਚਿੱਪਰ ਚਿੱਪਰ ਘਰ ਓ ਯਾਰ !
ਧਾਗਾ ਧਾਗੇ ਤੰਬੂ ਤਣਦਾ
ਤੰਤੂ ਤੰਤੂ ਤਨ ਓ ਯਾਰ !
ਦਾਣਾ ਦਾਣਾ ਬੋਹਲ ਉਸਰਦਾ
ਧੇਲਾ ਧੇਲਾ ਮਿਲਖ ਓ ਯਾਰ

ਬਲਵਿੰਦਰ ਸੰਧੂ ਦੀ ਕਵਿਤਾ ਵਿਚਲਾ ਪ੍ਰਗਤੀਸ਼ੀਲ ਪ੍ਰਕਿਰਤੀਵਾਦ ਕੁਦਰਤ ਨੂੰ ਨਿਵੇਕਲੀ ਨਜ਼ਰੀਏ ਦੇ ਨਾਲ ਵਾਚਦਾ ਹੈ। ਕੁਦਰਤ ਦੇ ਨਾਲ ਉਸ ਨੂੰ ਬੇਹੱਦ ਮੁਹੱਬਤ ਹੈ, ਇਸ ਲਈ ਉਹ ਮਨ ਦੇ ਸੰਤਾਪ ਨੂੰ ਕੁਦਰਤ ਨਾਲ ਗੱਲਾਂ ਕਰਕੇ ਊਰਜਾ ਵਿਚ ਬਦਲਦਾ ਹੈ। ਉਹ ਕੁਦਰਤ ਦੇ ਸੰਗੀਤ ਨੂੰ ਸੁਣਦਾ ਇਸ ਨੂੰ ਸਿਰਫ ਕਲਾ ਦੇ ਤੌਰ 'ਤੇ ਨਹੀਂ ਉਭਾਰਦਾ, ਸਗੋਂ ਆਪਣੀ ਵਿਚਾਰਧਾਰਕ ਸੂਝ ਰਾਹੀਂ ਇਸ ਨੂੰ ਅਨਾਹਦ ਸ਼ਬਦ ਨਾਲ ਜੋੜਨ ਦੀ ਤਾਕਤ ਮੰਨਦਾ ਹੈ। ਏਸੇ ਲਈ ਬਲਵਿੰਦਰ ਦੀ ਕਵਿਤਾ ਵਿੱਚ ਵਰਤੇ ਗਏ ਪ੍ਰਕਿਰਤਕ ਬਿੰਬਾਂ ਵਿੱਚੋਂ ਪੌਣ ਪਾਣੀ, ਰੁੱਖ, ਮਿੱਟੀ ਵਿੱਚ ਸੰਗੀਤ ਦੀ ਥਰ-ਥਰਾਹਟ ਮਨੁੱਖ ਦੇ ਵਜੂਦ ਅੰਦਰ ਦਾਖਲ ਹੋ ਕੇ ਕੁਦਰਤ ਦਾ ਨਵਾਂ ਮੁਹਾਂਦਰਾ ਸਿਰਜਦੀ ਹੈ। ਅਜਿਹਾ ਕੁਦਰਤ ਪ੍ਰਤੀ ਵਿਗਿਆਨਕ ਨਜ਼ਰੀਆ ਤਰਕਹੀਣ ਮਿੱਥਾਂ ਤੋਂ ਪਾਰ ਜਾ ਕੇ ਮਾਨਵ ਮਨ ਦੀ ਵਿਸ਼ਵ ਵਿਆਪੀ ਦ੍ਰਿਸ਼ਟੀ ਨੂੰ ਹਲੂਣਦਾ ਹੈ। ਕਵੀ ਲਈ ਕੁਦਰਤ ਦਾ ਸੁਨੇਹਾ ਬੇਹੱਦ ਮੁੱਲਵਾਨ ਹੈ। ਉਹ ਕੁਦਰਤ ਦੇ ਮਾਨਵੀਕਰਨ ਰਾਹੀਂ ਮਨੁੱਖੀ ਜੀਵਨ ਲਈ ਸੋਝੀ ਪ੍ਰਦਾਨ ਕਰਦਾ ਹੈ। ਇਸ ਕਵਿਤਾ ਦੀ ਇਹ ਖੂਬੀ ਸਾਹਮਣੇ ਆਉਂਦੀ ਹੈ ਇਹ ਕੁਦਰਤ ਦੇ ਗਤੀਮਾਨ ਸੁਭਾਅ ਨੂੰ ਸੂਖਮਤਾ ਨਾਲ ਪ੍ਰਗਟਾਉਂਦੀ ਹੈ। ਜੀਵਨ ਅੰਦਰਲੀ ਮੌਲਿਕਤਾ ਦਾ ਗਹਿਰਾ, ਗੰਭੀਰ ਅਹਿਸਾਸ ਕਰਦੀ ਇਹ ਕਵਿਤਾ ਬੀਜ ਵਿੱਚੋਂ ਬਿਰਖ ਦਾ ਖਾਬ ਸਿਰਜਦੀ ਹੈ। ਬੀਜ ਤੋਂ ਬਿਰਖ ਬਣਨ ਦੇ ਸਫਰ ਵਿੱਚ ਜਲ, ਹਵਾ, ਖਾਕ, ਮੌਸਮ, ਰੁੱਤ ਦੀ ਅਹਿਮ ਭੂਮਿਕਾ ਹੁੰਦੀ ਹੈ। ਇਸੇ ਨਾਲ ਤੁਲਨਾ ਕਵੀ ਖਿਆਲ ਦੇ ਕਵਿਤਾ ਵਿੱਚ ਢਲਣ ਦੇ ਸਫਰ ਦੀ ਕਰਦਾ ਹੈ।

ਰੂਹ ਦੀ ਪਾਕੀਜ਼ਗੀ
ਭਾਸ਼ਾ ਦੀ ਸੰਜੀਦਗੀ
ਕਰਤੇ ਦਾ ਹੁਨਰ
ਸ਼ਬਦ ਦਾ ਤਲਿੱਸਮ
ਤੇ ਹੋਰ ਦਮ ਖਮ
ਕਵਿਤਾ 'ਚ ਹਾਜ਼ਰ ਹੁੰਦਾ
ਮਹਿਜ਼ ਪੂਰਨਾ ਜਾਂ ਖਿਆਲ ਹੀ
ਕਵਿਤਾ ਨਾ ਹੋ ਜਾਂਦਾ....!

ਇਹ ਕਵਿਤਾ ਪਗਡੰਡੀਆਂ 'ਤੇ ਉੱਕਰੀਆਂ ਪੈੜਾਂ ਨੂੰ ਪੜ੍ਹਦੀ, ਹਵਾ 'ਚ ਘੁੱਲੇ ਬੋਲਾਂ ਦੀ ਕਨਸੋਅ ਲੈਂਦੀ, ਧਰਤ ਤੇ ਸਾਗਰ, ਬਰਫ ਤੇ ਨਦੀ ਦੇ ਰਿਸ਼ਤੇ ਨੂੰ ਕਈ ਕੋਣਾਂ ਤੋਂ ਵਾਚਦੀ ਹੈ। ਇਹ ਕਵਿਤਾਵਾਂ ਕੁਦਰਤ ਵਿੱਚੋਂ ਖੁਸ਼ੀ, ਪਿਆਰ, ਮੁਹੱਬਤ, ਉਤਸ਼ਾਹ, ਵਿਸਮਾਦ ਆਦਿ ਦਾ ਤਿਣਕਾ-ਤਿਣਕਾ ਚੁਗਦੀਆਂ ਅਜਿਹੀ ਬਹੁਰੰਗੀ ਤਸਵੀਰ ਉਸਾਰਦੀਆਂ, ਜਿਸ ਵਿੱਚ ਜ਼ਿੰਦਗੀ ਦੇ ਅਨੇਕਾਂ ਰੰਗਾਂ ਦਾ ਜਲੌਅ ਆਪ ਮੁਹਾਰੇ ਮਿਲਦਾ ਹੈ। ਇਸੇ ਸੰਦਰਭ ਵਿਚ 'ਫੁੱਲ ਪੱਤੀਆਂ', 'ਸੋਕਾ', 'ਲੈਣ ਦੇਣ', 'ਮਾਂ ਮਿੱਟੀਏ', 'ਮਿੱਟੀ ਦੀ ਯਾਤਰਾ', 'ਭੂਚਾਲ', 'ਮੀਂਹ ਕਣੀ ਦੇ ਦਿਨ', 'ਰਿਮਝਿਮ ਕੁਛ ਕੁਛ', 'ਪ੍ਰਾਹੁਣੀ', 'ਮਨ ਦੀ ਮਿੱਟੀਏ' ਆਦਿ ਕਵਿਤਾਵਾਂ ਵਿੱਚ ਕੁਦਰਤ ਦੇ ਅਨੇਕ ਪੱਖਾਂ ਦਾ ਵਰਣਨ ਕਰਦਿਆਂ ਕਵੀ ਮਾਨਵੀ ਜੀਵਨ ਨੂੰ ਮਹਿਸੂਸਦਾ ਹੈ। ਇਸ ਕਵਿਤਾ ਵਿਚਲੇ ਪ੍ਰਕਿਰਤਕ ਮੈਟਾਫਰਾਂ ਦੀ ਸਿਰਜਣਾ ਰਾਹੀਂ ਮਾਨਵੀ ਜੀਵਨ ਨੂੰ ਥਾਹ ਪਾਉਣ ਦੀ ਨਿਵੇਕਲੀ ਜੁਗਤ ਇਸ ਕਵਿਤਾ ਵਿੱਚੋਂ ਮਿਲਦੀ ਹੈ, ਜੋ ਬਲਵਿੰਦਰ ਸੰਧੂ ਦੀ ਵੱਖਰੀ ਪਹਿਚਾਣ ਬਣਾਉਂਦੀ ਹੈ। ਇਸ ਪੁਸਤਕ ਵਿਚਲਾ ਇੱਕ ਪਾਸਾਰ ਕਿਸਾਨ ਅੰਦੋਲਨ ਨਾਲ ਸੰਬੰਧਤ ਕਵਿਤਾਵਾਂ ਦਾ ਹੈ। ਇਸ ਵਿੱਚ ਕਿਸਾਨ ਅੰਦੋਲਨ ਦੀ ਹਕੀਕਤ ਨੂੰ ਸੰਬੋਧਤ ਹੁੰਦਿਆਂ ਸੁਚੇਤਨਾ, ਫਿਕਰਮੰਦੀ, ਜੂਝਣ ਦੀ ਤਾਂਘ, ਕਿਸੇ ਦੀ ਅਧੀਨਗੀ ਨਾ ਸਵੀਕਾਰਨ ਦੀ ਭਾਵਨਾ, ਭਾਜੀ ਮੋੜਨ ਦੀ ਪ੍ਰਵਿਰਤੀ, ਸੱਚ ਤੇ ਹੱਕ ਲਈ ਪਹਿਰਾ ਦੇਣ ਵਾਲਾ ਕਿਰਦਾਰ ਦੇ ਅਨੇਕਾਂ ਨਕਸ਼ਾਂ ਦੀ ਪੈਰਵੀ ਕੀਤੀ ਗਈ ਹੈ। ਇਸ ਕਵਿਤਾ ਵਿੱਚੋਂ ਪੰਜਾਬੀ ਮਨੁੱਖ ਦਾ ਬਿੰਬ ਲੋਕਧਾਰਿਕ ਪਰਿਵੇਸ਼ ਦੇ ਜੁਝਾਰੂ ਵਿਰਸੇ ਵਿੱਚ ਪਨਪਦਾ ਹੈ। ਕਿਸਾਨ ਅੰਦੋਲਨ ਵਿਚ ਜਾਤ-ਪਾਤ, ਖੇਤਰ, ਭਾਸ਼ਾ, ਸੱਭਿਆਚਾਰ, ਧਰਮ ਤੋਂ ਉੱਪਰ ਉੱਠ ਆਰਥਿਕ ਮੰਗਾਂ ਲਈ ਲੜੀ ਗਈ ਸਾਂਝੀ ਲੜਾਈ ਨੇ ਸਾਡੇ ਜੁਝਾਰੂ ਲੋਕ ਵਿਰਸੇ ਦੇ ਨਾਇਕਾਂ, ਸ਼ਹਾਦਤੀ ਥਾਵਾਂ ਨੂੰ ਮੁੜ ਜੀਵੰਤ ਕੀਤਾ। ਇਸ ਅੰਦੋਲਨ ਵਿੱਚ ਔਰਤਾਂ ਦੀ ਚੁੱਪ ਟੁੱਟ ਕੇ ਲਲਕਾਰਵੀਂ ਆਵਾਜ਼ ਵਿਚ ਬਦਲੀ। ਇਸ ਸੰਦਰਭ ਵਿੱਚ 'ਤੂੰ ਸੁੱਤਾ ਦੇ ਨਾ ਜਾਗਿਆ', 'ਫਿਰ ਉੱਠੀ ਸਦਾਅ', 'ਹਰੀ ਦਸਤਾਰ', 'ਸਿੰਘੂ ਤੋਂ', 'ਓੜਕ' ਕਵਿਤਾਵਾਂ ਖਾਸ ਧਿਆਨ ਮੰਗਦੀਆਂ ਹਨ। ਕਵੀ ਕਿਰਤ ਦੇ ਲੁਟੇਰਿਆਂ ਨਾਲ ਨੀਵੀਂ ਸੁਰ ਵਿੱਚ ਦਸਤਪੰਜਾ ਲੈਂਦਾ ਸ਼ਬਦਾਂ ਨੂੰ ਸ਼ੋਰ ਤੋਂ ਬਚਾ ਕੇ ਰੱਖਦਾ ਹੈ। ਬਲਵਿੰਦਰ ਦੀ ਕਵਿਤਾ ਦੀ ਖੂਬੀ ਇਹ ਵੀ ਹੈ ਕਿ ਉਹ ਇੱਕ ਸ਼ਬਦ ਨੂੰ ਬਹੁ-ਅਰਥਾਂ ਵਿੱਚ ਢਾਲਣ ਦੀ ਮੁਹਾਰਤ ਰੱਖਦਾ ਹੈ। ਉਸ ਦੀਆਂ ਕਵਿਤਾਵਾਂ ਵਿੱਚ 'ਸੱਸਾ' ਅਤੇ 'ਸਿਰ' ਨੂੰ ਸਮਾਨ ਅੰਤਰ ਰੱਖ ਕੇ ਜੇਕਰ ਵਾਚਿਆ ਜਾਵੇ ਤਾਂ ਸਥਾਪਤੀ ਦਾ ਪੱਖ ਤੇ ਲੋਕਾਂ ਦਾ ਪੱਖ ਪੂਰਦੀ ਧਿਰਾਂ ਦੀ ਰਮਜ਼ ਪਹਿਚਾਣੀ ਜਾ ਸਕਦੀ ਹੈ। ਕਵੀ ਸੰਘਰਸ਼ ਨੂੰ ਸਮਰਪਿਤ ਸਿਰ ਦਾ ਸੀਸ ਨਾਲ ਤੁਲਨਾ ਕਰਦਾ ਸ਼ਹਾਦਤ ਨੂੰ ਸਲਾਮ ਕਰਦਾ ਹੈ। ਉਹ ਕਿਸਾਨ ਅੰਦੋਲਨ ਵਿੱਚ ਹੋਈ ਹੱਕ ਅਤੇ ਸੱਚ ਦੀ ਜਿੱਤ 'ਤੇ ਮਾਣ ਕਰਦਾ ਲੋਕ ਵਿਰੋਧੀ ਸ਼ਕਤੀਆਂ ਨੂੰ ਵੰਗਾਰਵੀਂ ਚੋਭ ਲਾਉਂਦਾ ਹੈ। ਕਿਸਾਨ ਅੰਦੋਲਨ ਨੇ ਨਵਾਂ ਇਤਿਹਾਸ ਸਿਰਜ ਕੇ ਜੋਸ਼ ਤੇ ਹੋਸ਼ ਦਾ ਜੋ ਪ੍ਰਮਾਣ ਦਿੱਤਾ ਹੈ, ਉਸ ਵਿੱਚ ਪੰਜਾਬ ਦੇ ਮੋਹਰੀ ਬਣ ਕੇ ਕਾਰਪੋਰੇਟ ਦੀਆਂ ਨੀਤੀਆਂ ਨੂੰ ਮੂੰਹ ਮੋੜਵਾਂ ਜੁਆਬ ਦੇ ਕੇ ਇਨਕਲਾਬੀ ਵਿਰਾਸਤ ਦੀ ਲਾਜ ਪਾਲੀ। ਬਲਵਿੰਦਰ ਇਸ ਗੱਲ 'ਤੇ ਮਾਣ ਕਰਦਾ ਹੈ ਲੋਕ ਸੰਘਰਸ਼ਾਂ ਦੀ ਤਾਕਤ ਬਣਦੇ ਸਾਧਨ ਵਿਹੂਣੇ ਲੋਕ ਹੀ ਸਮਾਜ ਦੇ ਸਿਰਜਕ ਹੁੰਦੇ ਹਨ, ਜੋ ਅਸੰਭਵ ਨੂੰ ਸੰਭਵ ਬਣਾ ਸਕਦੇ ਹਨ।

ਉਨ੍ਹਾਂ
ਇਕ ਵਾਰ ਫਿਰ
ਦਰਸਾ ਦਿੱਤਾ
ਕਿ ਸਕਤੇ ਨੂੰ ਵੀ
ਨਿਉਂਦਾ ਪਾਇਆ ਜਾ ਸਕਦੈ
ਮੈਦਾਨ 'ਚ
ਲਹਿ ਆਏ ਦਰਿਆਵਾਂ ਨੂੰ
ਮੁੜ ਪਰਬਤੀਂ
ਚੜ੍ਹਾਇਆ ਜਾ ਸਕਦੈ
ਸਬਰ ਹੋਏ ਤਾਂ
ਜਬਰ ਨੂੰ ਵੀ
ਕੋਠੇ 'ਤੇ ਨਚਾਇਆ ਜਾ ਸਕਦੈ ।
ਇਹ ਵੰਡੀ ਕੋਈ ਧਰਤ ਦੇ
ਓਹੀ ਅਣਵੰਡੇ ਭਰਤ ਨੇ
ਜਿਨ੍ਹਾਂ ਦੀਆਂ ਮਾਵਾਂ
ਲਾਵਾਂ ਠਾਰ-ਠਾਰ
ਵਿਹੜੇ ਲਿੱਪ ਲੈਂਦੀਆਂ
ਤੇ ਬਾਬਲ
ਮਗਰਮੱਛਾਂ ਦੀਆਂ ਅੱਖਾਂ 'ਚ
ਮਮੀਰਾ ਤੱਕ ਪਾ ਆਉਂਦੇ.....

ਕਵੀ ਪਿੰਡ ਵਿਚਲੀ ਭਾਈਚਾਰਕ ਸਾਂਝ ਦੀ ਗੱਲ ਕਰਦਾ ਹੋਇਆ ਕਿਰਤੀ ਵਰਗ ਨਾਲ ਹਮਦਰਦੀ ਪ੍ਰਗਟਾਉਂਦਾ ਨ੍ਹਾਮਾ, ਗਾਮਾ, ਤੇਲੂ, ਮੇਲੂ, ਕੈਲਾ, ਜੈਲਾ, ਹੁਕਮਾ, ਉਤਮਾ, ਮੇਹਰੂ, ਕੇਹਰੂ, ਘਾਰੂ, ਨਸਵਾਰੂ, ਰਮਜਾਨ, ਨਿਧਾਨ ਆਦਿ ਮਿਹਨਤਕਸ਼ ਵਿਅਕਤੀਆਂ ਨਾਲ ਮੁਹੱਬਤ ਪਾਲਦਾ ਹੈ। ਕਵੀ ਵੱਖੋ-ਵੱਖਰੇ ਕਿੱਤਿਆਂ ਦੀ ਕਾਰਜਸ਼ੀਲਤਾ ਨੂੰ ਪਿੰਡ ਦੀ ਇਕਾਈ ਵਿੱਚ ਵੇਖਦਾ 'ਵੱਡਿਆ ਸਿਓਂ ਕਿਆ ਰੀਸ' ਕਵਿਤਾ ਰਾਹੀਂ ਬਾਬੇ ਨਾਨਕ ਦੀ ਕਿਰਤ ਦੇ ਹੱਕ ਵਿਚਲੀ ਰਮਜ਼ ਨੂੰ ਵਾਚਦਾ ਹੈ। ਲੁੱਟੀ ਜਾ ਰਹੀ ਜਮਾਤ ਦੀ ਤ੍ਰਾਸਦੀ ਨੂੰ ਦ੍ਰਿਸ਼ਟਮਾਨ ਕਰਦੀ ਕਵਿਤਾ 'ਇੱਕ ਤਸਵੀਰ ਦੀ ਪਰਕਰਮਾ' ਵੇਖੀ ਜਾ ਸਕਦੀ ਹੈ। ਇਹ ਕਵਿਤਾ ਮਾਨਵੀ ਸੰਵੇਦਨਾ ਦੇ ਰਾਹ ਚੱਲਦਿਆਂ ਕਰੂਰ ਯਥਾਰਥ, ਦੁੱਖ-ਦਰਦ, ਜੀਵਨ-ਤ੍ਰਾਸਦੀਆਂ ਦੀ ਪੇਸ਼ਕਾਰੀ ਕਰਦੀ ਹੈ। ਇਹ ਕਵਿਤਾ ਬਹੁਤੀਆਂ ਸਿਆਣਪਾਂ ਤੋਂ ਪੱਲਾ ਉਠਾਉਂਦੀ ਬਚਪਨ ਦੀਆਂ ਭੋਲੀਆਂ ਗੱਲਾਂ ਨੂੰ ਮਾਣਦੀ ਨਵੇਂ ਖਿਆਲਾਤ ਉਣਦੀ ਹੈ। ਇਹ ਸ਼ਬਦਾਂ ਨੂੰ ਜਿਉਂਦਾ ਰੱਖਦੀ ਪਦਾਰਥਕ ਲੋਭ ਤੇ ਸੰਵੇਦਨਹੀਣ ਮਨੁੱਖ ਤੋਂ ਵਿੱਥ ਸਿਰਜਦੀ ਹੈ। ਕਵਿਤਾ ਵਿਚਲੀ ਮਾਰਮਿਕ ਰਿਦਮ ਜਦੋਂ ਦੋ ਜੁੱਟਾਂ ਵਿੱਚ ਸੁਣਾਈ ਦਿੰਦੀ ਹੈ ਤਾਂ ਇਹ ਕਵਿਤਾ ਹੋਰ ਵੀ ਅਰਥਪੂਰਨ ਹੋ ਜਾਂਦੀ ਹੈ, ਜਿਵੇਂ 'ਹੁਸਨ-ਹੁਨਰ', 'ਆਮ ਖਾਸ' ਕਵਿਤਾ ਵੇਖੀ ਜਾ ਸਕਦੀ ਹੈ। ਕਵੀ ਪ੍ਰਕਿਰਤੀ ਤੇ ਸੰਸਕ੍ਰਿਤੀ ਦੇ ਵਿਕਾਸ ਦੀ ਮੂਲ ਜੜ੍ਹ ਪਹਿਚਾਣਦਾ ਹੋਇਆ ਆਮ ਤੇ ਖਾਸ ਨਾਂਵ ਵਿਚਲੇ ਫਰਕ ਦੀਆਂ ਕਈ ਪਰਤਾਂ ਘੋਖਦਾ ਹੈ। ਇਸ ਕਵਿਤਾ ਵਿਚਲੇ ਕਈ ਕਾਵਿਕ ਵਿਚਾਰ ਇਕ ਪੂਰੇ ਸਿਧਾਂਤ ਦੀ ਪਕੜ ਸਮਰੱਥਾ ਰੱਖਦੇ ਹਨ।

ਆਦਿ 'ਚੋਂ
ਪ੍ਰਕਿਰਤੀ ਉਪਜਦੀ
ਉਪਜਿਆ ਸਭ ਆਮ...
ਪ੍ਰਕਿਰਤੀ 'ਚੋਂ
ਸੰਸਕ੍ਰਿਤੀ ਨਿਕਲਦੀ
ਨਿਕਲਿਆ ਸਭ ਖਾਸ।

ਇਸ ਕਵਿਤਾ ਅੰਦਰਲੀ ਸੰਵੇਦਨਾ ਕਿਤੇ 'ਕੁੜਤਾ' ਅੰਦਰਲੇ ਸੰਸਾਰ ਨੂੰ ਦਰਸਾਉਂਦੀ ਕਿਰਤ ਸ਼ਕਤੀ ਦੀ ਮਹਿਮਾ ਗਾਉਂਦੀ ਹੈ। ਉੱਥੇ 'ਪਤੀਲੀ' ਦੇ ਬਿੰਬ ਵਿਚਲੀ ਵਿਸ਼ਾਲਤਾ ਅੰਦਰ ਅਤੀਤ ਤੇ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਜੁਗਾੜੂ ਮਾਨਵ ਦੀ ਗਾਥਾ

## ਜੁਗਾੜੂ

**(ਨਾਵਲ)**
**ਡਾ. ਆਰ ਡੀ ਐਸ ਮਾਹਤਾਬ**
**ਪੰਨੇ-272, ਮੁੱਲ-395 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

**ਡਾ. ਹਰਿੰਦਰ ਸਿੰਘ**

ਵਿਚਾਰ-ਅਧੀਨ ਨਾਵਲ 'ਜੁਗਾੜੂ' ਡਾ. ਆਰ ਡੀ ਐੱਸ ਮਹਿਤਾਬ ਦਾ ਨਵਾਂ ਨਾਵਲ ਹੈ। ਡਾ. ਮਹਿਤਾਬ ਪਰਵਾਸੀ ਪੰਜਾਬੀ ਸਾਹਿਤ ਵਿਚ ਕਵਿਤਾਵਾਂ, ਕਹਾਣੀਆਂ, ਨਾਵਲ ਅਤੇ ਲਿਪੀਅੰਤਰ ਰਾਹੀਂ ਭਰਵੀਂ ਹਾਜ਼ਰੀ ਲਗਵਾ ਚੁੱਕਾ ਹੈ। ਉਸ ਦਾ ਹਥਲਾ ਨਾਵਲ ਜੁਗਾੜੂ ਪਹਿਲੀਆਂ ਰਚਨਾਵਾਂ ਦੇ ਲੰਮੇ ਅਨੁਭਵ ਵਿਚੋਂ ਨਿਕਲਿਆ ਹੈ। ਨਾਵਲ ਦਾ ਬਿਰਤਾਂਤ ਪਾਕਿਸਤਾਨੀ ਸਮਾਜ ਅਤੇ ਪਰਵਾਸੀ ਜੀਵਨ ਦੇ ਵੇਰਵਿਆਂ ਨਾਲ ਸੰਬੰਧਤ ਹੈ। ਨਾਵਲ ਦੇ ਸਰਵਰਕ 'ਤੇ ਉੱਕਰੇ ਹੋਏ ਸ਼ਬਦ, 'ਦੁਨੀਆਂ ਦੇ ਹਰ ਜੀ, ਚਾਹੇ ਉਹ ਪਰਿੰਦਾ, ਚਰਿੰਦਾ, ਦਰਿੰਦਾ, ਕੀੜਾ-ਮਕੌੜਾ ਈ ਹੋਵੇ, ਸਭ ਵਿਚ ਇਕ ਕੁਦਰਤੀ ਤਾਕਤ ਹੈ, ਜਿਸ ਦੇ ਸਿਰ 'ਤੇ ਉਹ ਆਪਣਾ ਜੀਵਨ, ਭਾਵੇਂ ਇਕ ਪਲ ਦਾ ਹੋਵੇ ਤੇ ਭਾਵੇਂ ਹੀ ਕੁਝ ਸਾਲ ਦਾ, ਬਤੀਤ ਕਰਦਾ ਹੈ। ਉਸ ਨੂੰ ਆਪਣੇ ਜੀਵਨ ਨੂੰ ਚਲੌਣ ਦੀ ਜਾਚ ਆ ਕਿਵੇਂ ਜਾਂਦੀ ਹੈ? ਬੱਚੇ ਨੂੰ ਦੁੱਧ ਚੁੰਘਣ ਦਾ ਵੱਲ, ਘਾਹ ਖਾਣ ਦਾ ਵੱਲ, ਚੋਗਾ ਚੁਗਣ ਦਾ ਤਰੀਕਾ।' ਇਹਨਾਂ ਸ਼ਬਦਾਂ ਨੂੰ ਨਾਵਲ ਦੇ ਵਿਸ਼ੇ ਅਤੇ ਜ਼ਿੰਦਗੀ ਦੇ ਸਾਰ ਤੱਤ ਵਜੋਂ ਸਮਝਿਆ ਜਾ ਸਕਦਾ ਹੈ। ਨਾਵਲ ਦਾ ਨਾਇਕ ਅਸਲਮ ਭੱਟੀ ਇਸ ਦੀ ਪ੍ਰੋੜ੍ਹਤਾ ਕਰਦਾ ਹੈ। ਅਸਲਮ ਭੱਟੀ ਆਪਣੇ ਚਰਿੱਤਰ ਦੀ ਵੱਖਰੀ ਆਭਾ ਨਾਲ ਪਾਠਕ ਦੇ ਦਿਲੋ-ਦਿਮਾਗ 'ਤੇ ਛਾਇਆ ਰਹਿੰਦਾ ਹੈ। ਉਹ ਆਪਣੇ ਪੈਸੇ ਦੇ ਦਮ 'ਤੇ ਆਪਣਾ ਵੱਖਰਾ ਰਸੂਖ ਸਥਾਪਤ ਕਰਕੇ ਦੰਦਾਂ ਦਾ ਡਾਕਟਰ ਬਣਨ ਤੱਕ ਜਾ ਪਹੁੰਚਦਾ ਹੈ। ਇਸ ਕੰਮ ਲਈ ਬੇਸ਼ੱਕ ਉਸ ਨੂੰ ਬਹੁਤ ਸਾਰੇ ਜੁਗਾੜ ਵਰਤਣੇ ਪੈਂਦੇ ਹਨ, ਪਰ ਹੌਲੀ-ਹੌਲੀ ਉਸ ਨੂੰ ਮਿਹਨਤ ਦਾ ਭੁਸ ਪੈ ਜਾਂਦਾ ਹੈ, ਜਿਸ ਨਾਲ ਉਹ ਡਾਕਟਰੀ ਦੇ ਸਾਰੇ ਇਮਤਿਹਾਨ ਪਾਸ ਕਰ ਲੈਂਦਾ ਹੈ। ਨਾ ਕੇਵਲ ਆਪ ਸਗੋਂ ਉਹ ਆਪਣੇ ਪੁੱਤਰ ਅਤੇ ਧੀ ਨੂੰ ਵੀ ਡਾਕਟਰ ਬਣਨ ਵਿਚ ਮਦਦ ਕਰਦਾ ਹੈ। ਨਾਵਲ ਦੀ ਸਧਾਰਨ ਕਹਾਣੀ ਵਿਚ ਅਸਲਮ ਦੀ ਮੁੱਢਲੀ ਪੜ੍ਹਾਈ ਦੌਰਾਨ ਸਕੂਲ, ਕਾਲਜਾਂ ਵਿਚ ਵੱਖ-ਵੱਖ ਤਰ੍ਹਾਂ ਦੀ ਰਿਸ਼ਵਤ ਦੇ ਕੇ ਪਾਸ ਹੋਣ ਤੋਂ ਲੈ ਕੇ ਡਾਕਟਰੀ ਦੀ ਪੜ੍ਹਾਈ ਚੁਣਨ, ਅਮਰੀਕਾ ਜਾ ਕੇ ਮਿਹਨਤ ਕਰਕੇ ਡਾਕਟਰ ਬਣਨ, ਆਪਣੇ ਪਰਵਾਰ ਤੇ ਹੋਰਨਾਂ ਦੋਸਤਾਂ-ਮਿੱਤਰਾਂ ਤੇ ਰਿਸ਼ਤੇਦਾਰਾਂ ਦੀ ਮਦਦ ਕਰਨ ਦੇ ਬਿਰਤਾਂਤ ਸ਼ਾਮਲ ਹਨ।

ਨਾਵਲ ਵਿਚ ਅਸਲਮ ਦੇ ਸਮੁੱਚੇ ਬਿਰਤਾਂਤ ਵਿਚੋਂ ਜੋ ਉਦੇਸ਼ ਨਿਕਲਦਾ ਹੈ, ਉਹ ਨਾਵਲ ਦੇ ਸਿਰਲੇਖ ਤੋਂ ਵੱਖਰੀ ਸੁਰ ਵਾਲਾ ਹੈ। ਨਾਵਲ ਵਿਚ ਅਸਲਮ ਭੱਟੀ ਦਾ ਵੱਡਾ ਬਿਰਤਾਂਤ ਭਾਵੇਂ ਅਸਲਮ ਨੂੰ ਜੁਗਾੜੂ ਵਿਅਕਤੀ ਵਜੋਂ ਉਭਾਰਦਾ ਹੈ, ਪਰੰਤੂ ਅਸਲਮ ਦੀ ਸ਼ਖਸੀਅਤ ਤੇ ਉਸ ਦੇ ਵਿਹਾਰ ਅੱਗੇ ਨਾਵਲ ਦਾ ਸਿਰਲੇਖ ਫਿੱਕਾ ਪੈ ਜਾਂਦਾ ਹੈ। ਅਸਲਮ ਭੱਟੀ ਦੇ ਕਿਰਦਾਰ ਵਿਚ ਕੁਝ ਅਜਿਹੀਆਂ ਖੂਬੀਆਂ ਹਨ, ਜਿਹੜੀਆਂ ਉਸ ਨੂੰ ਭਾਵੁਕ, ਮਿਲਾਪੜਾ ਤੇ ਹਰ ਇਕ ਦੇ ਦੁੱਖ-ਸੁੱਖ ਵਿਚ ਕੰਮ ਆਉਣ ਵਾਲਾ ਬਣਾਉਂਦੀਆਂ ਹਨ। ਅਸਲਮ ਭੱਟੀ ਆਪਣੇ ਅਧਿਆਪਕਾਂ, ਦੋਸਤਾਂ ਤੇ ਰਿਸ਼ਤੇਦਾਰਾਂ ਲਈ ਜੋ ਕੁਝ ਵੀ ਕਰਦਾ ਹੈ, ਉਹ ਸੱਚੇ ਦਿਲੋਂ ਕਰਦਾ ਹੈ। ਉਸ ਵਿਚ ਭੋਰਾ ਵੀ ਬਣਾਵਟੀਪਨ ਨਹੀਂ ਹੁੰਦਾ। ਭੱਟੀ ਭਾਵੇਂ ਆਪ ਵੀ ਖਾਂਦੇ-ਪੀਂਦੇ ਪਰਵਾਰ ਦਾ ਹੈ, ਪਰ ਉਸ ਦੇ ਕੁਝ ਰਿਸ਼ਤੇਦਾਰ ਵੱਡੇ ਅਫਸਰੀ ਅਹੁਦਿਆਂ ਦਾ ਫੋਕਾ ਰੋਹਬ ਝਾੜਦੇ ਰਹਿੰਦੇ ਹਨ। ਭੱਟੀ ਡਾਕਟਰ ਬਣ ਕੇ ਵੀ ਆਪਣੇ ਰਿਸ਼ਤੇਦਾਰਾਂ ਪ੍ਰਤੀ ਆਪਣਾ ਰਵੱਈਆ ਨਹੀਂ ਬਦਲਦਾ। ਭੱਟੀ ਆਪਣੀ ਭੈਣ ਦੇ ਅਹਿਸਾਨਾਂ ਨੂੰ ਕਦੇ ਨਹੀਂ ਭੁੱਲਦਾ। ਉਹ ਆਪਣੀ ਧੀ ਦਾ ਰਿਸ਼ਤਾ ਭੈਣ ਦੇ ਮੁੰਡੇ ਨਾਲ ਕਰਕੇ ਆਪਣੀ ਭੈਣ ਵੱਲੋਂ ਔਖੇ ਸਮੇਂ ਕੀਤੀ ਮਦਦ ਦਾ ਕਰਜ਼ ਉਤਾਰਦਾ ਹੈ।



ਨਾਵਲੀ ਬਿਰਤਾਂਤ ਵਿਚੋਂ ਮਿਹਨਤ ਕਰਕੇ ਸਫਲ ਹੋਣ ਦੇ ਸਿਧਾਂਤ ਨੂੰ ਬੜੇ ਯਥਾਰਥਕ ਢੰਗ ਨਾਲ ਉਭਾਰਿਆ ਗਿਆ ਹੈ। ਲੰਮੇ ਅਭਿਆਸ ਨਾਲ ਔਖੇ ਨਿਸ਼ਾਨੇ ਨੂੰ ਸਰ ਕੀਤਾ ਜਾ ਸਕਦਾ ਹੈ। ਅਸਲਮ ਭੱਟੀ ਦੰਦਾਂ ਦਾ ਡਾਕਟਰ ਬਣਨ ਦੀ ਇੱਛਾ ਨੂੰ ਆਪਣੀ ਮਿਹਨਤ ਨਾਲ ਹੀ ਪੂਰਾ ਕਰਦਾ ਹੈ। ਜਦੋਂ ਤੱਕ ਉਹ ਮਿਹਨਤ ਨਹੀਂ ਕਰਦਾ, ਉਦੋਂ ਤੱਕ ਉਹ ਵਾਰ-ਵਾਰ ਅਸਫਲ ਹੁੰਦਾ ਹੈ। ਹਰ ਵਾਰ ਦੀ ਅਸਫਲਤਾ ਤੋਂ ਉਹ ਨਿਰਾਸ਼ ਹੋਣ ਦੀ ਥਾਂ ਹੋਰ ਮਿਹਨਤ ਕਰਨ ਦਾ ਸਬਕ ਸਿੱਖਦਾ ਹੈ। ਨਾਵਲ ਦਾ ਇਹ ਉਦੇਸ਼ ਬਹੁਤ ਨਰੋਆ ਤੇ ਉਤਸ਼ਾਹਜਨਕ ਹੈ। ਨਾਵਲ ਵਿਚ ਰਿਸ਼ਤਿਆਂ ਦਾ ਪੈਰਾਡਾਈਮ ਅਜੋਕੇ ਪੂੰਜੀਵਾਦੀ ਦੌਰ ਦੀ ਥਾਂ ਸਾਮੰਤੀ ਦੌਰ ਵਾਲਾ ਹੈ। ਅਸਲਮ ਭੱਟੀ ਹਮੇਸ਼ਾ ਰਿਸ਼ਤਿਆਂ ਦਾ ਭੁੱਖਾ ਰਹਿੰਦਾ ਹੈ। ਉਹ ਸਿਰਫ਼ ਰਿਸ਼ਤੇ ਬਣਾਉਂਦਾ ਨਹੀਂ, ਸਗੋਂ ਉਹਨਾਂ ਨਾਲ ਵਰਤਦਾ ਵੀ ਹੈ। ਹਰ ਇਕ ਦੇ ਦੁੱਖ-ਸੁੱਖ ਵਿਚ ਬਿਨ ਬੁਲਾਏ ਪਹੁੰਚ ਜਾਂਦਾ ਹੈ। ਦੂਜਿਆਂ ਦੀ ਮਦਦ ਕਰਨ ਲਈ ਉਹ ਆਪਣੇ ਕੰਮ-ਕਾਰ ਵੀ ਛੱਡ ਦਿੰਦਾ ਹੈ। ਨਾਵਲ ਦੇ ਮੈਂ ਪਾਤਰ ਤੇ ਉਸ ਦੇ ਬੱਚਿਆਂ ਨਾਲ ਭੱਟੀ ਦਾ ਰਿਸ਼ਤਾ ਭਰਾਵਾਂ ਤੋਂ ਵੀ ਵੱਧ ਹੈ। ਬੱਚੇ ਆਪਣੀ ਹਰ ਸਮੱਸਿਆ ਆਪਣੇ ਬਾਪ ਨਾਲ ਸਾਂਝੀ ਕਰਨ ਦੀ ਥਾਂ ਭੱਟੀ ਨਾਲ ਕਰਨ ਵਿਚ ਸੌਖਾ ਮਹਿਸੂਸ ਕਰਦੇ ਹਨ। ਭੱਟੀ ਉਹਨਾਂ ਦੀਆਂ ਇੱਛਾਵਾਂ ਨੂੰ ਬਿਨਾਂ ਕਹੇ ਸਮਝ ਕੇ ਪੂਰਾ ਕਰਦਾ ਹੈ। ਆਪਣੇ ਦੋਸਤਾਂ ਦੇ ਬੱਚਿਆਂ ਤੇ ਉਹਨਾਂ ਦੇ ਰਿਸ਼ਤੇਦਾਰਾਂ ਦੇ ਵਿਆਹ ਸ਼ਾਦੀਆਂ ਦੇ ਸਾਰੇ ਪ੍ਰਬੰਧ ਭੱਟੀ ਹੀ ਸਾਂਭਦਾ ਹੈ। ਅਸਲਮ ਭੱਟੀ ਅੰਦਰ ਬਹੁਤ ਵੱਡੀ ਹਾਂਦਰੂ ਊਰਜਾ ਹੈ। ਨਾਵਲ ਵਿਚ ਭੱਟੀ ਦੁਆਰਾ ਬੋਲੇ ਗਏ ਸ਼ਬਦਾਂ, ਵਾਕਾਂ ਤੋਂ ਪਾਠਕ ਨੂੰ ਖਾਸ ਤਰ੍ਹਾਂ ਦਾ ਉਤਸ਼ਾਹ ਮਿਲਦਾ ਹੈ। ਭੱਟੀ ਪਰਵਾਸੀ ਜੀਵਨ ਵਿਚ ਰਹਿਣ ਦੇ ਬਾਵਜੂਦ ਉਸ ਵਿਚ ਪੂਰੀ ਤਰ੍ਹਾਂ ਖਚਿਤ ਨਹੀਂ ਹੁੰਦਾ, ਸਗੋਂ ਆਪਣਾ ਵੱਖਰਾ ਰੁਤਬਾ ਕਾਇਮ ਰੱਖਦਾ ਹੈ। ਭੱਟੀ ਆਪਣੇ ਧਰਮ ਦੀਆਂ ਮਾਨਤਾਵਾਂ ਪ੍ਰਤੀ ਪੂਰੀ ਤਰ੍ਹਾਂ ਆਸ਼ਾਵਾਦੀ ਹੈ। ਉਸ ਦੇ ਮਨ ਵਿਚ ਦੂਜੇ ਧਰਮਾਂ ਪ੍ਰਤੀ ਵੀ ਉਸੇ ਤਰ੍ਹਾਂ ਦੀ ਧਾਰਨਾ ਹੈ।

ਨਾਵਲ ਦਾ ਕਲਾਤਮਿਕ ਪੱਖ ਇਸੇ ਵਿਸ਼ੇ ਵਾਂਗ ਖੂਬਸੂਰਤ ਢੰਗ ਨਾਲ ਉਸਰਿਆ ਹੋਇਆ ਹੈ। ਕਹਾਣੀ ਵਿਚ ਬਹੁਤ ਰੌਚਕਤਾ ਹੈ। ਪਾਠਕ ਦੇ ਮਨ ਵਿਚ ਅੱਗੇ ਕੀ ਹੋਵੇਗਾ? ਜਾਣਨ ਦੀ ਉਤਸੁਕਤਾ ਬਣੀ ਰਹਿੰਦੀ ਹੈ। ਭੱਟੀ ਦੇ ਕਿਰਦਾਰ ਵਿਚ ਭਰੇ ਮਜ਼ਾਹੀਆ ਅੰਸ਼ ਪਾਠਕ ਦੇ ਭਾਵਾਂ ਨੂੰ ਹੁਲਾਰਾ ਦਿੰਦੇ ਹਨ। ਨਾਵਲਕਾਰ ਨੇ ਭੱਟੀ ਦੇ ਚਰਿਤਰ ਰਾਹੀਂ ਇਕ ਅਜਿਹੇ ਨਾਇਕ ਦਾ ਮਾਡਲ ਸਿਰਜਿਆ ਹੈ, ਜਿਸ ਦੀ ਇਸ ਮਾਹੌਲ ਵਿਚ ਸਖਤ ਲੋੜ ਹੈ। ਭੱਟੀ ਦੇ ਜੀਵਨ ਕਾਰਜਾਂ ਅਤੇ ਉਸ ਦੇ ਵਰਤੋਂ ਵਿਹਾਰ ਤੋਂ ਸਬਕ ਲੈ ਕੇ ਅਸੀਂ ਆਪਣੇ ਜੀਵਨ ਨੂੰ ਹੋਰ ਸੋਹਣਾ ਬਣਾ ਸਕਦੇ ਹਾਂ ਅਤੇ ਖਾਸ ਕਰਕੇ ਪਰਵਾਸੀ ਜੀਵਨ ਵਿਚ ਟੁੱਟ ਰਹੇ ਰਿਸ਼ਤਿਆਂ ਨੂੰ ਠੁੰਮ੍ਹਣਾ ਦੇ ਸਕਦੇ ਹਾਂ। ਇਸ ਪੱਖ ਤੋਂ ਨਾਵਲ ਦਾ ਉਦੇਸ਼ ਸਫਲ ਹੈ।

ਮੋਬਾ. 84274-98822

# ਕਿਤਾਬਾਂ ਦੇ ਅੰਗ-ਸੰਗ

## ਰੇਪ ਆਫ ਹਿਸਟਰੀ

**ਪ੍ਰੋ: ਕੇਵਲ ਕਲੋਟੀ**
**ਪੰਨੇ : 564, ਮੁੱਲ : 900 ਰੁਪਏ**
**ਆਸ਼ਨਾ ਪਬਲੀਕੇਸ਼ਨਜ਼, ਪਿੱਪਲਾਂਵਾਲਾ**

ਉਹ ਕਹਿੰਦਾ ਹੈ, 'ਮੈਨੂੰ ਪੰਜਾਬੀ ਬਹੁਤੀ ਨਹੀਂ ਆਉਂਦੀ। ਕਿਤਾਬ ਵਿਚਲੀਆਂ ਅੰਗਰੇਜ਼ੀ ਦੀਆਂ ਟੁਕਾਂ ਪੜ੍ਹੀਆਂ ਵੀ ਤੇ ਸਮਝੀਆਂ ਵੀ। ਇਉਂ ਲੱਗਾ ਕਿ ਮੈਂ ਇਸੇ ਬੰਦੇ ਦੀ ਭਾਲ ਕਰ ਰਿਹਾ ਸਾਂ...।' ਉਹ ਫੇਰ ਜ਼ੋਰ ਨਾਲ ਮੇਰਾ ਸਿਰ ਆਪਣੀ ਛਾਤੀ 'ਤੇ ਘੁੱਟ ਲੈਂਦਾ ਹੈ।



ਮੈਨੂੰ ਲੱਗਦਾ ਹੈ ਕਿ ਮੈਂ ਕੋਈ ਸੁਪਨਾ ਦੇਖ ਰਿਹਾ ਹਾਂ। ਮੈਂ ਘੋਰ ਉਲਝਣ ਵਿੱਚ ਫਸ ਗਿਆ ਹਾਂ, ਪਰ ਉਸ ਦੇ ਮਾਣ ਨੂੰ ਫਿੱਕਾ ਵੀ ਨਹੀਂ ਪੈਣ ਦੇਣਾ ਚਾਹੁੰਦਾ ਹਾਂ।

ਮੈਂ ਕਹਿੰਦਾ ਹਾਂ, 'ਜੋ ਆਦਰ-ਮਾਣ ਤੁਸੀਂ ਬਖਸ਼ ਰਹੇ ਹੋ, ਮੈਂ ਖਬਰੇ ਏਸ ਦੇ ਕਾਬਲ ਨਾ ਹੋਵਾਂ। ਖਬਰੇ ਤੁਹਾਨੂੰ ਭੁਲੇਖਾ ਲੱਗਾ ਹੋਵੇ। ਅਸਲ 'ਚ ਤੁਸੀਂ ਹੋ ਕੌਣ?'

ਉਹ ਗੱਲ ਪਲਟਾ ਜਾਂਦਾ ਹੈ, 'ਤੁਸੀਂ ਸਿਰਲੇਖ ਪੰਜਾਬੀ ਵਿੱਚ ਲਿਖਿਆ। ਅਗਲੇ ਸਫੇ 'ਤੇ ਅੰਗਰੇਜ਼ੀ ਵਿੱਚ ਵੀ ਲਿਖ ਦਿੱਤਾ- Owners of the World ਇਹਨਾਂ ਦੀ ਭਾਲ ਵਿੱਚ ਈ ਮੈਂ ਵੀ ਭੱਜਾ ਫਿਰਦਾਂ। ਭਲਾ ਪੰਜਾਬੀ ਵਿੱਚ ਕੀ ਲਿਖਦੇ ਹੋ?'

ਮੈਂ ਦੱਸਦਾ ਹਾਂ 'ਜਗ ਦੇ ਵਾਲੀ।'

ਉਹ ਫੇਰ ਪੁੱਛਦਾ ਹੈ, 'ਤਿੰਨ ਸ਼ਬਦ Unknown International Cabal (ਗੁਪਤ ਵਿਸ਼ਵੀ ਚਢ੍ਵਲ) ਕਈ ਵਾਰੀ ਆਏ ਹਨ। Cabal ਦਾ ਸਹੀ ਅਰਥ ਪੰਜਾਬੀ ਵਿੱਚ ਸਮਾ ਗਿਆ ਹੈ?'

ਮੈਂ ਦੱਸਦਾ ਹਾਂ....'ਮੈਂ ਇਸ ਸ਼ਬਦ ਦਾ ਸਮਾਨਅੰਤਰ ਸ਼ਬਦ 'ਚਢ੍ਵਲ' ਲਿਖਿਆ ਹੈ। ਉਂਜ ਤੁਸੀਂ ਜਾਣਦੇ ਹੀ ਹੋ ਕਿ ਇਹ ਸ਼ਬਦ ਪੰਜ ਵੱਡੇ ਸਾਜ਼ਿਸ਼ੀਆਂ ਦੇ ਨਾਵਾਂ ਦੇ ਪਹਿਲੇ-ਪਹਿਲੇ ਅੱਖਰ ਵਿੱਚ ਬਣਾਇਆ ਗਿਆ ਹੋਇਆ ਹੈ।'

'ਚਢ੍ਵਲ...।' ਮੈਂ ਏਨੀ ਗੂੜ੍ਹ ਪੰਜਾਬੀ ਨਹੀਂ ਜਾਣਦਾ ਹਾਂ। ਜੋ ਕੁਟੇਸ਼ਨਾਂ (ਟੂਕਾਂ) ਤੁਸੀਂ ਇੰਗਲਿਸ਼ ਵਿੱਚ ਲਿਖੀਆਂ, ਦੇ ਆਧਾਰ 'ਤੇ ਦਾਵੇ ਨਾਲ ਕਹਿ ਸਕਦਾ ਹਾਂ ਕਿ ਇਹ ਵਰਤਮਾਨ ਦੁਨੀਆ ਦੇ ਪਰਮ ਸੱਚ, ਬਲਕਿ ਬ੍ਰਹਮ-ਗਿਆਨ, ਬਲਕਿ ਪਾਰ-ਬ੍ਰਹਮ-ਗਿਆਨ ਵੱਲ ਲੈ ਤੁਰਦੀਆਂ। ਤੁਸੀਂ ਪੰਜਾਬੀ ਵਿੱਚ ਠੀਕ-ਠੀਕ ਬਦਲ ਲੱਭੇ ਹੋਣਗੇ...ਯਾਰਾ ਮੇਰੀ ਖੋਜ ਨੂੰ ਅੱਜ ਇੱਕ ਅਹਿਮ ਮੁਕਾਮ ਮਿਲ ਗਿਆ ਹੈ।

'ਕਿਹੋ ਜਿਹਾ ਬੰਦਾ ਹੈ? ਕੀ ਭਾਲਦਾ ਹੈ? ਮੇਰੀ ਸ਼ੋਭਾ ਵਧਾ-ਚੜ੍ਹਾ ਕੇ ਕਰ ਰਿਹਾ ਹੈ।' ਮੇਰੀ ਉਤਸੁਕਤਾ ਸਿਰੇ ਤੱਕ ਪੁੱਜ ਚੁੱਕੀ ਹੈ। ਕਹਾਵਤ ਹੈ ਨਾ...ਸਫਰ ਕਰਦੇ ਸਮੇਂ ਅਜਨਬੀਆਂ ਤੋਂ ਸਾਵਧਾਨ ਰਹੋ। ਖਾਸ ਕਰਕੇ ਜਦੋਂ ਕੋਈ ਤੁਹਾਡੀ ਵਾਧੂ ਪ੍ਰਸੰਸਾ ਕਰੀ ਜਾਏ।'

ਮੈਂ ਆਪਣੀ ਜੇਬ ਵਿੱਚ ਕਾਗਜ਼ਾਂ-ਪੱਤਰਾਂ ਤੇ ਨਕਦੀ ਨੂੰ ਇੱਕ ਹੱਥ ਨਾਲ ਘੁੱਟ ਕੇ ਫੜ ਲੈਂਦਾ ਹਾਂ। ਇਹੋ ਜਿਹਿਆਂ ਦੇ ਬੜੇ ਕਿੱਸੇ ਸੁਣੇ ਹੋਏ ਹਨ।

ਮੈਂ ਜ਼ਰਾ ਹੋਰ ਦ੍ਰਿੜ੍ਹਤਾ ਨਾਲ ਕਹਿੰਦਾ ਹਾਂ-'ਤੁਸੀਂ ਆਪਣੇ ਬਾਰੇ ਕੁਝ ਦੱਸੋ ਕਿ ਤੁਸੀਂ ਕੌਣ ਹੋ? ਪਹਿਲੀ ਨਜ਼ਰੇ ਪਿਆਰ (Love at first sight) ਦਾ ਕੀ ਕਾਰਨ ਹੈ?'

ਉਹ ਕਹਿੰਦਾ ਹੈ, "ਉਹੋ, ਆਪਣੀ ਲੱਭਤ ਦੀ ਖੁਸ਼ੀ ਵਿੱਚ ਮੈਂ ਤੁਹਾਡੀ ਲੱਭਤ ਬਾਰੇ ਕੁਝ ਕਹਿਣਾ-ਦੱਸਣਾ ਭੁੱਲ ਈ ਗਿਆ। ਇਹ ਸਹੁਰੀ ਬਹੁਤੀ ਖੁਸ਼ੀ ਸਾਂਭਣੀ ਵੀ ਕਿਹੜਾ ਸੌਖਾ ਮਸਲਾ ਹੈ। ਉਂਜ ਮੈਂ ਵੀ ਤੁਹਾਡੇ ਲਈ ਇੱਕ ਲੱਭਤ ਹੀ ਸਾਬਤ ਹੋਵਾਂਗਾਂ। ਇਹ ਮੈਨੂੰ ਵੀ ਯਕੀਨ ਹੈ...। ਪਰ ਹਾਂ ਯਾਰਾ, ਇੱਕ ਗੱਲ ਦਾ ਬੁਰਾ ਨਾ ਮਨਾਣਾਂ। ਤੁਸੀਂ ਪਾਪੀਆਂ, ਗੱਦਾਰਾਂ, ਕਾਤਲਾਂ, ਬਲਾਤਕਾਰਾਂ ਦੇ ਗੁਪਤ ਟੋਲਿਆਂ ਦੀਆਂ ਕਾਲੀਆਂ ਯੋਜਨਾਵਾਂ ਦੀ ਤਹਿ ਤੱਕ ਪੁੱਜ ਗਏ ਹੋ। ਖੋਜ ਤੁਹਾਨੂੰ ਹੋਰ ਅੱਗੇ ਲੈ ਜਾਏਗੀ, ਪਰ ਤੁਸੀਂ ਕਿੰਨੇ ਬਖਸ਼ਣਹਾਰ ਹੋ, ਕਿੰਨੇ ਬਖਸ਼ਣਹਾਰ ਹੋ। ਹਾਲੇ ਵੀ ਇਹਨਾਂ ਨੂੰ 'ਜੱਗ ਦੇ ਵਾਲੀ' ਆਖ ਰਹੇ ਹੋ, ਪਰ ਹੁਣ ਇਹ ਬਖਸ਼ੇ ਨਹੀਂ ਜਾਣਗੇ। ਅਸੀਂ ਰਲ ਕੇ ਇਹਨਾਂ ਨੂੰ ਜੱਗ ਦੇ ਬਲਾਤਕਾਰੀ, ਗੁਪਤ ਵਿਸ਼ਵੀ ਬਲਾਤਕਾਰੀ ਸਾਬਤ ਕਰਾਂਗੇ। ਸਾਡੀ ਅਗਲੀ ਰਚਨਾ ਦਾ ਸਿਰਲੇਖ ਹੋਏਗਾ 'ਰੇਪ ਆਫ ਹਿਸਟਰੀ...' ਸਿਰਲੇਖ ਪਸੰਦ ਆਇਆ?"

**- ਆਦਿਕਾ 'ਚੋਂ**

## ਉਸ ਨੇ ਗਾਂਧੀ ਨੂੰ ਕਿਉਂ ਮਾਰਿਆ

**ਅਸ਼ੋਕ ਕੁਮਾਰ ਪਾਂਡੇ**
**ਅਨੁਵਾਦ : ਹਰਜੋਤ**
**ਪੰਨੇ : 256, ਮੁੱਲ : 299 ਰੁਪਏ**
**ਸੰਗਮ ਪਬਲੀਕੇਸ਼ਨਜ਼ ਸਮਾਣਾ**

ਉਸ ਨੇ ਗਾਂਧੀ ਨੂੰ ਕਿਉਂ ਮਾਰਿਆ ਇੱਕ ਅਜਿਹਾ ਸਵਾਲ ਹੈ, ਜਿਸ ਉੱਤੇ ਰੋਜ਼ ਏਨਾ ਕੁਝ ਕਿਹਾ ਜਾ ਰਿਹਾ ਹੈ ਕਿ ਸੌ ਸਾਲ ਪਹਿਲਾਂ ਦਾ ਸਮਾਂ ਕਿਸੇ ਮਿੱਥ ਵਿੱਚ ਬਦਲਦਾ ਜਾਂਦਾ ਹੈ, ਜਦੋਂ ਕਿ ਉਸ ਕਾਇਰਤਾ ਭਰੀ ਹੱਤਿਆ ਨਾਲ ਸੰਬੰਧਤ ਹਜ਼ਾਰਾਂ ਸਫਿਆਂ ਦੇ ਦਸਤਾਵੇਜ ਹੁਣ ਵੀ ਮੌਜੂਦ ਹਨ। ਇਸ ਲਈ ਲੱਗਾ ਕਿ ਇਤਿਹਾਸ ਦੀ ਛੇੜਛਾੜ 'ਚ ਉਹਨਾ ਦੇ ਗਾਇਬ ਹੁੰਦੇ ਜਾਣ ਤੋਂ ਪਹਿਲਾਂ ਉਹਨਾਂ ਨੂੰ ਇੱਕ ਕਿਤਾਬ ਵਿੱਚ ਸਮੇਟ ਲੈਣਾ ਸਾਰਥਕ ਹੋ ਸਕਦਾ ਹੈ, ਸ਼ਾਇਦ ਜ਼ਰੂਰੀ ਵੀ।



ਖੋਜ-ਕਾਰਜ ਕਰਦੇ ਹੋਏ ਜਾਣਿਆ ਕਿ ਜਿਨ੍ਹਾਂ ਲੋਕਾਂ ਨੂੰ ਮਹਾਤਮਾ ਗਾਂਧੀ ਦੀ ਹਫਤੇ ਭਰ ਦੀ ਨੇੜਤਾ ਮਿਲੀ, ਉਹਨਾਂ ਨੇ ਵੀ ਉਹਨਾਂ 'ਤੇ ਬੇਹੱਦ ਪੜ੍ਹਨਯੋਗ ਕਿਤਾਬਾਂ ਲਿਖੀਆਂ ਹਨ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਬਾਈਬਲ ਤੋਂ ਬਾਅਦ ਸਭ ਤੋਂ ਵੱਧ ਮੋਹਨਦਾਸ ਕਰਮਚੰਦ ਗਾਂਧੀ ਉੱਤੇ ਲਿਖਿਆ ਗਿਆ ਹੈ। ਇਸ ਲਈ ਉਹਨਾਂ ਉੱਤੇ ਨਵਾਂ ਤਾਂ ਕੀ ਲਿਖਣਾ, ਪਰ ਜਿਸ ਤਰ੍ਹਾਂ ਸਾਡੀ ਪੀੜ੍ਹੀ ਗਾਂਧੀ 'ਤੇ ਤੋਹਮਤਾਂ ਤੇ ਉਲਾਂਭਿਆਂ ਦੀ ਗਵਾਹ ਰਹੀ ਹੈ, ਗਾਂਧੀ ਉੱਤੇ ਨਵੀਂ ਦ੍ਰਿਸ਼ਟੀ ਤੋਂ ਪੜ੍ਹਨ ਤੇ ਲਿਖਣ ਦੀ ਲੋੜ ਮਹਿਸੂਸ ਹੋਈ। ਇਹ ਉੱਤਰ-ਸੱਚ (Post Truth) ਸਮਾਂ ਸ਼ਾਇਦ ਸੱਚ ਨੂੰ ਪੂਰੀ ਮਜ਼ਬੂਤੀ ਨਾਲ ਕਹੇ ਜਾਣ ਦਾ ਸਮਾਂ ਹੈ ਅਤੇ ਉਂਜ ਵੀ ਤੇਜ਼ੀ ਨਾਲ ਬਦਲਦਾ ਤੇ ਹੱਥੋਂ ਛੁੱਟਦਾ ਇਹ ਦੌਰ ਹਰ ਦਸ ਸਾਲ ਵਿੱਚ ਹਰ ਵਿਸ਼ੇ ਉੱਤੇ ਇੱਕ ਨਵੀਂ ਕਿਤਾਬ ਦੀ ਲੋੜ ਸਾਹਮਣੇ ਲੈ ਆਉਂਦਾ ਹੈ।

ਇਸੇ ਲੋੜ ਨਾਲ ਜੂਝਦੇ ਹੋਏ ਤੇ ਇਹਨਾਂ ਚਿੰਤਾਵਾਂ 'ਚੋਂ ਗੁਜ਼ਰਦੇ ਹੋਏ ਇਹ ਕਿਤਾਬ ਲਿਖੀ ਗਈ ਹੈ। ਇਹ ਕਿਤਾਬ ਗਾਂਧੀ ਅਤੇ ਇਤਿਹਾਸ ਵਿੱਚ ਬਣਦੇ ਉਹਨਾਂ ਦੇ ਸਮੇਂ ਦੇ ਤਮਾਮ ਡਾਇਨਾਮਿਕਸ (ਸਕਿਰਿਆਤਮਕਤਾ) ਨੂੰ ਸਮਝਣ ਦੀ ਪੜ੍ਹੇ ਜਾਣ ਦੀ ਭੁੱਖ ਪੈਦਾ ਕਰ ਸਕੇ, ਤਦ ਹੀ ਸਾਰਥਕ ਹੋਵੇਗਾ ਲਿਖਿਆ ਜਾਣਾ...

**- ਭੂਮਿਕਾ 'ਚੋਂ**

## ਜਦੋਂ ਦਰਿਆ ਸੁਕਦੇ ਨੇ...

**ਫਰੈਂਡ ਪੀਅਰਸ**
**ਅਨੁਵਾਦ ਤੇ ਸੰਪਾਦਨ : ਗੁਰਰੀਤ ਬਰਾੜ**
**ਪੰਨੇ : 380, ਮੁੱਲ : 595 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**



ਦਰਿਆ ਨੇ ਤਾਂ ਪੰਜਾਬ ਹੈ। ਹਜ਼ਾਰਾਂ ਸਾਲਾਂ ਤੋਂ ਸਾਡੇ ਇਹਨਾਂ ਦਰਿਆਵਾਂ ਨੇ ਸਿਰਫ ਪੰਜਾਬ ਦੀ ਜ਼ਮੀਨ ਨੂੰ ਹੀ ਨਹੀਂ ਸਿੰਜਿਆ, ਸਗੋਂ ਇੱਥੋਂ ਦੇ ਸੱਭਿਆਚਾਰਕ ਇਤਿਹਾਸ ਦਾ ਮੂੰਹ-ਮੱਥਾ ਵੀ ਸੰਵਾਰਿਆ ਹੈ। ਜੀਣ ਦੇ ਰੰਗਾਂ, ਢੰਗਾਂ, ਗੀਤਾਂ, ਗੀਤਾਂ, ਹਾਸਿਆਂ, ਹਉਕਿਆਂ, ਖਾਣਿਆਂ, ਬਾਣਿਆਂ, ਭਾਖਿਆ, ਦੀਖਿਆ, ਸਭ ਪਹਿਲੂਆਂ ਨੂੰ ਕੋਈ ਭੌਤਿਕ ਜਲ ਸਰੋਤ ਕਿਸ ਹੱਦ ਤੱਕ ਪ੍ਰਭਾਵਤ ਕਰ ਸਕਦੇ ਨੇ, ਇਹ ਗੱਲ ਭਲਾ ਪੰਜਾਬੀਆਂ ਤੋਂ ਵੱਧ ਹੋਰ ਕੌਣ ਸਮਝ ਸਕਦਾ ਹੈ। ਮੇਰਾ ਬਚਪਨ ਵੀ ਪੰਜਾਬ-ਪਿਆਰ ਨਾਲ ਲਬਰੇਜ਼ ਰਿਹਾ ਹੈ ਤੇ ਮੈਂ ਵੀ ਇਹਨਾਂ ਦਰਿਆਵਾਂ ਦੀਆਂ ਬਰਕਤਾਂ ਮਾਣਦਾ ਉਡਾਰ ਹੋਇਆ, ਪਰ ਖੌਰੇ ਉਹ ਕਿਹੜਾ ਵੇਲਾ ਸੀ, ਜਦ ਇਹ ਅਹਿਸਾਸ ਮੇਰੇ ਮਨ 'ਤੇ ਏਨੇ ਭਾਰੀ ਹੋ ਗਏ ਕਿ ਮੈਂ ਪੰਜਾਬ ਦੇ ਦਰਿਆਵਾਂ ਉੱਤੋਂ ਲੰਘਣ ਲੱਗਿਆਂ ਉਹਨਾਂ ਨੂੰ ਅੰਤਰ-ਮਨ ਵਿੱਚ ਸਜਦਾ ਕਰਨ ਲੱਗਾ। ਤੁਸੀਂ ਯਕੀਨ ਜਾਣਿਓ, ਮੈਂ ਅੱਜ ਤੱਕ ਪੰਜਾਬ ਅੰਦਰ ਸਫਰ ਕਰਦਿਆਂ ਜਿਸ ਕਿਸੇ ਵੀ ਦਰਿਆ ਦੇ ਸਨਮੁੱਖ ਹੋਇਆ, ਹਲਕਾ ਜਿਹਾ ਸਿਰ ਝੁਕਾ ਕੇ ਨਤਮਸਤਕ ਹੋ ਕੇ ਲੰਘਿਆ ਹਾਂ, ਬਿਲਕੁੱਲ ਉਵੇਂ, ਜਿਵੇਂ ਅਸੀਂ ਧਾਰਮਿਕ ਸਥਾਨਾਂ ਦੇ ਅੱਗਿਓਂ ਲੰਘਦਿਆਂ ਹੁੰਦੇ ਹਾਂ।

ਜਿੰਨਾ ਸੰਗੀਨ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਦਾ ਮੁੱਦਾ ਹੈ, ਓਨਾ ਹੀ ਧਿਆਨ ਹੋਰ ਅਹਿਮ ਮੁੱਦੇ ਵੀ ਮੰਗਦੇ ਨੇ, ਜਿਵੇਂ ਦਰਿਆਵਾਂ ਦੇ ਕੁਦਰਤੀ ਵਾਤਾਵਰਣ ਦੀ ਮੁੜ-ਬਹਾਲੀ, ਜਲ-ਪ੍ਰਦੂਸ਼ਣ, ਡੈਮ-ਉਸਾਰੀ ਨਾਲ ਕੁਦਰਤੀ ਹੜ੍ਹ-ਚੱਕਰ ਵਿੱਚ ਵਿਗਾੜ, ਹੜ੍ਹਾਂ ਦੇ ਘਟਣ ਕਰਕੇ ਜ਼ਮੀਨ ਅੰਦਰ ਪਾਣੀ ਨਾ ਜਮ੍ਹਾਂ ਹੋਣਾ ਅਤੇ ਜਲ-ਵਰਤੋਂ ਵਿੱਚ ਨਾ-ਅਹਿਲੀ ਆਦਿ ਮਸਲੇ, ਪਰ ਇਹ ਸਭ ਅਕਸਰ ਉਸ ਇੱਕ ਮਸਲੇ ਥੱਲੇ ਦਬ ਜਾਂਦੇ ਨੇ। ਮੇਰੀ ਆਸ ਹੈ ਕਿ ਇਹ ਕਿਤਾਬ ਸਾਡੇ ਪਾਣੀਆਂ ਦੇ ਖੁੱਸਣ ਸਮੇਤ ਬਾਕੀ ਮੁੱਦਿਆਂ ਬਾਰੇ ਵੀ ਆਮ ਚਰਚਾ ਛੇੜ ਸਕੇਗੀ। ਇਸ ਕਿਤਾਬ ਵਿਚਲੇ ਅਧਿਐਨ ਚੌਂਕਾਅ ਦੇਣ ਵਾਲੇ ਵੀ ਨੇ, ਉਤਸੁਕਤਾ ਜਗਾਉਣ ਵਾਲੇ ਵੀ, ਜਾਣਕਾਰੀ ਦੇਣ ਵਾਲੀ ਵੀ ਅਤੇ ਕਈ ਥਾਈਂ ਆਸਵੰਦ ਕਰਨ ਵਾਲੇ ਵੀ ਨੇ। ਕੁੱਲ ਦੁਨੀਆ ਵਿੱਚ ਪਾਣੀ ਸੰਜਮ ਨਾਲ ਵਰਤਣ ਲਈ ਕਿਹੜੇ ਨਵੇਂ ਢੰਗ ਈਜਾਦ ਹੋ ਰਹੇ ਨੇ ਤੇ ਅਸੀਂ ਨਿੱਜੀ ਤੌਰ 'ਤੇ ਕੀ-ਕੀ ਕਰ ਸਕਦੇ ਹਾਂ-ਇਹ ਪੜ੍ਹ ਕੇ ਆਸ ਵੀ ਬੱਝਦੀ ਹੈ ਤੇ ਉਤਸ਼ਾਹ ਵੀ ਮਿਲਦਾ ਹੈ।

ਪੰਜਾਬ ਦੇ ਦਰਿਆਵਾਂ ਦਾ ਜੋ ਕਰਜ਼ਾ ਮੇਰੇ ਉੱਤੇ ਹੈ, ਉਹ ਕਿਸੇ ਵੀ ਹਾਲ ਮੋੜਿਆ ਤਾਂ ਨਹੀਂ ਜਾ ਸਕਦਾ, ਪਰ ਉਮੀਦ ਕਰਦਾ ਹਾਂ ਕਿ ਉਸ ਵੱਲ ਨੂੰ ਮੇਰੀ ਇਹ ਨਿਗੂਣੀ ਜਿਹੀ ਕੋਸ਼ਿਸ਼ ਸਾਰਥਕ ਸਿੱਧ ਹੋਵੇਗੀ।

**- ਅਨੁਵਾਦਕ ਵੱਲੋਂ**

## ਪੋਥੀ ਮੀਰਦਾਦ : ਮਿਖਾਈਲ ਨਈਮੀ

**(ਦੁਨੀਆ ਵਿੱਚ ਸਭ ਤੋਂ ਵੱਧ ਵਿਕਣ ਵਾਲੀ ਕਿਤਾਬ)**
**ਅਨੁਵਾਦ : ਅਮਨਦੀਪ ਸਿੰਘ**
**ਪੰਨੇ : 272, ਮੁੱਲ : 350 ਰੁਪਏ**

ਬ੍ਰਹਮਚਾਰੀ ਉਹ ਨਹੀਂ ਹੁੰਦੇ, ਜਿਹੜੇ ਸਾਧੂਆਂ ਵਾਲਾ ਬਾਣਾ ਧਾਰਨ ਕਰ ਲੈਂਦੇ ਹਨ ਅਤੇ ਆਪਣੇ-ਆਪ ਨੂੰ ਮੋਟੀਆਂ ਕੰਧਾਂ ਅਤੇ ਲੋਹੇ ਦੇ ਭਾਰੇ ਦਰਵਾਜ਼ਿਆਂ ਪਿੱਛੇ ਬੰਦ ਕਰ ਲੈਂਦੇ ਹਨ। ਅਨੇਕ ਸਾਧੂ ਅਤੇ ਸਾਧਵੀਆਂ ਬਹੁਤ ਦੁਰਾਚਾਰੀ ਲੋਕਾਂ ਤੋਂ ਵੀ ਜ਼ਿਆਦਾ ਦੁਰਾਚਾਰੀ ਹੁੰਦੇ ਹਨ, ਬੇਸ਼ੱਕ ਉਹਨਾਂ ਦੇ ਸਰੀਰ ਵਿੱਚ ਸੱਚਾ ਸੰਕਲਪ ਲੈ ਸਕਦੇ ਹਨ ਕਿ ਉਹਨਾਂ ਨੇ ਕਦੇ ਕਿਸੇ ਦੂਜੇ ਸਰੀਰ ਨਾਲ ਸੰਪਰਕ ਨਹੀਂ ਕੀਤਾ। ਅਸਲ ਬ੍ਰਹਮਚਾਰੀ ਉਹ ਹਨ, ਜਿਨ੍ਹਾਂ ਦੇ ਮਨ ਪਵਿੱਤਰ ਹੁੰਦੇ ਹਨ, ਜਿਨ੍ਹਾਂ ਦੇ ਵਿਚਾਰ ਪਵਿੱਤਰ ਹਨ, ਭਾਵੇਂ ਉਹ ਮੱਠਾਂ ਜਾਂ ਕੁੱਲੀਆਂ ਵਿੱਚ ਬੈਠੇ ਹੋਣ ਜਾਂ ਖੁੱਲ੍ਹੇ ਬਾਜ਼ਾਰਾਂ ਵਿੱਚ।



ਮੇਰੇ ਸਾਥੀਓ! 'ਔਰਤ' ਦਾ ਸਤਿਕਾਰ ਕਰੋ ਅਤੇ ਉਸ ਦੀ ਪਵਿੱਤਰਤਾ ਨੂੰ ਸਵੀਕਾਰ ਕਰੋ। ਇਨਸਾਨੀ ਨਸਲ ਦੀ ਮਾਂ, ਪਤਨੀ ਜਾਂ ਪ੍ਰੇਮਿਕਾ ਦੇ ਤੌਰ 'ਤੇ ਨਹੀਂ ਸਗੋਂ ਮਰਦ ਦੀ ਸਾਥਣ ਦੇ ਤੌਰ 'ਤੇ ਸਾਂਝੇ ਜੀਵਨ ਅਤੇ ਲੰਮੀ ਮੁਸ਼ੱਕਤ ਦੀ ਪੀੜਾ ਵਿੱਚ ਉਸ ਦੀ ਬਰਾਬਰ ਦੀ ਭਾਈਵਾਲ ਦੇ ਤੌਰ 'ਤੇ, ਕਿਉਂਕਿ ਉਸ ਤੋਂ ਬਗੈਰ ਮਰਦ 'ਦ੍ਵੈਤ' ਤੋਂ ਖੰਡ ਪਾਰ ਨਹੀਂ ਕਰ ਸਕਦਾ। ਮਰਦ ਨੂੰ ਔਰਤ 'ਚ ਆਪਣੀ ਏਕਤਾ ਮਿਲੇਗੀ ਤੇ ਔਰਤ ਨੂੰ ਮਰਦ 'ਚ । ਆਪਣੀ ਦ੍ਵੈਤ ਮੁਕਤੀ ਪ੍ਰਾਪਤ ਹੋਵੇਗੀ। ਸਮਾਂ ਆਉਣ 'ਤੇ ਇਹ ਜੋੜੇ ਮਿਲ ਕੇ ਇੱਕ ਹੋ ਜਾਣਗੇ। 'ਆਤਮ ਜੇਤੂ' ਵੀ ਇੱਕ ਹੋ ਜਾਵੇਗਾ, ਜਿਹੜਾ ਨਾ ਮਰਦ ਹੁੰਦਾ ਹੈ, ਨਾ ਔਰਤ; ਜਿਹੜਾ ਪੂਰਨ ਇਨਸਾਨ ਹੁੰਦਾ ਹੈ।

ਆਪਣਾ ਸੰਤੁਲਨ ਕਾਇਮ ਰੱਖੋ, ਇਸ ਤਰ੍ਹਾਂ ਤੁਸੀਂ ਦੂਸਰੇ ਲੋਕਾਂ ਲਈ ਆਪਣੇ-ਆਪ ਨੂੰ ਮਾਪਣ ਤੇ ਤੋਲਣ ਵਾਲੀ ਤੱਕੜੀ ਬਣ ਜਾਓਗੇ।

ਗਰੀਬੀ ਜਾਂ ਅਮੀਰੀ ਨਾਂਅ ਦੀ ਕੋਈ ਚੀਜ਼ ਨਹੀਂ ਹੈ। ਸਾਰੀ ਗੱਲ ਕੇਵਲ ਚੀਜ਼ਾਂ ਨੂੰ ਵਰਤਣ ਦੀ ਜਾਂਚ ਉੱਤੇ ਨਿਰਭਰ ਹੈ।

ਜੀਵਨ ਦੇ ਸਭ ਰੂਪਾਂ ਪ੍ਰਤੀ ਸਤਿਕਾਰ ਭਰਿਆ ਵਿਹਾਰ ਕਰੋ। ਸਭ ਤੋਂ ਨਿਗੂਣੇ ਰੂਪ ਵਿੱਚ ਸਭ ਤੋਂ ਮਹੱਤਵਪੂਰਨ ਰੂਪ ਦੀ ਕੁੰਜੀ ਲੁਕੀ ਹੁੰਦੀ ਹੈ।

ਹੇਠਾਂ ਕੀ ਹੈ, ਇਹ ਦੇਖਣ ਲਈ, ਉੱਪਰ ਵੱਲ ਦੇਖੋ। ਉੱਪਰ ਕੀ ਹੈ, ਇਹ ਦੇਖਣ ਲਈ ਹੇਠਾਂ ਵੱਲ ਦੇਖੋ।

ਜਿੰਨਾ ਉੱਪਰ ਚੜ੍ਹਦੇ ਹੋ, ਓਨਾ ਹੀ ਹੇਠਾਂ ਉੱਤਰੋ, ਨਹੀਂ ਤਾਂ ਤੁਸੀਂ ਆਪਣਾ ਸੰਤੁਲਨ ਗਵਾ ਬੈਠੋਗੇ। ਅੱਜ ਤੁਸੀਂ ਚੇਲੇ ਹੋ। ਕੱਲ੍ਹ ਨੂੰ ਤੁਸੀਂ ਮੁਰਸ਼ਦ ਬਣ ਜਾਓਗੇ, ਚੰਗੇ ਮੁਰਸ਼ਦ ਬਣਨ ਲਈ, ਤੁਹਾਡਾ ਚੰਗੇ ਚੇਲੇ ਬਣੇ ਰਹਿਣਾ ਲਾਜ਼ਮੀ ਹੈ। ਸੰਸਾਰ ਵਿੱਚੋਂ ਬਦੀ ਨੂੰ ਪੁੱਟ ਸੁੱਟਣ ਦਾ ਯਤਨ ਨਾ ਕਰੋ, ਕਿਉਂਕਿ ਨਿਕੰਮੇ ਸਮਝੇ ਜਾਂਦੇ ਘਾਹ-ਪੱਤੇ ਵੀ ਬਹੁਤ ਸੋਹਣੀ ਖਾਦ ਬਣ ਜਾਂਦੇ ਹਨ।

**- ਪੁਸਤਕ 'ਚੋਂ**

2-April-Sunday.qxd 4/1/2023 9:24 PM Page 6



# ਨਵਤੇਜ ਭਾਰਤੀ ਦਾ ਸਨਮਾਨ




**ਨਵੀਂ ਦਿੱਲੀ** : ਪੰਜਾਬੀ ਸਾਹਿਤ ਸਭਾ (ਰਜਿ.) ਵੱਲੋਂ ਆਪਣੇ ਪੰਜਾਬੀ ਭਵਨ ਵਿਖੇ ਇਕ ਸਮਾਗਮ ਪ੍ਰੋਫ਼ੈਸਰ ਰੇਣੁਕਾ ਸਿੰਘ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ, ਜਿਸ ਵਿਚ ਵਿਦੇਸ਼ ਵਸਦੇ ਨਾਮਵਰ ਕਵੀ ਨਵਤੇਜ ਭਾਰਤੀ ਦਾ ਸਭਾ ਵੱਲੋਂ ਸਨਮਾਨ ਕੀਤਾ ਗਿਆ। ਇਹ ਸਨਮਾਨ ਨਵਤੇਜ ਭਾਰਤੀ ਹੁਰਾਂ ਦੀ ਥਾਂ ਉਨ੍ਹਾਂ ਦੇ ਛੋਟੇ ਭਰਾ ਪਰ ਵੱਡੇ ਨਾਮੀ ਲੇਖਕ ਅਜਮੇਰ ਰੋਡੇ ਨੇ ਪ੍ਰਾਪਤ ਕੀਤਾ। ਸਿਹਤ ਦੀ ਸਮੱਸਿਆ ਕਾਰਨ ਨਵਤੇਜ ਹੁਰੀਂ ਖੁਦ ਨਹੀਂ ਆ ਸਕੇ। ਸਨਮਾਨ ਵਿਚ ਸ਼ਾਲ, ਸਨਮਾਨ ਚਿੰਨ੍ਹ ਤੇ 51 ਹਜ਼ਾਰ ਰੁਪਏ ਦੀ ਨਗਦ ਰਾਸ਼ੀ ਸ਼ਾਮਲ ਹੈ। ਇਸ ਮੌਕੇ ਬੋਲਦਿਆਂ ਅਜਮੇਰ ਰੋਡੇ ਨੇ ਦੱਸਿਆ ਕਿ ਨਵਤੇਜ ਨਾਲ ਮਿਲ ਕੇ ਉਨ੍ਹਾਂ ਇਕ ਹਜ਼ਾਰ ਤੋਂ ਵੱਧ ਸਫ਼ਿਆਂ ਦੀ ਕਾਵਿ-ਪੁਸਤਕ 'ਲੀਲ੍ਹਾ' ਦੋ ਦਹਾਕੇ ਪਹਿਲਾਂ ਛਪਵਾਈ ਸੀ, ਜਿਸ ਦਾ ਹੁਣ ਹਿੰਦੀ ਵਿਚ ਅਨੁਵਾਦ ਪ੍ਰਕਾਸ਼ਤ ਹੋਇਆ ਹੈ। ਉਨ੍ਹਾਂ ਨਵਤੇਜ ਵੱਲੋਂ ਸਭਾ ਦਾ ਸਨਮਾਨ ਬਦਲੇ ਧੰਨਵਾਦ ਕੀਤਾ।

ਇਸ ਤੋਂ ਪਹਿਲਾਂ ਮੰਚ ਸੰਚਾਲਨ ਕਰਦਿਆਂ ਬਲਬੀਰ ਮਾਧੋਪੁਰੀ ਦੇ ਨਵਤੇਜ ਭਾਰਤੀ ਦੀਆਂ ਪੰਜਾਬੀ ਤੇ ਅੰਗਰੇਜ਼ੀ ਵਿਚ ਛਪੀਆਂ ਕਾਵਿ-ਪੁਸਤਕਾਂ ਦਾ, ਪੰਜਾਬੀ ਭਵਨ ਦੀਆਂ ਸਾਹਿਤਕ ਸਰਗਰਮੀਆਂ ਤੇ ਹੋਰ ਮਹੱਤਵਪੂਰਨ ਕੀਤੇ ਜਾਂਦੇ ਕੰਮਾਂ ਦਾ ਜ਼ਿਕਰ ਕੀਤਾ। ਡਾ. ਰੇਣੁਕਾ ਸਿੰਘ ਨੇ ਕੈਨੇਡਾ ਤੋਂ ਆਏ ਅਜਮੇਰ ਰੋਡੇ ਤੇ ਪੰਜਾਬੀ-ਅੰਗਰੇਜ਼ੀ ਦੀ ਉੱਘੀ ਕਵਿੱਤਰੀ ਤੇ ਨਾਟਕਕਾਰ ਦਾ ਸਵਾਗਤ ਤੇ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਨਵਤੇਜ ਭਾਰਤੀ ਦੀ ਚੰਗੀ ਸਿਹਤ ਦੀ ਕਾਮਨਾ ਕਰਦੇ ਹਾਂ। ਇਸ ਸੰਖੇਪ ਸਮਾਗਮ ਵਿਚ ਪ੍ਰੋ. ਕੁਲਵੀਰ ਗੋਜਰਾ, ਡਾ. ਰਜਨੀ ਬਾਲਾ, ਅਸ਼ੋਕ ਵਾਸ਼ਿਸ਼ਠ, ਹਰਵਿੰਦਰ ਸਿੰਘ ਭਾਟੀਆ, ਅਮਨਦੀਪ ਸਿੰਘ, ਪੰਜਾਬੀ ਭਵਨ ਦਾ ਸਮੂਹ ਸਟਾਫ਼ ਤੇ ਕੁਝ ਹੋਰ ਸੱਜਣ ਹਾਜ਼ਰ ਸਨ।

**—ਬਲਬੀਰ ਮਾਧੋਪੁਰੀ**

# ਸਨਮਾਨ ਸਮਾਗਮ ਤੇ ਪੁਸਤਕ ਲੋਕ ਅਰਪਣ

**ਸਮਰਾਲਾ**-ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਦਾ ਸਾਲਾਨਾ ਸਨਮਾਨ ਸਮਾਗਮ ਨਿਊ ਹਾਲ ਲਾਟੋ ਰੋਡ ਵਿਖੇ ਗੁਰਸੇਵਕ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਇਆ, ਜਿਸ ਦੀ ਪ੍ਰਧਾਨਗੀ ਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਕੀਤੀ ਤੇ ਡਾ. ਲਖਵਿੰਦਰ ਸਿੰਘ ਜੌਹਲ ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਸਮਾਗਮ ਵਿੱਚ 250 ਦੇ ਕਰੀਬ ਸਾਹਿਤਕਾਰ ਸ਼ਾਮਲ ਹੋਏ। ਪਹਿਲੇ ਸੈਸ਼ਨ ਵਿੱਚ ਗੁਰਸੇਵਕ ਸਿੰਘ ਢਿੱਲੋਂ ਨੇ ਸਮਾਗਮ ਬਾਰੇ ਜਾਣਕਾਰੀ ਦਿੱਤੀ ਅਤੇ ਦੂਰੋਂ-ਨੇੜਿਓਂ ਆਏ ਹੋਏ ਸਾਹਿਤਕਾਰਾਂ ਨੂੰ ਜੀ ਆਇਆਂ ਆਖਿਆ। ਸਨਮਾਨਾਂ ਦੀ ਲੜੀ ਵਿੱਚ ਇੰਦਰ ਸਿੰਘ ਚੱਕਰਵਰਤੀ ਪੁਰਸਕਾਰ ਸ. ਹਰਦੇਵ ਸਿੰਘ ਪੰਨੂ ਦੀ ਯਾਦ ਵਿੱਚ ਗ਼ਜ਼ਲਗੋ ਸ੍ਰੀ ਐੱਸ ਨਸੀਮ ਨੂੰ, ਰਜਿੰਦਰ ਕੌਰ ਪੰਨੂ ਤੇ ਸਾਬਕਾ ਸਰਪੰਚ ਸ. ਜਗਦੀਸ਼ ਸਿੰਘ ਦੇ ਪਰਵਾਰ ਵੱਲੋਂ ਦਿੱਤਾ ਗਿਆ। ਸ੍ਰੀ ਐੱਸ ਨਸੀਮ ਦਾ ਸਨਮਾਨ ਪੱਤਰ ਸਾਹਿਬਦੀਪ ਸਿੰਘ ਨੇ ਪੜ੍ਹਿਆ। ਪ੍ਰੋ. ਕਿਰਪਾਲ ਸਿੰਘ ਕਸੇਲ ਪੁਰਸਕਾਰ ਬਾਬਾ ਦੇਵਾ ਸਿੰਘ ਦੀ ਯਾਦ ਵਿੱਚ ਕਹਾਣੀਕਾਰ ਰਵਿੰਦਰ ਰੁਪਾਲ ਕੌਲਗੜ੍ਹ ਨੂੰ, ਸ. ਸੁਖਵੀਰ ਸਿੰਘ ਮੁਹਾਲੀ ਦੇ ਪਰਵਾਰ ਵੱਲੋਂ ਦਿੱਤਾ ਗਿਆ। ਕਹਾਣੀਕਾਰ ਰਵਿੰਦਰ ਰੁਪਾਲ ਕੌਲਗੜ੍ਹ ਦਾ ਸਨਮਾਨ ਪੱਤਰ ਸ. ਹਰਬੰਸ ਸਿੰਘ ਰਾਏ ਨੇ ਪੜ੍ਹਿਆ। ਸ੍ਰੀ ਸੁਰਜੀਤ ਖੁਰਸ਼ੀਦੀ ਪੁਰਸਕਾਰ ਬਾਪੂ ਗੁਰਦੇਵ ਸਿੰਘ ਮਾਤਾ ਗੁਰਦਿਆਲ ਕੌਰ ਤੇ ਸ. ਪਰਮਵੀਰ ਸਿੰਘ ਹੈਰੀ ਦੀ ਯਾਦ ਵਿੱਚ ਗੀਤਕਾਰ ਜਿੰਮੀ ਅਹਿਮਦਗੜ੍ਹ ਨੂੰ ਤੇਲੂ ਰਾਮ ਕੁਹਾੜਾ ਤੇ ਮਨਜੀਤ ਸਿੰਘ ਰਾਏ ਦੇ ਪਰਵਾਰ ਵੱਲੋਂ ਦਿੱਤਾ ਗਿਆ। ਗੀਤਕਾਰ ਜਿੰਮੀ ਅਹਿਮਦਗੜ੍ਹ ਦਾ ਸਨਮਾਨ ਪੱਤਰ ਸ. ਬਲਬੀਰ ਸਿੰਘ ਬੱਬੀ ਨੇ ਪੜ੍ਹਿਆ। ਸੂਬਾ ਸੁਰਿੰਦਰ ਕੌਰ ਖਰਲ ਪੁਰਸਕਾਰ ਸੰਤ ਚਰਨ ਸਿੰਘ ਮੋਰੋਂ ਦੀ ਯਾਦ ਵਿੱਚ ਲੇਖਿਕਾ ਕੁਲਦੀਪ ਕੌਰ ਭੁੱਲਰ ਨੂੰ ਸ. ਪਰਮਜੀਤ ਸਿੰਘ ਮੋਰੋਂ ਦੇ ਪਰਵਾਰ ਵੱਲੋਂ ਦਿੱਤਾ ਗਿਆ। ਲੇਖਿਕਾ ਕੁਲਦੀਪ ਕੌਰ ਭੁੱਲਰ ਦਾ ਸਨਮਾਨ ਪੱਤਰ ਰਜਿੰਦਰ ਕੌਰ ਪੰਨੂ ਨੇ ਪੜ੍ਹਿਆ।



ਗ਼ਜ਼ਲ ਵਿਧਾ 'ਤੇ ਲਿਖੀ ਪੁਸਤਕ ਸਿਤਾਰਿਆਂ ਦਾ ਕਾਫਲਾ ਸੰਪਾਦਕ ਗੁਰਦਿਆਲ ਦਲਾਲ ਲੋਕ ਅਰਪਣ ਕੀਤੀ ਗਈ। ਕਿਤਾਬ ਬਾਰੇ ਗੱਲਬਾਤ ਸੁਰਿੰਦਰ ਰਾਮਪੁਰੀ ਨੇ ਕੀਤੀ। ਇਸ ਦੇ ਨਾਲ ਹੀ ਕਹਾਣੀਕਾਰ ਰਵਿੰਦਰ ਰੁਪਾਲ ਕੌਲਗੜ੍ਹ ਦੀ ਕਿਤਾਬ, ਫੱਕੀ ਤਾਂ ਪੁੱਤ ਖਾਣੀ ਪਊ, ਮਨਜੀਤ ਕੌਰ ਜੀਤ ਦੀ ਕਿਤਾਬ, ਕੁਲਦੀਪ ਕੌਰ ਭੁੱਲਰ ਦਾ ਨਾਵਲ (ਜ਼ਹਿਰੀਲੀ ਧਰਤੀ) ਆਦਿ ਕਿਤਾਬਾਂ ਵੀ ਇਸ ਸਮਾਗਮ ਦੌਰਾਨ ਲੋਕ ਅਰਪਣ ਕੀਤੀਆਂ ਗਈਆਂ। ਕਹਾਣੀਕਾਰ ਵਰਿਆਮ ਸਿੰਘ ਸੰਧੂ, ਡਾ. ਲਖਵਿੰਦਰ ਸਿੰਘ ਜੌਹਲ ਨੇ ਸਮਾਗਮ ਬਾਰੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਦੂਸਰੇ ਸੈਸ਼ਨ ਵਿੱਚ ਕਾਬਲੇ-ਤਾਰੀਫ ਕਵੀ ਦਰਬਾਰ ਹੋਇਆ, ਜਿਸ ਦੀ ਪ੍ਰਧਾਨਗੀ ਦਰਸ਼ਨ ਸਿੰਘ ਭੰਮੇ, ਸੁੰਦਰਪਾਲ ਰਾਜਾਸਾਂਸੀ, ਗੁਰਦਿਆਲ ਦਲਾਲ, ਤੇਲੂ ਰਾਮ ਕੁਹਾੜਾ, ਸੁਰਿੰਦਰ ਰਾਮਪੁਰੀ, ਹਰਬੰਸ ਸਿੰਘ ਰਾਏ ਨੇ ਕੀਤੀ। ਹਾਜ਼ਰ ਸ਼ਾਇਰਾਂ ਵਿੱਚ ਗ਼ਜ਼ਲਗੋ ਸ੍ਰੀ ਐੱਸ ਨਸੀਮ, ਗੀਤਕਾਰ ਜਿੰਮੀ ਅਹਿਮਦਗੜ੍ਹ, ਕੁਲਦੀਪ ਕੌਰ ਭੁੱਲਰ, ਰਜਿੰਦਰ ਕੌਰ ਪੰਨੂ, ਜਤਿੰਦਰ ਕੌਰ ਸੰਧੂ, ਪ੍ਰਧਾਨ ਜੀਵਨਜੋਤ ਸਾਹਨੇਵਾਲ ਸਭਾ, ਹਰਬੰਸ ਸਿੰਘ ਰਾਏ, ਮਨਿੰਦਰ ਕੌਰ ਬੱਸੀ, ਮਨਜੀਤ ਕੌਰ ਜੀਤ, ਗ਼ਜ਼ਲਗੋ ਟੀ ਲੋਚਨ, ਗ਼ਜ਼ਲਗੋ ਨਿਰੰਜਨ ਸੂਖਮ, ਸ਼ੇਰ ਰਾਣਵਾਂ ਨੇ ਰਚਨਾਵਾਂ ਪੇਸ਼ ਕੀਤੀਆਂ।

# ਸ਼ਿਵ ਬਟਾਲਵੀ ਸੋਵੀਨਰ ਲੋਕ ਅਰਪਣ



**ਕੋਟ ਈਸੇ ਖਾਂ** - ਨਵ ਪੰਜਾਬੀ ਸਾਹਿਤ ਸਭਾ ਵੱਲੋਂ ਇਕ ਵਿਸ਼ੇਸ਼ ਮੀਟਿੰਗ ਲੇਖਕ ਪ੍ਰੋ: ਗੁਰਦੀਪ ਸਿੰਘ ਖਿੰਡਾ ਦੀ ਅਗਵਾਈ ਹੇਠ ਸਰਕਾਰੀ ਹਾਈ ਸਕੂਲ ਜ਼ੀਰਾ ਰੋਡ ਵਿਖੇ ਆਯੋਜਿਤ ਕੀਤੀ ਗਈ, ਜਿਸ ਵਿਚ ਪੰਜਾਬੀ ਪ੍ਰੇਮੀ ਪਾਠਕ ਅਤੇ ਸਰੋਤਿਆਂ ਨੇ ਭਾਗ ਲਿਆ। ਇਸ ਮੀਟਿੰਗ ਦਾ ਸੰਚਾਲਨ ਕਰਦੇ ਹੋਏ ਵਿਵੇਕ ਕੋਟ ਈਸੇ ਖਾਂ ਨੇ ਦੱਸਿਆ ਕਿ ਇਹ ਮੀਟਿੰਗ ਦੋ ਪੜਾਵਾਂ ਵਿੱਚ ਚੱਲੀ। ਪਹਿਲੇ ਦੌਰ ਵਿੱਚ ਕਵੀ ਦਰਬਾਰ ਵਿੱਚ ਜਸਵਿੰਦਰ ਗਲੋਟੀ, ਬਲਵਿੰਦਰ ਸਿੰਘ ਬੀ ਏ, ਹਰੀ ਸਿੰਘ ਸੁਖੇਵਾਲ, ਕਰਨਲ ਬਾਬੂ ਸਿੰਘ, ਗੁਰਦੀਪ ਸਿੰਘ ਖਿੰਡਾ, ਵਿਵੇਕ, ਜੀਵਨ ਸਿੰਘ ਹਾਣੀ, ਸਰਬਜੀਤ ਭੁੱਲਰ, ਪਵਨ ਕੁਮਾਰ, ਜੀਤਾ ਸਿੰਘ ਨਾਰੰਗ, ਬਲਬੀਰ ਸਿੰਘ, ਰਾਜੀਵ ਸ਼ਰਮਾ, ਨਛੱਤਰ ਸਿੰਘ ਧੱਲੇ ਕੇ ਆਦਿ ਨੇ ਭਾਗ ਲਿਆ ਅਤੇ ਸਾਹਿਤਕ ਮਾਹੌਲ ਦੀ ਸਿਰਜਣਾ ਕੀਤੀ। ਦੂਜੇ ਦੌਰ ਵਿੱਚ ਮਹਾਨ ਪੰਜਾਬੀ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੇ ਕਾਵਿ ਸੰਸਾਰ ਦੀ ਚਰਚਾ ਹੋਈ, ਜਿਸ ਉਪਰ ਸਭਾ ਦੇ ਸਰਪ੍ਰਸਤ ਜੀਤਾ ਸਿੰਘ ਨਾਰੰਗ ਨੇ ਪਰਚਾ ਪੜ੍ਹਿਆ। ਵਿਸ਼ੇਸ਼ ਸੋਵੀਨਰ ਸ਼ਿਵ ਕੁਮਾਰ ਬਟਾਲਵੀ ਸਮੂਹ ਮੈਂਬਰਾਂ ਵੱਲੋਂ ਲੋਕ ਅਰਪਣ ਕੀਤਾ ਗਿਆ। ਇਹ ਸਾਰਾ ਪ੍ਰੋਗਰਾਮ ਸਰਬਜੀਤ ਭੁੱਲਰ ਦੀ ਦੇਖ-ਰੇਖ ਵਿੱਚ ਸੰਪੰਨ ਹੋਇਆ।

**-ਨਿਰਮਲ ਸਿੰਘ ਕਾਲੜਾ**

# 'ਚੇਤਰ ਦਾ ਵਣਜਾਰਾ' ਦੀ ਕਾਵਿ-ਮਹਿਫਲ



**ਅੰਮ੍ਰਿਤਸਰ**-ਪੰਜਾਬੀ ਸਾਹਿਤ ਸੰਗਮ ਵੱਲੋਂ "ਚੇਤਰ ਦਾ ਵਣਜਾਰਾ" ਵਿਸ਼ੇ ਤਹਿਤ ਡਾ. ਭਾਈ ਵੀਰ ਸਿੰਘ ਦੀ 150ਵੀਂ ਜਨਮ ਸ਼ਤਾਬਦੀ ਨੂੰ ਸਮਰਪਿਤ ਕਾਵਿ ਮਹਿਫਲ ਰਚਾਈ ਗਈ। ਸਥਾਨਕ ਭਾਈ ਵੀਰ ਸਿੰਘ ਨਿਵਾਸ ਅਸਥਾਨ ਲਾਰੈਂਸ ਰੋਡ ਵਿਖੇ ਹੋਈ ਇਸ ਅਦਬੀ ਮਹਿਫਲ ਦਾ ਆਗਾਜ਼ ਡਾ. ਮੋਹਨ ਬੇਗੋਵਾਲ ਅਤੇ ਸਰਬਜੀਤ ਸਿੰਘ ਸੰਧੂ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਸ਼ਾਇਰ ਮਲਵਿੰਦਰ ਵੱਲੋਂ ਸਮੁੱਚੇ ਸਮਾਗਮ ਨੂੰ ਲੜੀਬੱਧ ਕਰਦਿਆਂ ਮਹਿਮਾਨ ਸ਼ਾਇਰਾਂ ਦੀ ਜਾਣ-ਪਹਿਚਾਣ ਕਰਾਈ। ਸਮਾਗਮ ਬਾਰੇ ਬੋਲਦਿਆਂ ਡਾ. ਸੁਖਬੀਰ ਕੌਰ ਮਾਹਲ ਨੇ ਕਿਹਾ ਕਿ ਭਾਈ ਵੀਰ ਸਿੰਘ ਦੀ ਯਾਦ ਵਿੱਚ ਅਜਿਹੇ ਸਮਾਗਮਾਂ ਦੀ ਪਿਰਤ ਪੰਜਾਬੀ ਭਾਸ਼ਾ ਅਤੇ ਪੰਜਾਬੀ ਸ਼ਾਇਰੀ ਦੋਵਾਂ ਲਈ ਸ਼ੁੱਭ ਸ਼ਗਨ ਹੈ। ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਸਮਾਗਮ ਦੀ ਅਨੁਸ਼ਾਸਨਤਾ 'ਤੇ ਵਧਾਈ ਦਿੰਦਿਆਂ ਕਿਹਾ ਕਿ ਚੇਤਰ ਜਿੱਥੇ ਸਾਨੂੰ ਨਵੇਂ ਅਹਿਦ ਕਰਨ ਲਈ ਪ੍ਰੇਰਿਤ ਕਰਦਾ ਹੈ, ਉਥੇ ਮਿਲ ਬੈਠਣ ਅਤੇ ਸੰਵਾਦ ਰਚਾਉਣ ਦੀ ਹਾਮੀ ਵੀ ਭਰਦਾ ਹੈ।

ਰਚਨਾਵਾਂ ਵਿੱਚ ਸ਼ਾਇਰ ਬੀਬਾ ਬਲਵੰਤ, ਅਰਤਿੰਦਰ ਸੰਧੂ, ਮੰਗਤ ਚੰਚਲ, ਰਮਨ ਸੰਧੂ, ਨਕਾਸ਼, ਸ਼ੈਲਿੰਦਰਜੀਤ ਰਾਜਨ, ਵਿਸ਼ਾਲ ਬਿਆਸ, ਡਾ. ਵਿਮਲ, ਸੰਦੀਪ, ਜਗਤਾਰ ਗਿੱਲ, ਜਸਵੰਤ ਧਾਪ, ਬਲਜਿੰਦਰ ਮਾਂਗਟ, ਡਾ. ਭੁਪਿੰਦਰ ਸਿੰਘ ਫੇਰੂਮਾਨ, ਸਤਿੰਦਰ ਓਠੀ, ਮੱਖਣ ਭੈਣੀਵਾਲ, ਜੋਬਨ ਰੂਪ ਛੀਨਾ, ਪ੍ਰਭਜੀਤ ਆਦਿ ਨੇ ਕਾਵਿ ਮਹਿਫਲ ਵਿਚ ਖੂਬ ਰੰਗ ਬੰਨ੍ਹਿਆ।

ਹਰਜੀਤ ਸਿੰਘ ਸੰਧੂ ਅਤੇ ਤਰਸੇਮ ਲਾਲ ਬਾਵਾ ਨੇ ਸਭ ਦਾ ਧੰਨਵਾਦ ਕਰਦਿਆਂ ਅਜਿਹੇ ਸਮਾਗਮਾਂ ਦੀ ਨਿਰੰਤਰਤਾ ਦੀ ਹਾਮੀ ਭਰੀ। ਸਮਾਗਮ ਦੌਰਾਨ ਪਰਮਿੰਦਰ ਸੋਢੀ ਦੀ ਪੁਸਤਕ "ਤੇਰੇ ਸਨਮੁੱਖ", ਸਤਿੰਦਰ ਓਠੀ ਦੀ "ਦੀਵੇ ਸੁੱਚੀ ਸੋਚ ਦੇ" ਅਤੇ "ਮੇਲਾ" ਮੈਗਜ਼ੀਨ ਹਾਜ਼ਰ ਸਾਹਿਤਕਾਰਾਂ ਵੱਲੋਂ ਰਿਲੀਜ਼ ਕੀਤੇ ਗਏ।

# ਵਿਆਹ ਸਮਾਗਮ ਵਿੱਚ ਪੁਸਤਕ ਰਿਲੀਜ਼

**ਬਰਨਾਲਾ** : ਬੀਤੇ ਦਿਨੀਂ ਬਰਨਾਲਾ ਦੇ ਇੱਕ ਪ੍ਰਸਿੱਧ ਸ਼ਾਇਰ ਦੀ ਕਾਵਿ ਰਚਨਾ ਉੱਪਰ ਅਲੋਚਨਾ ਦੀ ਪੁਸਤਕ ਵਿਆਹ ਸਮਾਗਮ ਵਿੱਚ ਲਾੜੇ ਅਤੇ ਲਾੜੀ ਵੱਲੋਂ ਲੋਕ ਅਰਪਣ ਕੀਤੀ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਲੇਖਕ-ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਦੇ ਸੰਸਥਾਪਕ ਅਤੇ ਪ੍ਰਧਾਨ ਤੇਜਿੰਦਰ ਚੰਡਿਹੋਕ ਨੇ ਦੱਸਿਆ ਕਿ ਮਾਲਵਿੰਦਰ ਸ਼ਾਇਰ ਦੀਆਂ ਕਵਿਤਾਵਾਂ ਅਤੇ ਗ਼ਜ਼ਲਾਂ ਆਦਿ ਉੱਪਰ ਵੱਖ-ਵੱਖ ਵਿਦਵਾਨਾਂ ਵੱਲੋਂ ਲਿਖੇ ਕਰੀਬ 19 ਜਾਣਕਾਰੀ ਭਰਪੂਰ ਲੇਖਾਂ ਵਾਲੀ ਅਲੋਚਨਾ ਦੀ ਪੁਸਤਕ 'ਮਾਲਵਿੰਦਰ ਸ਼ਾਇਰ : ਕਾਵਿ ਸੰਦਰਭ' ਜੋ ਸਾਹਿਤਕਾਰ ਜਗਮੀਤ ਹਰਫ਼ ਅਤੇ ਗੁਰਜੰਟ ਰਾਜਿਆਣਾ ਵੱਲੋਂ ਸੰਪਾਦਿਤ ਕੀਤੀ ਗਈ ਹੈ, ਨੂੰ ਜਗਮੀਤ ਹਰਫ਼ ਦੇ ਵਿਆਹ ਸਮੇਂ ਲੋਕ ਅਰਪਣ ਕੀਤੀ ਗਈ।



ਇਸ ਤਰ੍ਹਾਂ ਵਿਆਹਾਂ ਸਮੇਂ ਪੁਸਤਕਾਂ ਦਾ ਲੋਕ ਅਰਪਣ ਕਰਨਾ ਜਗਮੀਤ ਹਰਫ਼ ਵੱਲੋਂ ਇੱਕ ਨਵੀਂ ਪਿਰਤ ਪਾਈ ਹੈ। ਜਗਮੀਤ ਹਰਫ਼ ਨੇ ਇਸ ਪੁਸਤਕ ਦੀ ਪਹਿਲੀ ਕਾਪੀ ਆਪਣੀ ਹਮਸਫ਼ਰ ਨੂੰ ਪਿਆਰ ਅਤੇ ਸਤਿਕਾਰ ਸਹਿਤ ਭੇਟ ਕੀਤੀ।

ਇਸ ਮੌਕੇ ਉਸਤਾਦ ਗ਼ਜ਼ਲਗੋ ਸੁਲੱਖਣ ਸਰਹੱਦੀ ਨੇ ਕਿਹਾ ਕਿ ਸਾਨੂੰ ਵਿਆਹ ਸਮਾਗਮਾਂ ਤੋਂ ਇਲਾਵਾ ਹੋਰ ਸਮਾਜਿਕ ਸਮਾਗਮਾਂ ਸਮੇਂ ਵੀ ਸਿਹਤਮੰਦ ਅਤੇ ਉਸਾਰੂ ਸੱਭਿਆਚਾਰ ਨਾਲ ਸੰਬੰਧਤ ਰੀਤੀ-ਰਿਵਾਜਾਂ ਤੇ ਰਸਮਾਂ ਨੂੰ ਅਪਣਾਉਣਾ ਚਾਹੀਦਾ ਹੈ। ਉਹਨਾਂ ਅੱਗੇ ਕਿਹਾ ਕਿ ਜਗਮੀਤ ਹਰਫ਼ ਨੇ ਆਪਣੇ ਵਿਆਹ ਸਮਾਗਮ ਮੌਕੇ ਇਹ ਪੁਸਤਕ ਲੋਕ ਅਰਪਣ ਕਰਕੇ ਪੰਜਾਬੀ ਸਮਾਜ ਨੂੰ ਡੀ. ਜੇ, ਆਰਕੈਸਟਰਾ, ਲੋਕ ਵਿਰੋਧੀ ਗਾਇਕੀ ਆਦਿ ਨੂੰ ਤਿਲਾਂਜਲੀ ਦੇ ਕੇ ਸ਼ਬਦ ਸੱਭਿਆਚਾਰ ਨਾਲ ਜੁੜਨ ਦਾ ਸੰਦੇਸ਼ਾ ਦਿੱਤਾ ਹੈ, ਜੋ ਕਿ ਅਗਾਂਹਵਧੂ ਅਤੇ ਸ਼ਲਾਘਾਯੋਗ ਕਦਮ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਅਤੇ ਸ਼ਾਇਰ ਸੁਰਿੰਦਰਪ੍ਰੀਤ ਘਣੀਆਂ ਨੇ ਮੰਚ ਸੰਚਾਲਨ ਦੌਰਾਨ ਹਾਜ਼ਰੀਨ ਨੂੰ ਪੁਸਤਕ ਬਾਰੇ ਜਾਣ-ਪਹਿਚਾਣ ਕਰਵਾਈ। ਇਸ ਮੌਕੇ ਹੋਰ ਵਿਦਵਾਨਾਂ ਨੇ ਵੀ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ।

**- ਤੇਜਿੰਦਰ ਚੰਡਿਹੋਕ**

# ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

**ਝਬਾਲ**-ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਤੇ ਸੀ ਪੀ ਆਈ ਨੇ ਝਬਾਲ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ। ਇਸ ਮੌਕੇ ਸਰਬ ਭਾਰਤ ਨੌਜਵਾਨ ਸਭਾ ਦੇ ਆਗੂ ਦਵਿੰਦਰ ਸੋਹਲ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸਮੂਹ ਨੌਜਵਾਨਾਂ ਨੂੰ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਦਾ ਸੱਦਾ ਦਿੱਤਾ। ਉਨ੍ਹਾ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਸਰਬ ਭਾਰਤ ਨੌਜਵਾਨ ਸਭਾ ਲਹਿਰ ਖੜ੍ਹੀ ਕਰਕੇ ਦੇਸ਼ ਦੀ ਆਜ਼ਾਦੀ ਲਈ ਉਤਸ਼ਾਹਿਤ ਕੀਤਾ ਤੇ ਇਨਕਲਾਬ ਨਾਹਰੇ ਲਗਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਗੁਰਬਿੰਦਰ ਸਿੰਘ ਸੋਹਲ, ਜਗਜੀਤ ਸਿੰਘ ਮੰਨਣ, ਸੁਰਿੰਦਰ ਸਿੰਘ ਬਿੱਲਾ ਖੂਹ ਵਾਲਾ, ਜਗਤਾਰ ਸਿੰਘ ਜੱਗਾ, ਅਰਵਿੰਦ ਗੁਪਤਾ, ਜਸਪਾਲ ਸਿੰਘ, ਅਭੀ ਸਿੰਘ ਵਿਸੂ, ਗਗਨ ਬਘਿਆੜੀ ਆਦਿ ਹਾਜ਼ਰ ਸਨ।

# ਲੋਕਮੰਚ ਪੰਜਾਬ ਵੱਲੋਂ ਗੁਰਭਜਨ ਗਿੱਲ ਨੂਰਪੁਰੀ ਪੁਰਸਕਾਰ ਨਾਲ ਸਨਮਾਨਤ




**ਜਲੰਧਰ**- ਪੰਜਾਬੀ ਸਾਹਿਤ ਦੇ ਖੇਤਰ 'ਚ ਨੰਦ ਲਾਲ ਨੂਰਪੁਰੀ ਦਾ ਯੋਗਦਾਨ ਬੇਮਿਸਾਲ ਹੈ। ਉਨ੍ਹਾਂ ਦੇ ਗੀਤਾਂ ਦੀ ਧੁੰਮ ਬਾਲੀਵੁੱਡ ਤੱਕ ਪੈਂਦੀ ਰਹੀ ਹੈ ਤੇ ਜਿੱਥੇ ਪ੍ਰਸਿੱਧ ਗਾਇਕ ਮੁਹੰਮਦ ਰਫੀ ਤੋਂ ਲੈ ਕੇ ਗਾਇਕਾ ਲਤਾ ਮੰਗੇਸ਼ਕਰ ਅਤੇ ਆਸ਼ਾ ਭੌਂਸਲੇ ਵਰਗੀਆਂ ਨਾਮਵਰ ਗਾਇਕਾਵਾਂ ਵਲੋਂ ਉਨ੍ਹਾਂ ਦੇ ਗੀਤਾਂ ਨੂੰ ਆਵਾਜ਼ ਦਿੱਤੀ। ਲੋਕ ਮੰਚ ਪੰਜਾਬ ਵਲੋਂ ਜਲੰਧਰ ਵਿਖੇ ਕਰਵਾਏ ਇਕ ਸਮਾਗਮ 'ਚ ਪ੍ਰੋ ਗੁਰਭਜਨ ਸਿੰਘ ਗਿੱਲ ਨੂੰ ਪਹਿਲਾ ਨੰਦ ਲਾਲ ਨੂਰਪੁਰੀ ਪੁਰਸਕਾਰ ਜਿਸ 'ਚ ਸਨਮਾਨ ਪੱਤਰ ਤੇ ਯਾਦਗਾਰੀ ਚਿੰਨ੍ਹ ਤੋਂ ਇਲਾਵਾ ਇਕ ਲੱਖ ਰੁਪਏ ਸ਼ਾਮਿਲ ਹਨ, ਪ੍ਰਦਾਨ ਕਰਨ ਤੋਂ ਬਾਅਦ ਡਾ. ਬਰਜਿੰਦਰ ਸਿੰਘ ਹਮਦਰਦ ਨੇ ਕਿਹਾ ਕਿ ਨੰਦ ਲਾਲ ਨੂਰਪੁਰੀ ਦਾ ਆਖਰੀ ਸਮਾਂ ਬੇਹੱਦ ਤੰਗੀ ਤੁਰਸ਼ੀ 'ਚ ਗੁਜ਼ਰਿਆ। ਉਨ੍ਹਾਂ ਦੇ ਤੁਰ ਜਾਣ ਤੋਂ ਬਾਅਦ ਪੰਜਾਬੀ ਸਾਹਿਤ ਦੇ ਖੇਤਰ 'ਚ ਉਨ੍ਹਾਂ ਦੇ ਯੋਗਦਾਨ ਨੂੰ ਵੀ ਪੂਰੀ ਤਰ੍ਹਾਂ ਨਾਲ ਵਿਸਾਰ ਦਿੱਤਾ ਗਿਆ। ਇਸ ਮੌਕੇ ਉਨ੍ਹਾਂ ਨੰਦ ਲਾਲ ਨੂਰਪੁਰੀ ਦੀਆਂ ਰਚਨਾਵਾਂ ਦੀ ਭਰਪੂਰ ਸ਼ਲਾਘਾ ਕਰਦੇ ਹੋਏ ਕਿਹਾ ਕਿ ਉਹ ਉੱਚ ਕੋਟੀ ਦੇ ਸ਼ਾਇਰ ਸਨ। ਉਨ੍ਹਾਂ ਐਚ. ਐਮ. ਵੀ. ਕਾਲਜ ਵਲੋਂ ਪ੍ਰਿੰਸੀਪਲ ਡਾ. ਅਜੇ ਸਰੀਨ ਦੀ ਅਗਵਾਈ ਹੇਠ ਸਿੱਖਿਆ ਦੇ ਖੇਤਰ 'ਚ ਪਾਏ ਜਾ ਰਹੇ ਯੋਗਦਾਨ ਨੂੰ ਵੀ ਸਰਾਹਿਆ।

ਇਸ ਤੋਂ ਪਹਿਲਾਂ ਪ੍ਰੋ ਗੁਰਭਜਨ ਸਿੰਘ ਗਿੱਲ ਨੇ ਆਪਣੇ ਸਾਹਿਤਕ ਸਫਰ ਬਾਰੇ ਗੱਲ ਕਰਦਿਆਂ ਕਿਹਾ ਕਿ ਦੇਸ਼ ਵੰਡ ਦੇ ਦੁਖਾਂਤ ਦਾ ਉਨ੍ਹਾਂ ਦੇ ਮਨ 'ਤੇ ਡੂੰਘਾ ਅਸਰ ਹੈ ਤੇ ਉਸ ਸਮੇਂ ਹੋਈ ਕਤਲੋਗਾਰਦ 'ਚ ਉਨ੍ਹਾਂ ਨੂੰ ਕਈ ਆਪਣਿਆਂ ਨੂੰ ਗੁਆਉਣਾ ਪਿਆ ਤੇ ਉਸ ਸਮੇਂ ਦੀਆਂ ਕੁਲਹਿਣੀਆਂ ਯਾਦਾਂ ਅੱਜ ਵੀ ਉਨ੍ਹਾਂ ਦਾ ਪਿੱਛਾ ਨਹੀਂ ਛੱਡਦੀਆਂ। ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਸੰਵੇਦਨਾ ਤੇ ਵੇਦਨਾ ਸੁਮੇਲ ਹੀ ਉਨ੍ਹਾਂ ਦੀ ਸ਼ਾਇਰੀ ਦੀ ਅਸਲ ਵਿਰਾਸਤ ਹੈ। ਉਨ੍ਹਾਂ ਕਿਹਾ ਕਿ ਉਹ ਗੁਰੂ ਨਾਨਕ, ਬਾਬਾ ਫਰੀਦ ਤੇ ਬਾਬਾ ਬੁੱਲ੍ਹੇ ਸ਼ਾਹ ਸਮੇਤ ਪ੍ਰੋ. ਪੂਰਨ ਸਿੰਘ, ਪ੍ਰੋ ਮੋਹਨ ਸਿੰਘ, ਸ਼ਿਵ ਕੁਮਾਰ ਬਟਾਲਵੀ ਤੇ ਲੋਕ ਗਾਇਕ ਅਮਰਜੀਤ ਗੁਰਦਾਸਪੁਰੀ, ਤੋਂ ਵੀ ਬੇਹੱਦ ਪ੍ਰਭਾਵਿਤ ਹਨ। ਉਨ੍ਹਾਂ ਕਿਹਾ ਕਿ ਮਾਡਲ ਹਾਊਸ ਜਲੰਧਰ ਦਾ ਨਾਮ ਨੰਦ ਲਾਲ ਨੂਰਪੁਰੀ ਨਗਰ ਕਰਨ ਲਈ ਪੰਜਾਬ ਸਰਕਾਰ ਨੂੰ ਕਿਹਾ ਜਾਵੇ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਮਨਜਿੰਦਰ ਸਿੰਘ ਨੇ ਪ੍ਰੋ. ਗੁਰਭਜਨ ਸਿੰਘ ਗਿੱਲ ਦੇ ਸਾਹਿਤਕ ਸਫਰ ਅਤੇ ਨਿੱਜੀ ਜ਼ਿੰਦਗੀ ਦੇ ਪਹਿਲੂਆਂ 'ਤੇ ਚਾਨਣਾ ਪਾਇਆ। ਸੁਰਿੰਦਰ ਸਿੰਘ ਸੁੰਨੜ ਨੇ ਹਜ਼ਰ ਸ਼ਖਸੀਅਤਾਂ ਦਾ ਧੰਨਵਾਦ ਕੀਤਾ। ਡਾ. ਲਖਵਿੰਦਰ ਸਿੰਘ ਜੌਹਲ ਨੇ ਸੁਰਿੰਦਰ ਸਿੰਘ ਸੁੰਨੜ ਦੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਪ੍ਰਤੀ ਲਗਾਅ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਵਿਦੇਸ਼ ਤੋਂ ਆ ਕੇ ਉਨ੍ਹਾਂ ਵਲੋਂ ਇਸ ਸੰਸਥਾ ਦੇ ਰਾਹੀਂ ਹੁਣ ਤੱਕ ਪੰਜਾਬੀ ਸਾਹਿਤ ਦੇ ਖੇਤਰ 'ਚ ਯੋਗਦਾਨ ਪਾਉਣ ਵਾਲੀਆਂ ਅਨੇਕਾਂ ਸ਼ਖਸੀਅਤਾਂ ਨੂੰ ਸਨਮਾਨਿਤ ਕਰ ਚੁੱਕੇ ਹਨ। ਡਾ. ਅਜੇ ਸਰੀਨ ਨੇ ਸਵਾਗਤੀ ਸ਼ਬਦ ਕਹੇ। ਪ੍ਰੋ. ਨਵਰੂਪ ਕੌਰ ਨੇ ਸਨਮਾਨ ਪੱਤਰ ਪੜ੍ਹਿਆ। ਇਸ ਮੌਕੇ ਪੰਜਾਬੀ ਵਿਭਾਗ ਦੀਆਂ ਵਿਦਿਆਰਥਣਾਂ ਵਲੋਂ ਡਾ. ਬਰਜਿੰਦਰ ਸਿੰਘ ਹਮਦਰਦ ਅਤੇ ਪ੍ਰੋ. ਗੁਰਭਜਨ ਸਿੰਘ ਗਿੱਲ ਬਾਰੇ ਤਿਆਰ ਕੀਤੀਆਂ ਦੋ ਲਘੂ ਫਿਲਮਾਂ ਵੀ ਦਿਖਾਈਆਂ ਗਈਆਂ।

**- ਸੁਰਜੀਤ ਸਿੰਘ**

# ਜਸਪਾਲ ਮਾਨਖੇੜਾ ਭਾਰਤੀ ਸਾਹਿਤ ਅਕਾਦਮੀ ਸਲਾਹਕਾਰ ਬੋਰਡ ਦੇ ਮੈਂਬਰ ਬਣੇ

**ਬਠਿੰਡਾ**-ਕਹਾਣੀਕਾਰ ਅਤੇ ਨਾਵਲਕਾਰ ਜਸਪਾਲ ਮਾਨਖੇੜਾ ਨੂੰ ਦੇਸ਼ ਦੀ ਵੱਡ-ਆਕਾਰੀ ਅਤੇ ਵਕਾਰੀ ਸੰਸਥਾ "ਭਾਰਤੀ ਸਾਹਿਤ ਅਕਾਦਮੀ ਨਵੀਂ ਦਿੱਲੀ" ਦੇ ਸਲਾਹਕਾਰ ਬੋਰਡ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਹੈ। ਗਵਰਨਿੰਗ ਕੌਂਸਲ ਦੇ ਮੈਂਬਰ ਬੂਟਾ ਸਿੰਘ ਚੌਹਾਨ, ਡਾ. ਮਨਜਿੰਦਰ ਸਿੰਘ ਅਤੇ ਡਾ. ਰਵੇਲ ਸਿੰਘ ਵੱਲੋਂ ਜਸਪਾਲ ਮਾਨਖੇੜਾ ਸਮੇਤ ਸਲਾਹਕਾਰ ਬੋਰਡ ਦੇ ਸੱਤ ਮੈਂਬਰ ਨਾਮਜ਼ਦ ਕੀਤੇ ਗਏ ਹਨ। ਜਸਪਾਲ ਮਾਨਖੇੜਾ ਪਿਛਲੇ ਚਾਲੀ ਸਾਲਾਂ ਤੋਂ ਸਾਹਿਤ ਸਿਰਜਣਾ ਅਤੇ ਜਥੇਬੰਦਕ ਕਾਰਜਾਂ ਵਿੱਚ ਸਰਗਰਮ ਹਨ। ਮਾਨਖੇੜਾ ਦੇ ਤਿੰਨ ਕਹਾਣੀ ਸੰਗ੍ਰਹਿ, ਦੋ ਵਾਰਤਕ ਪੁਸਤਕਾਂ ਅਤੇ ਇੱਕ ਨਾਵਲ ਛਪ ਚੁੱਕਿਆ ਹੈ। ਉਸ ਨੇ ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, ਪ੍ਰਗਤੀਸ਼ੀਲ ਲੇਖਕ ਸੰਘ, ਪੰਜਾਬ ਕਲਾ ਪ੍ਰੀਸ਼ਦ ਦੇ ਅਦਾਰੇ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਦੇ ਆਹੁਦੇਦਾਰ ਦੇ ਤੌਰ 'ਤੇ ਕੰਮ ਕੀਤਾ ਹੈ। ਪੰਜਾਬੀ ਸਾਹਿਤ ਸਭਾ ਬਠਿੰਡਾ ਵਿੱਚ ਲਗਾਤਾਰ ਉਹ ਪਿਛਲੇ ਪੈਂਤੀ ਸਾਲਾਂ ਤੋਂ ਸਰਗਰਮ ਹੈ। ਹੁਣ ਉਹ ਪੰਜਾਬੀ ਸਾਹਿਤ ਸਭਾ ਰਜਿ. ਬਠਿੰਡਾ ਦੇ ਪ੍ਰਧਾਨ ਹਨ। ਮਾਨਖੇੜਾ ਨੂੰ ਇਹ ਜ਼ਿੰਮੇਵਾਰੀ ਮਿਲਣ 'ਤੇ ਪੰਜਾਬੀ ਸਾਹਿਤ ਸਭਾ ਰਜਿ. ਬਠਿੰਡਾ ਦੇ ਸਮੂਹ ਮੈਂਬਰਾਂ ਵੱਲੋਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਪੰਜਾਬੀ ਸਾਹਿਤ ਸਭਾ ਦੇ ਜਨਰਲ ਸਕੱਤਰ ਰਣਜੀਤ ਗੌਰਵ ਅਤੇ ਪ੍ਰਚਾਰ ਸਕੱਤਰ ਅਮਨ ਦਾਤੇਵਾਸੀਆ ਨੇ ਜਸਪਾਲ ਮਾਨਖੇੜਾ ਨੂੰ ਮੁਬਾਰਕਾਂ ਦਿੰਦਿਆਂ ਕਿਹਾ ਕਿ ਆਸ ਹੀ ਨਹੀਂ, ਵਿਸ਼ਵਾਸ ਹੈ ਕਿ ਮਾਨਖੇੜਾ ਪੰਜਾਬੀ ਮਾਂ ਬੋਲੀ ਅਤੇ ਸਾਹਿਤ ਦੀ ਸੇਵਾ ਵਿੱਚ ਆਪਣਾ ਹੋਰ ਯੋਗਦਾਨ ਪਾਉਣਗੇ।



**— ਰਣਜੀਤ ਗੌਰਵ**

# ਪਾਠਕਾਂ ਦੇ ਝਰੋਖੇ 'ਚੋਂ

## ਸਰਕਾਰੀ ਕਾਲਜਾਂ ਦੀ ਮੰਦਹਾਲੀ

26 ਮਾਰਚ ਦੇ ਨਵਾਂ ਜ਼ਮਾਨਾ ਵਿਚ ਮੁੱਖ ਪੰਨੇ 'ਤੇ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਹਰਮੀਤ ਵਿਦਿਆਰਥੀ ਨੇ ਪੰਜਾਬ ਦੇ ਸਰਕਾਰੀ ਕਾਲਜਾਂ ਦੀ ਨਿੱਘਰ ਚੁੱਕੀ ਆਰਥਿਕ ਹਾਲਤ ਦਾ ਵੇਰਵੇ ਸਹਿਤ ਜ਼ਿਕਰ ਕੀਤਾ ਹੈ। ਸਰਕਾਰੀ ਕਾਲਜਾਂ ਦੀ ਗਿਣਤੀ ਪਹਿਲਾਂ ਹੀ ਬਹੁਤ ਘੱਟ ਹੈ। ਨਿੱਜੀ ਕਾਲਜਾਂ ਦਾ ਵੀ ਬਹੁਤ ਮਾੜਾ ਹਾਲ ਹੈ । ਤਕਨੀਕੀ ਕਾਲਜਾਂ ਵਿਚ ਕੋਈ ਬੱਚਾ ਪੜ੍ਹ ਕੇ ਰਾਜ਼ੀ ਨਹੀਂ ਹੈ, ਕਿਉਂਕਿ ਲੱਖਾਂ ਰੁਪਏ ਖਰਚ ਕੇ ਪ੍ਰਾਪਤ ਸਿੱਖਿਆ ਪਿੱਛੋਂ ਡਿਗਰੀਆਂ ਲੈ ਕੇ ਕਿਸੇ ਨੂੰ ਚੱਜ ਦੀ ਨੌਕਰੀ ਨਹੀਂ ਮਿਲਦੀ। ਪ੍ਰਾਈਵੇਟ ਨੌਕਰੀਆਂ ਵਿਚ ਬਹੁਤ ਸ਼ੋਸ਼ਣ ਹੁੰਦਾ ਹੈ। ਮਾਮੂਲੀ ਉਜਰਤਾਂ ਦੇ ਕੇ ਸਾਰਾ-ਸਾਰਾ ਦਿਨ ਕੰਮ ਲਿਆ ਜਾਂਦਾ ਹੈ। ਸਰਕਾਰੀ ਨੌਕਰੀਆਂ ਲਈ ਫਜ਼ੂਲ ਦੇ ਟੈਸਟਾਂ ਦੀ ਉਲਝਣ ਵਿਚ ਬੱਚੇ ਫਸ ਕੇ ਰਹਿ ਗਏ ਹਨ। ਪਿੱਛੇ ਜਿਹੇ ਸਰਕਾਰੀ ਅਧਿਆਪਕਾਂ ਨੂੰ ਘਰਾਂ ਤੋਂ ਸੈਂਕੜੇ ਮੀਲ ਦੂਰ ਲਾਏ ਜਾਣ ਨਾਲ ਰੋਜ਼ ਦਾ ਸਫਰ ਮੌਤ ਦਾ ਖੌਅ ਬਣ ਗਿਆ। ਫਾਜ਼ਿਲਕਾ ਤੋਂ ਤਰਨ ਤਾਰਨ ਦਾ ਸਫਰ। ਐਨਾ ਸਫਰ ਕਰਕੇ ਪੜ੍ਹਾਉਣ ਦਾ ਸਟੈਮਿਨਾ ਹੀ ਨਹੀਂ ਰਹਿ ਜਾਂਦਾ। ਰੁਜ਼ਗਾਰ ਦਿੱਤਾ ਵੀ ਤੇ ਉਹ ਮੌਤ ਦਾ ਕਾਰਨ ਬਣ ਗਿਆ। ਪਿਛਲੇ ਕਈ ਸਾਲਾਂ ਤੋਂ ਅਨੁਸੂਚਿਤ ਜਾਤੀ ਸਕਾਲਰਸ਼ਿਪ ਨਹੀਂ ਮਿਲਿਆ, ਜਿਸ ਕਰਕੇ ਹਜ਼ਾਰਾਂ ਬੱਚੇ ਪੜ੍ਹਾਈ ਛੱਡ ਗਏ। ਅਧਿਆਪਕਾਂ ਨੂੰ ਕਈ-ਕਈ ਮਹੀਨਿਆਂ ਦੀਆਂ ਤਨਖਾਹਾਂ ਨਹੀਂ ਮਿਲੀਆਂ। ਸਰਕਾਰੀ ਕਾਲਜਾਂ ਦਾ ਵਧੇਰੇ ਸਿਖਿਅਤ ਅਮਲਾ ਮਾਮੂਲੀ ਤਨਖਾਹਾਂ 'ਤੇ ਕੰਮ ਕਰਦਾ ਆ ਰਿਹਾ ਹੈ। ਗਿਣਤੀ ਦੇ ਕਾਲਜ ਵੀ ਸਰਕਾਰ ਕੋਲੋਂ ਸੰਭਾਲੇ ਨਹੀਂ ਜਾਂਦੇ। ਕੀ ਸਰਕਾਰ ਇਸ ਲਈ ਚੁਣੀ ਸੀ ਕਿ ਲੋਕਾਂ ਦਾ ਸ਼ੋਸ਼ਣ ਹੋਵੇ। ਨਵਾਂ ਜ਼ਮਾਨਾ ਦਾ ਸਿੱਖਿਆ ਸੰਬੰਧੀ ਲੇਖ ਕਈ ਸਵਾਲ ਖੜੇ ਕਰਦਾ ਹੈ। ਮਹਿੰਦਰ ਸਿੰਘ ਦੁਸਾਂਝ ਨੇ ਆਪਣੇ ਪਿਆਰੇ ਪਾਠਕਾਂ ਦੀਆਂ ਗੱਲਾਂ ਖੁੱਲ੍ਹ ਕੇ ਕੀਤੀਆਂ ਹਨ। ਲੇਖਕ ਲਈ ਪਾਠਕ ਉਸ ਦੀ ਦੌਲਤ ਹਨ। ਲੇਖਕ ਦਾ ਮਾਣ ਹਨ। ਲੇਖਕ ਨੂੰ ਆਪਣੇ ਪਾਠਕਾਂ ਕੋਲੋਂ ਉਤਸ਼ਾਹ ਮਿਲਦਾ ਹੈ। ਪਿੱਛੇ ਜਿਹੇ ਮਹਿੰਦਰ ਸਿੰਘ ਦੁਸਾਂਝ ਨੇ ਨਵਾਂ ਜ਼ਮਾਨਾ ਵਿਚ ਧਰਮੀ ਤੇ ਤਰਕਸ਼ੀਲ ਵਿਚਾਰਾਂ ਦਾ ਵਿਸ਼ਲੇਸ਼ਣ ਕੀਤਾ ਸੀ। ਮਹਿੰਦਰ ਸਿੰਘ ਦੁਸਾਂਝ ਪਾਠਕਾਂ ਦਾ ਹਰਮਨ-ਪਿਆਰਾ ਲੇਖਕ ਹੈ। ਉਸ ਦੇ ਪਾਠਕਾਂ ਨਾਲ ਨਿੱਘੇ ਸੰਬੰਧ ਹਨ। ਕਈ ਪਾਠਕ ਦੁਸਾਂਝ ਨਾਲ ਆਪਣੇ ਗਿਲੇ-ਸ਼ਿਕਵੇ ਵੀ ਦੂਰ ਕਰਦੇ ਹਨ। ਦੁਸਾਂਝ ਸਾਹਿਬ ਹਰੇਕ ਪਾਠਕ ਦੀ ਗੱਲ ਸੁਣਦੇ ਹਨ। ਹਰੇਕ ਪਾਠਕ ਨੂੰ ਤਸੱਲੀਬਖਸ਼ ਉੱਤਰ ਦੇ ਕੇ ਨਿਵਾਜਦੇ ਹਨ। ਇਹ ਦੁਸਾਂਝ ਜੀ ਦੀ ਵੱਡੀ ਸ਼ਖ਼ਸੀਅਤ ਦੀ ਨਿਸ਼ਾਨੀ ਹੈ। ਖੇਤੀ ਬਾਰੇ ਲਿਖਤਾਂ ਦੇ ਉਹ ਸੰਜੀਦਾ ਕਲਮਕਾਰ ਹਨ ਤੇ ਵਧੇਰੇ ਪਾਠਕ ਵੀ ਦੁਸਾਂਝ ਦੀਆਂ ਖੇਤੀ ਲਿਖਤਾਂ ਦੇ ਹਨ। ਕਾਮਰੇਡ ਜਗਰੂਪ ਦੇ ਲੇਖ ਦਾ ਸਾਰ ਇਹੋ ਹੈ ਕਿ ਸਾਡਾ ਦੇਸ਼ ਵੀ ਹੁਣ ਫਾਸ਼ੀਵਾਦ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਫਾਸ਼ੀਵਾਦੀ ਦੇਸ਼ ਦੇ ਰਹਿਬਰ ਕਿਸੇ ਵਿਰੋਧੀ ਪਾਰਟੀ ਜਾਂ ਲੋਕਾਂ ਦੀ ਗੱਲ ਨਹੀਂ ਸੁਣਦੇ। ਇਹ ਰੁਝਾਨ ਸਾਡੇ ਦੇਸ਼ ਵਿਚ ਵਧ ਰਿਹਾ ਹੈ। ਪੰਜਾਬ ਵਿਚ ਇਸ ਦੀ ਝਲਕ ਮਿਲ ਰਹੀ ਹੈ। ਵਿਰੋਧੀਆਂ ਨਾਲ ਭੈੜਾ ਸਲੂਕ ਕੀਤਾ ਜਾ ਰਿਹਾ ਹੈ। ਲੋਕਾਂ ਲਈ ਕੀਤੇ ਕੰਮ ਲੋਕ ਭਲਾਈ ਦੇ ਕੰਮਾਂ ਨੂੰ ਪਿੱਛੇ ਸੁੱਟਿਆ ਜਾ ਰਿਹਾ ਹੈ। ਸਰਕਾਰੀ ਇਸ਼ਤਿਹਾਰ ਵਿਸ਼ੇਸ਼ ਅਖਬਾਰ ਲਈ ਬੰਦ ਕਰਨੇ ਫਾਸ਼ੀਵਾਦ ਦੀ ਨਿਸ਼ਾਨੀ ਹੈ। ਇਸ ਵਾਰ ਵੀ ਮਿੰਨੀ ਕਹਾਣੀਆਂ ਪੜ੍ਹ ਕੇ ਬਹੁਤ ਚੰਗਾ ਲੱਗਾ। ਰਾਜਿੰਦਰ ਕੌਰ ਵੰਤਾ, ਵਿਵੇਕ, ਪ੍ਰੀਤ ਨੀਤਪੁਰ, ਜਗਦੀਸ਼ ਅਰਮਾਨੀ, ਤ੍ਰਿਪਤ ਭੱਟੀ, ਗੁਰਪ੍ਰੀਤ ਕੌਰ, ਦਰਸ਼ਨ ਮਿਤਵਾ, ਸ਼ਰਨ ਮੱਕੜ ਦੀਆਂ ਰਚਨਾਵਾਂ ਪੜ੍ਹ ਕੇ ਰੂਹ ਖੁਸ਼ ਹੋ ਗਈ। ਨਵਾਂ ਜ਼ਮਾਨਾ ਮਿੰਨੀ ਕਹਾਣੀ ਬਹੁਤ ਪਿਆਰ ਨਾਲ ਛਾਪਦਾ ਆ ਰਿਹਾ ਹੈ। ਅਖਬਾਰ ਦੀ ਇਹ ਵੱਡੀ ਸਿਫਤ ਹੈ। ਡਾ. ਸ਼ਿਆਮ ਸੁੰਦਰ ਦੀਪਤੀ ਦਾ ਸ਼ਬਦਾਂ ਦਾ ਸਫਰ ਪੜ੍ਹ ਕੇ ਦਿਲ ਖੁਸ਼ ਹੋਇਆ। ਸ਼ਬਦਾਂ ਦਾ ਸਫਰ ਬਹੁਤ ਮਾਣਮੱਤਾ ਹੈ। ਦੀਪਤੀ ਦੇ ਲੱਖਾਂ ਪਾਠਕ ਹਰ ਐਤਵਾਰ ਇਸ ਕਾਲਮ ਨੂੰ ਸ਼ਿੱਦਤ ਨਾਲ ਉਡੀਕਦੇ ਹਨ। ਦੀਪਤੀ ਜੀ ਦੀ ਸਾਹਿਤ ਅਤੇ ਸਿਹਤ (ਮੈਡੀਕਲ) ਨੂੰ ਇਕੋ ਜਿਹੀ ਦੇਣ ਹੈ। ਨਿੰਦਰ ਘੁਗਿਆਣਵੀ ਦੀ ਕਿਤਾਬ 'ਜੱਜ ਦਾ ਅਰਦਲੀ' ਦਾ ਅੰਗਰੇਜ਼ੀ ਤਰਜਮਾ ਪੜ੍ਹ ਕੇ ਇਕ ਸੂਝਵਾਨ ਜੱਜ ਦਾ ਪ੍ਰਤੀਕਰਮ ਪੜ੍ਹ ਕੇ ਬਹੁਤ ਖੁਸ਼ੀ ਹੋਈ। ਨਿੰਦਰ ਘੁਗਿਆਣਵੀ ਪੰਜਾਬ ਦਾ ਮਾਣਮੱਤਾ ਸਾਹਿਤਕਾਰ ਹੈ। ਸੁਖਵੰਤ ਕੌਰ ਮਾਨ ਦੀ ਕਹਾਣੀਆਂ ਦੀ ਵੱਡਆਕਾਰੀ ਕਿਤਾਬ ਦਾ ਸਮੀਖਿਆ ਲੇਖ (ਡਾ. ਸੁਖਪਾਲ ਕੌਰ ਸਮਰਾਲਾ) ਪੜ੍ਹ ਕੇ ਬਹੁਤ ਚੰਗਾ ਲੱਗਾ। ਸਮੀਖਿਆਕਾਰ ਨੇ ਕਹਾਣੀਆਂ ਦੀ ਤਹਿ ਤੱਕ ਜਾਣ ਦਾ ਸੁਚੱਜਾ ਯਤਨ ਕੀਤਾ ਹੈ।

**- ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**
3/1751 **ਕੈਲਾਸ਼ ਨਗਰ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਫਾਸ਼ੀਵਾਦ ਅਤੇ ਫਾਸ਼ੀਵਾਦ ਵਿਰੋਧੀ ਮੋਰਚਾ-3 : ਜਗਰੂਪ**

**ਰੂਹੀ ਦਾ ਲਾਲ ਹਰਦੇਵ ਅਰਸ਼ੀ : ਜਸਪਾਲ ਮਾਨਖੇੜਾ**

**'ਨਾਬਰ ਪੈੜਾਂ' ਦੀ ਪਰਖ ਪੜਚੋਲ : ਡਾ. ਹਰਜਿੰਦਰ ਅਟਵਾਲ**

**ਸਮਕਾਲੀ ਕਾਵਿ ਵੰਨਗੀਆਂ ਤੇ ਹੋਰ ਬਹੁਤ ਕੁਝ**

# ਸਮਕਾਲ

## ਸਿਰਜਣਾ : ਅਪ੍ਰੈਲ-ਜੂਨ 2023




ਇਸ ਅੰਕ ਦੀ ਸੰਪਾਦਕੀ 'ਇੱਕ ਦੇਸ਼ ਇੱਕ ਭਾਸ਼ਾ' ਦੀ ਹਾਕਮਾਂ ਵੱਲੋਂ ਨਵੀਂ ਵੰਗਾਰ ਨਾਲ ਸੁਹਿਰਦਤਾ ਨਾਲ ਨਜਿੱਠਣ ਦੀ ਗੱਲ ਕਰਦੀ ਹੈ। ਮਨਦੀਪ ਔਲਖ ਦੀਆਂ ਮਹੱਤਵਪੂਰਨ ਕਵਿਤਾਵਾਂ ਹਨ, ਜਿਨ੍ਹਾਂ ਵਿੱਚ ਗਰਲਜ਼ ਹੋਸਟਲ ਵੀ ਸ਼ਾਮਲ ਹੈ। ਸਮਕਾਲੀ ਵੰਗਾਰਾਂ ਨੂੰ ਉਹ ਜਿਸ ਬੇਬਾਕੀ ਨਾਲ ਪੇਸ਼ ਕਰਦੀ ਹੈ, ਇਹ ਉਸ ਦੀ ਉੱਤਮ ਉਦਾਹਰਣ ਹੈ। ਪ੍ਰੇਮ ਸਾਹਿਲ ਦੀਆਂ ਵੀ ਕਵਿਤਾਵਾਂ ਸ਼ਾਮਲ ਹਨ। ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਬਾਰੇ ਲੇਖ ਦੇ ਨਾਲ-ਨਾਲ ਸੁਕੀਰਤ ਦੀ ਸਿਆਲਕੋਟ ਯਾਤਰਾ ਦਿਲਚਸਪ ਹੈ। ਮਰਹੂਮ ਕਥਾਕਾਰ ਅਮਨਪਾਲ ਸਾਰਾ ਨਾਲ ਮੁਲਾਕਾਤ ਵੀ ਹੈ। ਸਿਮਰਨ ਧਾਲੀਵਾਲ (ਝਾਂਜਰਾਂ ਦਾ ਜੋੜਾ), ਅਨੇਮਨ ਸਿੰਘ (ਮਾਰੂਥਲ), ਮੇਜਰ ਮਾਂਗਟ (ਸ਼ਾਂਤੀ ਬਹਾਲ), ਜਸਬੀਰ ਮਾਨ (..ਤੇ ਮੈਂ..) ਅਤੇ ਰਵਿੰਦਰ ਰੁਪਾਲ ਕੌਲਗੜ੍ਹ (ਸ਼ਿਕੰਜਾ) ਦੀਆਂ ਕਹਾਣੀਆਂ ਹਨ। ਬਲਬੀਰ ਮਾਧੋਪੁਰੀ ਦੇ ਨਾਵਲ 'ਮਿੱਟੀ ਬੋਲ ਪਈ' ਬਾਰੇ ਡਾ. ਗੁਰਮੇਲ ਸਿੰਘ ਦਾ ਵਿਸਥਾਰ ਵਾਲਾ ਪੜਚੋਲਵਾਂ ਲੇਖ ਹੈ। ਹੋਰ ਪੁਸਤਕ ਰੀਵਿਊ ਵੀ ਹਨ।

ਪੰਨੇ : 98, ਮੁੱਲ : 50 ਰੁਪਏ, ਸੰਪਾਦਕ : ਰਘਬੀਰ ਸਿੰਘ, ਸੰਪਰਕ : 1728 ਸੈਕਟਰ 43-ਬੀ, ਚੰਡੀਗੜ੍ਹ, ਫੋਨ : 0172-2601693

## ਪਰਵਾਜ਼ : ਜੁਲਾਈ-ਦਸੰਬਰ 2022




ਪਰਵਾਜ਼ ਦਾ ਇਹ ਕਹਾਣੀ ਅੰਕ ਹੈ। ਸੰਪਾਦਕੀ ਵਿੱਚ ਪੰਜਾਬੀ ਕਹਾਣੀ ਬਾਰੇ ਕੁਝ ਤੱਥ ਅਤੇ ਕੁਝ ਨਿਰਣੇ ਪੇਸ਼ ਕੀਤੇ ਹਨ। ਪੰਕਜ ਸੁਬੀਰ (ਹਿੰਦੀ), ਸੁਰਿੰਦਰ ਰਾਮਪੁਰੀ, ਨਿਰੰਜਨ ਬੋਹਾ, ਸੁਖਦੇਵ ਸਿੰਘ ਸ਼ਾਂਤ, ਮੁਖਤਿਆਰ ਗਿੱਲ, ਜਸਵਿੰਦਰ ਸਿੰਘ ਮਾਣੋਚਾਹਲ, ਜਸਬੀਰ ਕਲਸੀ, ਰੁਪਿੰਦਰ ਰੁਪਾਲ ਕੌਲਗੜ੍ਹ, ਜਗੀਰ ਸੱਧਰ, ਜਸਪਾਲ ਮਾਨਖੇੜਾ, ਮਨਜੀਤ ਕੌਰ ਔਲਖ ਦੀਆਂ ਕਹਾਣੀਆਂ ਦੇ ਨਾਲ-ਨਾਲ ਪੁਸਤਕ ਸਮੀਖਿਆ, ਰੀਵਿਊਕਾਰੀ ਵੀ ਹੈ।

ਪੰਨੇ : 104, ਮੁੱਲ : 100 ਰੁਪਏ, ਮੁੱਖ ਸੰਪਾਦਕ : ਅਤਰਜੀਤ, ਸੰਪਰਕ : ਕਥਾ ਨਿਵਾਸ 24319, ਗਲੀ ਨੰ: ਬੀ-6, ਗੁਰੂ ਕੀ ਨਗਰੀ, ਬਠਿੰਡਾ (ਮੋ:) 94175-81936

## ਮੇਲਾ : ਜਨਵਰੀ-ਜੂਨ 2023




ਮੇਲਾ ਦਾ ਇਹ ਕਵਿਤਾ ਵਿਸ਼ੇਸ਼ ਅੰਕ ਹੈ। ਇਸ ਵਿੱਚ ਸੁਲਤਾਨ ਬਾਹੂ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ ਤੋਂ ਸ਼ੁਰੂ ਕਰਕੇ ਪੂਰਨ ਸਿੰਘ, ਭਾਈ ਵੀਰ ਸਿੰਘ ਤੋਂ ਹੁੰਦੇ ਹੋਏ ਆਧੁਨਿਕ ਸਮੇਂ ਦੇ ਕਾਵਿ ਸਿਰਜਕਾਂ ਦੇ ਕਲਾਮ ਸ਼ਾਮਲ ਕੀਤੇ ਗਏ ਹਨ। ਗ਼ਜ਼ਲ, ਗੀਤ, ਰੁਬਾਈ, ਕਾਫੀ, ਦੋਹੜੇ ਆਦਿ ਕਾਵਿ ਰੂਪਾਂ ਵਿਚਲੀ ਪੰਜਾਬੀ ਕਾਵਿਕਾਰੀ ਇੱਕ ਥਾਂ ਪਾਠਕਾਂ ਨੂੰ ਮਿਲੇਗੀ। ਸੁਰਜੀਤ ਪਾਤਰ, ਗੁਰਭਜਨ ਗਿੱਲ, ਮੋਹਨਜੀਤ, ਦਰਸ਼ਨ ਬੁੱਟਰ, ਲਖਵਿੰਦਰ ਜੌਹਲ, ਸੁਖਚੈਨ, ਸੁਰਿੰਦਰ ਗਿੱਲ, ਲੋਕ ਨਾਥ, ਹਰਮੀਤ ਵਿਦਿਆਰਥੀ, ਜਗਵਿੰਦਰ ਜੋਧਾ, ਜਸਵੰਤ ਜ਼ਫਰ, ਗੁਰਤੇਜ ਕੋਹਾਰਵਾਲਾ, ਸੁਆਮੀ ਅੰਤਰ ਨੀਰਵ ਆਦਿ ਕਵੀਆਂ ਦੇ ਨਾਲ-ਨਾਲ ਬਾਬੂ ਰਜਬ ਅਲੀ ਦੇ ਬਹੱਤਰ ਕਲੀਏ ਛੰਦ ਵੀ ਸ਼ਾਮਲ ਹਨ। ਵਿਸ਼ੇਸ਼ ਅੰਕ ਮੇਲਾ ਵਾਲੇ ਲਗਾਤਾਰ ਛਾਪ ਰਹੇ ਹਨ। ਪੰਜਾਬੀ ਸਾਹਿਤ ਦੀਆਂ ਵਿਭਿੰਨ ਵੰਨਗੀਆਂ ਦੀ ਸਾਂਭ-ਸੰਭਾਲ ਲਈ ਇਹ ਵਧੀਆ ਉਪਰਾਲਾ ਹੈ।

ਪੰਨੇ : 144, ਮੁੱਲ : 100 ਰੁਪਏ, ਸੰਪਾਦਕ : ਰਜਿੰਦਰ ਮਾਜ਼ੀ, ਸੰਪਰਕ : ਅਪਨਾ ਘਰ, ਗਲੀ ਨੰ: 12 ਬੀ, ਮਾਡਲ ਟਾਊਨ, ਅਬੋਹਰ-152116 (ਮੋ:) 78371-28100

## ਕਲਾਕਾਰ : ਅਪ੍ਰੈਲ-ਜੂਨ 2023




ਬੇ-ਸੰਪਾਦਕੀ ਇਸ ਅੰਕ ਵਿੱਚ ਗ਼ਜ਼ਲਾਂ, ਗੀਤ, ਨਜ਼ਮਾਂ ਦੇ ਨਾਲ-ਨਾਲ ਕਹਾਣੀਆਂ ਦੀਪ ਦਵਿੰਦਰ, ਤਰਸੇਮ ਸਿੰਘ ਭੰਗੂ, ਅੰਜਨਾ ਸ਼ਿਵਦੀਪ, ਰਵੀ ਸ਼ੇਰਗਿੱਲ, ਕੰਵਰਜੀਤ ਭੱਠਲ ਸ਼ਾਮਲ ਹਨ। ਵਿਅੰਗ, ਸ਼ਬਦ-ਚਿੱਤਰ, ਸੱਭਿਆਚਾਰ, ਪੁਸਤਕ ਚਰਚਾ ਅਤੇ ਰੀਵਿਊ ਵੀ ਹਨ।

ਪੰਨੇ : 104, ਮੁੱਲ : 75 ਰੁਪਏ, ਸੰਪਾਦਕ : ਕੰਵਰਜੀਤ ਭੱਠਲ, ਸੰਪਰਕ : ਕਲਾਕਾਰ ਨਿਵਾਸ, ਪੱਤੀ ਰੋਡ, ਬਰਨਾਲਾ-148101 (ਮੋ:) 94179-93599

## ਸੰਗਰਾਮੀ ਲਹਿਰ : ਮਾਰਚ 2023




ਇਸ ਅੰਕ ਦੀ ਸੰਪਾਦਕੀ ਮੋਦੀ ਦੇ ਫਾਸ਼ੀਵਾਦੀ ਏਜੰਡੇ ਦਾ ਜ਼ਿਕਰ ਅਤੇ ਫਿਕਰ ਕਰਦੀ ਹੈ। ਰਵੀ ਕੰਵਰ, ਜੈਪਾਲ ਸਿੰਘ, ਆਸ਼ੂਤੋਸ਼ ਸ਼ਰਮਾ ਦੇ ਲੇਖਾਂ ਦੇ ਨਾਲ-ਨਾਲ ਕੁੱਲਵਰਤੀ ਕਹਾਣੀਕਾਰ ਸੰਤੋਖ ਸਿੰਘ ਧੀਰ ਦੀ ਕਹਾਣੀ ਵੀ ਸ਼ਾਮਲ ਹੋਈ ਹੈ। ਦੋ ਗ਼ਜ਼ਲਾਂ ਵੀ ਹਨ। ਸਰਗਰਮੀਆਂ ਤੇ ਕੁਝ ਹੋਰ ਵੀ ਹੈ।

ਪੰਨੇ : 44, ਮੁੱਲ : 20 ਰੁਪਏ, ਸੰਪਾਦਕ : ਮੰਗਤ ਰਾਮ ਪਾਸਲਾ, ਸੰਪਰਕ : ਸ਼ਹੀਦ ਸਰਵਣ ਸਿੰਘ ਚੀਮਾ, ਮੈਮੋਰੀਅਲ ਭਵਨ, 352/1, ਗੜ੍ਹਾ, ਜਲੰਧਰ-144001 (ਫੋਨ) 0181-2483033

*- ਹਰਜਿੰਦਰ ਅਟਵਾਲ (ਡਾ.)*

ਐਤਵਾਰ, 2 ਅਪ੍ਰੈਲ, 2023
20 ਚੇਤ { ਨਾਨਕਸ਼ਾਹੀ 555 / ਬਿਕਰਮੀ 2080 }
ਜਿਲਦ/VOL. : 71
ਅੰਕ/NO. : 301

# ਨਵਾਂ ਜ਼ਮਾਨਾ

DAILY NAWAN ZAMANA • SUNDAY, 2 APRIL, 2023
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 14

# 'ਕਿਰਾਏ 'ਤੇ ਸੜਕਾਂ' ਦਾ ਦੌਰ ਖ਼ਤਮ : ਮਾਨ

**ਅਨੰਦਪੁਰ ਸਾਹਿਬ (ਅਰਵਿੰਦ ਸਿੰਘ ਬਿੰਦੀ)**

ਟੋਲ ਪਲਾਜ਼ਿਆਂ 'ਤੇ ਆਮ ਲੋਕਾਂ ਦੀ ਲੁੱਟ ਰੋਕਣ ਲਈ ਸੂਬਾ ਸਰਕਾਰ ਦੀ ਲੋਕ-ਪੱਖੀ ਪਹਿਲਕਦਮੀ ਜਾਰੀ ਰੱਖਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਨੀਵਾਰ ਸੂਬੇ ਦਾ ਅੱਠਵਾਂ ਟੋਲ ਪਲਾਜ਼ਾ ਬੰਦ ਕਰਵਾਇਆ, ਜਿਸ ਨਾਲ ਆਮ ਲੋਕਾਂ ਦੀ ਰੋਜ਼ਾਨਾ 10.12 ਲੱਖ ਰੁਪਏ ਦੀ ਬੱਚਤ ਹੋਵੇਗੀ। ਕੀਰਤਪੁਰ ਸਾਹਿਬ-ਰੂਪਨਗਰ ਰੋਡ 'ਤੇ ਸਥਿਤ ਟੋਲ ਪਲਾਜ਼ਾ ਬੰਦ ਕਰਨ ਮਗਰੋਂ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਟੋਲ ਪਲਾਜ਼ਾ ਵਾਲੇ ਪਿਛਲੀਆਂ ਸਰਕਾਰਾਂ ਦੀ ਮਿਲੀਭੁਗਤ ਨਾਲ ਲੋਕਾਂ ਦੀ ਨਾਜਾਇਜ ਲੁੱਟ ਕਰ ਰਹੇ ਸਨ। ਉਨ੍ਹਾ ਕਿਹਾ ਕਿ ਉਨ੍ਹਾਂ ਭ੍ਰਿਸ਼ਟਾਚਾਰ ਮੁਕਤ ਪੰਜਾਬ, ਨੌਜਵਾਨਾਂ ਲਈ ਰੁਜ਼ਗਾਰ, ਮੁਫਤ ਬਿਜਲੀ, ਸਕੂਲਾਂ-ਕਾਲਜਾਂ ਦੀ ਕਾਇਆਕਲਪ ਸਮੇਤ ਹੋਰ ਗਾਰੰਟੀਆਂ ਦਿੱਤੀਆਂ ਸਨ। ਮਾਨ ਨੇ ਕਿਹਾ ਕਿ ਕਈ ਹੋਰ ਅਜਿਹੇ ਕੰਮ ਕੀਤੇ ਜਾ ਰਹੇ ਹਨ, ਜੋ ਗਰੰਟੀ ਦਾ ਹਿੱਸਾ ਨਹੀਂ ਸਨ, ਪਰ ਇਹ ਸੂਬਾ ਸਰਕਾਰ ਦਾ ਫਰਜ਼ ਹੈ।

ਉਹਨਾ ਕਿਹਾ ਕਿ ਉਨ੍ਹਾ ਲੋਕ ਸਭਾ 'ਚ ਇਹ ਮੁੱਦੇ ਉਠਾਏ ਸਨ ਅਤੇ ਹੁਣ ਜਦੋਂ ਉਨ੍ਹਾ ਨੂੰ ਲੋਕਾਂ

■ ਅੱਠਵਾਂ ਟੋਲ ਪਲਾਜ਼ਾ ਬੰਦ, ਜਨਤਾ ਦੇ ਪੈਸੇ ਦੀ ਲੁੱਟ ਬਰਦਾਸ਼ਤ ਨਹੀਂ ਕੀਤੀ ਜਾਵੇਗੀ



ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਤਾਂ ਉਹ ਇਹ ਟੋਲ ਨਾਕੇ ਬੰਦ ਕਰਵਾ ਰਹੇ ਹਨ। ਇਨ੍ਹਾਂ ਸੜਕਾਂ ਨੂੰ ਲੋਕ ਨਿਰਮਾਣ ਵਿਭਾਗ ਵੱਲੋਂ ਆਪਣੇ ਕਬਜ਼ੇ 'ਚ ਲਿਆ ਜਾਵੇਗਾ ਅਤੇ ਇਨ੍ਹਾਂ ਸੜਕਾਂ ਦੀ ਸਮੇਂ ਸਿਰ ਮੁਰੰਮਤ ਅਤੇ ਮਜ਼ਬੂਤੀ ਨੂੰ ਯਕੀਨੀ ਬਣਾਇਆ ਜਾਵੇਗਾ। ਸੂਬੇ 'ਚ 'ਕਿਰਾਏ 'ਤੇ ਸੜਕਾਂ' ਦਾ ਦੌਰ ਖਤਮ ਹੋ ਗਿਆ ਹੈ ਅਤੇ ਇਹ ਆਮ ਆਦਮੀ ਲਈ ਵੱਡੀ ਰਾਹਤ ਹੈ। ਕਾਂਗਰਸ ਅਤੇ ਅਕਾਲੀਆਂ ਨੇ ਟੋਲ ਪਲਾਜ਼ਾ ਕੰਪਨੀਆਂ ਨਾਲ ਮਿਲੀਭੁਗਤ ਕਰਕੇ ਸਾਰੇ ਮਾੜੇ ਕੰਮਾਂ ਨੂੰ ਅੱਖੋਂ-ਪਰੋਖੇ ਕਰਕੇ ਉਨ੍ਹਾਂ ਨੂੰ ਵੱਡਾ ਫਾਇਦਾ ਪਹੁੰਚਾਇਆ ਹੈ। ਜਦੋਂ ਆਮ ਆਦਮੀ ਪਾਰਟੀ ਨੂੰ ਸੱਤਾ ਮਿਲੀ ਹੈ ਤਾਂ ਜਨਤਾ ਦੇ ਪੈਸੇ ਦੀ ਇਸ ਸਰੇਆਮ ਲੁੱਟ ਨੂੰ ਰੋਕਿਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਟੋਲ ਪਲਾਜ਼ਾ ਦਾ ਸਮਝੌਤਾ ਕੈਪਟਨ ਸਰਕਾਰ ਵੇਲੇ 10 ਅਕਤੂਬਰ 2006 ਨੂੰ ਹੋਇਆ ਸੀ ਅਤੇ 16.50 ਸਾਲਾਂ ਲਈ ਟੋਲ ਲਗਾਇਆ ਗਿਆ ਸੀ। ਇਹ ਟੋਲ ਅਕਾਲੀ-ਭਾਜਪਾ ਸਰਕਾਰ ਦੌਰਾਨ 20 ਨਵੰਬਰ 2007 ਨੂੰ ਚਾਲੂ ਹੋ ਗਿਆ ਸੀ ਅਤੇ ਸਮਝੌਤੇ ਅਨੁਸਾਰ ਪਹਿਲਾ ਮੁਰੰਮਤ ਦਾ ਕੰਮ 19 ਨਵੰਬਰ 2013 ਨੂੰ ਕੀਤਾ ਜਾਣਾ ਸੀ। ਤਤਕਾਲੀ ਅਕਾਲੀ ਸਰਕਾਰ ਨੇ ਸੂਬੇ ਅਤੇ ਇੱਥੋਂ ਦੇ ਲੋਕਾਂ ਦੇ ਹਿੱਤਾਂ ਨੂੰ ਨਜ਼ਰਅੰਦਾਜ ਕੀਤਾ, ਜਿਸ ਕਾਰਨ ਨਿਰਧਾਰਤ ਮਿਤੀ ਤੋਂ ਇਕ ਸਾਲ ਬਾਅਦ 1 ਨਵੰਬਰ 2014 ਨੂੰ ਪ੍ਰੀਮਿਕਸ ਪਾਉਣ ਦਾ ਕੰਮ ਕੀਤਾ ਗਿਆ, ਪਰ ਹੈਰਾਨੀ ਦੀ ਗੱਲ ਹੈ ਕਿ ਕੰਪਨੀ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।

ਮੁੱਖ ਮੰਤਰੀ ਨੇ ਕਿਹਾ ਕਿ ਦੂਜਾ ਮੁਰੰਮਤ ਕਾਰਜ 19 ਨਵੰਬਰ 2017 ਨੂੰ ਕੀਤਾ ਜਾਣਾ ਸੀ, ਪਰ ਇਹ ਨਿਰਧਾਰਤ ਸਮੇਂ ਦੀ ਬਜਾਏ 1093 ਦਿਨਾਂ ਦੀ ਦੇਰੀ ਨਾਲ 16 ਨਵੰਬਰ 2020 ਨੂੰ ਕੀਤਾ ਗਿਆ। ਇਸ ਦੇਰੀ ਨਾਲ ਜੁਰਮਾਨਾ ● ਬਾਕੀ ਸਫ਼ਾ 10 'ਤੇ

# 317 ਦਿਨਾਂ ਬਾਅਦ 'ਗੁਰੂ' ਜੇਲ੍ਹ 'ਚੋਂ ਰਿਹਾਅ



**ਪਟਿਆਲਾ :** ਸਾਢੇ ਤਿੰਨ ਦਹਾਕੇ ਪਹਿਲਾਂ ਪਟਿਆਲਾ 'ਚ ਵਾਪਰੇ ਰੋਡਰੇਜ ਕੇਸ 'ਚ 10 ਮਹੀਨੇ 11 ਦਿਨ ਦੀ ਸਜ਼ਾ ਕੱਟਣ ਤੋਂ ਬਾਅਦ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਸ਼ਨੀਵਾਰ ਬਾਹਰ ਆ ਗਏ ਹਨ। ਨਵਜੋਤ ਸਿੱਧੂ ਦੇ ਬਾਹਰ ਆਉਣ ਨਾਲ ਜਿੱਥੇ ਉਨ੍ਹਾ ਦੇ ਪਰਵਾਰਕ ਮੈਂਬਰਾਂ ਅਤੇ ਸਮਰਥਕਾਂ 'ਚ ਖੁਸ਼ੀ ਦੀ ਲਹਿਰ ਹੈ, ਉਥੇ ਪੰਜਾਬ ਦਾ ਸਿਆਸੀ ਮਾਹੌਲ ਵੀ ਗਰਮਾ ਗਿਆ ਹੈ। ਉਹ ਜੇਲ੍ਹ ਤੋਂ ਕੁਝ ਦੂਰ ਤੱਕ ਪੈਦਲ ਗਏ। ਇਸ ਮੌਕੇ ਪੁਲਸ ਵੱਲੋਂ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਉਨ੍ਹਾ ਨੂੰ ਰੋਡਰੇਜ ਮਾਮਲੇ 'ਚ ਸਜ਼ਾ ਸੁਣਾਈ ਗਈ ਸੀ। ਇਸ ਮੌਕੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਸਿੱਧੂ ਨੇ ਕਿਹਾ ਕਿ ਸਰਕਾਰ ਖੌਫਜ਼ਦਾ ਹੈ। ਜਦੋਂ ਵੀ ਤਾਨਾਸ਼ਾਹੀ ਇਸ ਦੇਸ਼ 'ਚ ਆਈ ਹੈ ਤਾਂ ਕ੍ਰਾਂਤੀ ਆਈ ਹੈ। ਉਨ੍ਹਾ ਕਿਹਾ ਕਿ ਛਾਤੀ ਠੋਕ ਕੇ ਕਹਿੰਦਾ ਹਾਂ ਕਿ ਰਾਹੁਲ ਗਾਂਧੀ ਦੇਸ਼ 'ਚ ਹੁਣ ਕ੍ਰਾਂਤੀ ਦਾ ਨਾਂਅ ਹੈ। ਅੱਜ ਲੋਕਤੰਤਰ ਨਾਂਅ ਦੀ ਕੋਈ ਚੀਜ਼ ਨਹੀਂ ਰਹੀ। ਪੰਜਾਬ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਾਜ਼ਿਸ਼ ਕੀਤੀ ਜਾ ਰਹੀ ਹੈ। ਕੇਂਦਰ ਰਾਜਾਂ ਨੂੰ ਆਪਣੇ ਕਬਜ਼ੇ 'ਚ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ। ਪੰਜਾਬ ਨੂੰ ਕਮਜ਼ੋਰ ਕਰ ਕੇ ਕੋਈ ਸਰਕਾਰ ਤਕੜੀ ਨਹੀਂ ਹੋ ਸਕਦੀ। ਉਨ੍ਹਾ ਕਿਹਾ ਕਿ ਅੱਜ ਸੰਸਥਾਵਾਂ ਗੁਲਾਮ ਹਨ। ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਦੇ ਪੁਰਖਿਆਂ ਨੇ ਦੇਸ਼ ਨੂੰ ਆਜ਼ਾਦ ਕਰਵਾਇਆ ਸੀ। ਅੱਜ ਉਨ੍ਹਾਂ ਪੁਰਖਿਆਂ ਦੀ ਪ੍ਰੇਰਨਾ ਨਾਲ ਰਾਹੁਲ ਦੀ ਦੇਸ਼ ਵਿੱਚ ਦਹਾੜ ਹੈ। ਪਹਿਲਾਂ ਉਮੀਦ ਕੀਤੀ ਜਾ ਰਹੀ ਸੀ ਕਿ ਸਿੱਧੂ ਨੂੰ ਬਾਅਦ ਦੁਪਹਿਰ ਰਿਹਾਅ ਕਰ ਦਿੱਤਾ ਜਾਵੇਗਾ, ਪਰ ਉਨ੍ਹਾ ਦੀ ਰਿਹਾਈ ਸ਼ਾਮ 5.53 ਵਜੇ ਹੋਈ। ਜਦੋਂ ਉਹ ਜੇਲ੍ਹ 'ਚੋਂ ਬਾਹਰ ਆਏ ਤਾਂ ਉਨ੍ਹਾ ਅਸਮਾਨੀ ਰੰਗ ਦੀ ਜੈਕਟ ਪਹਿਨੀ ਹੋਈ ਸੀ। ਉਨ੍ਹਾ ਨੂੰ 1988 ਵਿੱਚ ਵਾਪਰੇ ਰੋਡਰੇਜ ਮਾਮਲੇ 'ਚ ਸੁਪਰੀਮ ਕੋਰਟ ਨੇ ਬੀਤੇ ਸਾਲ 20 ਮਈ ਨੂੰ ਇਕ ਸਾਲ ਦੀ ਸਜ਼ਾ ਸੁਣਾਈ ਸੀ।

## ਜਹਾਜ਼ 'ਚ ਯਾਤਰੀ ਨੇ ਨਸ਼ੇ 'ਚ ਕਰੂ ਮੈਂਬਰ ਨਾਲ ਕੀਤੀ ਛੇੜਛਾੜ

**ਮੁੰਬਈ :** ਬੈਂਕਾਕ ਤੋਂ ਮੁੰਬਈ ਲਈ ਉਡਾਨ ਦੌਰਾਨ ਇੰਡੀਗੋ ਫਲਾਈਟ 'ਚ ਕਰੂ ਮੈਂਬਰ ਨਾਲ ਛੇੜਛਾੜ ਦੇ ਦੋਸ਼ 'ਚ ਪੁਲਸ ਨੇ ਸਵੀਡਿਸ਼ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ ਹੈ। ਮਾਮਲਾ ਇੰਡੀਗੋ ਦੀ ਫਲਾਈਟ ਨਾਲ ਜੁੜਿਆ ਹੈ। ਘਟਨਾ ਤੋਂ ਬਾਅਦ ਫਲਾਈਟ 'ਚ ਹੰਗਾਮਾ ਹੋ ਗਿਆ। ਮੁਲਜ਼ਮ ਘਟਨਾ ਸਮੇਂ ਨਸ਼ੇ 'ਚ ਸੀ। ਫਲਾਈਟ ਦੇ ਮੁੰਬਈ ਪਹੁੰਚਣ 'ਤੇ ਏਅਰਲਾਈਨ ਸਟਾਫ਼ ਨੇ ਮੁਲਾਜ਼ਮ ਨੂੰ ਪੁਲਸ ਹਵਾਲੇ ਕਰ ਦਿੱਤਾ। ਪੁਲਸ ਮੁਤਾਬਕ ਵਿਅਕਤੀ ਦੀ ਪਛਾਣ ਕਲਾਸ ਏਰਿਕ ਹੇਰਾਲਡ ਜੋਨਾਸਮ (62) ਦੇ ਰੂਪ 'ਚ ਹੋਈ।

## ਅਮੂਲ ਦੁੱਧ ਦੀਆਂ ਕੀਮਤਾਂ 'ਚ ਵਾਧਾ

**ਅਹਿਮਦਾਬਾਦ :** ਨਵੇਂ ਵਿੱਤੀ ਸਾਲ ਦੀ ਸ਼ੁਰੂਆਤ 'ਚ ਹੀ ਗੁਜਰਾਤ ਦੇ ਲੋਕਾਂ ਨੂੰ ਮਹਿੰਗਾਈ ਦਾ ਝਟਕਾ ਲੱਗਾ ਹੈ। ਗੁਜਰਾਤ 'ਚ ਅਮੂਲ ਦੁੱਧ ਨੇ ਇੱਕ ਵਾਰ ਫਿਰ ਤੋਂ ਕੀਮਤਾਂ ਵਧਾ ਦਿੱਤੀਆਂ ਹਨ। ਇਸ ਦੇ ਨਾਲ ਹੀ ਅਮੂਲ ਤਾਜ਼ਾ, ਸ਼ਕਤੀ, ਟੀ ਸਪੈਸ਼ਲ, ਕਾਊ ਮਿਲਕ, ਚਾ ਮਾਜਾ, ਸਲਿਮ ਐਂਡ ਸਟ੍ਰੀਮ, ਏ ਟੂ ਕਾਊਜ ਮਿਲ, ਮੱਝ ਦੇ ਦੁੱਧ ਸਮੇਤ ਬਰਾਂਡ ਦੀਆਂ ਕੀਮਤਾਂ ਦੋ ਰੁਪਏ ਵਧਾ ਦਿੱਤੀਆਂ ਗਈਆਂ। ਇਹ ਨਵੀਂਆਂ ਕੀਮਤਾਂ ਸ਼ਨੀਵਾਰ ਤੋਂ ਲਾਗੂ ਹੋ ਗਈਆਂ। ਨਵੀਂ ਕੀਮਤਾਂ ਦੇ ਹਿਸਾਬ ਨਾਲ ਅਮੂਲ ਗੋਲਡ 64 ਰੁਪਏ, ਅਮੂਲ ਸ਼ਕਤੀ 58 ਰੁਪਏ ਪ੍ਰਤੀ ਲੀਟਰ ਅਤੇ ਅਮੂਲ ਤਾਜ਼ਾ 52 ਰੁਪਏ ਪ੍ਰਤੀ ਲੀਟਰ ਵਿਕੇਗਾ। ਇਸ ਦੇ ਨਾਲ ਹੀ ਮੱਝ ਦੇ ਦੁੱਧ ਦੀਆਂ ਕੀਮਤਾਂ 'ਚ 4 ਰੁਪਏ ਪ੍ਰਤੀ ਲੀਟਰ ਦਾ ਵਾਧਾ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਛੇ ਮਹੀਨਿਆਂ 'ਚ ਦੂਜੀ ਵਾਰ ਅਮੂਲ ਨੇ ਦੁੱਧ ਦੀਆਂ ਕੀਮਤਾਂ ਵਧਾਈਆਂ ਹਨ।

## ਸਾਬਕਾ ਪੁਲਸ ਅਧਿਕਾਰੀ ਰਜਿੰਦਰ ਸਿੰਘ ਭਾਜਪਾ 'ਚ ਸ਼ਾਮਲ

**ਚੰਡੀਗੜ੍ਹ :** ਸਾਬਕਾ ਡੀ ਸੀ ਪੀ ਰਜਿੰਦਰ ਸਿੰਘ ਸ਼ਨੀਵਾਰ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਅਤੇ ਸੋਮ ਪ੍ਰਕਾਸ਼ ਸਮੇਤ ਕਈ ਹੋਰ ਸੀਨੀਅਰ ਆਗੂਆਂ ਦੀ ਹਾਜ਼ਰੀ 'ਚ ਭਾਜਪਾ 'ਚ ਸ਼ਾਮਲ ਹੋ ਗਏ। ਜਲੰਧਰ ਨਾਲ ਸੰਬੰਧਤ ਰਜਿੰਦਰ ਸਿੰਘ ਪਿਛਲੇ ਸਾਲ ਹੀ ਐੱਸ ਐੱਸ ਪੀ ਅਤੇ ਡੀ ਸੀ ਪੀ ਵਜੋਂ ਸੇਵਾਵਾਂ ਨਿਭਾਅ ਕੇ ਸੇਵਾਮੁਕਤ ਹੋਏ ਸਨ। ਉਨ੍ਹਾ ਬਾਰੇ ਇਹ ਕਿਆਸਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਭਾਜਪਾ ਉਨ੍ਹਾ ਨੂੰ ਜਲੰਧਰ ਜ਼ਿਮਨੀ ਚੋਣ 'ਚ ਭਾਜਪਾ ਉਮੀਦਵਾਰ ਦੇ ਤੌਰ 'ਤੇ ਪੇਸ਼ ਕਰ ਸਕਦੀ ਹੈ। ਰਜਿੰਦਰ ਸਿੰਘ ਦੇ ਪਾਰਟੀ 'ਚ ਸ਼ਾਮਲ ਹੋਣ ਮੌਕੇ ਕੇਂਦਰੀ ਮੰਤਰੀ ਸ਼ੇਖਾਵਤ ਅਤੇ ਸੋਮ ਪ੍ਰਕਾਸ਼ ਤੋਂ ਇਲਾਵਾ ਪਾਰਟੀ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ, ਸਾਬਕਾ ਮੰਤਰੀ ਮਨੋਰੰਜਨ ਕਾਲੀਆ, ਪਾਰਟੀ ਦੇ ਲੋਕ ਸਭਾ ਮੈਂਬਰ ਹੰਸ ਰਾਜ ਹੰਸ ਤੇ ਕਈ ਹੋਰ ਵੱਡੇ ਆਗੂ ਮੌਜੂਦ ਸਨ।

## ਹੋਟਲ ਦੇ ਕਮਰੇ 'ਚ ਇੱਕੋ ਪਰਵਾਰ ਦੇ ਚਾਰ ਜੀਅ ਮ੍ਰਿਤਕ ਮਿਲੇ

**ਮੰਗਲੂਰੂ :** ਕਰਨਾਟਕ ਦੇ ਮੰਗਲੂਰੂ 'ਚ ਇੱਕ ਹੋਟਲ 'ਚ ਦੋ ਬੱਚਿਆਂ ਸਣੇ ਇੱਕ ਹੀ ਪਰਵਾਰ ਦੇ ਚਾਰ ਮੈਂਬਰ ਮ੍ਰਿਤਕ ਪਾਏ ਗਏ। ਪੁਲਸ ਨੇ ਆਰਥਕ ਤੰਗੀ ਕਾਰਨ ਖੁਦਕੁਸ਼ੀ ਕਰਨ ਦਾ ਖਦਸ਼ਾ ਪ੍ਰਗਟਾਇਆ ਹੈ। ਪੁਲਸ ਨੇ ਕਿਹਾ ਕਿ ਮ੍ਰਿਤਕਾਂ ਦੀ ਪਛਾਣ ਮੈਸੂਰ ਦੇ ਦੇਵੇਂਦਰ (48), ਉਸ ਦੀ ਪਤਨੀ ਨਿਰਮਲਾ (46) ਅਤੇ ਉਨ੍ਹਾਂ ਦੀਆਂ 9 ਸਾਲਾ ਜੁੜਵਾ ਬੇਟੀਆਂ ਚੈਤਰਾ ਅਤੇ ਚੈਤੰਨਿਆ ਵਜੋਂ ਹੋਈ ਹੈ। ਇਹ ਮਾਮਲਾ ਉਸ ਸਮੇਂ ਸਾਹਮਣੇ ਆਇਆ, ਜਦੋਂ ਬੀਤੇ ਸ਼ੁੱਕਰਵਾਰ ਬੁਕਿੰਗ ਦੀ ਆਖਰੀ ਤਰੀਕ ਤੋਂ ਬਾਅਦ ਵੀ ਪਰਵਾਰ ਕਮਰੇ ਤੋਂ ਬਾਹਰ ਨਹੀਂ ਨਿਕਲਿਆ ਤਾਂ ਹੋਟਲ ਸਟਾਫ ਨੇ ਵਾਧੂ ਚਾਬੀ ਨਾਲ ਦਰਵਾਜ਼ਾ ਖੋਲ੍ਹਿਆ। ਪੁਲਸ ਨੇ ਦੱਸਿਆ ਕਿ ਪਰਵਾਰ ਨੇ ਆਰਥਕ ਤੰਗੀ ਕਾਰਨ ਖੁਦਕੁਸ਼ੀ ਕੀਤੀ ਹੈ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਦੇਵੇਂਦਰ ਨੇ ਆਪਣੇ ਬੱਚਿਆਂ ਨੂੰ ਖਾਣੇ ਵਿਚ ਜ਼ਹਿਰ ਦੇ ਕੇ ਮਾਰ ਦਿੱਤਾ ਅਤੇ ਖੁਦਕੁਸ਼ੀ ਕਰਨ ਤੋਂ ਪਹਿਲਾਂ ਆਪਣੀ ਪਤਨੀ ਦਾ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ। ਪਰਵਾਰ ਨੇ ਇਹ ਕਮਰਾ 27 ਮਾਰਚ ਨੂੰ ਕਿਰਾਏ 'ਤੇ ਲਿਆ ਸੀ ਅਤੇ 30 ਮਾਰਚ ਨੂੰ ਇਸ ਨੂੰ ਖਾਲੀ ਕਰਨਾ ਸੀ। ਪਤੀ ਦੀ ਲਾਸ਼ ਕਮਰੇ 'ਚ ਲਟਕਦੀ ਹੋਈ ਮਿਲੀ, ਜਦਕਿ ਪਤਨੀ ਅਤੇ ਜੁੜਵਾ ਬੱਚੇ ਬੈੱਡ 'ਤੇ ਮ੍ਰਿਤਕ ਪਾਏ ਗਏ। ਪੁਲਸ ਨੇ ਦੱਸਿਆ ਕਿ ਕਮਰੇ 'ਚੋਂ ਇਕ ਨੋਟ ਵੀ ਬਰਾਮਦ ਹੋਇਆ ਹੈ, ਜਿਸ 'ਚ ਆਰਥਕ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਇਹ ਕਦਮ ਚੁੱਕਣ ਦੀ ਗੱਲ ਕਹੀ ਗਈ ਹੈ।

# ਅਮਰੀਕਾ-ਕੈਨੇਡਾ ਬਾਰਡਰ 'ਤੇ ਭਾਰਤੀ ਪਰਵਾਰ ਸਮੇਤ 8 ਲਾਸ਼ਾਂ ਮਿਲੀਆਂ

**ਕਿਊਬਕ :** ਕੈਨੇਡਾ ਤੋਂ ਅਮਰੀਕਾ 'ਚ ਗੈਰ-ਕਾਨੂੰਨੀ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ 2 ਪਰਵਾਰਾਂ ਦੇ 8 ਲੋਕਾਂ ਦੀ ਮੌਤ ਹੋ ਗਈ। ਇਨ੍ਹਾਂ 'ਚ 2 ਬੱਚੇ, ਜਿਨ੍ਹਾਂ ਦੀ ਉਮਰ ਤਿੰਨ ਸਾਲ ਤੋਂ ਵੀ ਘੱਟ ਹੈ, ਸ਼ਾਮਲ ਹਨ, ਜੋ ਕੈਨੇਡੀਆਈ ਨਾਗਰਿਕ ਹਨ। ਮਰਨ ਵਾਲਿਆਂ 'ਚ ਇੱਕ ਪਰਵਾਰ ਭਾਰਤੀ ਸੀ। ਰਿਪੋਰਟ ਮੁਤਾਬਕ ਇਹ ਪਰਵਾਰ ਕਿਸ਼ਤੀ ਰਾਹੀਂ ਸੇਂਟ ਲਾਰੈਂਸ ਨਦੀ ਪਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਪੁਲਸ ਨੇ ਵੀਰਵਾਰ ਕਿਊਬਕ ਦੇ ਇੱਕ ਇਲਾਕੇ 'ਚ ਪਲਟੀ ਹੋਈ ਕਿਸ਼ਤੀ ਦੇ ਕੋਲ ਇਹ ਲਾਸ਼ਾਂ ਬਰਾਮਦ ਕੀਤੀਆਂ।

ਅਮਰੀਕਾ ਦੇ ਅਕਵੇਸਨੇ ਮੋਹਾਕ ਦੇ ਪੁਲਸ ਮੁਖੀ ਨੇ ਕਿਹਾ ਕਿ ਮੰਨਿਆ ਜਾ ਰਿਹਾ ਕਿ ਇਹ ਦੋ ਪਰਵਾਰ ਸਨ। ਇੱਕ ਪਰਵਾਰ ਰੋਮਾਨੀਆਈ ਮੂਲ ਦਾ ਅਤੇ ਦੂਸਰਾ ਭਾਰਤੀ ਹੈ। ਇਹ ਸਾਰੇ ਗੈਰ-ਕਾਨੂੰਨੀ ਤਰੀਕੇ ਨਾਲ ਕੈਨੇਡਾ ਤੋਂ ਅਮਰੀਕਾ 'ਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ। 'ਮਾਂਟਰੀਅਲ ਗਜਟ' ਨੇ ਦੱਸਿਆ ਕਿ ਅਧਿਕਾਰੀ ਨੇ ਕਿਹਾ ਕਿ ਪੁਲਸ ਪੀੜਤਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦਾ ਪਤਾ ਲਾਉਣ ਲਈ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨਾਲ ਕੰਮ ਕਰ ਰਹੀ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਇਸ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਹੈ।

ਅਸਲ 'ਚ ਪੁਲਸ ਇੱਕ ਗੁੰਮ ਹੋਏ ਵਿਅਕਤੀ ਦੀ ਤਲਾਸ਼ ਕਰ ਰਹੀ ਸੀ, ਜਦ ਹਵਾਈ ਤਲਾਸ਼ੀ ਦੌਰਾਨ ਉਨ੍ਹਾਂ ਇਹ ਲਾਸ਼ਾਂ ਦੇਖੀਆਂ। ਲਾਸ਼ਾਂ ਦੇ ਕੋਲ ਮਿਲੀ ਕਿਸ਼ਤੀ ਉਸ ਗੁੰਮ ਹੋਏ ਵਿਅਕਤੀ ਦੀ ਦੱਸੀ ਜਾ ਰਹੀ ਹੈ। ਉਥੇ ਹੀ ਜੋ 2 ਬੱਚਿਆਂ ਦੀਆਂ ਲਾਸ਼ਾਂ ਮਿਲੀਆਂ ਹਨ, ਉਨ੍ਹਾ ਕੋਲ ਕੈਨੇਡਾ ਦੇ ਪਾਸਪੋਰਟ ਸਨ। ਪੁਲਸ ਨੇ ਦੱਸਿਆ ਕਿ ਬੁੱਧਵਾਰ ਰਾਤ ਇਲਾਕੇ 'ਚ ਮੌਸਮ ਖਰਾਬ ਸੀ, ਜਿਸ ਕਿਸ਼ਤੀ 'ਚ ਦੋਵੇਂ ਪਰਵਾਰ ਸਵਾਰ ਸਨ, ਉਹ ਬਹੁਤ ਛੋਟੀ ਸੀ। ਮੁਮਕਿਨ ਹੈ ਕਿ ਤੇਜ਼ ਬਾਰਿਸ਼ ਅਤੇ ਹਵਾ ਕਾਰਨ ਕਿਸ਼ਤੀ ਪਲਟ ਗਈ ਹੋਵੇ।

# 92 ਰੁਪਏ ਸਸਤਾ ਹੋਇਆ ਕਮਰਸ਼ੀਅਲ ਗੈਸ ਸਿਲੰਡਰ

**ਨਵੀਂ ਦਿੱਲੀ :** ਸਰਕਾਰ ਨੇ ਐੱਲ ਪੀ ਜੀ ਗੈਸ ਸਿਲੰਡਰ ਦੀਆਂ ਕੀਮਤਾਂ 'ਚ ਕਟੌਤੀ ਕੀਤੀ ਹੈ। ਇੱਕ ਅਪ੍ਰੈਲ ਤੋਂ ਕਮਰਸ਼ੀਅਲ ਗੈਸ ਸਿਲੰਡਰ ਦੀ ਕੀਮਤ 92 ਰੁਪਏ ਘੱਟ ਹੋ ਗਈ ਹੈ। ਇਸ ਕਟੌਤੀ ਤੋਂ ਬਾਅਦ ਦਿੱਲੀ 'ਚ ਕਮਰਸ਼ੀਅਲ ਗੈਸ ਸਿਲੰਡਰ 2028 ਰੁਪਏ 'ਤੇ ਆ ਗਿਆ।

ਹਾਲਾਂਕਿ ਘਰੇਲੂ ਐੱਲ ਪੀ ਜੀ ਗੈਸ ਗਾਹਕਾਂ ਲਈ ਕੀਮਤ 'ਚ ਕੋਈ ਬਦਲਾਅ ਨਹੀਂ ਕੀਤਾ ਗਿਆ। 14.2 ਕਿਲੋ ਦੇ ਗੈਸ ਸਿਲੰਡਰ ਦੀਆਂ ਕੀਮਤਾਂ ਪਿਛਲੇ ਮਹੀਨੇ ਦੀ ਤਰ੍ਹਾਂ ਹੀ ਹਨ। ਇਸ ਤੋਂ ਪਹਿਲਾ 1 ਮਾਰਚ ਨੂੰ 19 ਕਿਲੋ ਵਾਲੇ ਕਮਰਸ਼ੀਅਲ ਸਿਲੰਡਰ ਦੀਆਂ ਕੀਮਤਾਂ 'ਚ 350.50 ਰੁਪਏ ਦਾ ਵਾਧਾ ਕੀਤਾ ਗਿਆ ਸੀ। ਇਸ ਤੋਂ ਬਾਅਦ ਦਿੱਲੀ 'ਚ ਇਹ 2119.50 ਰੁਪਏ 'ਤੇ ਪਹੁੰਚ ਗਿਆ ਸੀ। 14.2 ਕਿਲੋਗ੍ਰਾਮ ਵਾਲੇ ਘਰੇਲੂ ਐੱਲ ਪੀ ਜੀ ਸਿਲੰਡਰ ਦੀ ਕੀਮਤ 50 ਰੁਪਏ ਵਧਾਈ ਹੈ।

# ਪਹਿਲੇ ਦਿਨ ਦਫ਼ਤਰ ਜਾਂਦਿਆਂ ਸੜਕ ਹਾਦਸੇ 'ਚ ਲੜਕੀ ਦੀ ਮੌਤ

**ਬਠਿੰਡਾ :** ਪਰਸਰਾਮ ਨਗਰ 'ਚ ਸ਼ਨੀਵਾਰ ਸਵੇਰੇ ਉਸ ਸਮੇਂ ਹਾਦਸਾ ਹੋ ਗਿਆ, ਜਦ ਅਚਾਨਕ ਇਨੋਵਾ ਦਾ ਦਰਵਾਜ਼ਾ ਖੋਲ੍ਹ ਦਿੱਤਾ, ਜਿਸ ਕਾਰਨ ਪਿੱਛੋਂ ਤੋਂ ਆ ਰਹੀ ਐਕਟਿਵਾ ਸਵਾਰ ਇਨੋਵਾ ਗੱਡੀ ਦੇ ਦਰਵਾਜ਼ੇ ਨਾਲ ਟਕਰਾ ਕੇ ਸੜਕ 'ਤੇ ਡਿੱਗੇ ਗਏ। ਹਾਦਸੇ 'ਚ 22 ਸਾਲਾ ਲੜਕੀ ਦੀ ਮੌਤ ਹੋ ਗਈ, ਜਦਕਿ ਉਸ ਦੇ ਪਿਤਾ ਅਤੇ ਚਚੇਰੀ ਭੈਣ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਏ। ਇਸੇ ਦੌਰਾਨ 22 ਸਾਲਾ ਜੋਤੀ ਮਿਸ਼ਰਾ, ਜੋ ਸੜਕ 'ਤੇ ਡਿੱਗੀ ਪਈ ਸੀ 'ਤੇ ਟਰੈਕਟਰ ਚੜ੍ਹ ਗਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਉਸ ਦਾ ਪਿਤਾ ਸ਼ਾਮ ਦੱਤ ਮਿਸ਼ਰਾ ਤੇ ਚਚੇਰੀ ਭੈਣ ਨਿਸ਼ਾ ਮਿਸ਼ਰਾ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਏ। ● ਬਾਕੀ ਸਫ਼ਾ 10 'ਤੇ



ਹਾਦਸੇ 'ਚ ਦੂਸਰੀ ਜ਼ਖ਼ਮੀ ਲੜਕੀ ਨਿਸ਼ਾ ਇਲਾਜ ਦੌਰਾਨ।

# ਬਿਸ਼ਨੋਈ ਗੈਂਗ ਵੱਲੋਂ ਸੰਜੈ ਰਾਊਤ ਨੂੰ ਜਾਨੋਂ ਮਾਰਨ ਦੀ ਧਮਕੀ

**ਮੁੰਬਈ :** ਸ਼ਿਵ ਸੈਨਾ (ਊਧਵ ਠਾਕਰੇ) ਦੇ ਨੇਤਾ ਅਤੇ ਰਾਜ ਸਭਾ ਮੈਂਬਰ ਸੰਜੈ ਰਾਊਤ ਨੂੰ ਲਾਰੈਂਸ ਬਿਸ਼ਨੋਈ ਗੈਂਗ ਤੋਂ ਧਮਕੀ ਭਰਿਆ ਸੰਦੇਸ਼ ਮਿਲਿਆ ਹੈ। ਇਸ 'ਚ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਤਰ੍ਹਾ ਦਿੱਲੀ 'ਚ ਉਸ ਦੀ ਵੀ ਹੱਤਿਆ ਕਰਨ ਦੀ ਧਮਕੀ ਦਿੱਤੀ ਗਈ। ਸੰਜੈ ਰਾਊਤ ਨੇ ਇਸ ਖਿਲਾਫ਼ ਸ਼ਿਕਾਇਤ ਦਰਜ ਕਰਾਈ ਹੈ। ਮਹਾਰਾਸ਼ਟਰ ਪੁਲਸ ਨੇ ਕਿਹਾ ਕਿ ਉਹ ਮਾਮਲੇ ਦੀ ਜਾਂਚ ਕਰ ਰਹੀ ਹੈ। ਖ਼ਬਰਾਂ ਅਨੁਸਾਰ ਰਾਊਤ ਨੂੰ ਭੇਜੇ ਗਏ ਧਮਕੀ ਭਰੇ ਸੰਦੇਸ਼ 'ਚ ਕਿਹਾ ਗਿਆ ਹੈ ਕਿ ਦਿੱਲੀ 'ਚ ਮਿਲਿਆ ਤਾਂ ਏ ਕੇ 47 ਨਾਲ ਉਡਾ ਦੇਵਾਂਗਾ। ਨਾਲ ਹੀ ਕਿਹਾ ਕਿ ਤੂੰ ਅਤੇ ਸਲਮਾਨ ਫਿਕਸ ਹੈ। ਪੁਲਸ ਨੇ ਇਸ ਮਾਮਲੇ 'ਚ ਪੁਣੇ ਤੋਂ ਇੱਕ ਸ਼ੱਕੀ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਨੂੰ ਮੁੰਬਈ ਪੁਲਸ ਨੂੰ ਸੌਂਪ ਦਿੱਤਾ ਗਿਆ ਹੈ। ਸੰਜੈ ਰਾਊਤ ਨੇ ਕਿਹਾ ਕਿ ਮਹਾਰਾਸ਼ਟਰ 'ਚ ਨਵੀਂ ਸਰਕਾਰ ਦੇ ਆਉਣ ਤੋਂ ਬਾਅਦ ਸਾਡੀ ਸੁਰੱਖਿਆ ਹਟਾਈ ਗਈ। ਹੁਣ ਮੈਨੂੰ ਧਮਕੀ ਮਿਲੀ ਹੈ, ਮੈਂ ਇਸ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਹੈ।

ਇਸ ਤੋਂ ਪਹਿਲਾਂ ਉਨ੍ਹਾ ਆਪਣੀ ਜਾਨ ਨੂੰ ਖਤਰਾ ਹੋਣ ਦੇ ਸੰਬੰਧ 'ਚ ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਪੱਤਰ ਲਿਖਿਆ ਸੀ। ਸ਼ਿਵ ਸੈਨਾ (ਊਧਵ ਬਾਲ ਠਾਕਰੇ) ਦੇ ਵਿਰੋਧੀ ਧਿਰ (ਕੌਂਸਲ) ਦੇ ਨੇਤਾ ਅੰਬਾਦਾਸ ਦਾਨਵੇ ਨੇ ਸ਼ਨੀਵਾਰ ਕਿਹਾ ਕਿ ਸੂਬਾ ਸਰਕਾਰ ਨੇ ਰਾਊਤ ਦੀ ਸੁਰੱਖਿਆ ਹਟਾ ਦਿੱਤੀ ਹੈ ਅਤੇ ਅਪੀਲ ਕੀਤੀ ਕਿ ਧਮਕੀਆਂ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਬਾਲੀਵੁੱਡ ਸੁਪਰਸਟਾਰ ਸਲਮਾਨ ਖਾਨ ਨੂੰ ਵੀ ਹਾਲ ਹੀ 'ਚ ਬਿਸ਼ਨੋਈ ਗੈਂਗ ਜਾਂ ਉਸ ਦੇ ਸਾਥੀਆਂ ਤੋਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਸਨ।

# ਕੋਰੋਨਾ ਦੇ 2,994 ਨਵੇਂ ਮਾਮਲੇ, 7 ਮੌਤਾਂ

**ਨਵੀਂ ਦਿੱਲੀ :** ਦੇਸ਼ 'ਚ ਕੋਰੋਨਾ ਦੇ 2,994 ਨਵੇਂ ਕੇਸ ਸਾਹਮਣੇ ਆਏ ਹਨ ਅਤੇ ਜ਼ੇਰੇ ਇਲਾਜ ਮਰੀਜ਼ਾਂ ਦੀ ਗਿਣਤੀ ਵਧ ਕੇ 16,354 ਹੋ ਗਈ ਹੈ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਸ਼ਨੀਵਾਰ ਸਵੇਰੇ ਜਾਰੀ ਅੰਕੜਿਆਂ ਮੁਤਾਬਕ ਦੇਸ਼ 'ਚ ਕੋਰੋਨਾ ਕੇਸਾਂ ਦੀ ਗਿਣਤੀ ਵਧ ਕੇ 4,47,18,781 'ਤੇ ਪਹੁੰਚ ਗਈ ਹੈ, ਜਦਕਿ ਕੋਰੋਨਾ ਕਾਰਨ ਮ੍ਰਿਤਕਾਂ ਦੀ ਕੁੱਲ ਗਿਣਤੀ ਵਧ ਕੇ 5, 30, 876 ਹੋ ਗਈ ਹੈ। ਅੰਕੜਿਆਂ ਮੁਤਾਬਕ ਲੰਘੇ 24 ਘੰਟਿਆਂ 'ਚ ਕੋਰੋਨਾ ਕਾਰਨ ਦਿੱਲੀ, ਕਰਨਾਟਕ ਅਤੇ ਪੰਜਾਬ ਵਿੱਚ ਦੋ-ਦੋ ਮੌਤਾਂ ਹੋਈਆਂ, ਜਦਕਿ ਗੁਜਰਾਤ ਵਿੱਚ ਇੱਕ ਮਰੀਜ਼ ਦੀ ਜਾਨ ਗਈ ਹੈ। ਇਸ ਤੋਂ ਇਲਾਵਾ ਕੇਰਲਾ ਵੱਲੋਂ ਕੋਰੋਨਾ ਕਾਰਨ ਮ੍ਰਿਤਕਾਂ ਦੇ ਅੰਕੜੇ ਸੋਧਣ ਮਗਰੋਂ ਮ੍ਰਿਤਕਾਂ ਦੀ ਸੂਚੀ ਵਿੱਚ ਦੋ ਹੋਰ ਮਾਮਲੇ ਜੋੜੇ ਗਏ ਹਨ। ਦੇਸ਼ 'ਚ ਹੁਣ ਤੱਕ 4, 41, 71, 551 ਮਰੀਜ਼ ਇਸ ਲਾਗ ਤੋਂ ਉਭਰ ਵੀ ਚੁੱਕੇ ਹਨ। ਦੇਸ਼ 'ਚ ਕੋਰੋਨਾ ਲਾਗ ਕਾਰਨ ਮੌਤ ਦਰ 1.19 ਫੀਸਦੀ ਹੈ।

## ਨੇਵੀ ਚੀਫ਼ ਕੋਰੋਨਾ ਪਾਜ਼ੀਟਿਵ

**ਭੋਪਾਲ :** ਨੇਵੀ ਚੀਫ਼ ਐਡਮਿਰਲ ਹਰੀ ਕੁਮਾਰ ਕੋਵਿਡ ਪਾਜ਼ੀਟਿਵ ਪਾਏ ਗਏ ਹਨ। ਜਾਣਕਾਰੀ ਅਨੁਸਾਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸ਼ਨੀਵਾਰ ਤਿੰਨੇ ਸੈਨਾਵਾਂ ਦੀ ਕੰਬਾਇੰਡ ਕਮਾਂਡਰ ਕਾਨਫਰੰਸ ਦੀ ਮੀਟਿੰਗ 'ਚ ਸ਼ਾਮਲ ਹੋਏ। ਕਾਨਫਰੰਸ ਭੋਪਾਲ ਦੇ ਕੁਸ਼ਾਭਾਊ ਠਾਕਰੇ ਕਨਵੈਨਸ਼ਨ ਸੈਂਟਰ 'ਚ ਸੀ।

ਪ੍ਰਧਾਨ ਮੰਤਰੀ ਦੇ ਕਾਨਫਰੰਸ 'ਚ ਸ਼ਾਮਲ ਹੋਣ ਤੋਂ ਪਹਿਲਾ ਨੇਵੀ ਪ੍ਰਮੁੱਖ ਕੋਵਿਡ ਪਾਜ਼ੀਟਿਵ ਪਾਏ ਗਏ। ਉਹ ਕਾਨਫਰੰਸ ਛੱਡ ਕੇ ਦਿੱਲੀ ਵਾਪਸ ਆ ਗਏ। ਪ੍ਰਧਾਨ ਮੰਤਰੀ ਦੇ ਆਉਣ ਤੋਂ ਪਹਿਲਾਂ ਕਾਨਫਰੰਸ ਅਤੇ ਉਨ੍ਹਾ ਦੀ ਸੁਰੱਖਿਆ ਨਾਲ ਜੁੜੇ 1300 ਮੁਲਾਜ਼ਮਾਂ ਦਾ ਕੋਵਿਡ ਟੈਸਟ ਕੀਤਾ ਗਿਆ ਸੀ। ਇਨ੍ਹਾਂ 'ਚ ਡਾਕਟਰ, ਸੁਰੱਖਿਆ ਮੁਲਾਜ਼ਮ ਵੀ ਸ਼ਾਮਲ ਸਨ। ਨੇਵੀ ਪ੍ਰਮੁੱਖ ਨੂੰ ਮਿਲਾ ਕੇ 22 ਦੀ ਰਿਪੋਰਟ ਪਾਜ਼ੀਟਿਵ ਆਈ। ਇਸ ਦੌਰਾਨ ਸਾਰਿਆਂ ਨੂੰ ਡਿਊਟੀ ਤੋਂ ਹਟਾ ਦਿੱਤਾ ਗਿਆ।

# ਭਾਜਪਾ 2024 ਦੀਆਂ ਚੋਣਾਂ ਦੇ ਮੱਦੇਨਜ਼ਰ ਫਿਰਕੂ ਹਿੰਸਾ ਭੜਕਾਉਣ ਦੀ ਯੋਜਨਾ ਬਣਾ ਰਹੀ : ਸਿੱਬਲ

**ਨਵੀਂ ਦਿੱਲੀ :** ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਸ਼ਨੀਵਾਰ ਦੋਸ਼ ਲਾਇਆ ਕਿ 2024 'ਚ ਹੋਣ ਵਾਲੀਆਂ ਆਮ ਚੋਣਾਂ ਦੇ ਨੇੜੇ ਆਉਣ ਦੇ ਮੱਦੇਨਜ਼ਰ ਭਾਰਤੀ ਜਨਤਾ ਪਾਰਟੀ ਫਿਰਕੂ ਹਿੰਸਾ ਭੜਕਾਉਣ ਦੀ ਯੋਜਨਾ ਬਣਾ ਰਹੀ ਹੈ ਅਤੇ ਪੱਛਮੀ ਬੰਗਾਲ ਅਤੇ ਗੁਜਰਾਤ 'ਚ ਹੋਈਆਂ ਤਾਜ਼ਾ ਘਟਨਾ ਇਸ ਦਾ 'ਟਰੇਲਰ' ਹੈ। ਪੱਛਮੀ ਬੰਗਾਲ ਦੇ ਹਾਵੜਾ ਸ਼ਹਿਰ 'ਚ ਵੀਰਵਾਰ ਨੂੰ ਰਾਮਨੌਮੀ 'ਤੇ ਸ਼ੋਭਾ ਯਾਤਰਾ ਕੱਢੇ ਜਾਣ ਦੌਰਾਨ ਦੋ ਸਮੂਹਾਂ ਵਿਚਾਲੇ ਹਿੰਸਕ ਝੜਪ ਹੋ ਗਈ। ਇਸ ਨੂੰ ਲੈ ਕੇ ਭਾਜਪਾ ਅਤੇ ਤ੍ਰਿਣਮੂਲ ਕਾਂਗਰਸ ਦੋਵਾਂ ਨੇ ਇੱਕ-ਦੂਜੇ 'ਤੇ ਦੋਸ਼ ਲਾਏ। ਰਾਮਨੌਮੀ ਦੌਰਾਨ ਗੁਜਰਾਤ ਅਤੇ ਮਹਾਰਾਸ਼ਟਰ ਤੋਂ ਵੀ ਹਿੰਸਾ ਦੀਆਂ ਖ਼ਬਰਾਂ ਮਿਲੀਆਂ। ਸਿੱਬਲ ਨੇ ਟਵਿਟ ਕੀਤਾ— 2024 ਨੇੜੇ ਆ ਰਿਹਾ ਹੈ, ਇਸ 'ਚ ਭਾਜਪਾ ਇਨ੍ਹਾਂ ਯੋਜਨਾਵਾਂ 'ਤੇ ਕੰਮ ਕਰ ਰਹੀ ਹੈ। ਫਿਰਕੂ ਹਿੰਸਾ, ਨਫ਼ਰਤੀ ਭਾਸ਼ਾ ਅਤੇ ਸਮਗਰੀ, ਘੱਟ ਗਿਣਤੀਆਂ ਨੂੰ ਤੰਗ-ਪ੍ਰੇਸ਼ਾਨ ਕਰਨਾ, ਈ ਡੀ, ਸੀ ਬੀ ਆਈ, ਚੋਣ ਕਮਿਸ਼ਨ ਦਾ ਇਸਤੇਮਾਲ ਕਰਕੇ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣਾ। ਉਨ੍ਹਾ ਕਿਹਾ ਕਿ ਪੱਛਮੀ ਬੰਗਾਲ, ਕਰਨਾਟਕ, ਮਹਾਰਾਸ਼ਟਰ ਅਤੇ ਗੁਜਰਾਤ 'ਚ ਹੋਈਆਂ ਹਿੰਸਾ ਦੀਆਂ ਘਟਨਾ ਇਸ ਦਾ 'ਟਰੇਲਰ' ਹੈ।

# 700 ਕਰੋੜ ਦਾ ਨੁਕਸਾਨ ਪਹੁੰਚਾਉਣ ਦੇ ਦੋਸ਼ 'ਚ ਜਾਇੰਟ ਡਾਇਰੈਕਟਰ ਫੈਕਟਰੀਜ਼ ਗ੍ਰਿਫ਼ਤਾਰ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਵਿਜੀਲੈਂਸ ਬਿਊਰੋ ਨੇ ਤਫਤੀਸ਼ ਦੌਰਾਨ ਦੋਸ਼ੀ ਸਿੱਧ ਹੋਣ ਪਿੱਛੋਂ ਨਰਿੰਦਰ ਸਿੰਘ ਜਾਇੰਟ ਡਾਇਰੈਕਟਰ, ਫੈਕਟਰੀਜ਼ ਕਿਰਤ ਵਿਭਾਗ, ਐੱਸ ਏ ਐੱਸ ਨਗਰ ਮੁਹਾਲੀ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਉਪਰ ਦੋਸ਼ ਹੈ ਕਿ ਉਸ ਨੇ ਐੱਸ ਏ ਐੱਸ.ਨਗਰ ਸਥਿਤ ਫਿਲਿਪਸ ਫੈਕਟਰੀ ਨੂੰ ਅਣਅਧਿਕਾਰਿਤ ਤੌਰ 'ਤੇ ਡੀਰਜਿਸਟਰ ਕਰ ਦਿੱਤਾ ਸੀ, ਜਿਸ ਕਰਕੇ ਪੰਜਾਬ ਸਰਕਾਰ ਨੂੰ 600 ਤੋਂ 700 ਕਰੋੜ ਰੁਪਏ ਦਾ ਨੁਕਸਾਨ ਪਹੁੰਚਿਆ ਅਤੇ ਵੱਖ-ਵੱਖ ਅਦਾਲਤਾਂ ਵਿੱਚ ਕੇਸਾਂ ਦਾ ਸਾਹਮਣਾ ਕਰਨਾ ਪਿਆ। ਉਕਤ ਮੁਲਜਮ ਨੂੰ ਐੱਸ ਏ ਐੱਸ ਨਗਰ ਦੀ ਇੱਕ ਅਦਾਲਤ ਵਿੱਚ ਪੇਸ਼ ਕਰਕੇ ਵਿਜੀਲੈਂਸ ਬਿਊਰੋ ਨੇ ਪੰਜ ਦਿਨਾਂ ਦਾ ਰਿਮਾਂਡ ਹਾਸਲ ਕਰ ਲਿਆ ਹੈ। ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਸ ਸਬੰਧ ਵਿੱਚ ਬਿਊਰੋ ਵੱਲੋਂ ਪਹਿਲਾਂ ਹੀ ਮੁਕੱਦਮਾ ਨੰਬਰ 01 ਮਿਤੀ 05-01-2023 ਨੂੰ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੀ ਧਾਰਾ 13 (1) (ਏ), 13 (2) ਅਤੇ ਆਈ.ਪੀ.ਸੀ. ਦੀ ਧਾਰਾ 409, 420, 465, 467, 468, 471, 201, 120- ਬੀ. ਤਹਿਤ ਥਾਣਾ ਵਿਜੀਲੈਂਸ ਬਿਊਰੋ ਉਡਣ ਦਸਤਾ-1, ਪੰਜਾਬ, ਐੱਸ ਏ ਐੱਸ ਨਗਰ ਵਿਖੇ ਦਰਜ ਹੈ, ਜਿਸ ਵਿੱਚ ਹੁਣ ਤੱਕ 9 ਮੁਲਜ਼ਮ ਅਧਿਕਾਰੀ/ਕਰਮਚਾਰੀ ● ਬਾਕੀ ਸਫ਼ਾ 10 'ਤੇ

# 'ਆਈ ਐੱਮ ਸੌਰੀ, ਨਾਟ ਗੁੱਡ ਇਨਫ' ਲਿਖ ਜਾਨ ਦੇ ਦਿੱਤੀ

**ਚੇਨਈ :** ਇੰਡੀਆ ਦੇ ਟਾਪ ਐਜੂਕੇਸ਼ਨ ਇੰਸਟੀਚਿਊਟ 'ਚ ਆਤਮ-ਹੱਤਿਆ ਦੇ ਮਾਮਲਿਆਂ 'ਚ ਵਾਧਾ ਦੇਖਿਆ ਜਾ ਰਿਹਾ ਹੈ। ਇਕੱਲੇ ਆਈ ਆਈ ਟੀ ਮਦਰਾਸ 'ਚ ਸ਼ੁਰੂਆਤੀ ਤਿੰਨ ਮਹੀਨਿਆਂ 'ਚ ਤਿੰਨ ਵਿਦਿਆਰਥੀਆਂ ਦੀ ਮੌਤ ਹੋ ਚੁੱਕੀ ਹੈ। ਤਾਜ਼ਾ ਮਾਮਲਾ 31 ਮਾਰਚ ਦਾ ਹੈ, ਜਦ ਬੰਗਾਲ ਦੇ ਰਹਿਣ ਵਾਲੇ ਪੀ ਐੱਚ ਡੀ ਸਕਾਲਰ ਨੇ ਆਪਣੇ ਕਮਰੇ 'ਚ ਫਾਂਸੀ ਲਾ ਕੇ ਜਾਨ ਦੇ ਦਿੱਤੀ। ਉਸ ਨੇ ਜਾਨ ਦੇਣ ਤੋਂ ਪਹਿਲਾਂ ਵਾਟਸਐਪ ਸਟੇਟਸ ਵੀ ਅਪਡੇਟ ਕੀਤਾ, ਜਿਸ 'ਚ ਲਿਖਿਆ, 'ਆਈ ਐੱਮ ਸੌਰੀ, ਨਾਟ ਗੁੱਡ ਇਨਫ।' ਉਸ ਦਾ ਇਹ ਸਟੇਟਸ ਉਸ ਦੇ ਮਨੋਵਿਗਿਆਨਿਕ ਦਬਾਅ 'ਚ ਹੋਣ ਦਾ ਇਸ਼ਾਰਾ ਕਰਦਾ ਹੈ। ਜਾਨ ਦੇਣ ਵਾਲੇ ਪੀ ਐੱਚ ਡੀ ਸਕਾਲਰ ਦੀ ਉਮਰ 32 ਸਾਲ ਸੀ। ਖੁਦਕੁਸ਼ੀ ● ਬਾਕੀ ਸਫ਼ਾ 10 'ਤੇ

# ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਸੂਬਾ ਸਰਕਾਰ ਕਰ ਰਹੀ ਉਪਰਾਲੇ : ਮੁੱਖ ਮੰਤਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਨੀਵਾਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ (ਪੀ ਐੱਸ ਪੀ ਸੀ ਐੱਲ) ਦੇ 1320 ਸਹਾਇਕ ਲਾਈਨਮੈਨਾਂ ਨੂੰ ਨਿਯੁਕਤੀ ਪੱਤਰ ਸੌਂਪਦਿਆਂ ਕਿਹਾ ਕਿ ਸੂਬਾ ਸਰਕਾਰ ਨੇ ਆਪਣੇ ਕਾਰਜਕਾਲ ਦੇ ਪਹਿਲੇ ਸਾਲ ਵਿੱਚ 28362 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਕੇ ਨਵਾਂ ਕੀਰਤੀਮਾਨ ਸਥਾਪਤ ਕੀਤਾ ਹੈ। ਇੱਥੇ ਟੈਗੋਰ ਭਵਨ ਵਿਖੇ ਨਿਯੁਕਤੀ ਪੱਤਰ ਵੰਡ ਸਮਾਰੋਹ ਦੌਰਾਨ ਵੱਡੀ ਗਿਣਤੀ ਵਿਚ ਉਮੀਦਵਾਰਾਂ ਨੂੰ ਮੁਖ਼ਾਤਬ ਹੁੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨੌਕਰੀ ਚੁਣੇ ਗਏ ਉਮੀਦਵਾਰਾਂ ਲਈ ਬਹੁਤ ਅਹਿਮ ਜ਼ਿੰਮੇਵਾਰੀ ਲੈ ਕੇ ਆਉਂਦੀ ਹੈ, ਕਿਉਂਕਿ ਉਨ੍ਹਾਂ ਮਿਸ਼ਨਰੀ ਭਾਵਨਾ ● ਬਾਕੀ ਸਫ਼ਾ 10 'ਤੇ

## ਅੱਜ-ਨਾਮਾ

ਕੀਤੀ ਬਾਰਸ਼ ਨੇ ਪਹਿਲਾਂ ਵੀ ਘੱਟ ਨਹੀਉਂ,
ਫਿਰ ਤੋਂ ਗਰਜਿਆ ਬੱਦਲ ਹੈ ਆਣ ਬੇਲੀ।
ਲੋਕ ਸ਼ਹਿਰ ਵਿੱਚ ਛਤਰੀਆਂ ਨਾਲ ਰੱਖਣ,
ਵਿੰਹਦੇ ਬਾਰਸ਼ ਤਾਂ ਲੈਂਦੇ ਹਨ ਤਾਣ ਬੇਲੀ।
ਪਿੰਡਾਂ ਵਾਲਿਆਂ 'ਤੇ ਜਿਹੜੀ ਬੀਤ ਰਹੀ ਊ,
ਉਹਦੇ ਤੋਂ ਬਾਹਰ ਦੇ ਲੋਕ ਅਣਜਾਣ ਬੇਲੀ।
ਪੱਕੀ ਫਸਲ ਦੇ ਬਹਿ ਗਿਆ ਜੜ੍ਹੀਂ ਆ ਕੇ,
ਸਾਰੇ ਤਰਫ ਉਹ ਕਰ ਗਿਆ ਘਾਣ ਬੇਲੀ।
ਮੁਆਵਜ਼ਾ ਕਹੇ ਸਰਕਾਰ ਕਿ ਮਿਲੇਗਾ ਜੀ,
ਕਹਿੰਦੀ ਮੁਆਵਜ਼ੇ ਦਾ ਤਕੜਾ ਰੇਟ ਬੇਲੀ।
ਆਪਣੀ ਫਸਲ ਦਾ ਮਜ਼ਾ ਹੈ ਅਸਲ ਹੁੰਦਾ,
ਲੈ ਕੇ ਮੁਆਵਜ਼ਾ ਭਰਨ ਨਹੀਂ ਪੇਟ ਬੇਲੀ।

-ਤੀਸ ਮਾਰ ਖਾਂ

# ਪਾਕਿ 'ਚ 250 ਰੁਪਏ ਦਰਜਨ ਕੇਲਾ, 800 ਰੁਪਏ ਕਿਲੋ ਨਿੰਬੂ



**ਇਸਲਾਮਾਬਾਦ :** ਆਰਥਿਕ ਸੰਕਟ ਨਾਲ ਦੋ-ਚਾਰ ਹੋ ਰਹੇ ਪਾਕਿਸਤਾਨ 'ਚ ਹਾਲਾਤ ਕਾਫ਼ੀ ਖਰਾਬ ਹੋ ਚੁੱਕੇ ਹਨ। ਪੈਟਰੋਲ ਤੋਂ ਲੈ ਕੇ ਖਾਣ-ਪੀਣ ਤੱਕ ਦੀਆਂ ਚੀਜ਼ਾਂ ਦੀਆਂ ਕੀਮਤਾਂ ਨੂੰ ਅੱਗ ਲੱਗੀ ਹੋਈ ਹੈ। ਮਹਿੰਗਾਈ ਜ਼ਿਆਦਾ ਹੋਣ ਕਾਰਨ ਜਨਤਾ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਾਕਿਸਤਾਨ ਦੀ ਸਥਾਨਕ ਮੀਡੀਆ ਅਨੁਸਾਰ ਨਿੰਬੂ ਦੀਆਂ ਕੀਮਤਾਂ 200 ਪਾਕਿਸਤਾਨੀ ਰੁਪਏ ਪ੍ਰਤੀ 250 ਗ੍ਰਾਮ ਚੱਲ ਰਹੀਆਂ ਹਨ। ਇਸ ਹਿਸਾਬ ਨਾਲ ਇੱਕ ਕਿਲੋ ਨਿੰਬੂ ਇਸ ਸਮੇਂ ਪਾਕਿਸਤਾਨ ਦੇ ਕਈ ਸ਼ਹਿਰਾਂ 'ਚ ਲੱਗਭੱਗ 800 ਪਾਕਿਸਤਾਨ ਰੁਪਏ 'ਚ ਵਿਕ ਰਿਹਾ ਹੈ। ਉਥੇ ਹੀ ਲਸਣ ਦੀ ਗੱਲ ਕਰੀਏ ਤਾਂ ਇਹ 160 ਪਾਕਿਸਤਾਨ ਰੁਪਏ 'ਚ 250 ਗ੍ਰਾਮ ਦੀ ਦਰ ਨਾਲ ਮਿਲ ਰਿਹਾ ਹੈ। ਇੱਕ ਕਿਲੋ ਲਸਣ ਦੀ ਕੀਮਤ 640 ਪਾਕਿਸਤਾਨੀ ਰੁਪਏ ਹੋ ਗਈ ਹੈ।

ਇਸ ਤੋਂ ਇਲਾਵਾ ਟਮਾਟਰ ਦੀਆਂ ਕੀਮਤਾਂ ਦੀ ਗੱਲ ਕਰੀਏ ਤਾਂ 120 ਰੁਪਏ ਕਿਲੋ ਮਿਲ ਰਿਹਾ ਹੈ, ਜਦਕਿ ਕਰੇਲਾ ਵੀ ਏਨੇ ਰੁਪਏ 'ਚ ਵਿਕ ਰਿਹਾ ਹੈ। ਕੁਝ ਦਿਨ ਪਹਿਲਾਂ ਤੱਕ 350 ਰੁਪਏ ਕਿਲੋ ਵਿਕਣ ਵਾਲਾ ਕਚਨਾਰ ਹੁਣ 600 ਰੁਪਏ ਕਿਲੋ ਵਿਕ ਰਿਹਾ ਹੈ।

ਗੁਆਂਢੀ ਦੇਸ਼ 'ਚ ਸਿਰਫ਼ ਸਬਜ਼ੀਆਂ ਦੀਆਂ ਕੀਮਤਾਂ ਹੀ ਅਸਮਾਨ ਨਹੀਂ ਛੂਹ ਰਹੀਆਂ, ਬਲਕਿ ਫਲਾਂ ਦੀਆਂ ਕੀਮਤਾਂ ਵੀ ਅਸਮਾਨ 'ਤੇ ਹਨ। 70 ਰੁਪਏ ਕਿਲੋ ਵਿਕਣ ਵਾਲਾ ਖਰਬੂਜ਼ਾ ਹੁਣ 250 ਰੁਪਏ ਕਿਲੋ ਵਿਕ ਰਿਹਾ ਹੈ। ਕੇਲਾ 100 ਰੁਪਏ ਦਰਜਨ ਜਿਸ ਦੀ ਕੀਮਤ ਸੀ, ਹੁਣ ਉਹ 250 ਰੁਪਏ 'ਚ ਮਿਲ ਰਿਹਾ ਹੈ। ਮਹਿੰਗਾਈ ਦੇ ਵਧਣ ਕਾਰਨ ਪਾਕਿਸਤਾਨ ਸਰਕਾਰ ਵੀ ਪ੍ਰੇਸ਼ਾਨ ਹੈ।

# ਗਦਰ ਪਾਰਟੀ ਦਾ 110ਵਾਂ ਸਥਾਪਨਾ ਦਿਵਸ 21 ਨੂੰ

**ਜਲੰਧਰ (ਕੇਸਰ)**



ਗਦਰ ਪਾਰਟੀ ਦਾ 110ਵਾਂ ਸਥਾਪਨਾ ਦਿਵਸ 21 ਅਪ੍ਰੈਲ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਮਨਾਇਆ ਜਾ ਰਿਹਾ ਹੈ। ਇਹ ਫੈਸਲਾ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੀ ਮੀਟਿੰਗ 'ਚ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਅਜਮੇਰ ਸਿੰਘ ਸਮਰਾ ਨੇ ਕੀਤੀ। ਮੀਟਿੰਗ ਦੇ ਫੈਸਲੇ ਜਾਰੀ ਕਰਦਿਆਂ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਇਸ ਵਾਰ ਗਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਕਮੇਟੀ ਮੈਂਬਰ ਬੀਬੀ ਕ੍ਰਿਸ਼ਨਾ ਕਰੇਗੀ। ਫਿਰ ਸੱਭਿਆਚਾਰਕ ਪ੍ਰੋਗਰਾਮ ਹੋਵੇਗਾ। ਮੁੱਖ ਵਕਤਾ ਵੱਲੋਂ ਗਦਰੀਆਂ ਦੀ ਸੋਚ ਨਾਲ ਜੋੜ ਕੇ ਅੱਜ ਦੇ ਹਾਲਾਤ 'ਤੇ ਲੈਕਚਰ ਹੋਵੇਗਾ। ਮੀਟਿੰਗ ਵਿੱਚ ਫੈਸਲਾ ਹੋਇਆ ਕਿ ਜਲਦੀ ਹੀ ਗਦਰੀ ਬਾਬਾ ਕੇਸਰ ਸਿੰਘ ਠੱਠਗੜ੍ਹ ਦੀ ਜੀਵਨੀ ਤੇ ਹੋਰ ਗਦਰੀ ਸਾਹਿਤ ਕਮੇਟੀ ਵੱਲੋਂ ਪ੍ਰਕਾਸ਼ਤ ਕੀਤਾ ਜਾਵੇਗਾ ਤੇ ਪਿੰਡਾਂ, ਸ਼ਹਿਰਾਂ ਤੱਕ ਪਹੁੰਚਾ ਕੇ ਪੰਜਾਬ ਦੀ ਜਵਾਨੀ ਨੂੰ ਗਦਰੀਆਂ ਦੀ ਸੋਚ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾਵੇਗੀ, ਕਿਉਂਕਿ ਇਸ ਵੇਲੇ ਦੇਸ਼ ਦੇ ਹਾਲਾਤ ਗਦਰੀਆਂ ਦੀ ਸੋਚ ਦੇ ਬਿਲਕੁੱਲ ਉਲਟ ਹਨ। ਮੋਦੀ ਸਰਕਾਰ ਦੇਸ਼ 'ਚ ਫਿਰਕੂ ਜ਼ਹਿਰ ਘੋਲ ਰਹੀ ਹੈ। ਲੋਕਾਂ ਨੂੰ ਰੋਟੀ, ਰੋਜ਼ੀ ਤੇ ਰੁਜ਼ਗਾਰ ਦੇਣ ਦੀ ਬਜਾਏ ਲੜਾਇਆ ਜਾ ਰਿਹਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਗਦਰੀ ਬਾਬਿਆਂ ਨੇ ਬਣਾਈ ਤੇ ਹੁਣ ਵੀ ਕਮੇਟੀ ਗਦਰੀਆਂ ਦੀ ਸੋਚ 'ਤੇ ਪਹਿਰਾ ਦੇ ਰਹੀ ਹੈ ਤੇ ਦਿੰਦੀ ਰਹੇਗੀ। ਮੀਟਿੰਗ ਵਿੱਚ ਸੁਰਿੰਦਰ ਕੌਰ ਲੁਧਿਆਣਾ, ਜਗਜੀਤ ਸਿੰਘ ਬਰਨਾਲਾ, ਹਰਜੀਤ ਸਿੰਘ ਸੀਤੂ ਦੀਵਾਨਾ ਬਰਨਾਲਾ ਦੀ ਮੌਤ 'ਤੇ ਕਮੇਟੀ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਤੇ ਮੌਨ ਧਾਰ ਕੇ ਸ਼ਰਧਾਂਜਲੀ ਅਰਪਿਤ ਕੀਤੀ।

page-6-2-(APRIL)-2023-G-(BV).qxd 4/1/2023 10:27 PM Page 1



# ਕਿਸਾਨਾਂ ਨੇ ਕੀਤੀ ਮੁਆਵਜ਼ੇ ਦੀ ਮੰਗ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)- ਬੀਤੇ ਦਿਨੀਂ ਪੰਜਾਬ ਵਿੱਚ ਹੋਈ ਬੇਮੌਸਮੀ ਬਾਰਿਸ਼ ਨਾਲ ਖੜੀਆਂ ਕਣਕਾਂ ਵਿੱਚ ਪਾਣੀ ਖੜ ਗਿਆ ਹੈ ਜਿਸ ਨਾਲ ਕਣਕਾਂ ਨੂੰ ਵੱਡਾ ਨੁਕਸਾਨ ਪਹੁੰਚਿਆ ਹੈ ਅਤੇ ਕਿਸਾਨ ਆਪਣੀ ਕਣਕ ਨੂੰ ਬਚਾਉਣ ਲਈ ਹਰ ਤਰੀਕਾ ਇਸਤੇਮਾਲ ਕਰ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦੇ ਹੋਏ ਪਿੰਡ ਪੰਜਵੜ ਕਲਾਂ ਤੇ ਪੰਜਵੜ ਖੁਰਦ ਦੇ ਕਿਸਾਨ ਸਾਬਕਾ ਸਰਪੰਚ ਗੁਲਾਬਬੀਰ ਸਿੰਘ, ਨਿਰਮਲ ਸਿੰਘ ਮੁਨਸ਼ੀ, ਸੇਵਾਦਾਰ ਸੰਤੋਖ ਸਿੰਘ ਮਿਸਤਰੀ, ਅਵਤਾਰ ਸਿੰਘ ਨੇ ਆਪਣੀ ਜ਼ਮੀਨ ਵਿੱਚੋਂ ਟਰੈਕਟਰ ਨਾਲ ਖੜੀ ਕਣਕ ਵਿੱਚੋਂ ਪਾਣੀ ਕੱਢਦੇ ਵਿਖਾਉਂਦੇ ਹੋਏ ਕਿਹਾ ਕਿ ਇਸ ਬੇਮੌਸਮੀ ਬਾਰਿਸ਼ ਨੇ ਖੜੀਆਂ ਕਣਕਾਂ ਨੂੰ ਜੜ੍ਹਾਂ ਤੋਂ ਹਿਲਾ ਦਿੱਤਾ ਹੈ ਜਿਸ ਕਾਰਨ ਹੁਣ ਕਣਕ ਦਾ ਝਾੜ ਵੀ ਬਹੁਤ ਘੱਟ ਨਿਕਲੇਗਾ ਜਿਸ ਨਾਲ ਕਿਸਾਨਾਂ ਦਾ ਖਰਚਾ ਵੀ ਪੂਰਾ ਨਹੀਂ ਹੋਵੇਗਾ। ਉਨ੍ਹਾਂ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਉਨ੍ਹਾਂ ਦੀਆਂ ਬਾਰਿਸ਼ ਨਾਲ ਬਰਬਾਦ ਹੋਈਆਂ ਕਣਕਾਂ ਦੀਆਂ ਗਿਰਦੌਰੀਆਂ ਕਰਵਾ ਕੇ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਵੇ।

ਇਸ ਮੌਕੇ ਸੰਮਾ ਸਿੰਘ, ਅਮਰੀਕ ਸਿੰਘ, ਹਰਜੀਤ ਸਿੰਘ ਝਬਾਲੀਆ, ਅਮਰੀਕ ਸਿੰਘ ਕੰਬੋਅ, ਮਨਜਿੰਦਰ ਸਿੰਘ, ਦਿਲਬਾਗ ਸਿੰਘ ਕੰਬੋਅ, ਨਿਰਵੈਲ ਸਿੰਘ, ਅਮਰਜੀਤ ਸਿੰਘ, ਮੋਹਨ ਸਿੰਘ, ਹੰਸਾ ਸਿੰਘ, ਕੁਲਦੀਪ ਸਿੰਘ ਅਤੇ ਵੱਡੀ ਗਿਣਤੀ ਵਿੱਚ ਪਿੰਡ ਪੰਜਵੜ ਕਲਾਂ ਅਤੇ ਪੰਜਵੜ ਖੁਰਦ ਦੇ ਕਿਸਾਨ ਹਾਜ਼ਰ ਸਨ।

# ਗੁੱਜਰ ਸਰਕਾਰ ਦੇ ਹੁਕਮਾਂ ਨੂੰ ਜਾਣਦੇ ਨੇ ਟਿੱਚ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)- ਅੱਡਾ ਝਬਾਲ ਦੀ ਟ੍ਰੈਫਿਕ ਨਜਾਇਜ਼ ਕਬਜ਼ਿਆਂ ਨੂੰ ਲੈ ਕੇ ਪਹਿਲਾਂ ਹੀ ਸੁਰਖੀਆਂ ਵਿੱਚ ਰਹਿੰਦੀ ਹੈ ਕਿਉਂਕਿ ਇੱਥੋਂ ਦੇ ਦੁਕਾਨਦਾਰਾਂ ਵਲੋਂ ਆਪਣਾ ਸਮਾਨ ਸੜਕ ਦੀ ਜਗ੍ਹਾ 'ਤੇ ਰੱਖ ਕੇ ਕਬਜ਼ੇ ਕੀਤੇ ਹੋਏ ਹਨ ਤੇ ਉਪਰੋਂ ਗੁੱਜਰ ਆਪਣੇ ਡੰਗਰ ਸੈਂਕੜਿਆਂ ਦੀ ਗਿਣਤੀ ਵਿੱਚ ਝਬਾਲ ਮੇਨ ਚੌਕ ਤੋਂ ਹੁੰਦੇ ਹੋਏ ਇਧਰ ਉਧਰ ਚਰਾਉਣ ਲਈ ਲੈ ਕੇ ਜਾਂਦੇ ਹਨ। ਪੰਜਾਬ ਸਰਕਾਰ ਵਲੋਂ ਇਨ੍ਹਾਂ ਨੂੰ ਡੰਗਰ ਸੜਕ 'ਤੇ ਨਾ ਲਿਆਉਣ ਲਈ ਹੁਕਮ ਜਾਰੀ ਕੀਤੇ ਹੋਏ ਹਨ ਪਰ ਗੁੱਜਰਾਂ ਨੂੰ ਸਰਕਾਰੀ ਹੁਕਮਾਂ ਦੀ ਕੋਈ ਪ੍ਰਵਾਹ ਨਹੀਂ ਹੈ। ਇਹ ਗੁੱਜਰ ਹਰ ਰੋਜ਼ ਆਪਣੇ ਡੰਗਰ ਝਬਾਲ ਦੀਆਂ ਸੜਕਾਂ 'ਤੇ ਲੈ ਕੇ ਜਾਂਦੇ ਹਨ। ਇੰਨਾ ਹੀ ਨਹੀਂ, ਇਹ ਲੋਕ ਸੜਕ 'ਤੇ ਜਾਂਦੇ ਸਮੇਂ ਕਿਸੇ ਨੂੰ ਰਸਤਾ ਵੀ ਨਹੀਂ ਦਿੰਦੇ। ਜੇਕਰ ਕੋਈ ਰਸਤਾ ਦੇਣ ਲਈ ਕਹਿੰਦਾ ਹੈ ਤਾਂ ਉਸ ਨਾਲ ਭਾਸ਼ਾ ਵੀ ਚੰਗੀ ਨਹੀਂ ਵਰਤਦੇ ਤੇ ਲੜਾਈ ਕਰਨ ਲਈ ਤਿਆਰ ਹੋ ਜਾਂਦੇ ਹਨ ਜਿਸ ਕਾਰਨ ਲੋਕ ਇਨ੍ਹਾਂ ਦੇ ਮੂੰਹ ਨਹੀਂ ਲੱਗਣਾ ਚਾਹੁੰਦੇ ਪਰ ਪ੍ਰਸ਼ਾਸਨ ਕੋਲੋਂ ਮੰਗ ਜ਼ਰੂਰ ਕਰਦੇ ਹਨ ਕਿ ਸੜਕਾਂ 'ਤੇ ਡੰਗਰ ਲਿਆਉਣ 'ਤੇ ਰੋਕ ਲਗਾਈ ਜਾਵੇ। ਇਸ ਸਬੰਧ ਵਿੱਚ ਜ਼ਿਲੇ ਦੇ ਡਿਪਟੀ ਕਮਿਸ਼ਨਰ ਰਿਸ਼ੀਪਾਲ ਸਿੰਘ ਨਾਲ ਸੰਪਰਕ ਕਰਨਾ ਚਾਹਿਆ ਤਾਂ ਉਨ੍ਹਾਂ ਨਾਲ ਸੰਪਰਕ ਹੋ ਨਹੀਂ ਸਕਿਆ। ਐੱਸਡੀਐੱਮ ਰਜਨੀਸ਼ ਅਰੋੜਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਥਾਣਾ ਮੁਖੀ ਨੂੰ ਆਦੇਸ਼ ਜਾਰੀ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ।

# ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਨੇ ਚੇਅਰਮੈਨ ਨੂੰ ਦਿੱਤਾ ਮੰਗ ਪੱਤਰ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਪਾਵਰਕਾਮ ਵਿਭਾਗ ਦੇ ਸਰਕੂਲਰ ਨੰਬਰ ਸੀਆਰਏ 295/19 ਅਧੀਨ ਵਿਭਾਗ ਵਿੱਚ ਰੱਖੇ ਗਏ ਸਹਾਇਕ ਲਾਈਨਮੈਨਾਂ ਵਿੱਚੋਂ ਕੁੱਝ ਸਹਾਇਕ ਲਾਈਨਮੈਨਾਂ 'ਤੇ ਕ੍ਰਾਈਮ ਬ੍ਰਾਂਚ ਵਲੋਂ ਦਰਜ ਪਰਚੇ ਰੱਦ ਕਰਾਉਣ ਲਈ ਅਤੇ ਤਿੰਨ ਸਾਲ ਦਾ ਪ੍ਰੋਬੇਸ਼ਨਲ ਪੀਰੀਅਡ ਦਾ ਸਮਾਂ ਪੂਰਾ ਕਰ ਚੁੱਕੇ ਬਿਜਲੀ ਕਾਮਿਆਂ ਨੂੰ ਪੂਰੇ ਤਨਖਾਹ ਸਕੇਲ ਲਾਗੂ ਕਰਵਾਉਣ ਲਈ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਵਲੋਂ ਉਲੀਕੇ ਸੰਘਰਸ਼ ਤਹਿਤ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਆਗੂ ਸਾਥੀਆਂ ਵਲੋਂ ਪੰਜਾਬ ਦੇ ਮੀਤ ਪ੍ਰਧਾਨ ਸਾਥੀ ਬਲਵਿੰਦਰ ਉਦੀਪੁਰ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਹਲਕਾ ਗੁਰਦਾਸਪੁਰ ਦੇ ਇੰਚਾਰਜ ਅਤੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੂੰ ਮਿਲ ਕੇ ਮੰਗ ਪੱਤਰ ਦਿੱਤਾ ਗਿਆ। ਇਸ ਸਬੰਧੀ ਜਥੇਬੰਦੀ ਨੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਬਹਿਲ ਦੇ ਧਿਆਨ ਵਿੱਚ ਲਿਆਂਦਾ ਕਿ ਠੇਕੇਦਾਰਾਂ ਵੱਲੋਂ ਜਾਰੀ ਕੀਤੇ ਤਜਰਬਾ ਸਰਟੀਫਿਕੇਟ ਨੂੰ ਆਧਾਰ ਬਣਾ ਕੇ ਕਰਮਚਾਰੀਆਂ 'ਤੇ ਪਰਚੇ ਦਰਜ ਕੀਤੇ ਗਏ ਹਨ ਜਦਕਿ ਇਨ੍ਹਾਂ ਕਰਮਚਾਰੀਆਂ ਦੀ ਭਰਤੀ ਪ੍ਰਕਿਰਿਆ ਵੇਲੇ ਸਿਲੈਕਸ਼ਨ ਕਮੇਟੀ ਵੱਲੋਂ ਸਬੰਧਿਤ ਸਾਰੇ ਦਸਤਾਵੇਜ਼ਾਂ ਦੀ ਜਾਂਚ ਪੜਤਾਲ ਕਰਕੇ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਸਨ। ਇਸ ਲਈ ਇਨ੍ਹਾਂ ਕਰਮਚਾਰੀਆਂ ਦਾ ਕੋਈ ਕਸੂਰ ਨਹੀਂ ਹੈ। ਚੇਅਰਮੈਨ ਰਮਨ ਬਹਿਲ ਨੇ ਵਫਦ ਨੂੰ ਭਰੋਸਾ ਦਿਵਾਇਆ ਹੈ ਕਿ ਜਥੇਬੰਦੀ ਵਲੋਂ ਦਿੱਤਾ ਗਿਆ ਮੰਗ ਪੱਤਰ ਮੁੱਖ ਮੰਤਰੀ ਭਗਵੰਤ ਮਾਨ ਨੂੰ ਭੇਜ ਦਿੱਤਾ ਜਾਵੇਗਾ ਅਤੇ ਮਸਲੇ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣ ਦੀ ਸਿਫਾਰਸ਼ ਕੀਤੀ ਜਾਵੇਗੀ। ਇਸ ਮੌਕੇ ਸਾਥੀ ਬਲਵਿੰਦਰ ਸਿੰਘ ਸੋਹਲ, ਸਾਹਿਬ ਸਿੰਘ ਧਾਲੀਵਾਲ, ਅਨਿਲ ਕੁਮਾਰ, ਜਸਵਿੰਦਰ ਸਿੰਘ, ਗੌਰਵ, ਸਾਥੀ ਸਤਨਾਮ ਸਿੰਘ ਸੁਲਤਾਨੀ, ਅਮਨਦੀਪ ਸਿੰਘ ਜੌੜਾ ਆਦਿ ਆਗੂ ਹਾਜ਼ਰ ਸਨ।

## ਪ੍ਰਿੰ. ਫ਼ਤਿਹਪੁਰੀ ਦੀ ਪੁਸਤਕ 'ਗੁੱਝੇ ਮਨੁੱਖ' 'ਤੇ ਵਿਚਾਰ ਚਰਚਾ ਅੱਜ

ਅੰਮ੍ਰਿਤਸਰ (ਜਸਬੀਰ ਸਿੰਘ)-ਵਿਰਸਾ ਵਿਚਾਰ ਸੁਸਾਇਟੀ ਅੰਮ੍ਰਿਤਸਰ ਵੱਲੋਂ ਪੰਜਾਬੀ ਸਾਹਿਤ ਸਭਾ ਚੋਗਾਵਾਂ ਦੇ ਸਹਿਯੋਗ ਨਾਲ ਪ੍ਰਿੰ. ਬਲਵਿੰਦਰ ਸਿੰਘ ਫ਼ਤਿਹਪੁਰੀ ਦੀ ਵਾਰਤਕ ਪੁਸਤਕ 'ਗੁੱਝੇ ਮਨੁੱਖ' ਤੇ ਵਿਚਾਰ ਚਰਚਾ ਤੇ ਲੋਕ ਅਰਪਣ ਸਮਾਰੋਹ 2 ਅਪ੍ਰੈਲ ਦਿਨ ਐਤਵਾਰ ਨੂੰ 1.30 ਵਜੇ ਵਿਰਸਾ ਵਿਹਾਰ ਦੇ ਨਾਨਕ ਸਿੰਘ ਸੈਮੀਨਾਰ ਹਾਲ ਵਿੱਚ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਦਰਾਜਕੇ ਨੇ ਦੱਸਿਆ ਕਿ ਪੁਸਤਕ ਬਾਰੇ ਸ਼੍ਰੋਮਣੀ ਨਾਟਕਕਰ ਕੇਵਲ ਧਾਲੀਵਾਲ, ਧਰਵਿੰਦਰ ਸਿੰਘ ਔਲਖ, ਗੀਵਾ ਦਰਿਆ, ਭੁਪਿੰਦਰ ਸਿੰਘ ਸੰਧੂ, ਪ੍ਰਿੰ. ਕੁਲਵੰਤ ਸਿੰਘ ਅਣਖੀ ਵਿਚਾਰ ਚਰਚਾ ਕਰਨਗੇ। ਆਪ ਸਭ ਨੂੰ ਹਾਰਦਿਕ ਸੱਦਾ ਹੈ।

## 10 ਬੋਤਲਾਂ ਅੰਗਰੇਜ਼ੀ ਸ਼ਰਾਬ ਸਣੇ ਦੋ ਦੋਸ਼ੀ ਗ੍ਰਿਫ਼ਤਾਰ

ਗੁਰਦਾਸਪੁਰ (ਜਨਕ ਮਹਾਜਨ)-ਪੁਲਸ ਸਟੇਸ਼ਨ ਅਧੀਨ ਪੈਂਦੇ ਪੁਲਸ ਨਾਕਾ ਦਾਊਵਾਲ 'ਤੇ ਮੋਟਰਸਾਈਕਲ ਸਵਾਰ ਤੋਂ ਅੰਗਰੇਜ਼ੀ ਸ਼ਰਾਬ ਬਰਾਮਦ ਕਰਕੇ ਮਾਮਲਾ ਦਰਜ ਕੀਤੇ ਜਾਣ ਦੀ ਖ਼ਬਰ ਮਿਲੀ ਹੈ। ਏਐੱਸਆਈ ਜਗਦੀਸ਼ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਸਮੇਤ ਗਸ਼ਤ ਦੇ ਸਬੰਧ ਵਿਚ ਮੁਖਬਰ ਖ਼ਾਸ ਦੀ ਇਤਲਾਹ 'ਤੇ ਦਾਊਵਾਲ ਵਿਖੇ ਨਾਕਾਬੰਦੀ ਕਰਕੇ ਵਹੀਕਲਾਂ ਦੀ ਚੈਕਿੰਗ ਦੌਰਾਨ ਦੋਸ਼ੀ ਤਰਲੋਕ ਸਿੰਘ ਅਤੇ ਕਾਨ ਸਿੰਘ ਪੁੱਤਰਾਨ ਬਖ਼ਸ਼ੀਸ਼ ਸਿੰਘ ਵਾਸੀਆਨ ਜਗਤਪੁਰ ਕਲਾਂ ਪਾਸੋਂ ਮੋਟਰਸਾਈਕਲ ਨੰਬਰ ਪੀਬੀ. 06 ਏ.ਐਲ. 5845 ਮਾਰਕਾ ਬਜਾਜ ਸੀ. ਟੀ. 100 ਸਮੇਤ ਕਾਬੂ ਕਰਕੇ ਦੋਸ਼ੀਆਂ ਪਾਸੋਂ 10 ਬੋਤਲਾਂ ਸ਼ਰਾਬ ਠੇਕਾ ਬਰਾਮਦ ਕੀਤੀਆਂ ਹਨ।

### ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਪਰਵੀਨ ਛਿੱਬਰ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਜਲੰਧਰ-2
ਕੇਸ ਅਨੁਵਾਨ : ਨਰਿੰਦਰ ਸਿੰਘ ਬਨਾਮ : ਜਸਵਿੰਦਰ ਸਿੰਘ
ਕੇਸ ਕਿਸਮ: ਤਕਸੀਮ, ਵਾਕਿਆ ਪਿੰਡ : ਜੰਡੂ ਸਿੰਘਾ
ਕੇਸ ਨੰ: 01 ਟੀ/2022, ਦਾਇਰ ਮਿਤੀ : 2.5.2022

ਨੋਟਿਸ ਬਨਾਮ-1. ਜਸਵਿੰਦਰ ਸਿੰਘ ਪੁੱਤਰ ਨਰਿੰਦਰ ਸਿੰਘ 2. ਨਿਰਮਲ ਕੌਰ ਵਿਧਵਾ ਸ੍ਰੀ ਨਰਿੰਦਰ ਸਿੰਘ 2. ਸਾਰੇ ਵਾਸੀਆਨ ਪਿੰਡ ਜੰਡੂ ਸਿੰਘਾ ਤਹਿ: ਵਾ ਜ਼ਿਲ੍ਹਾ ਜਲੰਧਰ।

ਵਿਸ਼ਾ-ਪਿੰਡ ਜੰਡੂ ਸਿੰਘਾ

ਹਦਬਸਤ ਨੰ: 165, ਜ਼ਿਲ੍ਹਾ ਜਲੰਧਰ ਖੇਵਟ ਨੰ: 1562/1538, ਖਤੌਨੀ ਨੰ: 1982, 1983, 1984 ਅਤੇ 1985 ਖਸਰਾ ਨੰ: 2//20/3 (0-11), 21/2 (1-16), 22 (18-0), 7 (0-12), 17 (7-11), 18/2 (3-12), 19/2 (5-6), 18/2 (3-12), 19/2 (5-6), 14 (6-9) ਖਾਤਾ ਨੰਬਰ 8 ਕੁੱਲ ਰਕਬਾ 33 ਕਨਾਲ 17 ਮਰਲੇ ਜਮ੍ਹਾਂਬੰਦੀ ਸਾਲ 2016-17 ਦੀ ਤਕਸੀਮ ਕਰਨ ਸੰਬੰਧੀ।

ਬਾਬਤ ਤਕਸੀਮ ਅਰਾਜੀ ਰਕਬਾ
ਪਿੰਡ : ਜੰਡੂ ਸਿੰਘਾ ਤਹਿ: ਤੇ ਜ਼ਿਲ੍ਹਾ ਜਲੰਧਰ

ਉਕਤ ਅਨੁਵਾਨ ਕੇਸ ਵਿੱਚ ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਫਰੀਕੈਨ ਦੋਮ ਦੀ ਇਤਲਾਹ ਅਸਾਨ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਲਈ ਇਸ ਇਸ਼ਤਿਹਾਰ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਅਨੁਵਾਨ ਕੇਸਾਂ ਦੀ ਸੁਣਵਾਈ ਇਸ ਅਦਾਲਤ ਵਿੱਚ ਮਿਤੀ 28.4.2023 ਨੂੰ ਦੁਪਹਿਰ 2.00 ਵਜੇ ਮੁਕੱਰਰ ਕੀਤੀ ਗਈ ਹੈ। ਫਰੀਕੈਨ ਦੋਮ ਉਕਤ ਮਿਤੀ ਨੂੰ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਹੋ ਕੇ ਤਕਸੀਮ ਕੇਸ ਦੀ ਪੈਰਵੀ ਕਰ ਸਕਦੇ ਹਨ। ਉਕਤ ਮਿਤੀ ਨੂੰ ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਫਰੀਕੈਨ ਦੋਮ ਦੇ ਵਿਰੁੱਧ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਇਸ਼ਤਿਹਾਰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਜਲੰਧਰ-2
ਨੰ: 1456/ਰੀਡਰ/ਮਿਤੀ : 28.3.2023

### Civil Courts Nabha
**Court Notice**
**(U/o 5 Rule 20 CPC)**

In the Court of Sh. Balkar Singh Civil Judge Junior Division-1, Nabha
CNR No. PBPTB0-000210-2023
Next Date : 05.05.2023

I, Nishan Singh, 2. Gurmakh Singh, 3, Sukhchain Singh S/o Sahib Singh S/o Ganda Singh, 4. Manjit Kaur, 5. Amarjit Kaur Both DS/O Sahib Singh S/o Ganda Singh R/o Vill. Gharyala, Tehsil Patti, Distt. Tarn Taran through their Spcial Power of Attorney Sewa Singh S/o Sohan Singh R/o Vill. Mansoorpur, Tehsil Nabha, Distt. Patiala
Vs
General Public
Publication issued to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 05.05.2023 at 10.00 a.m.

For details logon to https://highcourtchd.gov.in/?trs=district notice&district=Patiala

Civil Judge Junior Division-1, Nabha
Dated, this day of 01.04.2023

### Court Notice

In the Court of Ms. Shampy Chaudhary Addl. Civil Judge (Sr. Divn), Amloh (P)
CNR No. PBFGA0-000125-2023
Next Date : 2.5.2023

Bhinder Singh S/o Harchand Singh R/o Vill. Salani Tehsil Amloh Distt. Fatehgarh Sahib (Natural Guardian being father of Yuvraj Singh minor son) through his attorney Mandeep Kaur his wife R/o Vill. Salani Tehsil Amloh Distt. Fatehgarh Sahib.
Versus
General Public

In above titled case, the defendant (s) could not be served. It is ordered that defendant (s) should appear in person or through counsel on 2.5.2023 at 10.00 a.m.

For details logon to : https://highcourtchd.gov.in/?trs=district notice&district=Fatehgarh Sahib

Addl. Civil Judge (Sr. Divn), Amloh (P)
Dated, this day of 29.3.2023

### Court Notice

In the Court of Ms. Manisha Jain Principal Judge Family Court, SBS Nagar.
CNR No. PBSB01-003015-2019
Next Date : 11.5.2023
Harkamal Singh
Versus
General Public
U/S 7 Read with section 25 of GW Act
Publication issued to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 11.5.2023 at 10.00 a.m.

For details logon to https://highcourtchd.gov.in/?trs=district notice&district=SBS Nagar

Principal Judge Family Court, SBS Nagar.
Dated, this day of 31.3.2023


### ਉੱਤਰ ਰੇਲਵੇ

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ | G20

**ਭੰਡਾਰ ਦੀ ਸਪਲਾਈ ਲਈ ਨਿਵਿਦਾ ਮੰਗ**
**ਇਲੈਕਟ੍ਰੋਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ**

ਟੈਂਡਰ ਨੋਟਿਸ ਨੰ.:-01/2023-2024 ਮਿਤੀ 01.04.2023

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਪ੍ਰਮੁੱਖ ਸਮਗਰੀ ਪ੍ਰਬੰਧਕ/ ਉਤਰ ਰੇਲਵੇ /ਭੰਡਾਰ ਡਿਪੋ/ਯੰਤਰਿਕ ਕਾਰਖਾਨਾ/ ਅੰਮ੍ਰਿਤਸਰ ਦੁਆਰਾ ਸੰਭਰਨਕਰਤਾਵਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

| ਲ. ਨੰ. | ਨਿਵਿਦਾ ਨੰ. | ਮਾਲ ਦਾ ਵੇਰਵਾ | ਮਾਤਰਾ | ਨਿਵਿਦਾ ਖੁਲਣ ਦੀ ਮਿਤੀ |
|---|---|---|---|---|
| 1. | 62235065 | Slack Adjuster complete for BOXNHL wagon, type IRSA-750 to RDSO DRG NO: WD-93061 -S-01 ALT-1, Item no 01 to 48. RDSO Spec no. 19-ABR-07 Amendment no. 3 of Sept 2016. | 465 Nos | 26/04/2023 |

ਨਿਵਿਦਾ ਸ਼ਰਤਾਂ:- IREPS ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। ਸਾਰੇ ਇੱਛੁਕ ਵਿਕ੍ਰੇਤਾਵਾਂ ਨੂੰ ਈ-ਨਿਵਿਦਾ ਵਿਚ ਭਾਗ ਲੈਣ ਅਤੇ ਰਜਿਸਟਰੇਸ਼ਨ ਕਰਾਉਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਏਜੰਸੀ ਤੋਂ ਕਲਾਸ-III ਡਿਜਿਟਲ ਪ੍ਰਮਾਣ ਪੱਤਰ (ਜੇਕਰ ਪਹਿਲਾਂ ਤੋਂ ਪ੍ਰਾਪਤ ਨਹੀਂ ਕੀਤਾ ਹੈ) ਕਰਨਾ ਹੋਵੇਗਾ। ਹੱਥ ਨਾਲ ਲਿਖੇ ਟੈਂਡਰ ਸਵੀਕ੍ਰਿਤ ਨਹੀਂ ਕੀਤੇ ਜਾਣਗੇ।

993/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



### ਉੱਤਰ ਰੇਲਵੇ

G20 | ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

Tender Notice No:- 770-W/169/WA-1/FZR/503-2022-23-GSU-PGW, 504-2022-23-GSU-DDL, 505-2022-23-GSU-PHR, 506-2022-23-GSU-KXH & 507-2022-23-GSU-FKA, ਸੀਨੀਅਰ ਮੰਡਲ ਇੰਜੀਨੀਅਰ-ਫਸਟ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 21.04.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨੂੰ ਕੇਵਲ ਆਈਆਰਈਪੀਐਸ ਪੋਰਟਲ ਤੇ ਉਪਲਬਧ ਭੁਗਤਾਨ ਮੋਡ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਨਿਵਿਦਾ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦੇ ਲਈ ਇਸ ਨਿਵਿਦਾ ਦੇ ਲਈ ਭੁਗਤਾਨ ਕਰਨ ਦੀ ਇਜਾਜਤ ਹੈ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਜਮ੍ਹਾ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 31.03.2023 | 07.04.2023 | 21.04.2023 |

| | | | ਵਿਗਿਆਪਨ ਮੁੱਲ (Rs.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|---|---|
| 1 | 503-2022-23-GSU-PGW | ਸਹਾਇਕ ਮੰਡਲ ਇੰਜੀਨੀਅਰ-ਲੁਧਿਆਣਾ ਦੇ ਅਧਿਕਾਰ ਖੇਤਰ ਵਿਚ SNL-JUC ਸੈਕਸ਼ਨ ਤੇ ਪੈਂਦੇ ਫਗਵਾੜਾ ਰੇਲਵੇ ਸਟੇਸ਼ਨ ਉਤੇ ਬਿਲਡਿੰਗ ਵਿਚ ਸਾਫਟ ਅਪਗ੍ਰੇਡ/ਸੁਧਾਰ (ਯਾਨੀ ਮੁਖੌਟਾਂ ਕੰਮ, ਸਰਕੂਲੇਟਿੰਗ ਏਰੀਆ, ਪੀਐਫ ਸ਼ੇਲਟਰ, ਨਿਊ ਟਾਯਲੇਟ ਬਲਾਕ, (ਸੈਕਿੰਡ ਐਂਟਰੀ ਸਮਾਰਕ ਝੰਡਾ ਆਦਿ) ਅਤੇ ਹਾਈ-ਲੇਵਲ ਪੈਸੰਜਰ ਪਲੈਟਫਾਰਮ ਦੇ ਸਬੰਧ ਵਿਚ ਕੰਮ ਕਰਨਾ। | 115298094.55 | 60 ਦਿਨ | 08 ਮਹੀਨੇ |
| 2 | 504-2022-23-GSU-DDL | ਸਹਾਇਕ ਮੰਡਲ ਇੰਜੀਨੀਅਰ-ਲੁਧਿਆਣਾ ਦੇ ਅਧਿਕਾਰ ਖੇਤਰ ਵਿਚ SNL-JUC ਸੈਕਸ਼ਨ ਤੇ ਪੈਂਦੇ ਢੰਡਾਰੀ ਕਲਾਂ ਰੇਲਵੇ ਸਟੇਸ਼ਨ ਉਤੇ ਬਿਲਡਿੰਗ ਵਿਚ ਸਾਫਟ ਅਪਗ੍ਰੇਡ/ਸੁਧਾਰ (ਯਾਨੀ ਮੁਖੌਟਾਂ ਕੰਮ, ਸਰਕੂਲੇਟਿੰਗ ਏਰੀਆ, ਪੀਐਫ ਸ਼ੇਲਟਰ, ਨਿਊ ਟਾਯਲੇਟ ਬਲਾਕ, (ਸੈਕਿੰਡ ਐਂਟਰੀ ਸਮਾਰਕ ਝੰਡਾ ਆਦਿ) ਅਤੇ ਹਾਈ-ਲੇਵਲ ਪੈਸੰਜਰ ਪਲੈਟਫਾਰਮ ਦੇ ਸਬੰਧ ਵਿਚ ਕੰਮ ਕਰਨਾ। | 77152209.05 | 60 ਦਿਨ | 08 ਮਹੀਨੇ |
| 3 | 505-2022-23-GSU-PHR | ਸਹਾਇਕ ਮੰਡਲ ਇੰਜੀਨੀਅਰ-ਲੁਧਿਆਣਾ ਦੇ ਅਧਿਕਾਰ ਖੇਤਰ ਵਿਚ SNL-JUC ਸੈਕਸ਼ਨ ਤੇ ਪੈਂਦੇ ਫਿਲੌਰ ਰੇਲਵੇ ਸਟੇਸ਼ਨ ਉਤੇ ਬਿਲਡਿੰਗ ਵਿਚ ਸਾਫਟ ਅਪਗ੍ਰੇਡ/ਸੁਧਾਰ (ਯਾਨੀ ਮੁਖੌਟਾਂ ਕੰਮ, ਸਰਕੂਲੇਟਿੰਗ ਏਰੀਆ, ਪੀਐਫ ਸ਼ੇਲਟਰ, ਨਿਊ ਟਾਯਲੇਟ ਬਲਾਕ, (ਸੈਕਿੰਡ ਐਂਟਰੀ ਸਮਾਰਕ ਝੰਡਾ ਆਦਿ) ਅਤੇ ਹਾਈ-ਲੇਵਲ ਪੈਸੰਜਰ ਪਲੈਟਫਾਰਮ ਦੇ ਸਬੰਧ ਵਿਚ ਕੰਮ ਕਰਨਾ। | 78885081.89 | 60 ਦਿਨ | 08 ਮਹੀਨੇ |
| 4 | 506-2022-23-GSU-KXH | ਸਹਾਇਕ ਮੰਡਲ ਇੰਜੀਨੀਅਰ...2 ਫਿਰੋਜ਼ਪੁਰ ਦੇ ਅਧਿਕਾਰ ਖੇਤਰ ਵਿਚ JUC-FZR ਸੈਕਸ਼ਨ ਤੇ ਪੈਂਦੇ ਕਪੂਰਥਲਾ ਰੇਲਵੇ ਸਟੇਸ਼ਨ ਉਤੇ ਬਿਲਡਿੰਗ ਵਿਚ ਸਾਫਟ ਅਪਗ੍ਰੇਡ/ਸੁਧਾਰ (ਯਾਨੀ ਮੁਖੌਟਾਂ ਕੰਮ, ਸਰਕੂਲੇਟਿੰਗ ਏਰੀਆ, ਪੀਐਫ ਸ਼ੇਲਟਰ, ਨਿਊ ਟਾਯਲੇਟ ਬਲਾਕ, (ਸੈਕਿੰਡ ਐਂਟਰੀ ਸਮਾਰਕ ਝੰਡਾ ਆਦਿ) ਅਤੇ ਹਾਈ-ਲੇਵਲ ਪੈਸੰਜਰ ਪਲੈਟਫਾਰਮ ਦੇ ਸਬੰਧ ਵਿਚ ਕੰਮ ਕਰਨਾ। | 91666426.65 | 60 ਦਿਨ | 08 ਮਹੀਨੇ |
| 5 | 507-2022-23-GSU-FKA | ਸਹਾਇਕ ਮੰਡਲ ਇੰਜੀਨੀਅਰ...2 ਫਿਰੋਜ਼ਪੁਰ ਦੇ ਅਧਿਕਾਰ ਖੇਤਰ ਵਿਚ FZR-FKA ਸੈਕਸ਼ਨ ਤੇ ਪੈਂਦੇ ਫਾਜ਼ਿਲਕਾ ਰੇਲਵੇ ਸਟੇਸ਼ਨ ਉਤੇ ਬਿਲਡਿੰਗ ਵਿਚ ਸਾਫਟ ਅਪਗ੍ਰੇਡ/ਸੁਧਾਰ (ਯਾਨੀ ਮੁਖੌਟਾਂ ਕੰਮ, ਸਰਕੂਲੇਟਿੰਗ ਏਰੀਆ, ਪੀਐਫ ਸ਼ੇਲਟਰ, ਨਿਊ ਟਾਯਲੇਟ ਬਲਾਕ, (ਸੈਕਿੰਡ ਐਂਟਰੀ ਸਮਾਰਕ ਝੰਡਾ ਆਦਿ) ਅਤੇ ਹਾਈ-ਲੇਵਲ ਪੈਸੰਜਰ ਪਲੈਟਫਾਰਮ ਦੇ ਸਬੰਧ ਵਿਚ ਕੰਮ ਕਰਨਾ। | 89601216.81 | 60 ਦਿਨ | 08 ਮਹੀਨੇ |

984/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਵਿਧਾਇਕ ਸ਼ੈਰੀ ਕਲਸੀ ਵੱਲੋਂ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਤੇ ਨੀਂਹ ਪੱਥਰ



ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)-ਵਿਧਾਨ ਸਭਾ ਹਲਕਾ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਨੇ ਹਲਕੇ ਵਿੱਚ ਪੈਂਦੇ ਬਲਾਕ ਧਾਰੀਵਾਲ ਦੇ ਵੱਖ-ਵੱਖ ਪਿੰਡਾਂ ਵਿੱਚ ਵਿਕਾਸ ਕਾਰਜਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ। ਇਸ ਮੌਕੇ ਪਿੰਡ ਸਤਕੋਹਾ ਵਿਖੇ ਆਂਗਨਵਾੜੀ ਸੈਂਟਰ ਦਾ ਨੀਂਹ ਪੱਥਰ, ਪਿੰਡ ਤਾਰਾਗੜ੍ਹ ਵਿਖੇ ਸੀਵਰੇਜ/ਗਲੀਆਂ ਨਾਲੀਆਂ ਦਾ ਉਦਘਾਟਨ, ਪਿੰਡ ਪੈਰੋਸ਼ਾਹ ਵਿਖੇ ਗਲੀਆਂ ਨਾਲੀਆਂ ਦਾ ਉਦਘਾਟਨ, ਪਿੰਡ ਧਾਰੀਵਾਲ ਭੋਜਾ ਵਿਖੇ ਸੀਵਰੇਜ/ਗਲੀਆਂ ਨਾਲੀਆਂ ਦਾ ਉਦਘਾਟਨ, ਗ੍ਰਾਮ ਪੰਚਾਇਤ ਪੱਤੀ ਹਵੇਲੀਆਂ ਵਿਖੇ ਥਾਪਰ ਮਾਡਲ/ਗਲੀਆਂ ਨਾਲੀਆਂ/ਡੇਰਿਆਂ ਦੇ ਰਸਤੇ ਦਾ ਉਦਘਾਟਨ, ਪੱਤੀ ਉੱਪਲ ਵਿਖੇ ਸ਼ਮਸ਼ਾਨ ਘਾਟ ਦਾ ਨੀਂਹ ਪੱਥਰ ਰੱਖਿਆ। ਸ਼ੈਰੀ ਕਲਸੀ ਨੇ ਗੁਰਦੁਆਰਾ ਸਾਹਿਬ ਪਿੰਡ ਉਪਲ ਦੀ ਬਿਲਡਿੰਗ ਵਾਸਤੇ 51000 ਰੁਪਏ, ਮਨਦੀਪ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਨੇ 11000 ਰੁਪਏ ਅਤੇ ਜੋਗਿੰਦਰ ਸਿੰਘ ਐਸ. ਐਚ. ਓ. ਸੇਖਵਾਂ ਨੇ 11000 ਰੁਪਏ ਦਿੱਤੇ।

ਇਸ ਮੌਕੇ ਵਿਧਾਇਕ ਕਲਸੀ ਨੇ ਕਿਹਾ ਕਿ ਉਨ੍ਹਾਂ ਦੀ ਪਹਿਲੀ ਤਰਜੀਹ ਹਲਕੇ ਦਾ ਵਿਕਾਸ ਹੈ ਉਨ੍ਹਾਂ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਖਿਆ ਕਿ ਵਿਕਾਸ ਕਾਰਜਾਂ ਨੂੰ ਨਿਯਮਾਂ ਤਹਿਤ ਪੂਰੀ ਗੁਣਵੱਤਾ ਭਰਪੂਰ ਤਰੀਕੇ ਨਾਲ ਤੇਜ਼ੀ ਨਾਲ ਨੇਪਰੇ ਚਾੜ੍ਹਿਆ ਜਾਵੇ। ਉਨ੍ਹਾਂ ਕਿਹਾ ਕਿ ਵੱਖ-ਵੱਖ ਖੇਤਰਾਂ ਵਿੱਚ ਸਰਬਪੱਖੀ ਵਿਕਾਸ ਕਾਰਜ ਕੀਤੇ ਜਾ ਰਹੇ ਹਨ ਅਤੇ ਸ਼ਹਿਰੀ ਅਤੇ ਪੇਂਡੂ ਖੇਤਰ ਵਿੱਚ ਲੋਕਹਿੱਤ ਲਈ ਭਲਾਈ ਸਕੀਮਾਂ ਲਾਗੂ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਯਤਨਸ਼ੀਲ ਹੈ। ਇਸ ਮੌਕੇ ਬੀਡੀਪੀਓ ਧਾਰੀਵਾਲ ਕੁਲਵੰਤ ਸਿੰਘ, ਪੰਚਾਇਤ ਸਕੱਤਰ ਗੁਰਦੇਵ ਸਿੰਘ, ਮਨਦੀਪ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ, ਨਰਿੰਦਰ ਕੌਰ ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ, ਮਨਦੀਪ ਸਿੰਘ ਸਰਪੰਚ, ਵਿਲਸਨ ਮਸੀਹ ਸਤਕੋਹਾ, ਗੁਰਪ੍ਰੀਤ ਸਿੰਘ, ਲਖਵਿੰਦਰ ਸਿੰਘ, ਰਣਜੀਤ ਸਿੰਘ ਤਾੜਾਗੜ੍ਹ, ਜਸਬੀਰ ਕੌਰ ਸਰਪੰਚ, ਹਰਦੇਵ ਸਿੰਘ, ਕੈਪਟਨ ਬਾਵਾ ਸਿੰਘ, ਬਲਬੀਰ ਸਿੰਘ ਪੇਰੋਸ਼ਾਹ, ਪ੍ਰਭਦੀਪਕ ਸਿੰਘ ਸਰਪੰਚ, ਹਰਜੀਤ ਸਿੰਘ, ਮਨਜੀਤ ਸਿੰਘ, ਸਰਬਜੀਤ ਕੌਰ, ਸੁਖਜੀਵਨ ਸਿੰਘ ਪੱਤੀ ਹਵੇਲੀਆਂ, ਸਤਨਾਮ ਸਿੰਘ ਸਰਪੰਚ ਪਿੰਡ ਉਪਲ, ਚਮਕੌਰ ਸਿੰਘ ਸਰਪੰਚ, ਉੱਤਮ ਸਿੰਘ ਫੌਜੀ, ਜਗੀਰ ਸਿੰਘ ਪੰਚਾਇਤੀ ਨੁਮਾਇੰਦੇ ਤੇ ਹੋਰ ਪਤਵੰਤੇ ਵੀ ਮੌਜੂਦ ਸਨ।

# ਪਿਸ਼ਾਵਰ 'ਚ ਸਿੱਖ ਦੁਕਾਨਦਾਰ ਨੂੰ ਗੋਲੀਆਂ ਮਾਰਨ ਦੀ ਬਾਬਾ ਬਲਬੀਰ ਸਿੰਘ ਵੱਲੋਂ ਸਖ਼ਤ ਨਿੰਦਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਪਾਕਿਸਤਾਨ ਵਿੱਚ ਇਕ ਸਿੱਖ ਦੁਕਾਨਦਾਰ ਦਿਆਲ ਸਿੰਘ ਨੂੰ ਗੋਲੀਆਂ ਮਾਰ ਕੇ ਮਾਰਨ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਪਾਕਿਸਤਾਨ ਵਿੱਚ ਹਿੰਦੂ, ਸਿੱਖ ਜਾਂ ਹੋਰ ਘੱਟ ਗਿਣਤੀਆਂ ਦੇ ਲੋਕ ਸੁਰੱਖਿਅਤ ਨਹੀਂ ਹਨ। ਪਿਸ਼ਾਵਰ ਤੇ ਸਿੰਧ ਤੋਂ ਸਿੱਖ ਪਰਿਵਾਰ ਲਗਾਤਾਰ ਹਿਜਰਤ ਕਰਕੇ ਭਾਰਤ ਪਰਤ ਰਹੇ ਹਨ।

ਉਨ੍ਹਾਂ ਕਿਹਾ ਕਿ ਸੂਬਾ ਖੈਬਰ ਪਖਤੂਨਖਵਾ ਦੇ ਸ਼ਹਿਰ ਪਿਸ਼ਾਵਰ 'ਚ ਅਣਪਛਾਤੇ ਵਿਅਕਤੀਆਂ ਵੱਲੋਂ ਸਿੱਖ ਦੁਕਾਨਦਾਰ ਦਿਆਲ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਦਿਆਲ ਸਿੰਘ ਨੂੰ ਕੁੱਝ ਅਣਪਛਾਤੇ ਮੋਟਰਸਾਈਕਲ ਸਵਾਰ ਹਥਿਆਰਬੰਦ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਦੁਕਾਨ ਅੰਦਰ ਹੀ ਮਾਰ ਦਿੱਤਾ ਗਿਆ ਹੈ। ਪਿਸ਼ਾਵਰ 'ਚ ਇਸ ਤੋਂ ਪਹਿਲਾਂ ਵੀ ਕਈ ਸਿੱਖ ਹਕੀਮਾਂ ਅਤੇ ਹੋਰਨਾਂ ਕਾਰੋਬਾਰੀਆਂ ਦੀ ਹੱਤਿਆ ਕੀਤੀ ਜਾ ਚੁੱਕੀ ਹੈ ਪਰ ਕਿਸੇ ਵੀ ਮਾਮਲੇ 'ਚ ਹੱਤਿਆਰੇ ਗ੍ਰਿਫ਼ਤਾਰ ਨਹੀਂ ਕੀਤੇ ਜਾ ਸਕੇ। ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਘੱਟ ਗਿਣਤੀਆਂ ਦਾ ਜਬਰੀ ਪਰਿਵਰਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸੇ ਦੇਸ਼ ਅੰਦਰ ਵੱਸਦੀਆਂ ਘੱਟ ਗਿਣਤੀਆਂ ਦੀ ਜਾਨ ਮਾਲ ਦੀ ਰਾਖੀ ਕਰਨਾ ਸਥਾਨਕ ਸਰਕਾਰ ਦੀ ਨੈਤਿਕ ਜ਼ਿੰਮੇਵਾਰੀ ਹੁੰਦੀ ਹੈ ਪਰ ਪਾਕਿਸਤਾਨ ਅੰਦਰ ਲਗਾਤਾਰ ਸਿੱਖਾਂ ਤੇ ਹਿੰਦੂਆਂ ਨੂੰ ਨਿਸ਼ਾਨਾਂ ਬਣਾ ਕੇ ਗੋਲੀਆਂ ਨਾਲ ਭੁੰਨਿਆ ਜਾ ਰਿਹਾ ਹੈ।

ਉਨ੍ਹਾਂ ਸਮੁੱਚੀਆਂ ਘਟਨਾਵਾਂ ਦੀ ਸਖ਼ਤ ਨਿੰਦਾ ਕਰਦਿਆ ਕਿਹਾ ਕਿ ਅਫਸੋਸ ਹੈ ਕਿ ਪਾਕਿਸਤਾਨ ਸਰਕਾਰ ਘੱਟ ਗਿਣਤੀਆਂ ਦੀ ਸੁਰੱਖਿਆ ਕਰਨ ਵਿੱਚ ਬੁਰੀ ਤਰ੍ਹਾਂ ਫੇਲ ਹੋਈ ਹੈ। ਉਨ੍ਹਾਂ ਭਾਰਤ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਪਾਕਿਸਤਾਨ 'ਚੋਂ ਹਿਜਰਤ ਕਰਕੇ ਆ ਰਹੇ ਸਿੱਖ ਪਰਿਵਾਰਾਂ ਨੂੰ ਪਹਿਲ ਦੇ ਆਧਾਰ 'ਤੇ ਸੰਭਾਲੇ ਤੇ ਉਨ੍ਹਾਂ ਦੀ ਭਾਰਤੀ ਨਾਗਰਿਕਤਾ ਲਈ ਯੋਗ ਉਪਰਾਲੇ ਕਰੇ।

# ਕਲਾਸੀਫਾਈਡ ਇਸ਼ਤਿਹਾਰ

### ਆਮ ਸੂਚਨਾ

ਮੋਟਰ ਕੁਨੈਕਸ਼ਨ ਦਾ ਖਾਤਾ ਨੰ: -05/1386 ਰਕਬਾ ਪਿੰਡ ਬੁਰਜ ਝੱਬਰ ਵਿਖੇ ਨੈਬ ਸਿੰਘ ਉਰਫ ਨਾਇਬ ਸਿੰਘ ਪੁੱਤਰ ਅਰਜਨ ਸਿੰਘ ਵਾਸੀ ਬੁਰਜ ਝੱਬਰ ਤਹਿਸੀਲ ਵਾ ਜ਼ਿਲ੍ਹਾ ਮਾਨਸਾ ਦੇ ਨਾਮ ਚੱਲ ਰਿਹਾ ਹੈ, ਹੁਣ ਇਸ ਨੂੰ ਨਾਮ ਬਦਲੀ ਦੀ ਅਰਜੀ ਵੀਰਪਾਲ ਕੌਰ ਪਤਨੀ ਬੇਅੰਤ ਸਿੰਘ ਵਾਸੀ ਘਾਸਵਾ ਤਹਿਸੀਲ ਰਤੀਆ ਜਿਲ੍ਹਾਂ ਫਤਿਹਾਬਾਦ ਨੇ ਦਿੱਤੀ ਹੈ ਜੇਕਰ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ ਹੋਵੇ ਤਾਂ ਉਹ ਇਸ ਪ੍ਰਕਾਸ਼ਨਾ ਦੇ 30 ਦਿਨਾਂ ਦੇ ਅੰਦਰ-2 ਨਿਮਨ ਹਸਤਾਖਰ ਨਾਲ ਸੰਪਰਕ ਕਰ ਸਕਦਾ ਹੈ ਸਮਾਂ ਪੂਰਾ ਹੋਣ ਤੇ ਨਾਂ ਬਦਲੀ ਦੀ ਕਾਰਵਾਈ ਕਰ ਦਿੱਤੀ ਜਾਵੇਗੀ। ਸਹਾਇਕ ਕਾਰਜਕਾਰੀ ਇੰਜੀਨੀਅਰ, ਪੀ.ਐਸ.ਪੀ.ਸੀ.ਐਲ., ਸਬਅਰਬਨ ਮੌੜ। (binder)

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ AP12/0327-A ਬੰਤਾ ਸਿੰਘ ਪੁੱਤਰ ਲਾਲ ਸਿੰਘ ਪਿੰਡ ਚੱਕ ਭੰਗਵਾਂ ਨਾਮ ਚਲਦਾ ਹੈ । ਹੁਣ ਬੂੜ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਚੱਕ ਭੰਗਵਾ ਦੇ ਨਾਮ ਹੋਣਾ ਹੈ । ਜੇਕਰ ਕਿਸੇ ਨੂੰ ਇਤਰਾਜ ਹੋਵੇ ਤਾਂ 15 ਦਿਨਾਂ ਅੰਦਰ ਸਹਾਇਕ ਇੰਜੀਨੀਅਰ ਪੀ.ਐਸ.ਪੀ. ਸੀ.ਐਲ , ਨੌਸ਼ਹਿਰਾ ਮੱਝਾ ਸਿੰਘ ਕੋਲ ਇਤਰਾਜ ਪੇਸ਼ ਕਰ ਸਕਦਾ ਹੈ। (KP)

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਏ ਪੀ 01/748 ਸੋਨੀ ਰਾਮ ਪੁੱਤਰ ਨਰੰਜਣ ਦਾਸ ਵਾਸੀ ਰਾਏਪੁਰ ਅਰਾਈਆਂ ਤੋਂ ਨਾਂਅ ਬਦਲੀ ਕਰਕੇ ਕੁਲਜੀਤ ਕੌਰ ਪਤਨੀ ਹਰਨੇਕ ਸਿੰਘ ਵਾਸੀ ਰਾਏਪੁਰ ਅਰਾਈਆਂ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਤੀਹ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ। (ਮਹਿਤਪੁਰੀ)

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਏ ਪੀ 44/4 ਮੱਖਣ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਮਹਿਤਪੁਰ ਤੋਂ ਨਾਂਅ ਬਦਲੀ ਕਰਕੇ ਅਮਨਦੀਪ ਸਿੰਘ ਪੁੱਤਰ ਹਰੀ ਸਿੰਘ ਵਾਸੀ ਮਹਿਤਪੁਰ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਤੀਹ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ। (ਮਹਿਤਪੁਰੀ)

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਏ ਪੀ 01/474 ਮਹਿੰਦਰ ਸਿੰਘ ਪੁੱਤਰ ਈਸ਼ਰ ਸਿੰਘ ਵਾਸੀ ਆਦਰਮਾਨ ਤੋਂ ਨਾਂਅ ਬਦਲੀ ਕਰਕੇ ਸੰਦੀਪ ਕੌਰ ਪਤਨੀ ਜਸਵਿੰਦਰ ਨੰਦਾ ਵਾਸੀ ਆਦਰਮਾਨ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਤੀਹ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ। (ਮਹਿਤਪੁਰੀ)

ਇੱਕ ਟਿਊਬਵੈੱਲ ਕੁਨੈਕਸ਼ਨ 5 ਹਾਰਸ ਪਾਵਰ ਖਾਤਾ ਨੰ: ਏ ਪੀ 58/1253 ਜੋ ਕਿ ਸੁੱਚਾ ਸਿੰਘ ਭਗਤ ਸਿੰਘ ਪਿੰਡ ਭੰਡਾਲ ਬੇਟ ਚੱਲ ਰਿਹਾ ਹੈ। ਇਹ ਜ਼ਮੀਨ ਸਮੇਤ ਮੋਟਰ ਕੁਨੈਕਸ਼ਨ ਜਸਵਿੰਦਰ ਸਿੰਘ ਪੁੱਤਰ ਸ: ਚਰਨਜੀਤ ਸਿੰਘ ਨੇ ਖਰੀਦ ਕਰ ਲਈ ਹੈ। ਹੁਣ ਇਹ ਮੋਟਰ ਕੁਨੈਕਸ਼ਨ ਜਸਵਿੰਦਰ ਸਿੰਘ ਪੁੱਤਰ ਸ: ਚਰਨਜੀਤ ਸਿੰਘ ਦੇ ਨਾਂਅ ਪਰ ਤਬਦੀਲ ਹੋਣ ਜਾ ਰਿਹਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 30 ਦਿਨਾਂ ਦੇ ਅੰਦਰ-ਅੰਦਰ ਉਪ ਮੰਡਲ ਦਫਤਰ ਢਿੱਲਵਾਂ ਪੀ ਐੱਸ ਪੀ ਸੀ ਐੱਲ ਨਾਲ ਸੰਪਰਕ ਕਰ ਸਕਦਾ ਹੈ। (ਨਟਰਾਜ)

ਇੱਕ ਟਿਊਬਵੈੱਲ ਕੁਨੈਕਸ਼ਨ 7.5 ਹਾਰਸ ਪਾਵਰ ਖਾਤਾ ਨੰ: ਏ ਪੀ 57/0564 ਜੋ ਕਿ ਸੁਰਿੰਦਰ ਸਿੰਘ ਪੁੱਤਰ ਸੁੱਚਾ ਸਿੰਘ ਪਿੰਡ ਬਨੇਨਲਵਾਲਾ ਚੱਲ ਰਿਹਾ ਹੈ। ਇਹ ਕੁਨੈਕਸ਼ਨ ਜਸਵਿੰਦਰ ਸਿੰਘ ਪੁੱਤਰ ਸ: ਚਰਨਜੀਤ ਸਿੰਘ ਨੇ ਖਰੀਦ ਕਰ ਲਈ ਹੈ। ਹੁਣ ਇਹ ਕੁਨੈਕਸ਼ਨ ਦਵਿੰਦਰ ਪਾਲ ਸਿੰਘ ਪੁੱਤਰ ਸ: ਚਰਨਜੀਤ ਸਿੰਘ ਦੇ ਨਾਂਅ ਪਰ ਤਬਦੀਲ ਹੋਣ ਜਾ ਰਿਹਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 30 ਦਿਨਾਂ ਦੇ ਅੰਦਰ-ਅੰਦਰ ਉਪ ਮੰਡਲ ਦਫਤਰ ਢਿੱਲਵਾਂ ਪੀ ਐੱਸ ਪੀ ਸੀ ਐੱਲ ਨਾਲ ਸੰਪਰਕ ਕਰ ਸਕਦਾ ਹੈ। (ਨਟਰਾਜ)

### ਬੇਦਖਲੀ ਨੋਟਿਸ

ਮੈਂ ਨਰਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਮਕਾਨ ਨੰ.ਐਫ 18/239,ਗੁਲਮੋਹਰ ਐਵੀਨਿਊ, ਮਜੀਠਾ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੋਰਵ ਸਿੰਘ ਜੋ ਬਾਲਗ ਹੈ ਮੇਰੇ ਕਹਿਣੇ ਤੋਂ ਬਾਹਰ ਹੈ, ਆਪਣੀ ਮਨ ਮਰਜੀ ਕਰਦਾ ਹੈ ਅਤੇ ਬਹੁਤ ਤੰਗ ਪਰੇਸ਼ਾਨ ਕਰਦਾ ਹੈ। ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ। (ਕੇ ਕੇ)

ਮੈਂ ਮਨਜੀਤ ਸਿੰਘ ਪੁੱਤਰ ਸ੍ਰ.ਕਰਮ ਸਿੰਘ ਵਾਸੀ ਪਿੰਡ ਜੌਂਸ,ਡਾਕਖਾਨਾ ਮੁਹਾਰ,ਤਹਿਸੀਲ ਅਜਨਾਲਾ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕੀ ਮਨਦੀਪ ਕੌਰ ਜਿਸਨੇ ਆਪਣੀ ਮਰਜੀ ਨਾਲ ਤੀਸਰੀ ਵਾਰ ਸ਼ਾਦੀ ਕਰਵਾ ਲੀ ਹੈ ਅਤੇ ਉਹ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੈ ਅਤੇ ਬਹੁਤ ਤੰਗ ਪਰੇਸ਼ਾਨ ਕਰਦੀ ਹੈ। ਮੈਂ ਉਸਨੂੰ ਅਤੇ ਉਸਦੇ ਪਤੀ ਅਤੇ ਉਸਦੇ ਬੱਚਿਆਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਅਤੇ ਉਸਦੇ ਪਤੀ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ। (KK)

ਮੈਂ ਜਗਦੀਸ਼ ਕੁਮਾਰ ਪੁੱਤਰ ਸ਼੍ਰੀ ਹਰਨਾਮ ਦਾਸ ਵਾਸੀ 171/9,ਕਟੜਾ ਖਜਾਨਾ,ਮੁਹੱਲਾ ਵਾਲਮੀਕੀ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵਿਵੇਕ (ਕੁਵਾਰਾ) ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ, ਆਪਣੀ ਮਨ ਮਰਜੀ ਕਰਦਾ ਹੈ ਅਤੇ ਬਹੁਤ ਤੰਗ ਪਰੇਸ਼ਾਨ ਕਰਦਾ ਹੈ। ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ। (KK)

### ਬੇਦਖਲੀ ਨੋਟਿਸ

ਮੈਂ ਸੁਖਵਿੰਦਰ ਕੌਰ ਪਤਨੀ ਕਾਇਲਾ ਰਾਮ ਵਾਸੀ ਪਿੰਡ ਬਿਧੀਪੁਰ ਡਾਕਖਾਨਾ ਧਾਰੀਵਾਲ ਜਿਲ੍ਹਾ ਗੁਰਦਾਸਪੁਰ ਆਪਣੀ ਨੂੰਹ ਅੰਜੂ ਵਿਧਵਾ ਪਤਨੀ ਸਰਬਜੀਤ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ । ਉਹ ਮੇਰੇ ਕਹਿਣੇ ਵਿੱਚ ਨਹੀਂ ਹੈ । ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ । (KP)

ਮੈਂ, ਪਰਮਜੀਤ ਸਿੰਘ ਪੁੱਤਰ ਮਹਿੰਗਾ ਸਿੰਘ ਵਾਸੀ ਪਿੰਡ ਤੇ ਡਾਕ: ਅਹਿਰਾਣਾ ਕਲਾਂ, ਤਹਿ: ਤੇ ਜ਼ਿਲ੍ਹਾ ਹੁਸ਼ਿਆਰਪੁਰ ਆਪਣੇ ਲੜਕੇ ਬਲਜਿੰਦਰ ਸਿੰਘ ਅਤੇ ਉਸ ਦੀ ਪਤਨੀ ਜੋਤੀ ਦੇਵੀ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੀ ਪਤਨੀ ਦਾ ਇਹਨਾਂ ਦੋਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ। ਜੇਕਰ ਕੋਈ ਉਹਨਾਂ ਨਾਲ ਲੈਣ-ਦੇਣ ਕਰੇਗਾ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ ਹੋਵੇਗਾ। ਸੰਬੰਧਤ ਨੋਟ ਕਰਨ। (7334)

ਮੈਂ ਜੋਗਿੰਦਰ ਸਿੰਘ ਪੁੱਤਰ ਬੰਤਾ ਸਿੰਘ ਵਾਸੀ ਢੰਡੀ ਕਦੀਮ ਤਹਿਸੀਲ ਜਲਾਲਾਬਾਦ ਜਿਲ੍ਹਾ ਫਾਜਿਲਕਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਵਤਾਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੋਣ ਕਾਰਨ ਮੈਂ ਉਸਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰੀ ਜਾਂ ਮੇਰੇ ਪਰਿਵਾਰ ਦੀ ਜਾਇਦਾਦ ਨਾਲ ਕੋਈ ਤਲਕ ਵਾਸਤਾ ਨਹੀਂ ਹੋਵੇਗਾ। ਇਸਦੇ ਨਾਲ ਕਿਸੇ ਕਿਸਮ ਦਾ ਵੀ ਲੈਣ ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੋਵੇਗਾ।

ਮੈਂ ਅਜੀਤ ਸਿੰਘ ਪੁੱਤਰ ਸ. ਜਗਤ ਸਿੰਘ ਵਾਸੀ ਪਿੰਡ-ਨਵਾਂ ਪਿੰਡ ਪੰਜ ਖੱਡਲ, ਡਾਕਖਾਨਾ ਬੱਲਪੁਰੀਆ,ਤਹਿਸੀਲ ਬਟਾਲਾ, ਜ਼ਿ?ਲ੍ਹਾ ਗੁਰਦਾਸਪੁਰ। ਮੇਰਾ ਲੜਕਾ ਇੰਦਰਜੀਤ ਸਿੰਘ ਨੂੰਹ ਊਸ਼ਾ ਰਾਣੀ ਅਤੇ ਪੋਤਰੇ ਸੁਮਿਤ ਸਿੰਘ, ਸਮਰ ਸਿੰਘ ,ਅਮਰ ਸਿੰਘ। ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ। ਮੈ ਆਪਣੇ ਲੜਕੇ ਇੰਦਰਜੀਤ ਸਿੰਘ, ਨੂੰਹ ਊਸ਼ਾ ਰਾਣੀ ਅਤੇ ਇਹਨਾਂ ਦੇ ਤਿੰਨ ਬੱਚਿਆਂ ਨੂੰ ਆਪਣੀ ਚਲ ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਲੈਣ ਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ। (SHREE KRISHNA)

ਮੈਂ, ਬਿੰਦੀਆ ਪਤਨੀ ਸ੍ਰੀ ਨਸੀਬ ਚੰਦ ਵਾਸੀ ਮਕਾਨ ਨੰਬਰ ਡਬਲਯੂ ਐਕਸ 203, ਬਸਤੀ ਨੌ, ਜਲੰਧਰ ਆਪਣੇ ਲੜਕੇ ਮਨੀ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ ਅਤੇ ਅੱਚਲ ਜਾਇਦਾਦ ਵਿੱਚੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਜਾਂ ਸੰਬੰਧ ਰੱਖਣ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਉਸ ਨਾਲ ਅਤੇ ਉਸ ਦੇ ਕਿਸੇ ਵੀ ਚੰਗੇ-ਮਾੜੇ ਕੰਮਾਂ ਨਾਲ ਕੋਈ ਸੰਬੰਧ ਨਹੀਂ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਨਿਰਮਲ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਹਰਿਆਊ ਖੁਰਦ ਤਹਿਸੀਲ ਪਾਤੜਾਂ (ਪਟਿਆਲਾ) ਬਿਆਨ ਕਰਦਾ ਹੈ ਕਿ ਮੇਰਾ ਲੜਕਾ ਹਰਪਾਲ ਸਿੰਘ ਨੂੰਹ ਸਿਮਰਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਸਬੰਧ ਨਹੀਂ। ਸਬੰਧ ਰੱਖਣ ਵਾਲਾ ਖੁਦ ਜਿੰਮੇਵਾਰ ਹੋਵੇਗਾ। (ਮੌਲਵੀਵਾਲਾ)

### Change of Name

I, Prabhjot Kaur Dhunna alias Jasbir Kaur W/o Arwinder Singh Dhunna R/o H.No. 137, Small Town, Diamond Estate, By Pass Sultanwind Canal, Amritsar, Punjab have changed my name from Prabhjot Kaur Dhunna alias Jasbir Kaur to Prabhjot Kaur Dhunna.

I, Akshar Kumar S/o Padarth Ram R/o Near Telephone Exchange Adda Chabhal, Tehsil and District Tarn Taran have changed my name from Akshar Kumar to Akshay Kumar Sharma.

I, Baljeet Kaur W/o Guljar Singh R/o VPO Veroke, Tehsil AjnalaDistrict Amritsar have changed my name from Baljeet Kaur to Baljit Kaur.

I, Manjit Kaur W/O Surinder Singh R/O Vpo- Ghot Pokar, Tehsil Gurdaspur, District, Gurdaspur, Pin Code 143530, Punjab, India. Have Changed My Name Manjit Kaur And Date Of Birth 03/04/1958 Which Is Wrong. But My Name Keval Kaur And Date Of Birth 03- August- 1957 Is Correct. Vide Affidavit No. In-pb86264287596873v Date 01-04-2023 Before Notary Public Gurdaspur, Punjab, India.

I, Santosh Kumar S/o Mohan Kumar R/o Vill. Talwandi Sallan, Distt. Hoshiarpur (Punjab), have changed my name from Santosh Kumar to Kumar Santosh. Concerned please note.

I, Jatinder Kumar S/o Chanan Ram R/o Vill. Pathial, Distt. Hoshiarpur (Punjab), have changed my name from Jatinder Kumar to Kumar Jatinder. Concerned please note.

### ਨਾਂਅ ਦੀ ਬਦਲੀ

ਮੈਂ ਅਵਤਾਰ ਸਿੰਘ ਦਿਓਲ ਪੁੱਤਰ ਛੋਟਾ ਸਿੰਘ, ਪਿੰਡ ਬੇਨੜਾ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਅਵਤਾਰ ਸਿੰਘ ਰੱਖ ਲਿਆ ਹੈ। ਸਬੰਧਤ ਨੋਟ ਕਰਨ। (Dhuri)

ਮੈਂ ਅਜੈ ਕੁਮਾਰ ਪੁੱਤਰ ਰੂਪਲਾਲ ਨਿਵਾਸੀ ਧੋਗੜੀ ਰੋਡ ਨਿਊ ਹਰਗੋਬਿੰਦ ਨਗਰ ਰੇਰੂ ਜਲੰਧਰ, ਪੰਜਾਬ-144012, ਮੈਂ ਆਪਣਾ ਨਾਂਅ ਬਦਲ ਕੇ ਅਜੈ ਕੁਮਾਰ ਤੋਂ ਅਜੈ ਕੁਮਾਰ ਕਸ਼ਯਪ ਰੱਖ ਲਿਆ ਹੈ।

ਮੈਂ ਪ੍ਰੀਤੀ ਪਤਨੀ ਅਜੈ ਕੁਮਾਰ ਕਸ਼ਯਪ ਨਿਵਾਸੀ ਧੋਗੜੀ ਰੋਡ ਨਿਊ ਹਰਗੋਬਿੰਦ ਨਗਰ ਰੇਰੂ ਜਲੰਧਰ-ਪੰਜਾਬ-144012, ਮੈਂ ਆਪਣਾ ਨਾਂਅ ਬਦਲ ਕੇ ਪ੍ਰੀਤੀ ਤੋਂ ਪ੍ਰੀਤੀ ਕਸ਼ਯਪ ਰੱਖ ਲਿਆ ਹੈ।

ਮੈਂ, ਪ੍ਰਦੀਪ ਸਿੰਘ ਪੁੱਤਰ ਕੁਲਵਿੰਦਰ ਸਿੰਘ ਵਾਸੀ ਪਿੰਡ ਚੱਕ ਭੰਗੇ ਵਾਲਾ, ਤਹਿ: ਵਾ ਜ਼ਿਲ੍ਹਾ ਫਿਰੋਜ਼ਪੁਰ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਂਅ ਪੱਪੂ ਸਿੰਘ ਤੋਂ ਬਦਲ ਕੇ ਪ੍ਰਦੀਪ ਸਿੰਘ ਰੱਖ ਲਿਆ ਹੈ। ਮੈਨੂੰ ਪ੍ਰਦੀਪ ਸਿੰਘ ਦੇ ਨਾਂਅ ਨਾਲ ਜਾਣਿਆ ਜਾਵੇ।

### Change of Name

I, Komal D/o Gulab Chand R/o VPO Bassi Wazid Tehsil & Distt. Hoshiarpur Punjab have changed my name from Komal to Komal Kumari. Concerned note.

I HARMANPREET S/O HANS RAJ VILL DHINDSA P.O BIR BANSIAN TEHSIL PHILLAUR DISTT. JALANDHAR. I HAVE CHANGED MY NAME HARMANPREET TO HARMANPREET SINGH. CONCERNED NOTE. (Suman)

I HANS RAJ S/O PARKASH RAM VILL DHINDSA P.O BIR BANSIAN TEHSIL PHILLAUR DISTT. JALANDHAR. I HAVE CHANGED MY DAUGHTER NAME FROM DAMANPREET TO DAMANPREET KAUR. CONCERNED NOTE. (Suman)

I VINEY W/O HARSH KUMAR R/O VPO BOLINA DOABA JALANDHAR, PUNJAB, DECLARED THAT HAVE CHANGED MY NAME VINEY TO VINEY MEHRA. ALL CONCERN NOTED.

I Shilpa W/O Amit Vij Resident of Mohalla Sheikhan Kalanaur. Tehsil Kalanaur, Distt.Gurdaspur Have Changed My Name From Shilpa Arora to Shilpa Please Note. (Kohli)

I, Malkeet Singh S/o. Mukhtar Singh, Village Sarai Talwandi Jawandpur, Tehsil Khadur Sahib (Tarn Taran) declare that my father name is Mukhtar Singh in all my Documents. But in my Passport his name written wrong name Mukhtiar and my Mother name is Balbir Kaur in all my Documents but on my Passport her name Dalbir Kaur has been written wrong. So Correct name of my Father is Mukhtar Singh and my Mother Balbir Kaur. (Athoula)

I, Suman Kanta D/o Rameshwar Dass have changed my name Suman Kanta to Suman after my marriage with Sh. Bimal Kumar R/o 135/11, Central Town, Jalandhar-144001. All concerned may note please. (Kala Prakashan)

I, Navi S/o Ninder, R/o Village Khangah, P.O. Khukhrain, Distt. Kapurthala, Punjab, declare that I have changed my name from NAVI to NAVI SINGH SHERGILL. All concerned please noted.

I, Manraj S/o Ninder, R/o Village Khangah, P.O. Khukhrain, Distt. Kapurthala, Punjab, declare that I have changed my name from MANRAJ to MANRAJ SINGH SHERGILL. All concerned please noted.

I,Kanwarjit Singh S/O Ranjit Singh R/O H.No. M 1 C,Gate No.2,Green Avenue,Amritsar-1, Amritsar, Punjab-143001 have changed my name from Kanwarjit Singh to Kanwarjit Singh Nanda.Concerned note.

I ANAD SINGH S/O KARANDEEP SINGH GULATI R/O 25-C MAQBOOL ROAD BASANT AVENUE AMRITSAR HAVE CHANGED MY NAME TO ANAD SINGH GULATI

I, Paramjeet Singh S/o Charanjit Singh R/o H.No.1127-B, B-Block, Kuldeep Singh Sandhu Wali Gali, New Pratap Nagar, Amritsar have changed my name from Paramjeet Singh to Paramjit Singh.

I,Sunita W/o Rakesh Sehdev R/o Mohalla Prem Nagar,Dara Slam ,Batala,Distt Gurdaspur. Have Changed my name from Sunita to Sunita Sehdev. Concerned Note.

I, Rajan Kumar S/o Mohan Kumar R/o Vill. Talwandi Sallan, Distt. Hoshiarpur (Punjab), have changed my name from Rajan Kumar to Kumar Rajan. Concerned please note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਜਬਰ-ਜ਼ਨਾਹ ਦੇ ਦੋਸ਼ 'ਚ ਮੁਲਜ਼ਮ ਗ੍ਰਿਫਤਾਰ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਦੋਰਾਂਗਲਾ ਅਧੀਨ ਪੈਂਦੇ ਪਿੰਡ ਤਲਵੰਡੀ ਬਾਜਵਾ ਦੀ ਵਸਨੀਕ ਇਕ ਔਰਤ ਵਲੋਂ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਗਿਆ ਕਿ ਉਹ ਮਿਤੀ 30-3-23 ਨੂੰ ਸਵੇਰੇ ਆਪਣੀ ਗੋਦ ਲਈ ਨੌਜਵਾਨ ਲੜਕੀ ਨੂੰ ਘਰ ਵਿਚ ਇਕੱਲੀ ਛੱਡ ਕੇ ਗੁਰਦਾਸਪੁਰ ਦਵਾਈ ਲੈਣ ਗਈ ਸੀ। ਉਸ ਨੇ ਦੱਸਿਆ ਕਿ ਸ਼ਾਮ ਨੂੰ 5 ਵਜੇ ਦੇ ਕਰੀਬ ਜਦ ਘਰ ਵਾਪਸ ਆਈ ਤਾਂ ਉਸ ਦੀ ਲੜਕੀ ਸਹਿਮੀ ਤੇ ਡਰੀ ਹੋਈ ਸੀ। ਪੱਛਣ 'ਤੇ ਉਸ ਨੇ ਦੱਸਿਆ ਕਿ ਮੇਰੇ ਜਾਣ ਮਗਰੋਂ ਪਿੰਡ ਦੇ ਹੀ ਕੁਝ ਵਿਅਕਤੀ ਡਿੱਪੂ ਤੋਂ ਮਿਲਣ ਵਾਲੀ ਕਣਕ ਬਾਰੇ ਦੱਸਣ ਆਏ ਤਾਂ ਉਸ ਨੂੰ ਇਕੱਲੀ ਵੇਖ ਡਰਾ, ਧਮਕਾ ਕੇ ਉਸ ਦੀ ਮਰਜ਼ੀ ਖ਼ਿਲਾਫ਼ ਮੇਜਰ ਸਿੰਘ ਪੁੱਤਰ ਦਲਬੀਰ ਸਿੰਘ ਤੇ ਕੁਲਦੀਪ ਸਿੰਘ ਪੁੱਤਰ ਗੁਲਜ਼ਾਰ ਸਿੰਘ ਵਾਸੀ ਤਲਵੰਡੀ ਬਾਜਵਾ ਥਾਣਾ ਦੋਰਾਂਗਲਾ ਨੇ ਜਬਰ ਜ਼ਨਾਹ ਕੀਤਾ। ਕਿਸੇ ਨੂੰ ਨਾ ਦੱਸਣ ਦੀ ਧਮਕੀ ਦੇ ਕੇ ਮੁਲਜ਼ਮ ਮੌਕੇ ਤੋਂ ਫ਼ਰਾਰ ਹੋ ਗਏ। ਪੀੜਤ ਲੜਕੀ ਦੀ ਮਾਂ ਨੇ ਇਸ ਦੀ ਸ਼ਿਕਾਇਤ ਥਾਣਾ ਦੋਰਾਂਗਲਾ ਦਿੱਤੀ ਜਿਸ 'ਤੇ ਪੁਲਸ ਨੇ ਉਕਤ ਦੋਸ਼ੀਆਂ ਖਿਲਾਫ਼ ਧਾਰਾ 376 ਅਧੀਨ ਮਾਮਲਾ ਦਰਜ ਕਰਕੇ ਦੋ ਉਕਤ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ।

## ਜੰਡਿਆਲਾ ਗੁਰੂ 'ਚ ਬਰਸਾਤ ਨੇ ਖੋਲ੍ਹੀ ਵਿਕਾਸ ਦੇ ਦਾਅਵਿਆਂ ਦੀ ਪੋਲ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਭਾਰੀ ਬਰਸਾਤ ਨੇ ਜੰਡਿਆਲਾ ਗੁਰੂ 'ਚ ਹੋਏ ਵਿਕਾਸ ਕਾਰਜਾਂ 'ਤੇ ਵੱਡਾ ਸਵਾਲ ਖੜ੍ਹਾ ਕਰ ਦਿੱਤਾ ਹੈ। ਦੱਸ ਦੇਈਏ ਕਿ ਜੰਡਿਆਲਾ ਗੁਰੂ 'ਚ ਕਰੀਬ 15 ਸਾਲ ਪਹਿਲਾਂ ਕਰੋੜਾਂ ਰੁਪਏ ਖਰਚ ਕੇ ਸੀਵਰੇਜ ਪਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ, ਜਿਸ ਨਾਲ ਗੰਦੇ ਪਾਣੀ ਦੀ ਨਿਕਾਸੀ ਹੋ ਸਕਦੀ ਸੀ ਪਰ ਅਜੇ ਵੀ ਇਹ ਅਧੂਰਾ ਪਿਆ ਹੈ ਜਿਸ ਕਾਰਨ ਜੰਡਿਆਲਾ ਗੁਰੂ ਸ਼ਹਿਰ 'ਚ ਜਦੋਂ ਬਰਸਾਤ ਹੁੰਦੀ ਹੈ ਤਾਂ ਸੀਵਰੇਜ ਬੋਰਡ ਵੱਲੋਂ ਕੀਤਾ ਗਿਆ ਕੰਮ ਠੁੱਸ ਹੋ ਜਾਂਦਾ ਹੈ। ਇਸਦੀ ਤਸਵੀਰ ਥਾਂ ਥਾਂ 'ਤੇ ਪਾਣੀ ਖੜ੍ਹਾ ਹੋਣ ਨਾਲ ਸਾਹਮਣੇ ਆ ਜਾਂਦੀ ਹੈ ਜਿਸ ਕਾਰਨ ਅੱਜ ਮੀਂਹ ਕਾਰਨ ਦੁਕਾਨਾਂ ਤੋਂ ਇਲਾਵਾ ਗੰਦਾ ਪਾਣੀ ਘਰਾਂ ਤੇ ਦੁਕਾਨਾਂ 'ਚ ਦਾਖਲ ਹੋ ਗਿਆ, ਕਈ ਲੋਕਾਂ ਦੇ ਸਾਮਾਨ ਦਾ ਵੀ ਨੁਕਸਾਨ ਹੋਇਆ ਹੈ। ਜੰਡਿਆਲਾ ਸ਼ਹਿਰ ਵਾਸੀਆਂ ਦੀ ਕੈਬਨਿਟ ਮੰਤਰੀ ਨੂੰ ਮੰਗ ਹੈ ਕਿ ਸੀਵਰੇਜ ਸਿਸਟਮ ਜਲਦੀ ਤੋਂ ਜਲਦੀ ਠੀਕ ਕਰਵਾਇਆ ਜਾਵੇ ਅਤੇ ਇਸ ਘਪਲੇ ਦੀ ਜਾਂਚ ਕਰਕੇ ਸੁਧਾਰ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਲੋਕਾਂ ਨੂੰ ਬਰਸਾਤ ਕਾਰਨ ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਇਸ ਘਪਲੇ ਦੀ ਜਾਂਚ ਕਰਕੇ ਜ਼ਿੰਮੇਵਾਰ ਅਧਿਕਾਰੀ ਖਿਲਾਫ ਕਾਰਵਾਈ ਕੀਤੀ ਜਾਵੇ।

## ਦੀਵਾਰਾਂ 'ਤੇ ਮੋਦੀ ਹਟਾਓ ਦੇਸ਼ ਬਚਾਓ ਦੇ ਪੋਸਟਰ ਲਾਉਣ ਵਾਲਿਆਂ 'ਤੇ ਐੱਫ ਆਈ ਆਰ ਦਰਜ

ਜਲੰਧਰ (ਸੁਰਿੰਦਰ ਕੁਮਾਰ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹਟਾਉਣ ਲਈ ਪੋਸਟਰ ਲਾਏ ਸਨ ਤੇ ਨਾਅਰਾ ਦਿੱਤਾ ਸੀ ਮੋਦੀ ਹਟਾਓ ਦੇਸ਼ ਬਚਾਓ। ਇਹ ਪੂਰੇ ਜਲੰਧਰ ਸ਼ਹਿਰ ਦੀਆਂ ਦੀਵਾਰਾਂ 'ਤੇ ਚਿਪਕਾ ਕੇ ਇੱਕ ਵੱਡੀ ਮੁਹਿੰਮ ਸ਼ੁਰੂ ਕੀਤੀ ਸੀ। ਜਿਸ ਦਾ ਵਿਰੋਧ ਕਰਦਿਆਂ ਭਾਰਤੀ ਜਨਤਾ ਪਾਰਟੀ ਦੇ ਪੰਜਾਬ ਪ੍ਰਧਾਨ ਅਸ਼ਵਨੀ ਕੁਮਾਰ ਤੇ ਜਲੰਧਰ ਬੀ ਜੇ ਪੀ ਦੇ ਨੇਤਾਵਾਂ ਨੇ ਮੋਦੀ ਹਟਾਓ ਦੇਸ਼ ਬਚਾਓ ਦੇ ਲਾਏ ਪੋਸਟਰਾਂ ਉਪਰ ਮੋਦੀ ਲਿਆਓ ਦੇਸ਼ ਬਚਾਓ ਦੇ ਪੋਸਟਰ ਲਾ ਕੇ ਉਸ ਮੁਹਿੰਮ ਨੂੰ ਠੁੱਸ ਕਰਨ ਦੀ ਕਾਰਵਾਈ ਕੀਤੀ। ਬੀ ਜੇ ਪੀ ਨੇ ਜਲੰਧਰ ਦੇ ਪੁਲਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਨੂੰ ਇੱਕ ਮੰਗ ਪੱਤਰ ਦਿੱਤਾ ਤੇ ਇਹ ਪੋਸਟਰ ਲਾਉਣ ਵਾਲਿਆਂ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ। ਇਸ ਵੇਲੇ ਕੋਡ ਆਫ ਕੰਡਕਟ ਲਾਗੂ ਹੋਣ ਕਰਕੇ ਮੋਦੀ ਹਟਾਓ ਦੇਸ਼ ਬਚਾਓ ਦੇ ਪੋਸਟਰ ਲਾਉਣ ਦੇ ਮਾਮਲੇ ਵਿੱਚ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਜਲੰਧਰ ਕਮਿਸ਼ਨਰੇਟ ਪੁਲਸ ਦੇ ਥਾਣਾ ਬਾਰਾਦਰੀ ਵਿੱਚ ਇੱਕ ਐਫ ਆਈ ਆਰ ਦਰਜ ਕੀਤੀ ਹੈ, ਜਿਸ ਵਿੱਚ ਤਿੰਨ ਲੋਕਾਂ ਨੂੰ ਨਾਮਜ਼ਦ ਕੀਤਾ ਗਿਆ ਹੈ। ਇਹ ਐਫ ਆਈ ਆਰ ਬਿਨਾਂ ਕਿਸੇ ਵੀ ਨਾਂਅ ਤੋਂ ਦਰਜ ਕੀਤੀ ਗਈ ਹੈ। ਜਿਸ ਵਿੱਚ ਪੁਲਸ ਨੇ ਜਲੰਧਰ ਦੀ ਇਸ ਪਾਰਲੀਮੈਂਟ ਸੀਟ ਤੋਂ ਕੋਡ ਆਫ ਕੰਡਕਟ ਲਾਗੂ ਹੋਣ ਦਾ ਹਵਾਲਾ ਦਿੱਤਾ। ਅਣਪਛਾਤੇ ਵਿਅਕਤੀਆਂ 'ਤੇ ਇਹ ਮਾਮਲਾ ਦਰਜ ਕੀਤਾ ਹੈ। ਐਫ ਆਈ ਆਰ ਦਰਜ ਹੋਣ ਤੋਂ ਬਾਅਦ ਪੁਲਸ ਨੇ ਮੋਦੀ ਹਟਾਓ ਦੇਸ਼ ਬਚਾਓ ਦੇ ਪੋਸਟਰ ਲਾਉਣ ਵਾਲੇ ਵਿਅਕਤੀਆਂ ਦੀ ਪਹਿਚਾਣ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ।

2-April-Page-7.qxd 4/1/2023 10:26 PM Page 1



# ਇਲਾਕਾ ਬੀਤ ਵਾਸੀਆਂ ਨੇ ਝੁੰਗੀਆ ਬੱਸ ਅੱਡੇ 'ਚ ਲਗਾਇਆ ਧਰਨਾ



**ਗੜਸ਼ੰਕਰ (ਫੂਲਾ ਸਿੰਘ ਬੀਰਮਪੁਰ)** - ਇੱਥੇ ਬੀਤ ਭਲਾਈ ਕਮੇਟੀ ਇਲਾਕਾ ਬੀਤ ਅਤੇ ਲੋਕ ਬਚਾਓ ਪਿੰਡ ਬਚਾਓ ਸੰਘਰਸ਼ ਕਮੇਟੀ ਵੱਲੋਂ ਸਾਂਝੇ ਤੌਰ 'ਤੇ ਇੱਕ ਟਿੱਪਰ ਵੱਲੋਂ ਕੁਚਲ ਦੇਣ ਨਾਲ ਪਿੰਡ ਭਬਾਨੀਪੁਰ ਦੀ ਰਾਜ ਰਾਣੀ ਦੀ ਹੋਈ ਮੌਤ ਲਈ ਪਰਵਾਰ ਨੂੰ ਇਨਸਾਫ ਦਵਾਉਣ ਅਤੇ ਇਲਾਕੇ ਦੀਆਂ ਮੰਗਾਂ ਦਾ ਹੱਲ ਕਰਵਾਉਣ ਲਈ ਝੁੰਗੀਆ ਬੱਸ ਅੱਡੇ ਵਿੱਚ ਧਰਨਾ ਲਗਾਇਆ ਗਿਆ। ਲੱਗਭੱਗ 3 ਘੰਟੇ ਚੱਲੇ ਧਰਨੇ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਆਗੂਆਂ ਨੇ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਤੋ ਮੰਗ ਕੀਤੀ ਕੇ ਮ੍ਰਿਤਕਾ ਰਾਜ ਰਾਣੀ ਦੀ ਮੌਤ ਦੇ ਜ਼ਿੰਮੇਵਾਰਾਂ ਨੂੰ ਸਜਾ ਦਿੱਤੀ ਜਾਵੇ ਅਤੇ ਪੀੜਤ ਪਰਵਾਰ ਨੂੰ 50 ਲੱਖ ਦਾ ਮੁਆਵਜਾ ਦਿੱਤਾ ਜਾਵੇ। ਗੜਸ਼ੰਕਰ-ਕੋਕੋਵਾਲ ਸੜਕ ਦੀ ਬਦਤਰ ਹਾਲਤ ਨੂੰ ਦੇਖਦੇ ਹੋਏ ਇਸ ਸੜਕ 'ਤੇ ਟਿੱਪਰਾਂ ਦੇ ਦਿਨ ਵੇਲੇ ਚੱਲਣ 'ਤੇ ਮੁਕੰਮਲ ਪਾਬੰਦੀ ਲਗਾਈ ਜਾਵੇ ਅਤੇ ਸੜਕ ਦੀ ਰਿਪੇਅਰ ਜਲਦ ਕਰਾਈ ਜਾਵੇ । ਬੀਣੇਵਾਲ ਹਸਪਤਾਲ ਵਿੱਚ ਡਾਕਟਰ ਤੇ ਲੋੜੀਂਦਾ ਪੈਰਾ ਮੈਡੀਕਲ ਸਟਾਫ ਨਿਯੁਕਤ ਕਰਕੇ 24 ਘੰਟੇ ਸਿਹਤ ਸਹੂਲਤਾਂ ਦਿੱਤੀਆਂ ਜਾਣ। ਬੀਤ ਦੇ ਲੋਕਾਂ ਨੂੰ ਸਾਬਣ ਫੈਕਟਰੀ ਦੇ ਪ੍ਰਦੂਸ਼ਣ ਤੋਂ ਨਿਯਾਤ ਦਵਾਈ ਜਾਵੇ। ਬੱਸਾਂ ਦੇ ਬੰਦ ਪਏ ਰੂਟ ਚਾਲੂ ਕੀਤੇ ਜਾਣ ਅਤੇ ਇਲਾਕੇ ਵਿੱਚੋਂ ਆਉਣ ਤੇ ਜਾਣ ਵਾਲੀਆਂ ਸਾਰੀਆਂ ਬੱਸਾਂ ਮੁੱਖ ਬੱਸ ਅੱਡਾ ਗੜਸ਼ੰਕਰ ਵਿਖੇ ਪਹੁੰਚਾਈਆਂ ਜਾਣ ਅਤੇ ਵੱਧ ਰਹੇ ਨਸ਼ਿਆਂ ਦੇ ਕਾਰੋਬਾਰ ਨੂੰ ਨੱਥ ਪਾਈ ਜਾਵੇ। ਧਰਨੇ ਵਿੱਚ ਪੰਜਾਬ ਸਰਕਾਰ, ਪ੍ਰਸ਼ਾਸਨ ਅਤੇ ਟਿੱਪਰ ਮਾਫੀਆ ਦੇ ਖਿਲਾਫ ਜਬਰਦਸਤ ਨਾਅਰੇਬਾਜੀ ਕੀਤੀ ਗਈ ਅਤੇ ਆਗੂਆਂ ਨੇ ਕਿਹਾ ਕਿ 09 ਅਪ੍ਰੈਲ ਨੂੰ ਅਗਲੇ ਸ਼ੰਘਰਸ਼ ਦਾ ਐਲਾਨ ਕੀਤਾ ਜਾਵੇਗਾ । ਧਰਨੇ ਨੂੰ ਬਲਬੀਰ ਸਿੰਘ ਬੈਂਸ, ਸੂਬੇਦਾਰ ਅਸ਼ੋਕ ਕੁਮਾਰ, ਸਰਪੰਚ ਰਮੇਸ਼ ਲਾਲ ਕਸਾਣਾ, ਨਰਿੰਦਰ ਸੋਨੀ, ਸਤੀਸ਼ ਰਾਣਾ, ਰਾਮਜੀ ਦਾਸ ਚੌਹਾਨ, ਤੀਰਥ ਸਿੰਘ ਮਾਨ, ਗਰੀਬ ਦਾਸ ਬੀਟਨ, ਜਗਦੇਵ ਮਾਨਸੋਵਾਲ, ਹਰਭਜਨ ਸਿੰਘ, ਯੋਗਰਾਜ ਸੋਢੀ, ਕੁਲਭੂਸ਼ਸਨ ਕੁਮਾਰ, ਦਵਿੰਦਰ ਕੁਮਾਰ, ਮੋਹਣ ਲਾਲ ਬੀਣੇਵਾਲ, ਮਹਿੰਦਰਪਾਲ ਨੰਬਰਦਾਰ, ਡਾ. ਰਣਧੀਰ ਸਿੰਘ, ਸਰਪੰਚ ਹਰਜਿੰਦਰ ਸਿੰਘ, ਡਾ. ਕੇਵਲ ਕ੍ਰਿਸ਼ਨ, ਵਿਜੇ ਕੇਸ਼ਵ, ਜਸਵੀਰ ਸਿੰਘ, ਵਰਿੰਦਰ ਸਿੰਘ , ਸਰਪੰਚ ਯਾਦਵਿੰਦਰ ਸਿੰਘ , ਗਿਰਧਾਰੀ ਲਾਲ ਪੰਡੋਰੀ , ਪ੍ਰਦੀਪ ਰੰਗੀਲਾ , ਦਿਲਾਵਰ ਸਿੰਘ ਗੜਦੀਵਾਲ ਆਦਿ ਆਗੂਆਂ ਨੇ ਸੰਬੋਧਨ ਕੀਤਾ।

# ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਲੱਗਾ ਕੈਂਸਰ ਕੈਂਪ




**ਅਲਾਵਲਪੁਰ , (ਮਦਨ ਬੰਗੜ)**-ਇਤਿਹਾਸਕ ਪਿੰਡ ਮੌ ਸਾਹਿਬ ਵਿਖੇ ਵਰਲਡ ਕੈਂਸਰ ਕੈਂਪ ਸ੍ਰੀ ਗੁਰੂ ਰਵਿਦਾਸ ਟੈਂਪਲ, ਸਾਊਥਾਲ ਦੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਪਿਆਰਾ ਲਾਲ ਰੱਤੂ, ਸ਼ਿਵ ਰੱਤੂ, ਢੰਡਾ ਸਾਹਿਬ, ਨੇਗੀ ਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਲਗਵਾਇਆ ਗਿਆ। ਇਸ ਕੈਂਪ 'ਚ 500 ਦੇ ਕਰੀਬ ਲੋੜਵੰਦਾਂ ਨੇ ਕੈਂਪ ਦਾ ਲਾਭ ਲਿਆ। ਕੈਂਸਰ ਦੇ ਮਾਹਰ ਡਾਕਟਰਾਂ ਤੇ ਉਨ੍ਹਾਂ ਦੀ ਟੀਮ ਵੱਲੋਂ ਚੈਕਅੱਪ ਕਰਕੇ ਮੁਫਤ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸੰਤ ਜਗੀਰ ਸਿੰਘ, ਚੇਅਰਮੈਨ ਸਰਬੱਤ ਭਲਾ ਚੈਰੀਟੇਬਲ ਸੁਸਾਇਟੀ ਭਾਰਤ ਤੇ ਯੂ ਕੇ ਅਤੇ ਸੰਤ ਬਾਬਾ ਨਿਰਮਲ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਉਨ੍ਹਾਂ ਲੋੜਵੰਦ ਲੋਕਾਂ ਦੀ ਕੈਂਸਰ ਕੈਂਪ ਲਗਾਉਣ 'ਚ ਪ੍ਰਵਾਸੀ ਭਾਰਤੀਆਂ ਦੀ ਪ੍ਰਸੰਸਾ ਕੀਤੀ। ਕੈਂਪ 'ਚ ਆਏ ਹੋਏ ਲੋਕਾਂ ਨੂੰ ਕੋਆਰਡੀਨੇਟਰ ਨੰਬਰਦਾਰ ਬੀਰ ਚੰਦ ਸੁਰੀਲਾ, ਪ੍ਰਧਾਨ ਮਹਿੰਦਰ ਰਾਮ ਚੁੰਬਰ, ਲਹਿੰਬਰ ਸਿੰਘ ਬਲਾਕ ਪ੍ਰਧਾਨ 'ਆਪ', ਕੋਆਰਡੀਨੇਟਰ ਅਮਰਜੀਤ ਸਿੰਘ, ਦਰਸ਼ਨ ਸਿੰਘ ਟਾਹਲੀ, ਵਾਈਸ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ, ਨਰਿੰਦਰ ਗੋਇਲ ਸਾਬਕ ਪ੍ਰਧਾਨ, ਰਾਕੇਸ਼ ਵਾਲੀਆ ਐਮ ਸੀ, ਰਾਜੇਸ਼ ਰੌਕੀ ਐਮ ਸੀ, ਰਾਜ ਕੁਮਾਰ ਐਮ ਸੀ, ਨਗਰ ਕੌਂਸਲ, ਫਿਲੌਰ ਆਦਿ ਨੇ ਵੀ ਸੰਬੋਧਨ ਕੀਤਾ। ਕੈਂਪ ਨੂੰ ਸਫਲ ਬਣਾਉਣ ਲਈ ਵਿਸ਼ੇਸ਼ ਤੌਰ 'ਤੇ ਸਰਪੰਚ ਗੁਰਦੀਪ ਸਿੰਘ, ਸਾਬਕ ਚੇਅਰਮੈਨ ਜੁਗਿੰਦਰ ਸਿੰਘ, ਸਰਪੰਚ ਰਾਜਿੰਦਰ ਸਿੰਘ ਨੰਬਰਦਾਰ, ਸਰਪੰਚ ਪਤੀ ਦਿਆਲ ਚੰਦ, ਲਛਮਣ ਦਾਸ ਪੰਚ, ਸ਼ੌਕਤ ਅਲੀ ਪੰਚ, ਪਰਮਜੀਤ ਰੱਤੂ, ਹਰਭਜਨ ਸਿੰਘ ਰੱਤੂ, ਰਾਮ ਸਿੰਘ ਬੱਧਣ, ਗਿਆਨ ਚੰਦ ਮੱਲ, ਜਸਵਿੰਦਰ ਬੱਲ, ਵਿਪੁਲ ਸੁੰਮਨ, ਹੰਸ ਰਾਜ ਪੰਚ, ਅਮਰੀਕ ਸਿੰਘ ਆਸਟ੍ਰੇਲੀਆ, ਹਰਿੰਦਰ ਸੈਂਪਲੇ ਯੂ ਕੇ, ਪ੍ਰੇਮ ਪਾਲ ਮਹੇ, ਮੰਗਤ ਰਾਮ ਕਰਾੜੀ ਯੂ ਕੇ, ਪਰਮਜੀਤ ਸਿੰਘ ਰੱਤੂ ਹਾਲੈਂਡ, ਓਮ ਪ੍ਰਕਾਸ਼ ਸਰੋਏ, ਮਾਸਟਰ ਜਤਿੰਦਰ ਕੁਮਾਰ, ਅਮਰੀਕ ਸਿੰਘ, ਗੁਰਦੀਪ ਸਿੰਘ, ਗੁਰਜੀਤ ਸਿੰਘ, ਸਤਨਾਮ ਸਿੰਘ, ਦੇਸ ਰਾਜ, ਵਿਦਿਆ ਦੇਵੀ ਮਹੇ ਤੇ ਰੇਸ਼ਮ ਕੌਰ ਰੱਤੂ ਤੋਂ ਇਲਾਵਾ ਇਲਾਕਾ ਨਿਵਾਸੀਆਂ ਨੇ ਹਾਜ਼ਰੀ ਲਗਵਾਈ ਤੇ ਸਹਿਯੋਗ ਕੀਤਾ।

# ਠੱਕਰਵਾਲ ਵਿਖੇ ਸ਼ਹੀਦ ਭਗਤ ਸਿੰਘ ਯਾਦਗਾਰੀ ਸਾਲਾਨਾ 38ਵਾਂ ਫੁੱਟਬਾਲ ਟੂਰਨਾਮੈਂਟ ਆਰੰਭ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਠੱਕਰਵਾਲ ਵਿਖੇ ਸ਼ਹੀਦ ਭਗਤ ਸਿੰਘ ਯਾਦਗਾਰੀ ਸਾਲਾਨਾ 38ਵਾਂ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ 9 ਅਪ੍ਰੈਲ ਤੱਕ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਕਲੱਬ ਪ੍ਰਧਾਨ ਕਿਸ਼ਨ ਚੰਦ ਭਨੋਟ ਠੱਕਰਵਾਲ ਨੇ ਦੱਸਿਆ ਕਿ ਮਾਸਟਰ ਹਰਬੰਸ ਸਿੰਘ ਮੰਝ ਅਤੇ ਪਿੰਡ ਦੇ ਪਤਵੰਤੇ ਸੱਜਣਾਂ ਟੂਰਨਾਮੈਂਟ ਦਾ ਉਦਘਾਟਨ ਕੀਤਾ। ਟੂਰਨਾਮੈਂਟ ਵਿਚ ਪੰਜਾਬ ਦੀ ਨਾਮਵਰ 32 ਟੀਮਾਂ ਅਤੇ 2008 ਦੀਆਂ 8 ਟੀਮਾਂ ਹਿੱਸਾ ਲੈ ਰਹੀਆਂ ਹਨ। ਉਨਾਂ ਦੱਸਿਆ ਕਿ ਉਦਘਾਟਨੀ ਮੈਚ ਰਹੱਲੀ ਅਤੇ ਜਗਜੀਤਪੁਰ ਵਿਚਕਾਰ ਕਰਵਾਇਆ ਗਿਆ। ਜਿਸ ਵਿੱਚ ਪਿੰਡ ਰਹੱਲੀ ਦੀ ਟੀਮ ਜੇਤੂ ਰਹੀ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਪਹਿਲੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 41 ਹਜਾਰ ਦੂਜੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 31 ਹਜਾਰ ਰੁਪਏ ਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਜਾਵੇਗਾ। 09 ਅਪ੍ਰੈਲ ਨੂੰ ਮੁੱਖ ਮਹਿਮਾਨ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕਰਨਗੇ। ਇਸ ਮੌਕੇ ਸੰਤ ਬਾਬਾ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ, ਬਾਬਾ ਸਰਬਜੀਤ ਸਿੰਘ, ਸਰਪੰਚ ਜਸਵੀਰ ਸਿੰਘ ਕਾਲਾ ਮੌਜੋਮਜਾਰਾ, ਰਾਜੇਸ਼ ਕੁਮਾਰ ਰਾਜਾ, ਪ੍ਰਿੰਸੀਪਲ ਜਗਮੋਹਨ ਸਿੰਘ ਡਾਡੀਆ, ਮਨਵੀਰ ਸਿੰਘ,



ਦਰਸ਼ਨ ਸਿੰਘ ਰਾਜਾ, ਧਰਮਿੰਦਰ ਸਿੰਘ ਰਾਜੂ, ਗੁਰਸ਼ਰਨ ਸਿੰਘ ਕਾਲਾ ਪੰਚ, ਪਰਮਜੀਤ ਸਿੰਘ ਰਾਜੂ, ਮਾਸਟਰ ਹਰਭਜਨ ਸਿੰਘ ਅਜਨੋਹਾ, ਜਰਨੈਲ ਸਿੰਘ ਪਟਵਾਰੀ, ਜਸਪ੍ਰੀਤ ਸਿੰਘ, ਦਲਜੀਤ ਸਿੰਘ, ਸੋਰਵ, ਚਰਨਜੀਤ ਸਿੰਘ, ਸੰਨੀ, ਮਾਸਟਰ ਜਗਜੀਤ ਸਿੰਘ, ਸਵਰਨ ਸਿੰਘ ਮੰਝ, ਗੁਰਮੀਤ ਸਿੰਘ ਮਿਨਹਾਸ, ਖੜਕ ਸਿੰਘ ਮੰਝ, ਅਵਤਾਰ ਸਿੰਘ, ਰਣਜਿੰਦਰ ਸਿੰਘ, ਪ੍ਰਿੰਸੀਪਲ ਭੁਪਿੰਦਰ ਸਿੰਘ, ਗੁਰਪ੍ਰੀਤ ਸਿੰਘ ਸਾਬਕਾ ਪੰਚ ਆਦਿ ਹਾਜਰ ਸਨ।

# ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਸਿੱਖਾਂ ਦੀ ਅਜ਼ਾਦ ਸਿਰਮੌਰ ਹਸਤੀ : ਦਸੂਹਾ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ ,ਉਂਕਾਰ ਸਿੰਘ)**- ਸਿੱਖ ਪੰਥ ਦੀ ਗੌਰਵ ਅਤੇ ਸਰਬਉੱਚ ਹਸਤੀ ਸ੍ਰੀ ਅਕਾਲ ਤਖਤ ਸਾਹਿਬ ਇੱਕ ਆਜ਼ਾਦ ਹਸਤੀ ਦਾ ਪ੍ਰਤੀਕ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨਾਲ ਵਿਵਾਦ ਤੇ ਟਿੱਪਣੀਆਂ ਇੱਕ ਜ਼ੁਮੇਵਾਰ ਮੁੱਖ ਮੰਤਰੀ ਨੂੰ ਸੋਭਾ ਨਹੀ ਦਿੰਦੀਆਂ। ਕਿਉਂਕਿ ਸ੍ਰੀ ਅਕਾਲ ਤਖਤ ਸਾਹਿਬ ਦੁਨਿਆਵੀ ਨਹੀਂ ਇਲਾਹੀ ਤਾਕਤ ਹੈ। ਇਹ ਪ੍ਰਗਟਾਵਾ ਹਲਕਾ ਉੜਮੁੜ ਟਾਂਡਾ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਇੰਚਾਰਜ ਤੇ ਉੱਘੇ ਸਮਾਜ ਸੇਵੀ ਮਨਜੀਤ ਸਿੰਘ ਦਸੂਹਾ ਨੇ ਪ੍ਰੈੱਸ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਕਰਦਿਆ ਕਿਹਾ ਕਿ ਪੰਜਾਬ ਵਿੱਚ ਅੰਨ੍ਹੇਵਾਹ ਨੌਜਵਾਨਾਂ ਦੀਆਂ ਝੂਠੀਆਂ ਗ੍ਰਿਫਤਾਰੀਆਂ ਅਤੇ ਐਨ ਐਸ ਏ ਵਰਗੇ ਕਾਲੇ ਕਾਨੂੰਨ ਲਾ ਕੇ ਦੂਰ ਦੁਰਾਡੇ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਤੇ ਕੇਂਦਰੀ ਗ੍ਰਹਿ ਮੰਤਰਾਲਾ ਇਸ ਸੰਵੇਦਨਸ਼ੀਲ ਮੁੱਦੇ ਪ੍ਰਤੀ ਗੰਭੀਰਤਾ ਨਾਲ ਇਸ ਅਮਲ ਨੂੰ ਰੋਕਣ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨਾਲ ਵਿਵਾਦ ਤੇ ਟਿੱਪਣੀਆਂ ਸਮੇਂ ਦਾ ਹੱਲ ਨਹੀ। ਉਹਨਾਂ ਕਿਹਾ ਕਿ ਨੀਮ ਫੌਜੀ ਬਲਾਂ ਦਾ ਸ਼ਾਂਤ ਪੰਜਾਬ ਵਿੱਚ ਦਖਲ ਜਿੱਥੇ ਪੰਜਾਬ ਪੁਲਸ ਦੇ ਬੁਨਿਆਦੀ ਅਧਿਕਾਰ ਨੂੰ ਚੁਣੌਤੀ ਹੈ ਉੱਥੇ ਪੰਜਾਬ ਵਿੱਚ 1984 ਵਾਲੀ ਦਹਿਸ਼ਤ ਦਾ ਪ੍ਰਤੀਕ ਹੈ। ਉਹਨ ਕਿਹਾ ਕਿ ਅਗਰ ਭਾਈ ਅੰਮ੍ਰਿਤਪਾਲ ਸਿੰਘ ਸਿੱਖ ਪ੍ਰਚਾਰਕ ਉੱਤੇ ਕੋਈ ਦੋਸ਼ ਹੈ ਤ ਇਹ ਜ਼ੁਮੇਵਾਰੀ ਪੰਜਾਬ ਪੁਲਸ ਦੀ ਹੈ। ਇਸ ਮੌਕੇ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹੁਸ਼ਿਆਰਪੁਰ ਸੁਖਵਿੰਦਰ ਸਿੰਘ ਮੂਨਕ, ਹੋਰ ਕਈ ਆਗੂ ਤੇ ਵਰਕਰ ਹਾਜ਼ਰ ਸਨ।

# ਭਾਰੀ ਮੀਂਹ ਕਾਰਨ ਫਸਲਾਂ ਦੇ ਹੋਏ ਨੁਕਸਾਨ ਦੀ ਗਿਰਦਾਵਰੀ ਸ਼ੁਰੂ

**ਐਸ ਏ ਐਸ ਨਗਰ (ਗੁਰਜੀਤ ਬਿੱਲਾ)**- ਐੱਸ ਏ ਐੱਸ ਨਗਰ ਜ਼ਿਲ੍ਹੇ 'ਚ ਭਾਰੀ ਮੀਂਹ ਕਾਰਨ ਫਸਲਾਂ ਦੇ ਹੋਏ ਨੁਕਸਾਨ ਦੀ ਗਿਰਦਾਵਰੀ ਦਾ ਕੰਮ ਜਲਦੀ ਤੋਂ ਜਲਦੀ ਖਤਮ ਕਰਨ ਦੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕਰਦੇ ਹੋਏ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਇਸ ਸੰਬੰਧੀ ਰਿਪੋਰਟ ਇੱਕ ਹਫ਼ਤੇ ਦੇ ਅੰਦਰ ਅੰਦਰ ਪੇਸ਼ ਕਰਨ ਲਈ ਆਖਿਆ ਹੈ। ਜ਼ਿਲ੍ਹੇ 'ਚ ਚੱਲ ਰਹੀ ਗਿਰਦਾਵਰੀ ਦੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਪੈਸ਼ਲ ਗਿਰਦਾਵਰੀ ਦਾ ਕੰਮ 7 ਅਪ੍ਰੈਲ ਤੱਕ ਮੁਕੰਮਲ ਕਰਨ ਲਈ ਆਖਿਆ ਗਿਆ ਹੈ ਅਤੇ ਇਹ ਸਾਰਾ ਕੰਮ ਜ਼ਿਲ੍ਹੇ ਦੇ ਸਮੂਹ ਐਸ ਡੀ ਐਜ਼ ਦੀ ਨਿਗਰਾਨੀ ਹੇਠ ਕੀਤਾ ਜਾ ਰਿਹਾ ਹੈ। ਕਿਸੇ ਵੀ ਸ਼ਿਕਾਇਤ ਲਈ ਸੰਬੰਧਤ ਐਸ ਡੀ ਐਮ ਕੋਲ ਪਹੁੰਚ ਕੀਤੀ ਜਾ ਸਕਦੀ ਹੈ।

ਆਸ਼ਿਕਾ ਜੈਨ ਦੱਸਿਆ ਕਿ ਪਿਛਲੇ ਦਿਨਾਂ ਦੌਰਾਨ ਹੋਈ ਭਾਰੀ ਬਾਰਸ਼ ਅਤੇ ਗੜੇਮਾਰੀ ਕਾਰਨ ਹੋਏ ਨੁਕਸਾਨ ਸੰਬੰਧੀ ਸਪੈਸ਼ਲ ਗਿਰਦਾਵਰੀ ਕਰਵਾਏ ਜਾਣ ਲਈ ਪੰਜਾਬ ਸਰਕਾਰ ਵੱਲੋਂ ਲਿਖਿਆ ਗਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਵਿਸ਼ੇਸ਼ ਗਿਰਦਾਵਰੀ ਦੌਰਾਨ ਇਹ ਯਕੀਨੀ ਬਨਾਉਣ ਲਈ ਵੀ ਨਿਰਦੇਸ਼ ਦਿੱਤੇ ਗਏ ਹਨ ਕਿ ਪਟਵਾਰੀ ਵੱਲੋਂ ਖਰਾਬੇ ਵਾਲੀ ਥਾਂ 'ਤੇ ਖੜ੍ਹੇ ਹੋ ਕੇ ਫੋਟੋ ਖਿੱਚੀ ਜਾਵੇ। ਸੰਬੰਧਤ ਪਟਵਾਰੀ ਵੱਲੋਂ ਖਰਾਬੇ ਵਾਲੇ ਖੇਤਾਂ ਦੀਆਂ ਫੋਟੋਆਂ ਨਾਲ ਨੱਥੀ ਕਰਕੇ ਇਸ ਗਿਰਦਾਵਰੀ ਦਾ ਪੂਰਾ ਰਿਕਾਰਡ ਜ਼ਿਲ੍ਹਾ ਮਾਲ ਦਫਤਰ ਨੂੰ ਪੇਸ਼ ਕਰਨ ਲਈ ਨਿਰਦੇਸ਼ ਦਿੱਤੇ ਹਨ। ਉਨ੍ਹਾ ਦੱਸਿਆ ਕਿ ਸਰਕਾਰ ਵੱਲੋਂ ਖਰਾਬ ਫ਼ਸਲ ਲਈ ਮੁਆਵਜ਼ਾ ਪ੍ਰਤੀ ਮਾਲਕ 5 ਏਕੜ ਜ਼ਮੀਨ ਤੱਕ ਦਾ ਦਿੱਤਾ ਜਾਵੇਗਾ। ਮੁਆਵਜ਼ੇ ਦੀ ਰਕਮ ਖੇਤ ਮਾਲਕ ਦੀ ਬਜਾਏ ਕਾਸ਼ਤਕਾਰ ਨੂੰ ਦਿੱਤੀ ਜਾਵੇਗੀ ਕਿਉਂਕਿ ਫਸਲਾਂ ਦੇ ਨੁਕਸਾਨ ਨਾਲ ਕਾਸ਼ਤਕਾਰਾਂ 'ਤੇ ਕਾਫੀ ਬੁਰਾ ਪ੍ਰਭਾਵ ਪੈਂਦਾ ਹੈ। ਇਸ ਲਈ ਕਾਸ਼ਤਕਾਰਾਂ ਨੂੰ ਖਰਾਬੇ ਦੀ ਅਦਾਇਗੀ ਕਰਨ ਲਈ ਉਨ੍ਹਾਂ ਦਾ ਨਾਂਅ ਵਿਸ਼ੇਸ਼ ਖਸਰਾ ਗਿਰਦਾਵਰੀ ਰਿਕਾਰਡ 'ਚ ਦਰਸਾਏ ਜਾਣ ਲਈ ਵੀ ਨਿਰਦੇਸ਼ ਦਿੱਤੇ ਹਨ। ਜਿਨਾਂ ਕਾਸ਼ਤਕਾਰਾਂ ਦਾ ਨਾਂਅ ਵਿਸ਼ੇਸ਼ ਖਸਰਾ ਗਿਰਦਾਵਰੀ ਰਿਕਾਰਡ 'ਚ ਦਰਸਾਇਆ ਜਾਵੇਗਾ ਉਨ੍ਹਾਂ ਦਾ ਭਵਿੱਖ 'ਚ ਉਕਤ ਜ਼ਮੀਨ 'ਚ ਕੋਈ ਮਾਲਕਾਨਾ ਹੱਕ ਨਹੀਂ ਹੋਵੇਗਾ। ਆਸ਼ਿਕਾ ਜੈਨ ਨੇ ਦੱਸਿਆ ਕਿ ਜ਼ਿਲ੍ਹੇ ਦੇ ਸਮੂਹ ਐਸ ਡੀ ਐਮਜ਼ ਨੂੰ ਮਾਲ ਵਿਭਾਗ ਅਤੇ ਖੇਤੀਬਾੜੀ ਵਿਭਾਗ ਦੇ ਕਰਮਚਾਰੀਆਂ ਦਾ ਤਾਲਮੇਲ ਕਰਨ ਉਪਰੰਤ ਸਾਂਝੇ ਤੌਰ 'ਤੇ ਸਪੈਸ਼ਲ ਗਿਰਦਾਵਰੀ ਦਾ ਕੰਮ ਇੱਕ ਹਫਤੇ ਦੇ ਅੰਦਰ-ਅੰਦਰ ਮੁਕੰਮਲ ਕਰਵਾ ਕੇ ਰਿਪੋਰਟ ਭੇਜਣ ਲਈ ਕਿਹਾ ਗਿਆ ਹੈ।

# ਖਰਾਬ ਮੌਸਮ ਨੇ ਕਿਸਾਨਾਂ ਦੇ ਸਾਹ ਸੂਤੇ, ਪੱਕੀ ਫਸਲ ਖਰਾਬ ਹੋਣ ਦਾ ਖਤਰਾ



**ਜਲੰਧਰ (ਥਾਪਾ)** ਪਿਛਲੇ ਕੁਝ ਦਿਨਾਂ ਤੋ ਬੇਮੌਸਮੇ ਮੀਂਹ ਅਤੇ ਹਨੇਰੀ ਕਾਰਨ ਖਰਾਬ ਹੋਏ ਮੌਸਮ ਨੇ ਪੱਕੀ ਹੋਈ ਕਨਕ ਤੇ ਸਰਾਂ ਦੀ ਫਸਲ ਦਾ ਬਹੁਤ ਨੁਕਸਾਨ ਕੀਤਾ ਹੈ। ਬੀਜੀ ਹੋਈ ਮੱਕੀ ਤੇ ਮੂੰਗੀ ਵਿੱਚ ਪਾਣੀ ਖੜਨ ਨਾਲ ਉਸ ਦੇ ਗੱਲਣ ਦਾ ਖਤਰਾ ਪੈਦਾ ਹੋ ਗਿਆ ਹੈ, ਜਿਸ ਕਾਰਨ ਕਿਸਾਨਾਂ ਦੇ ਸਾਹ ਸੂਤੇ ਪਏ ਹਨ। ਜਮਹੂਰੀ ਕਿਸਾਨ ਸਭਾ ਪੰਜਾਬ ਜ਼ਿਲ੍ਹਾ ਲੁਧਿਆਣਾ ਦੇ ਸਕੱਤਰ ਹਰਨੇਕ ਸਿੰਘ ਗੁੱਜਰਵਾਲ, ਜ਼ਿਲ੍ਹਾ ਮੀਤ ਪ੍ਰਧਾਨ ਅਮਰੀਕ ਸਿੰਘ ਜੜਤੌਲੀ, ਏਰੀਆ ਕਮੇਟੀ ਦੇ ਪ੍ਰਧਾਨ ਰਾਜਵੀਰ ਸਿੰਘ ਕਿਲ੍ਹਾ ਰਾਇਪੁਰ, ਸਕੱਤਰ ਗੁਰਉਪਦੇਸ਼ ਸਿੰਘ ਘੁੰਗਰਾਣਾ, ਜ਼ਿਲ੍ਹਾ ਮੀਤ ਪ੍ਰਧਾਨ ਮਲਕੀਤ ਸਿੰਘ ਨੇ ਇਲਾਕੇ ਦਾ ਦੌਰਾ ਕਰਨ ਉਪਰੰਤ ਕਿਹਾ ਕਿ ਪੱਕੀ ਹੋਈ ਕਨਕ ਤੇ ਸਰੋਂ ਦੀ ਫਸਲ ਖਰਾਬ ਹੋ ਚੁੱਕੀ ਹੈ। ਕਨਕ ਵਿੱਚ ਪਾਣੀ ਖੜਾ ਹੋਣ ਕਾਰਨ ਕਨਕ ਦੇ ਬੂਝੇ ਸੁੱਕਣ ਲੱਗ ਗਏ ਹਨ। ਵੱਧੀ ਹੋਈ ਸਰੋਂ ਫਲੀਆਂ ਵਿੱਚ ਹਰੀ ਹੋਣ ਲੱਗ ਪਈ ਹੈ। ਬੀਜੀ ਹੋਈ ਮੱਕੀ ਤੇ ਮੂੰਗੀ ਦੀ ਫਸਲ ਵਿੱਚ ਪਾਣੀ ਖੜਾ ਹੋ ਗਿਆ ਹੈ। ਜਿਸ ਕਾਰਨ ਮੂੰਗੀ ਤੇ ਮੱਕੀ ਦੀ ਫਸਲ ਮਰਨ ਲੱਗੀ ਹੈ। ਮੀਂਹ ਕਾਰਨ ਮੂੰਗੀ ਦੀ ਫਸਲ ਦੀ ਬਿਜਾਈ ਵੀ ਲੇਟ ਹੋ ਰਹੀ ਹੈ। ਆਗੂਆਂ ਨੇ ਮੰਗ ਕੀਤੀ ਕਿ ਕਿਸਾਨ ਦੇ ਹੋਏ ਨੁਕਸਾਨ ਦਾ ਸੌ ਫੀਸਦੀ ਮੁਆਵਜਾ ਦਿੱਤਾ ਜਾਵੇ। ਇਸ ਮੌਕੇ 'ਤੇ ਹੋਰਨਾ ਤੋਂ ਇਲਾਵਾ ਨੱਛਤਰ ਸਿੰਘ, ਦਵਿੰਦਰ ਸਿੰਘ ਗਰੇਵਾਲ, ਸੁਖਦੇਵ ਸਿੰਘ ਭੋਮਾ, ਗੁੱਡੂ ਗਰੇਵਾਲ, ਅਮਰੀਕ ਸਿੰਘ ਨੰਗਲ ਆਦਿ ਹਾਜਰ ਸਨ।

# ਸਿਵਲ ਹਸਪਤਾਲ ਦੇ ਸਹਿਯੋਗ ਨਾਲ ਖੇੜਾ ਰੋਡ ਵਿਖੇ ਲਗਾਇਆ ਟੀਕਾਕਰਨ ਕੈਂਪ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਪ੍ਰੇਮ ਨਗਰ ਸੇਵਾ ਸੁਸਾਇਟੀ ਅਤੇ ਸਮਾਜ ਸੇਵੀ ਸੰਸਥਾ ਸਾਰਦ ਨੇ ਸਿਵਲ ਹਸਪਤਾਲ ਫਗਵਾੜਾ ਦੇ ਸਹਿਯੋਗ ਨਾਲ ਟੀਕਾਕਰਣ ਕੈਂਪ ਸੀਨੀਅਰ ਸਿਟੀਜਨ ਕੇਅਰ ਸੈਂਟਰ ਖੇੜਾ ਰੋਡ ਫਗਵਾੜਾ ਵਿਖੇ ਲਗਾਇਆ ਗਿਆ। ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੇ ਉਪਰਾਲੇ ਸਦਕਾ ਆਯੋਜਿਤ ਕੈਂਪ ਦੌਰਾਨ ਸਿਵਲ ਹਸਪਤਾਲ ਫਗਵਾੜਾ ਦੀ ਟੀਮ ਵਲੋਂ 0 ਤੋਂ 5 ਸਾਲ ਉਮਰ ਦੇ ਬੱਚਿਆਂ ਨੂੰ ਕਾਲੀ ਖਾਂਸੀ, ਗੱਲ ਘੋਟੂ ਸਮੇਤ ਹੋਰ ਮਾਰੂ ਬਿਮਾਰੀਆਂ ਤੋਂ ਬਚਾਅ ਲਈ ਲੋੜ ਅਨੁਸਾਰ ਟੀਕੇ ਲਗਾਏ ਗਏ। ਐਨ.ਜੀ.ਓ. ਸਾਰਦ ਵਲੋਂ ਸਨੀ ਕੁਮਾਰ ਤੇ ਅਲੀਸ਼ਾ ਨੇ ਵੀ ਯੋਗਦਾਨ ਪਾਇਆ। ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ ਅਤੇ ਸਕੱਤਰ ਸੁਰਿੰਦਰ ਪਾਲ ਨੇ ਇਨਾਂ ਕੈਂਪ ਨੂੰ ਸਫਲ ਬਨਾਉਣ ਲਈ ਸਮੂਹ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸੀਨੀਅਰ ਸਿਟੀਜਨ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਧੀਰਜ ਸਿੰਘ ਸੱਗੂ, ਵਿਸ਼ਵਾ ਮਿੱਤਰ ਸ਼ਰਮਾ, ਮਨਮੋਹਨ ਸਿੰਘ ਵਾਲੀਆ, ਰਾਮ ਲੁਭਾਇਆ ਆਦਿ ਵਿਸ਼ੇਸ਼ ਤੌਰ 'ਤੇ ਕੈਂਪ ਦੌਰਾਨ ਹਾਜਰ ਰਹੇ। ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਹਰੇਕ ਮਹੀਨੇ ਸੀਨੀਅਰ ਸਿਟੀਜਨ ਕੇਅਰ ਸੈਂਟਰ ਖੇੜਾ ਰੋਡ ਵਿਖੇ ਇਹ ਕੈਂਪ ਲਗਾਇਆ ਜਾਵੇਗਾ। ਇਸ ਕੈਂਪ ਦਾ ਖੇੜਾ ਰੋਡ ਤੋਂ ਇਲਾਵਾ ਮੁਹੱਲਾ ਪ੍ਰੇਮ ਨਗਰ ਤੇ ਮਾਸਟਰ ਸਾਧੂ ਰਾਮ ਨਗਰ ਆਦਿ ਦੇ ਵਸਨੀਕਾਂ ਨੇ ਭਰਪੂਰ ਲਾਭ ਉਠਾਇਆ।

# ਐੱਸ ਐੱਸ ਪੀ ਤੇ ਡਰੱਗ ਇੰਸਪੈਕਟਰ ਬਦਨਾਮ ਕੈਮਿਸਟਾਂ 'ਤੇ ਕਰਨ ਸਖ਼ਤ ਕਾਰਵਾਈ : ਜਥੇਦਾਰ ਜੁਗਨੂੰ

**ਕਾਲਾ ਸੰਘਿਆਂ (ਮਨਜੀਤ ਮਾਨ)**-ਕਪੂਰਥਲਾ ਸ਼ਹਿਰ 'ਚ ਪਿਛਲੇ ਕਾਫੀ ਸਮੇਂ ਤੋਂ ਨਸ਼ੀਲੇ ਕੈਪਸਲ ਗੋਲੀਆਂ ਤੇ ਟੀਕਿਆਂ ਦਾ ਕਾਰੋਬਾਰ ਪੂਰੇ ਧੜੱਲੇ ਨਾਲ ਚਲ ਰਿਹਾ ਹੈ ਤੇ ਸੈਂਕੜੇ ਨੌਜਵਾਨ ਇਨ੍ਹਾਂ ਦਾ ਸੇਵਨ ਕਰਕੇ ਮੌਤ ਦੇ ਮੂੰਹ 'ਚ ਜਾ ਚੁੱਕੇ ਹਨ ਤੇ ਹਜ਼ਾਰਾਂ ਗੱਭਰੂ ਇਸ ਦੀ ਲਪੇਟ 'ਚ ਆ ਕੇ ਆਪਣੀ ਬਹੁਮੁੱਲੀ ਜ਼ਿੰਦਗੀ ਖਰਾਬ ਕਰ ਰਹੇ ਹਨ। ਨੌਜਵਾਨ ਪੀੜ੍ਹੀ ਦਾ ਘਾਣ ਕਰਨ ਵਾਲੇ ਅਜਿਹੇ ਸਮਾਜ ਤੇ ਦੇਸ਼ ਦੇ ਦੁਸ਼ਮਣ ਬਦਨਾਮ ਕੈਮਿਸਟਾਂ ਖਿਲਾਫ ਐਸ ਐਸ ਪੀ ਕਪੂਰਥਲਾ ਰਾਜਪਾਲ ਸਿੰਘ ਸੰਧੂ ਤੇ ਡਰੱਗ ਇੰਸਪੈਕਟਰ ਕਪੂਰਥਲਾ ਤੋਂ ਸਖ਼ਤ ਤੋਂ ਸਖ਼ਤ ਕਾਰਵਾਈ ਦੀ ਮੰਗ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਕੌਮੀ ਸਿਆਸੀ ਸਲਾਹਕਾਰ ਮੈਂਬਰ ਪੀ ਏ ਸੀ ਤੇ ਮੁੱਖ ਬੁਲਾਰਾ ਜਥੇਦਾਰ ਇੰਦਰਜੀਤ ਸਿੰਘ ਜੁਗਨੂੰ ਨੇ ਕਿਹਾ ਕੀ ਕੁਝ ਬਦਨਾਮ ਕੈਮਿਸਟ ਜਿਨ੍ਹਾਂ ਖਿਲਾਫ ਨਸ਼ਾ ਵੇਚਣ ਦੇ ਕਈ ਮੁਕੱਦਮੇ ਦਰਜ ਹਨ, ਉਨ੍ਹਾਂ ਦੇ ਕਈ ਵਾਰ ਲਾਇਸੈਂਸ ਵੀ ਕੈਂਸਲ ਹੋਣ ਦੇ ਬਾਵਜੂਦ ਉਹ ਆਪਣੀਆਂ ਗੱਡੀਆਂ 'ਚ ਸ਼ਰੇਆਮ ਘੁੰਮ ਘੁੰਮ ਕੇ ਪਿੰਡਾਂ ਤੇ ਮੁਹੱਲਿਆਂ 'ਚ ਮੌਤ ਦਾ ਸਮਾਨ ਵੇਚ ਰਹੇ ਹਨ। ਜਥੇਦਾਰ ਜੁਗਨੂੰ ਨੇ ਕਿਹਾ ਕੇ ਇਨ੍ਹਾਂ ਨਸ਼ਿਆਂ ਦੇ ਸ਼ਿਕਾਰ ਨੌਜਵਾਨਾਂ ਦੀ ਪਹਿਚਾਣ ਕਰਕੇ ਇਨ੍ਹਾਂ ਨੂੰ ਜੇਲ੍ਹਾਂ ਦੀ ਜਗ੍ਹਾ ਨਸ਼ਾ ਛੱਡਣ ਵਾਲੇ ਸਰਕਾਰੀ ਸੈਂਟਰਾਂ 'ਚ ਪਹੁੰਚਾਇਆ ਜਾਵੇ ਤੇ ਨਸ਼ੇ ਦੇ ਇਨ੍ਹਾਂ ਸੁਦਾਗਰਾਂ ਖਿਲਾਫ ਸਖ਼ਤ ਕਾਰਵਾਈ ਕਰਕੇ ਇਨ੍ਹਾਂ ਨੂੰ ਜੇਲ੍ਹਾਂ 'ਚ ਭੇਜਿਆ ਜਾਵੇ। ਜਥੇਦਾਰ ਇੰਦਰਜੀਤ ਸਿੰਘ ਜੁਗਨੂੰ ਨੇ ਕਿਹਾ ਕੇ ਉਹ ਤੇ ਉਨ੍ਹਾਂ ਦੀ ਸਮੁੱਚੀ ਟੀਮ ਨੌਜਵਾਨਾਂ ਨੂੰ ਨਸ਼ਿਆਂ ਦੀ ਇਸ ਦਲ ਦਲ 'ਚੋਂ ਕੱਢਣ ਲਈ ਪੁਲਸ ਦਾ ਹਰ ਸਹਿਯੋਗ ਬਿਨਾਂ ਕਿਸੇ ਡਰ ਦੇ ਨਿਡਰਤਾ ਨਾਲ ਕਰਨ ਲਈ ਤਿਆਰ ਹੈ।

# ਸਰਕਾਰੀ ਕੰਨਿਆ ਸੀ. ਸੈ. ਸਕੂਲ ਸ੍ਰੀ ਅਨੰਦਪੁਰ ਸਾਹਿਬ ਦੇ ਨਤੀਜੇ ਸ਼ਾਨਦਾਰ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਸਿੱਖਿਆ ਮੰਤਰੀ ਦੇ ਵਿਧਾਨ ਸਭਾ ਹਲਕੇ ਸ੍ਰੀ ਅਨੰਦਪੁਰ ਸਾਹਿਬ ਦੇ ਸਰਕਾਰੀ ਕੰਨਿਆ ਸੀਨੀ.ਸੈਕੰ.ਸਕੂਲ ਦੇ ਸ਼ਾਨਦਾਰ ਨਤੀਜੇ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਪ੍ਰਿੰਸੀਪਲ ਨੀਰਜ ਵਰਮਾ ਅਤੇ ਸਟਾਫ ਵੱਲੋਂ ਵਿਸ਼ੇਸ਼ ਸਨਮਾਨ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਇਨ੍ਹਾਂ ਉਪਰਾਲਿਆਂ 'ਚ ਅਧਿਆਪਕਾਂ ਤੇ ਵਿਦਿਆਰਥੀਆਂ ਦਾ ਸਹਿਯੋਗ ਦੇਣ ਲਈ ਵਧਾਈ ਦਿੱਤੀ ਗਈ। ਜਮਾਤ ਛੇਵੀਂ ਦੀ ਨਿਮਰਤਪ੍ਰੀਤ ਕੌਰ ਪਹਿਲਾ, ਮਨਜੋਤ ਕੌਰ ਨੇ ਦੂਜਾ ਤੇ ਕੁਮਕੁਮ ਨੇ ਤੀਜਾ ਸਥਾਨ ਹਾਸਲ ਕੀਤਾ। ਸੱਤਵੀਂ ਜਮਾਤ ਦੀ ਰਾਧਿਕਾ ਸ਼ਰਮਾ ਤੇ ਰਿਤਿਕਾ ਨੇ ਪਹਿਲਾ, ਸ਼ਿਵਾਨੀ ਦੂਜਾ, ਰੇਮਨਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਨੌਵੀ ਜਮਾਤ 'ਚ ਕੋਮਲਜੋਤ ਕੌਰ ਨੇ ਪਹਿਲਾ, ਮਨਸ਼ਿਕਾ ਕੌਰ ਦੂਜਾ ਤੇ ਸੁਹਾਨੀ ਨੇ ਤੀਜਾ ਸਥਾਨ ਹਾਸਲ ਕੀਤਾ। ਸਾਇੰਸ 'ਚ ਰੇਨੂੰਕਾ ਪਹਿਲਾ, ਕਰਿਤਿਕਾ ਸੈਣੀ ਦੂਜਾ, ਜਸਪ੍ਰੀਤ ਕੌਰ ਤੇ ਗੁਰਸਿਮਰਨ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰਾਂ ਕਮਰਸ 'ਚ ਹਰਸਿਮਰਨ ਕੌਰ



ਨੇ ਪਹਿਲਾ, ਅਭਿਨੀਤ ਨੇ ਦੂਜਾ ਤੇ ਅਨੂ ਬਾਲਾ ਨੇ ਤੀਜਾ ਸਥਾਨ ਹਾਸਲ ਕੀਤਾ ਅਤੇ ਆਰਟਸ 'ਚ ਸਾਕਸ਼ੀ ਨੇ ਪਹਿਲਾ, ਅਨੂਪ ਕੌਰ ਨੇ ਦੂਜਾ ਤੇ ਬਵਨੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਲੈਕ.ਸੀਮਾ ਜੱਸਲ ਨੇ ਦੱਸਿਆ ਕਿ ਸਕੂਲ 'ਚ ਬਿਜ਼ਨਸ ਬਲਾਸਟਰ ਅਤੇ ਉਚੇਰੀ ਸਿੱਖਿਆ ਲਈ ਵਿਦਿਆਰਥੀਆਂ ਦਾ ਨਿਰੰਤਰ ਮਨੋਬਲ ਵਧਾਇਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਸਰਕਾਰੀ ਸੀਨੀ.ਸੈਕੰ.ਸਕੂਲ ਲੜਕੀਆਂ ਸ੍ਰੀ ਅਨੰਦਪੁਰ ਸਾਹਿਬ ਦੀਆਂ ਵਿਦਿਆਰਥਣਾਂ ਸਿੱਖਿਆ ਦੇ ਨਾਲ ਨਾਲ ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਵੀ ਵਧ ਚੜ੍ਹ ਕੇ ਭਾਗ ਲੈਂਦੀਆਂ ਹਨ ਅਤੇ ਨਾਂਅ ਪ੍ਰਾਪਤ ਕਰਦੀਆਂ ਹਨ।

# ਨਗਰ ਕੌਂਸਲ ਦੇ ਕਰਮਚਾਰੀਆਂ ਦੀ ਹੜਤਾਲ ਸ਼ਰਤਾਂ ਦੇ ਅਧਾਰ 'ਤੇ ਮੁਲਤਵੀ

**ਖਰੜ (ਹਰਨਾਮ ਸਿੰਘ ਡੱਲਾ)**-ਸਥਾਨਕ ਨਗਰ ਕੌਂਸਲ ਦੇ ਕਰਮਚਾਰੀਆਂ ਦੀ ਪਿਛਲੇ ਦਿਨਾਂ ਤੋਂ ਚੱਲਦੀ ਆ ਰਹੀ ਹੜਤਾਲ ਮੁਲਤਵੀ ਹੋ ਗਈ ਹੈ। ਹੜਤਾਲੀ ਕਰਮਚਾਰੀਆਂ ਦੇ ਪ੍ਰਧਾਨ ਪ੍ਰਦੀਪ ਕੁਮਾਰ ਨੇ ਜਾਣਕਾਰੀ ਦਿੱਤੀ ਹੈ ਕਿ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਹੈ ਕਿ ਉਨ੍ਹਾਂ ਦੀਆਂ ਨਗਰ ਕੌਂਸਲ ਖਰੜ ਦੇ ਅਧਿਕਾਰ ਖੇਤਰ ਵਿੱਚ ਆਉਂਦੀਆਂ ਮੰਗਾਂ ਪ੍ਰਵਾਨ ਕਰ ਲਈਆਂ ਜਾਣਗੀਆਂ ਅਤੇ ਸਰਕਾਰੀ ਪੱਧਰ ਉੱਤੇ ਲਾਗੂ ਹੋਣ ਵਾਲੀਆਂ ਮੰਗਾਂ ਬਾਰੇ ਸਥਾਨਕ ਸਰਕਾਰਾਂ ਬਾਰੇ ਵਿਭਾਗ ਪੰਜਾਬ ਨੂੰ ਲਿਖਤੀ ਰੂਪ ਵਿੱਚ ਲਿਖ ਕੇ ਭੇਜਿਆ ਜਾਵੇਗਾ। ਪ੍ਰਦੀਪ ਕੁਮਾਰ ਨੇ ਦੱਸਿਆ ਕਿ ਆਊਟ ਸੋਰਸਿਜ ਵਰਕ ਫੌਰਨ ਬੰਦ ਕਰ ਦਿੱਤਾ ਜਾਵੇਗਾ ਅਤੇ ਕੰਟਰੈਕਟ ਤੌਰ ਉੱਤੇ ਕਾਮੇ ਭਰਤੀ ਕੀਤੇ ਜਾਣਗੇ। ਦੱਸਣਾ ਬਣਦਾ ਹੈ ਕਿ ਸ਼ਹਿਰ ਵਿੱਚ ਸਫਾਈ ਦੀ ਸਮੱਸਿਆ ਵੱਡਾ ਮਸਲਾ ਬਣ ਚੁੱਕਾ ਸੀ ਜਿਸ ਕਰਕੇ ਯੂਨੀਅਨ ਵਲੋਂ ਕੁਝ ਮੰਗਾਂ ਮਨਵਾ ਕੇ ਲੋਕਾਂ ਨਾਲ ਇਕਜੁੱਟਤਾ ਦਾ ਸੁਨੇਹਾ ਦੇਣ ਲਈ ਹੜਤਾਲ ਮੁਲਤਵੀ ਕਰ ਦਿੱਤੀ ਗਈ ਹੈ। ਯੂਨੀਅਨ ਵਲੋਂ ਕਿਹਾ ਗਿਆ ਹੈ ਕਿ ਜੇਕਰ ਨਗਰ ਕੌਂਸਲ ਖਰੜ ਵਲੋਂ ਵਾਅਦਾ ਖਿਲਾਫੀ ਕੀਤੀ ਜਾਂਦੀ ਹੈ ਤਾਂ ਹੜਤਾਲ ਮੁੜ ਸ਼ੁਰੂ ਕਰ ਦਿੱਤੀ ਜਾਵੇਗੀ।

# ਆਸ਼ਿਕਾ ਜੈਨ ਵੱਲੋਂ ਕਿਸਾਨਾਂ ਨੂੰ ਮੰਡੀਆਂ 'ਚ ਸੁੱਕੀ ਕਣਕ ਲਿਆਉਣ ਦੀ ਅਪੀਲ

**ਚੰਡੀਗੜ੍ਹ, ( ਗੁਰਜੀਤ ਬਿੱਲਾ )**—ਪਹਿਲੀ ਅਪ੍ਰੈਲ ਤੋਂ ਸ਼ੁਰੂ ਹੋਣ ਵਾਲੀ ਕਣਕ ਦੀ ਖਰੀਦ ਲਈ ਪ੍ਰਬੰਧਾਂ ਦਾ ਜਾਇਜ਼ਾ ਲੈਂਦੇ ਹੋਏ ਡਿਪਟੀ ਕਸ਼ਿਨਰ ਆਸ਼ਿਕਾ ਜੈਨ ਨੇ ਹਾੜ੍ਹੀ ਦੀ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਹਨ। ਇਸੇ ਦੌਰਾਨ ਹੀ ਉਨ੍ਹਾਂ ਨੇ ਕਿਸਾਨਾਂ ਨੂੰ ਵੀ ਮੰਡੀਆਂ ਵਿੱਚ ਸੁੱਕੀ ਹੋਈ ਕਣਕ ਲਿਆਉਣ ਦੀ ਅਪੀਲ ਕੀਤੀ ਹੈ ਤਾਂ ਜੋ ਮੰਡੀਆਂ ਵਿੱਚ ਖਰੀਦ ਪ੍ਰਕਿਰਿਆ ਦੌਰਾਨ ਕੋਈ ਵੀ ਮੁਸ਼ਕਲ ਨਾ ਆਵੇ। ਪਹਿਲੀ ਅਪ੍ਰੈਲ, 2023 ਤੋਂ ਸ਼ੁਰੂ ਹੋਣ ਵਾਲੇ ਆਗਾਮੀ ਹਾੜ੍ਹੀ ਮੰਡੀਕਰਨ ਸੀਜ਼ਨ (ਆਰ.ਐਮ.ਐਸ.) ਦੌਰਾਨ ਕਣਕ ਦੀ ਖਰੀਦ ਬਾਰੇ ਸਥਾਨਿਕ ਪ੍ਰਬੰਧਕੀ ਕੰਪਲੈਕਸ ਵਿੱਚ ਇੱਕ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਸ੍ਰੀਮਤੀ ਆਸ਼ਿਕਾ ਜੈਨ ਨੇ ਦੱਸਿਆ ਕਿ ਇਸ ਸਾਲ ਜ਼ਿਲ੍ਹੇ ਵਿੱਚ 46000 ਹੈਕਟੇਅਰ ਰਕਬੇ ਵਿੱਚ ਕਣਕ ਬੀਜੀ ਗਈ ਹੈ ਅਤੇ 1,96,000 ਮੀਟਰਿਕ ਟਨ ਕਣਕ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਖਰੀਦ ਲਈ 1,39,053 ਮੀਟਰਿਕ ਟਨ ਕਣਕ ਆਉਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਪੰਜਾਬ ਸਰਕਾਰ ਕਿਸਾਨਾਂ ਦਾ ਇੱਕ ਇੱਕ ਦਾਣਾ ਚੁੱਕਣ ਲਈ ਵਚਨਬੱਧ ਹੈ। ਇਸ ਕਰਕੇ ਸਾਰੀਆਂ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੇ ਪ੍ਰਬੰਧ ਵਿੱਚ ਕੋਈ ਊਣਤਾਈ ਨਹੀਂ ਰਹਿਣੀ ਚਾਹੀਦੀ। ਮੰਡੀਆਂ ਦੇ ਰੱਖ ਰਖਾਵ ਅਤੇ ਸਫ਼ਾਈ ਦੇ ਪੁਖਤਾ ਪ੍ਰਬੰਧ ਕੀਤੇ ਜਾਣ ਦੀ ਹਦਾਇਤ ਕਰਦੇ ਹੋਏ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਾਰੇ ਖਰੀਦ ਕੇਂਦਰਾਂ ਵਿੱਚ ਫਸਟ-ਏਡ ਕਿੱਟਾਂ ਮੁਹੱਈਆ ਕਰਵਾਈਆਂ ਜਾਣ ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਦੌਰਾਨ ਮੁਢਲੀ ਸਹਾਇਤਾ ਦਿੱਤੀ ਜਾ ਸਕੇ। ਉਨ੍ਹਾਂ ਨੇ ਮੰਡੀਆਂ ਵਿੱਚ ਪੀਣ ਵਾਲੇ ਪਾਣੀ ਅਤੇ ਪਖਾਨਿਆਂ ਦੇ ਪੁਖਤਾ ਪ੍ਰਬੰਧ ਕੀਤੇ ਜਾਣ ਲਈ ਵੀ ਨਿਰਦੇਸ਼ ਦਿੱਤੇ। ਸ੍ਰੀਮਤੀ ਆਸ਼ਿਕਾ ਜੈਨ ਨੇ ਖਰੀਦ ਕੇਂਦਰ ਤੋਂ ਸਟੋਰੇਜ ਪੁਆਇੰਟ ਤੱਕ ਕਣਕ ਦੀ ਢੋਆ-ਢੁਆਈ ਲਈ ਵਰਤੇ ਜਾਣ ਵਾਲੇ ਸਾਰੇ ਟਰਾਂਸਪੋਰਟ ਵਾਹਨਾਂ ਵਿੱਚ ਵਾਹਨ ਟਰੈਕਿੰਗ ਸਿਸਟਮ ਯਕੀਨੀ ਬਨਾਉਣ ਲਈ ਆਖਿਆ। ਉਨ੍ਹਾਂ ਨੇ ਪਹਿਲੇ ਦਿਨ ਤੋਂ ਹੀ ਫ਼ਸਲ ਦੀਆਂ ਅਦਾਇਗੀਆਂ ਯਕੀਨੀ ਬਣਾਉਣ ਲਈ ਵੀ ਨਿਰਦੇਸ਼ ਜਾਰੀ ਕੀਤੇ। ਡਿਪਟੀ ਕਮਿਸ਼ਨਰ ਨੇ ਖਰੀਦ ਸਮੇਂ ਦੌਰਾਨ ਮੀਂਹ ਪੈਣ ਦੀ ਸੂਰਤ ਵਿੱਚ ਸੱਕਸ਼ਨ ਮਸ਼ੀਨਾਂ ਅਤੇ ਲੋੜੀਂਦੀ ਲੇਬਰ ਉਪਲਬਧ ਹੋਣ ਨੂੰ ਯਕੀਨੀ ਬਣਾਉਣ ਲਈ ਵੀ ਕਿਹਾ। ਉਨ੍ਹਾਂ ਨੇ ਖਰੀਦ ਪ੍ਰਬੰਧਾਂ ਨਾਲ ਜੁੜੇ ਹੋਏ ਅਧਿਕਾਰੀਆਂ ਨੂੰ ਮੰਡੀਆਂ ਵਿੱਚ ਪੂਰੀ ਚੌਕਸੀ ਵਰਤਣ ਦੀ ਹਿਦਾਇਤ ਕੀਤੀ ਗਈ ਤਾਂ ਜੋ ਕਿਸਾਨਾਂ ਨੂੰ ਕੋਈ ਵੀ ਸਮੱਸਿਆ ਪੇਸ਼ ਨਾ ਆਵੇ।

# ਸਰਕਾਰੀ ਮਿਡਲ ਸਕੂਲ ਸੱਲ੍ਹੋਮਾਜਰਾ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਸਰਕਾਰੀ ਮਿਡਲ ਸਕੂਲ ਸੱਲ੍ਹੋ ਮਾਜਰਾ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ ਅਤੇ ਨਤੀਜਾ ਐਲਾਨਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਮੁਖੀ ਅਜੇ ਕੁਮਾਰ ਚੰਦੇਲ ਨੇ ਦੱਸਿਆ ਕਿ ਇਸ ਮੌਕੇ ਪਿੰਡ ਦੇ ਪਤਵੰਤੇ ਸੱਜਣਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਛੇਵੀਂ ਅਤੇ ਸੱਤਵੀਂ ਜਮਾਤ ਦੇ ਪਹਿਲੇ, ਦੂਜੇ ਅਤੇ ਤੀਜੇ ਸਥਾਨ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਕੂਲ ਬੈਗ, ਕਾਪੀਆਂ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਚਿੰਨ੍ਹ ਸਕੂਲ ਦੇ ਸਾਬਕਾ ਅਧਿਆਪਕ ਰਵਿੰਦਰਪਾਲ ਸਿੰਘ ਪੀ ਟੀ ਆਈ ਨੇ ਮੁਹੱਈਆ ਕਰਵਾਏ। ਨਗਰ ਨਿਵਾਸੀ ਕਮਲਜੀਤ ਸਿੰਘ ਅਤੇ ਹੋਰਨਾਂ ਵੱਲੋਂ ਸਕੂਲ ਦੀ ਸਫਾਈ ਲਈ ਕੀਤੇ ਯੋਗਦਾਨ ਨੂੰ ਯਾਦ ਕੀਤਾ ਗਿਆ। ਸਕੂਲ ਦੇ ਸਟਾਫ ਵੱਲੋਂ ਸਕੂਲ ਦੀ ਬਿਹਤਰੀ ਲਈ ਯੋਗਦਾਨ ਪਾਉਣ ਵਾਲੇ ਕਮਲਜੀਤ ਸਿੰਘ, ਸਤਨਾਮ ਸਿੰਘ , ਮਨਦੀਪ ਕੁਮਾਰ , ਕਮਲਜੀਤ ਕੌਰ, ਜਸਬੀਰ ਸਿੰਘ ਸ਼ਾਂਤਪੁਰੀ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਗਮਨਜੋਤ ਕੌਰ ਅਤੇ ਪਰਮੀਲ ਕੁਮਾਰ ਆਦਿ ਹਾਜਰ ਸਨ।

# ਐਕਟ ਅਨੁਸਾਰ ਵੱਖ-ਵੱਖ ਦੁਕਾਨਾਂ 'ਤੇ ਕਿਤਾਬਾਂ ਦੀ ਉਪਲਬਧਤਾ ਯਕੀਨੀ ਬਣਾਉਣ ਸਕੂਲ ਮੁਖੀ : ਡਿਪਟੀ ਕਮਿਸ਼ਨਰ

**ਜਲੰਧਰ (ਸ਼ੈਲੀ ਐਲਬਰਟ)**- ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਪ੍ਰਾਈਵੇਟ ਸਕੂਲਾਂ ਦੇ ਪ੍ਰਿੰਸੀਪਲਾਂ/ਮੈਨੇਜਮੈਂਟ ਦੇ ਨੁਮਾਇੰਦਿਆਂ ਨੂੰ ਪੰਜਾਬ ਰੈਗੂਲੇਸ਼ਨ ਆਫ ਫੀ ਆਫ ਅਨਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਲ ਐਕਟ ਦੀ ਪੂਰਨ ਤੌਰ 'ਤੇ ਪਾਲਣਾ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ । ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ ਨੂੰ ਮੁੱਖ ਰੱਖਦਿਆਂ ਡਿਪਟੀ ਕਮਿਸ਼ਨਰ ਵੱਲੋਂ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪ੍ਰਾਈਵੇਟ ਸਕੂਲਾਂ ਦੇ ਪ੍ਰਿੰਸੀਪਲਾਂ/ਮੈਨੇਜਮੈਂਟ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਦਿਆਂ ਉਨ੍ਹਾਂ ਨੂੰ ਕਿਤਾਬਾਂ, ਵਰਦੀਆਂ ਅਤੇ ਫੀਸਾਂ ਸਬੰਧੀ ਐਕਟ ਦੀਆਂ ਵਿਵਸਥਾਵਾਂ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ । ਉਨ੍ਹਾਂ ਸੰਸਥਾਵਾਂ ਦੇ ਮੁਖੀਆਂ ਨੂੰ ਕਿਹਾ ਕਿ ਫੀਸਾਂ, ਵਰਦੀਆਂ ਅਤੇ ਕਿਤਾਬਾਂ ਸਬੰਧੀ ਐਕਟ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਵਿਦਿਆਰਥੀਆਂ ਦੇ ਮਾਪਿਆਂ ਨੂੰ ਪ੍ਰੇਸ਼ਾਨ ਨਾ ਹੋਣਾ ਪਵੇ।। ਉਨ੍ਹਾਂ ਕਿਹਾ ਕਿ ਐਕਟ ਅਨੁਸਾਰ ਸਕੂਲਾਂ ਦੀਆਂ ਕਿਤਾਬਾਂ ਦੀ ਵੱਖ-ਵੱਖ ਦੁਕਾਨਾਂ 'ਤੇ ਉਪਲਬਤਾ ਯਕੀਨੀ ਬਣਾਈ ਜਾਵੇ ਤਾਂ ਜੋ ਵਿਦਿਆਰਥੀ ਆਪਣੀ ਸੁਵਿਧਾ ਅਨੁਸਾਰ ਕਿਸੇ ਵੀ ਦੁਕਾਨ ਤੋਂ ਕਿਤਾਬਾਂ ਖਰੀਦ ਸਕਣ। ਵਿੱਦਿਅਕ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਫੀਸਾਂ ਸਬੰਧੀ ਮੁਕੰਮਲ ਜਾਣਕਾਰੀ ਆਪੋ-ਆਪਣੇ ਸਕੂਲਾਂ ਦੀਆਂ ਵੈਬਸਾਈਟਾਂ ਅਤੇ ਸਿੱਖਿਆ ਵਿਭਾਗ ਦੇ ਪੋਰਟਲ 'ਤੇ ਅਪਡੇਟ ਕਰਨ ਦੇ ਨਿਰਦੇਸ਼ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਕੂਲ ਮੁਖੀ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਸਕੂਲ ਵੱਲੋਂ ਜੋ ਫੀਸ ਲਈ ਜਾਂਦੀ ਹੈ, ਉਸ ਸਬੰਧੀ ਜਾਣਕਾਰੀ ਸਕੂਲ ਦੇ ਨੋਟਿਸ ਬੋਰਡ 'ਤੇ ਮੌਜੂਦ ਹੋਵੇ ਤਾਂ ਜੋ ਫ਼ੀਸ ਸਬੰਧੀ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਜਨਤਕ ਤੌਰ 'ਤੇ ਜਾਣਕਾਰੀ ਮਿਲ ਸਕੇ। । ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਅਮਿਤ ਮਹਾਜਨ, ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਗੁਰਸਿਮਰਨਜੀਤ ਕੌਰ, ਸਹਾਇਕ ਕਮਿਸ਼ਨਰ (ਯੂ.ਟੀ.) ਮੇਜਰ ਡਾ. ਇਰਵਿਨ ਕੌਰ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿ) ਗੁਰਸ਼ਰਨ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੀਵ ਜੋਸ਼ੀ ਅਤੇ ਪ੍ਰਾਈਵੇਟ ਸਕੂਲਾਂ ਦੇ ਪ੍ਰਿੰਸੀਪਲ/ਮੈਨੇਜਮੈਂਟ ਦੇ ਨੁਮਾਇੰਦੇ ਅਤੇ ਫੀਸ ਰੈਗੂਲੇਟਰੀ ਬਾਡੀ ਦੇ ਮੈਂਬਰ ਵੀ ਮੌਜੂਦ ਸਨ ।

# ਪੰਜਾਬ ਸਰਕਾਰ ਬਰਬਾਦ ਹੋਈਆਂ ਫਸਲਾਂ ਦਾ ਮੁਆਵਜ਼ਾ ਕਿਸਾਨਾਂ ਦੇ ਨਾਲ ਮਜ਼ਦੂਰਾਂ ਨੂੰ ਵੀ ਤੁਰੰਤ ਦੇਵੇ : ਖੋਸਲਾ



**ਕਾਲਾ ਸੰਘਿਆਂ (ਮਨਜੀਤ ਮਾਨ)**-ਅੱਜ ਡੈਮੋਕ੍ਰੇਟਿਕ ਭਾਰਤੀਯ ਲੋਕ ਦਲ ਵੱਲੋਂ ਅਹਿਮ ਮੀਟਿੰਗ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਗੁਰਮੁਖ ਸਿੰਘ ਖੋਸਲਾ ਦੀ ਅਗਵਾਈ ਹੇਠ ਪਿੰਡ ਦਿਤੂ ਨੰਗਲ ਵਿਖੇ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਰਾਸ਼ਟਰੀ ਪ੍ਰਧਾਨ ਗੁਰਮੁਖ ਸਿੰਘ ਖੋਸਲਾ ਨੇ ਕਿਹਾ ਕਿ ਪਿਛਲੇ ਦਿਨੀਂ ਖਾਸ ਕਰਕੇ ਮਾਲਵਾ ਜ਼ੋਨ ਦੇ ਕਈ ਜ਼ਿਲ੍ਹਿਆਂ 'ਚ ਮੀਂਹ, ਗੜੇ ਅਤੇ ਚੱਕਰਵਰਤੀ ਤੂਫਾਨ ਨੇ ਕਈ ਏਕੜ ਕਿਸਾਨਾਂ ਦੀਆਂ ਫਸਲਾਂ ਬਰਬਾਦ ਕਰ ਦਿੱਤੀਆਂ। ਖੋਸਲਾ ਨੇ ਗਹਿਰੀ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਕਿਸਾਨ ਆਪਣੀ ਫਸਲ ਨੂੰ ਬੱਚਿਆਂ ਵਾਂਗ ਪਾਲਦਾ ਹੈ। ਕਿਸਾਨ ਅਤੇ ਮਜ਼ਦੂਰ ਵੱਲੋਂ ਫਸਲ ਦੀ ਪਕਾਈ ਦਾ ਬੇਸਬਰੀ ਨਾਲ ਇੰਤਜ਼ਾਰ ਕੀਤਾ ਜਾਂਦਾ ਹੈ, ਕਿਉਂਕਿ ਕਿਸਾਨ ਅਤੇ ਮਜ਼ਦੂਰ ਫਸਲ ਦੇ ਪੱਕਣ 'ਤੇ ਕਈ ਪ੍ਰਕਾਰ ਦੀਆਂ ਉਮੀਦਾਂ ਲਾਈਆਂ ਹੁੰਦੀਆਂ ਹਨ, ਜਿਨ੍ਹਾਂ ਉਪਰ ਕੁਦਰਤ ਨੇ ਆਪਣਾ ਕਹਿਰ ਢਾਹ ਦਿੱਤਾ ਹੈ। ਰਾਸ਼ਟਰੀ ਪ੍ਰਧਾ ਖੋਸਲਾ ਨੇ ਕਿਹਾ ਕਿ ਮੀਂਹ ਅਤੇ ਹਨੇਰੀ ਨਾਲ ਬਰਬਾਦ ਹੋਈਆਂ ਫਸਲਾਂ ਦਾ ਮੁਆਵਜ਼ਾ ਕਿਸਾਨਾਂ ਦੇ ਨਾਲ ਨਾਲ ਮਜ਼ਦੂਰਾਂ ਨੂੰ ਵੀ ਦਿੱਤਾ ਜਾਵੇ। ਇਸ ਮੌਕੇ ਡੈਮੋਕ੍ਰੇਟਿਕ ਭਾਰਤੀ ਲੋਕ ਦਲ 'ਚ ਨਵੀਆਂ ਨਿਯੁਕਤੀਆਂ ਕਰਦੇ ਹੋਏ ਤਰਸੇਮ ਸਿੰਘ ਨੂੰ ਪ੍ਰਧਾਨ ਅਤੇ ਹਰਜੀਤ ਸਿੰਘ ਜੀਤਾ ਨੂੰ ਉੱਪ ਪ੍ਰਧਾਨ ਯੂਨਿਟ ਦੀਤੂ ਨੰਗਲ ਤੇ ਜਸਵੀਰ ਕੌਰ, ਰਣਜੀਤ ਸਿੰਘ, ਰਾਜਾ, ਰਾਜੂ, ਸੰਦੀਪ ਕੌਰ, ਬੀਰੋ ਪੰਚ, ਬਲਬੀਰ ਸਿੰਘ, ਬਲਵਿੰਦਰ ਸਿੰਘ, ਸਤਨਾਮ ਦਰਸ਼ਨਾਂ, ਗੁਰਦੀਪ ਸਿੰਘ, ਰੋਸ਼ਨ ਸਿੰਘ, ਬਿੱਲਾ, ਜਸਵਿੰਦਰ ਕੌਰ ਨੂੰ ਮੈਂਬਰ ਨਿਯੁਕਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰੂੜਾ ਰਾਮ ਗਿੱਲ ਪ੍ਰਧਾਨ, ਭੱਠਾ ਮਜ਼ਦੂਰ ਯੂਨੀਅਨ ਪੰਜਾਬ, ਮੰਗਤ ਰਾਮ ਕਲਿਆਣ, ਜਨਰਲ ਸਕੱਤਰ ਭੱਠਾ ਮਜ਼ਦੂਰ ਯੂਨੀਅਨ ਪੰਜਾਬ, ਸਤਨਾਮ ਸਿੰਘ ਬੁਲੋਵਾਲ, ਪ੍ਰਧਾਨ ਕਿਸਾਨ ਵਿੰਗ ਜ਼ਿਲ੍ਹਾ ਜਲੰਧਰ, ਨੀਲਮ ਗਿੱਲ ਜਨਰਲ ਸਕੱਤਰ ਮਹਿਲਾ ਵਿੰਗ ਪੰਜਾਬ ਅਤੇ ਯੂਨਿਸ ਮਸੀਹ ਖੋਜਪੁਰ ਆਦਿ ਮੌਜੂਦ ਸਨ ।

# ਲੋਕਪਾਲ ਪੰਜਾਬ ਨੇ ਰਾਸ਼ਟਰਪਤੀ ਮੈਡਲ ਜੇਤੂ ਇੰਸਪੈਕਟਰ ਕੇਸਰ ਸਿੰਘ ਨੂੰ ਸੇਵਾਮੁਕਤ ਹੋਣ 'ਤੇ ਕੀਤਾ ਸਨਮਾਨਤ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਲੋਕਪਾਲ ਪੰਜਾਬ ਜਸਟਿਸ ਵਿਨੋਦ ਕੁਮਾਰ ਸ਼ਰਮਾ ਵੱਲੋਂ ਏ ਡੀ ਜੀ ਪੀ ਲੋਕਪਾਲ ਦੇ ਰੀਡਰ ਵਜੋਂ ਤਾਇਨਾਤ ਰਾਸ਼ਟਰਪਤੀ ਮੈਡਲ ਜੇਤੂ ਇੰਸਪੈਕਟਰ ਕੇਸਰ ਸਿੰਘ ਨੂੰ ਸੇਵਾਮੁਕਤ ਹੋਣ 'ਤੇ ਸਨਮਾਨਿਤ ਕੀਤਾ ਗਿਆ। ਕੇਸਰ ਸਿੰਘ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਜਸਟਿਸ ਸਰਮਾ ਨੇ ਕਿਹਾ ਕਿ ਕੇਸਰ ਸਿੰਘ ਨੇ ਆਪਣੀਆਂ ਸੇਵਾਵਾਂ ਪੂਰੀ ਤਨਦੇਹੀ ਨਾਲ ਨਿਭਾਈਆਂ ਹਨ ਅਤੇ ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਵੱਡਮੁੱਲੀਆਂ ਪ੍ਰਾਪਤੀਆਂ ਹਾਸਲ ਕੀਤੀਆਂ। ਇੱਥੇ ਇਹ ਵੀ ਦੱਸਣਯੋਗ ਹੈ ਕਿ ਸ. ਕੇਸਰ ਸਿੰਘ ਨੇ ਪੰਜਾਬ ਪੁਲਿਸ ਵਿਚ ਆਪਣੀ 38 ਸਾਲ ਦੀ ਸੇਵਾ ਪੂਰੀ ਲਗਨ ਅਤੇ ਤਨਦੇਹੀ ਨਾਲ ਮੁਕੰਮਲ ਕੀਤੀ ਅਤੇ ਉਹਨਾਂ ਨੇ ਬਹੁਤ ਸਾਰੇ ਮੈਡਲ ਵਿਸੇਸ ਤੌਰ 'ਤੇ 60 ਪ੍ਰਸੰਸਾ ਪੱਤਰ ਪ੍ਰਾਪਤ ਕੀਤੇ। ਕੇਸਰ ਸਿੰਘ ਨੂੰ 2013 ਵਿੱਚ ਆਪਣੀ ਡਿਊਟੀ ਪ੍ਰਤੀ ਸਮਰਪਣ ਲਈ ਰਾਸਟਰਪਤੀ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਸੀ। ਪੰਜਾਬ ਸਿਵਲ ਸਕੱਤਰੇਤ-2 ਵਿਖੇ ਉਹਨਾਂ ਦੀ ਸੇਵਾਮੁਕਤੀ ਮੌਕੇ ਕਰਵਾਏ ਸਨਮਾਨ ਸਮਾਰੋਹ ਦੌਰਾਨ ਲੋਕਪਾਲ ਜਸਟਿਸ ਸਰਮਾ ਨੇ ਕੇਸਰ ਸਿੰਘ ਨੂੰ ਨਿੱਘੀ ਵਧਾਈ ਦਿੱਤੀ ਅਤੇ ਸੇਵਾ ਮੁਕਤੀ ਉਪਰੰਤ ਸਫ਼ਲ, ਸਿਹਤਮੰਦ ਅਤੇ ਖੁਸ਼ਹਾਲ ਜੀਵਨ ਦੀ ਕਾਮਨਾ ਕੀਤੀ। ਜਸਟਿਸ ਸ਼ਰਮਾ ਨੇ ਕੇਸਰ ਸਿੰਘ ਦੇ ਹੋਰਨਾਂ ਸਾਥੀਆਂ ਨੂੰ ਉਨ੍ਹਾਂ ਦੇ ਨਕਸ਼ੇ ਕਦਮਾਂ 'ਤੇ ਚੱਲਣ ਅਤੇ ਆਪਣੀਆਂ ਸੇਵਾਵਾਂ ਪ੍ਰਤੀ ਵੱਡਮੁੱਲਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਜਸਟਿਸ ਸ਼ਰਮਾ ਨੇ ਅੱਗੇ ਕਿਹਾ ਕਿ ਸੇਵਾਮੁਕਤੀ ਉਪਰੰਤ ਉਹਨਾਂ (ਕੇਸਰ ਸਿੰਘ) ਦੀ ਗੈਰਹਾਜ਼ਰੀ ਉਹਨਾਂ ਦੇ ਸਾਥੀਆਂ ਨੂੰ ਹਮੇਸ਼ਾ ਮਹਿਸੂਸ ਹੁੰਦੀ ਰਹੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਭੂ ਰਾਜ ਆਈ.ਪੀ.ਐਸ. ਏ.ਡੀ.ਜੀ.ਪੀ. ਲੋਕਪਾਲ ਪੰਜਾਬ, ਰਾਜੀਵ ਪਰਾਸਰ ਆਈ.ਏ.ਐਸ. ਸਕੱਤਰ ਲੋਕਪਾਲ ਪੰਜਾਬ, ਇੰਦਰਜੀਤ ਕੌਸ਼ਿਕ ਰਜਿਸਟਰਾਰ ਲੋਕਪਾਲ ਪੰਜਾਬ, ਹਰਬੰਸ ਸਿੰਘ ਸਕੱਤਰ ਮੰਤਰੀ/ਲੋਕਪਾਲ ਪੰਜਾਬ ਅਤੇ ਕੇਸਰ ਸਿੰਘ ਦੇ ਪਰਵਾਰਕ ਮੈਂਬਰ ਮੌਜੂਦ ਸਨ।

# ਪੀ ਸੀ ਐੱਮ ਐੱਸ ਡੀ ਕਾਲਜ ਦਾ ਨਤੀਜਾ ਰਿਹਾ ਸ਼ਾਨਦਾਰ

**ਜਲੰਧਰ (ਇਕਬਾਲ ਸਿੰਘ ਉੱਭੀ)** ਪੀ.ਸੀ.ਐਮ.ਐਸ.ਡੀ ਕਾਲਜ ਫਾਰ ਵੂਮੈਨ ਦੇ ਐਮ.ਕਾਮ ਸਮੈਸਟਰ ਪਹਿਲੇ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਨਤੀਜਾ ਸ਼ਾਨਦਾਰ ਰਿਹਾ। ਖੁਸ਼ੀ ਮਲਹੋਤਰਾ ਨੇ 550 ਵਿੱਚੋਂ 453 (82.36%) ਅੰਕ ਪ੍ਰਾਪਤ ਕਰਕੇ



ਯੂਨੀਵਰਸਿਟੀ ਵਿੱਚੋਂ ਤੀਜਾ ਸਥਾਨ ਹਾਸਲ ਕੀਤਾ ਹੈ। ਇੱਥੇ ਇਹ ਵਰਣਨਯੋਗ ਹੈ ਕਿ ਇਸ ਜਮਾਤ ਦੇ ਸਾਰੇ ਵਿਦਿਆਰਥੀਆਂ ਨੇ ਪਹਿਲੀ ਡਵੀਜਨ ਨਾਲ ਪ੍ਰੀਖਿਆ ਪਾਸ ਕੀਤੀ ਹੈ। ਇਸ ਮੌਕੇ ਤੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ , ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰ ਅਤੇ ਕਾਲਜ ਦੇ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸ਼ਰ ਨੇ ਸੰਸਥਾ ਦਾ ਨਾਂਅ ਰੌਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਹਨਾਂ ਦੇ ਉੱਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਵੀ ਦਿੱਤੀਆਂ। ਉਨ੍ਹਾਂ ਨੇ ਸਾਨਦਾਰ ਨਤੀਜਿਆਂ ਲਈ ਕਾਮਰਸ ਅਤੇ ਮੈਨੇਜਮੈਂਟ ਵਿਭਾਗ ਦੀ ਵੀ ਸ਼ਲਾਘਾ ਕੀਤੀ ।

# ਬਹੂਆ ਵਿਖੇ ਛਿੰਝ ਮੇਲਾ 10 ਨੂੰ

**ਮੇਹਲੀ ( ਗੁਰਨਾਮ)** ਪਿੰਡ ਬਹੂਆ ਵਿਖੇ ਛਿੰਝ ਮੇਲਾ ਜੋ ਪਹਿਲਾਂ 3 ਅਪ੍ਰੈਲ ਨੂੰ ਕਰਵਾਇਆ ਜਾਣਾ ਸੀ, ਮੌਸਮ ਦੀ ਖਰਾਬੀ ਕਾਰਨ 10 ਅਪ੍ਰੈਲ ਨੂੰ ਕਰਵਾਇਆ ਜਾਵੇਗਾ। ਪ੍ਰਬੰਧਕਾਂ ਨੇ ਦੱਸਿਆ ਕਿ ਛਿੰਝ ਮੇਲੇ ਦੌਰਾਨ ਪਟਕੇ ਦੀ ਕੁਸ਼ਤੀ ਪ੍ਰਿਤਪਾਲ ਅਤੇ ਭੁਪਿੰਦਰ ਅਜਨਾਲਾ ਵਿਚਕਾਰ ਕਰਵਾਈ ਜਾਵੇਗੀ, ਇਸ ਤੋਂ ਇਲਾਵਾ ਵੱਖ-ਵੱਖ ਅਖਾੜਿਆਂ ਦੇ ਨਾਮੀ ਭਲਵਾਨਾਂ ਦੀਆਂ ਕੁਸ਼ਤੀਆਂ ਕਰਵਾਈਆਂ ਜਾਣਗੀਆਂ। ਪਹਿਲਾ ਇਨਾਮ ਮੋਟਰਸਾਇਕਲ ਅਤੇ ਦੂਸਰਾ ਇਨਾਮ 50000 ਰੁ: ਦੇ ਕੇ ਪਹਿਲਵਾਨਾਂ ਨੂੰ ਸਨਮਾਨਿਤ ਕੀਤਾ ਜਾਵੇਗਾ।

# ਇੰਦਰ ਯੂਰਪ ਵਾਲਾ ਦੀ ਇੰਸਟਾਗ੍ਰਾਮ ਆਈ ਡੀ ਦੀ ਕੋਈ ਕਰ ਰਿਹਾ ਗਲਤ ਵਰਤੋਂ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਅੱਜ ਕੱਲ ਕਈ ਲੋਕ ਕਿਸੇ ਦੇ ਨਾਂਅ ਦੀਆਂ ਫੇਸਬੁੱਕ, ਇੰਸਟਾਗ੍ਰਾਮ 'ਤੇ ਫੇਕ ਆਈਡੀਆਂ ਬਣਾ ਕੇ ਲੋਕਾਂ ਨੂੰ ਠੱਗ ਰਹੇ ਹਨ। ਇਹੋ ਜਿਹਾ ਮਾਮਲਾ ਭੋਗਪੁਰ ਅਧੀਨ ਪੈਂਦੇ ਪਿੰਡ ਬਿਨਪਾਲਕੇ ਤੋਂ ਸਾਹਮਣੇ ਆਇਆ ਹੈ। ਜਿੱਥੇ ਕਿ ਜਾਣਕਾਰੀ ਦਿੰਦਿਆਂ ਕਮਲਜੀਤ ਸਿੰਘ ਪੁੱਤਰ ਗਰੀਬ ਦਾਸ ਵਾਸੀ ਪਿੰਡ ਬਿਨਪਾਲਕੇ ਜ਼ਿਲ੍ਹਾ ਜਲੰਧਰ ਨੇ ਦੱਸਿਆ ਕਿ ਮੇਰਾ ਲੜਕਾ ਇੰਦਰਜੀਤ ਸਿੰਘ ਅੱਠ ਮਹੀਨੇ ਤੋਂ ਪੁਰਤਗਾਲ ਵਿਖੇ ਰਹਿ ਰਿਹਾ ਹੈ ਅਤੇ ਜਿਸ ਦੀ ਇੰਸਟਾਗ੍ਰਾਮ ਦੀ ਆਈ ਡੀ (ਇੰਦਰ ਯੂਰਪ ਵਾਲਾ) ਦੀ ਗਲਤ ਵਰਤੋਂ ਕੀਤੀ ਜਾ ਰਹੀ ਹੈ। ਜਿਸ ਵਿੱਚ ਰਿਸ਼ਤੇਦਾਰਾਂ ਕੋਲੋਂ, ਯਾਰਾਂ ਦੋਸਤਾਂ ਕੋਲੋਂ ਤੇ ਹੋਰ ਕਈ ਪਤਵੰਤਿਆਂ ਕੋਲੋਂ ਪੈਸਿਆਂ ਦੀ ਮੰਗ ਕੀਤੀ ਜਾ ਰਹੀ ਹੈ। ਕਮਲਜੀਤ ਸਿੰਘ ਨੇ ਕਿਹਾ ਕੇ ਜੋ ਕੋਈ ਵੀ ਮੇਰੇ ਬੇਟੇ ਦਾ ਨਾਂਅ ਲੈ ਕੇ ਕੋਈ ਕਿਸੇ ਰਿਸ਼ਤੇਦਾਰ, ਯਾਰਾਂ ਦੋਸਤ ਜਾਂ ਹੋਰ ਕਿਸੇ ਕੋਲੋਂ ਵੀ ਪੈਸੇ ਮੰਗਦਾ ਹੈ ਉਸ ਨੂੰ ਪੈਸੇ ਨਾ ਦਿੱਤੇ ਜਾਣ। ਇਸ ਸੰਬੰਧੀ ਇਕ ਦਰਖਾਸਤ ਸਾਇਬਰ ਕਰਾਇਮ ਦਿਹਾਤੀ ਜਲੰਧਰ ਅਤੇ ਇੱਕ ਦਰਖਾਸਤ ਭੋਗਪੁਰ ਠਾਣੇ ਵੀ ਦੇ ਦਿੱਤੀ ਹੈ। ਕਮਲਜੀਤ ਸਿੰਘ ਦੇ ਬੇਟੇ ਇੰਦਰਜੀਤ ਸਿੰਘ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਜੋ ਕੋਈ ਵੀ ਮੇਰੀ ਗਲਤ ਆਈ ਡੀ ਬਣਾ ਕੇ ਉਸ ਦਾ ਗਲਤ ਇਸਤੇਮਾਲ ਕਰ ਰਿਹਾ ਹੈ ਉਸ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਦਮਨਜੀਤ ਕੌਰ ਨੂੰ ਪੰਜਾਬ 'ਵਰਸਿਟੀ 'ਚੋਂ ਪਹਿਲਾ ਸਥਾਨ ਹਾਸਲ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਪੰਜਾਬ ਯੂਨੀਵਰਸਿਟੀ ਵਲੋਂ ਬੀ.ਸੀ.ਏ. ਦੇ ਐਲਾਨੇ ਗਏ ਪੰਜਵੇਂ ਸਮੈਸਟਰ ਦੇ ਨਤੀਜੇ ਵਿੱਚ ਸਰਕਾਰੀ ਕਾਲਜ ਦੀ ਵਿਦਿਆਰਥਣ ਦਮਨਜੀਤ ਨੇ ਪੂਰੀ ਯੂਨੀਵਰਸਿਟੀ ਵਿਚੋਂ ਪਹਿਲਾ ਸਥਾਨ, ਰੋਹਨ ਰਾਵਤ ਨੇ ਚੌਥਾ ਸਥਾਨ ਅਤੇ ਪਹਿਲੇ ਸਮੈਸਟਰ ਵਿਚੋਂ ਸਨੇਹ ਸ਼ਰਮਾ ਨੇ ਸੱਤਵਾਂ ਸਥਾਨ ਅਤੇ ਤੀਸਰੇ ਸਮੈਸਟਰ ਵਿੱਚੋਂ ਸ਼ਿਵਮ ਜੈਰਥ ਨੇ ਅੱਠਵਾਂ ਸਥਾਨ ਹਾਸਿਲ ਕਰਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਕਾਲਜ ਦੀ ਪ੍ਰਿੰਸੀਪਲ ਸ੍ਰੀਮਤੀ ਜੋਗੇਸ਼ ਨੇ ਯੂਨੀਵਰਸਿਟੀ 'ਚੋਂ ਚੰਗੀਆਂ ਪੁਜੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਅਥੀਆਂ ਨੂੰ ਮੁਬਾਰਕਾਂ ਦਿੱਤੀਆਂ ਅਤੇ ਅੱਗੇ ਤੋਂ ਹੋਰ ਲਗਨ ਨਾਲ ਮਿਹਨਤ ਕਰਕੇ ਹੋਰ ਉੱਚੇ ਮੁਕਾਮ ਹਾਸਿਲ ਕਰਨ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਵਿਦਿਅਥੀਆਂ ਨਾਲ ਪ੍ਰਿੰਸੀਪਲ ਸ੍ਰੀਮਤੀ ਜੋਗੇਸ਼, ਮੈਂਬਰ ਸੈਕਟਰੀ ਪ੍ਰੋ: ਹਰਜਿੰਦਰ ਪਾਲ ਅਮਨ, ਅਤੇ ਹੋਰ ਅਧਿਆਪਕ ਹਾਜਰ ਸਨ।

# ਸੋਮ ਪ੍ਰਕਾਸ਼ ਵੱਲੋਂ ਭਲਾਈ ਯੋਜਨਾਵਾਂ ਤੇ ਵਿਕਾਸ ਕੰਮਾਂ ਦਾ ਜਾਇਜ਼ਾ



**ਫਗਵਾੜਾ , (ਇੰਦਰਜੀਤ ਸਿੰਘ ਮਠਾੜੂ, ਰਘਵੀਰ ਸਿੰਘ)**-ਕੇਂਦਰੀ ਰਾਜ ਮੰਤਰੀ , ਉਦਯੋਗ ਤੇ ਕਾਮਰਸ ਸੋਮ ਪ੍ਰਕਾਸ ਵਲੋਂ ਅਧਿਕਾਰੀਆਂ ਨੂੰ ਕਿਹਾ ਗਿਆ ਹੈ ਕਿ ਉਹ ਕੇਂਦਰ ਸਰਕਾਰ ਦੀਆਂ ਵੱਖ-ਵੱਖ ਲੋਕ ਭਲਾਈ ਵਾਲੀਆਂ ਯੋਜਨਾਵਾਂ ਦਾ ਹਰੇਕ ਲੋੜਵੰਦ ਤੱਕ ਪੁੱਜਦਾ ਕਰਨਾ ਯਕੀਨੀ ਬਣਾਉਣ ਤਾਂ ਜੋ ਸਮਾਜ ਦੇ ਕਮਜੋਰ ਤਬਕੇ ਦੇ ਲੋਕਾਂ ਦੇ ਜੀਵਨ ਪੱਧਰ ਵਿਚ ਸੁਧਾਰ ਲਿਆਂਦਾ ਜਾ ਸਕੇ। ਉਹ ਸਥਾਨਕ ਲੋਕ ਨਿਰਮਾਣ ਵਿਭਾਗ ਦੇ ਰੈਸਟ ਹਾਊਸ ਵਿਖੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ ਕਰ ਰਹੇ ਸਨ । ਉਨਾਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ ) ਪਰਮਜੀਤ ਕੌਰ , ਐਸ .ਡੀ . ਐਮ ਡਾ.ਜੈ ਇੰਦਰ ਸਿੰਘ ਤੇ ਹੋਰਨਾਂ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਤੇ ਐਮ.ਪੀ ਲੈਡ,ਅੰਮ੍ਰਿਤ ਸਰੋਵਰ ਅਤੇ ਪੀ.ਐੱਮ ਸਵਾਨਿਧੀ ਯੋਜਨਾਵਾਂ ਰਾਹੀਂ ਲੋੜਵੰਦਾਂ ਨੂੰ ਬਣਦਾ ਲਾਭ ਮਿਲਣ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ । ਐਮ.ਪੀ ਲੈਡ ਤਹਿਤ ਜਾਰੀ ਕੀਤੇ ਗਏ ਪੈਸੇ ਬਾਰੇ ਉਨਾਂ ਕਿਹਾ ਕਿ ਇੰਨਾਂ ਨੂੰ ਜਲਦ ਤੋਂ ਜਲਦ ਖਰਚ ਕਰਕੇ ਵਰਤੋਂ ਸਰਟੀਫਿਕੇਟ ਜਮ੍ਹਾਂ ਕਰਵਾਏ ਜਾਣ ਤਾਂ ਜੋ ਹੋਰ ਫੰਡ ਜਾਰੀ ਕੀਤੇ ਜਾ ਸਕਣ। ਕੇਂਦਰੀ ਮੰਤਰੀ ਨੇ ਕਿਹਾ ਕਿ ਵਿਕਾਸ ਕੰਮਾਂ ਸਬੰਧੀ ਐਸਟੀਮੇਟ ਤੁਰੰਤ ਤਿਆਰ ਕਰਕੇ ਭੇਜੇ ਜਾਣ ਤਾਂ ਜੋ ਵਿਕਾਸ ਕੰਮਾਂ ਨੂੰ ਹੋਰ ਹੁਲਾਰਾ ਮਿਲ ਸਕੇ। ਵਧੀਕ ਡਿਪਟੀ ਕਮਿਸ਼ਨਰ ਵਿਕਾਸ ਪਰਮਜੀਤ ਕੌਰ ਨੇ ਕਿਹਾ ਕਿ ਲੋਕ ਹਿੱਤਾਂ ਲਈ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਤੇ ਵਿਕਾਸਮੁਖੀ ਯੋਜਨਾਵਾਂ ਨੂੰ ਬਿਨਾਂ ਕਿਸੇ ਦੇਰੀ ਤੋਂ ਲਾਗੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਧਿਕਾਰੀ ਲੋਕ ਭਲਾਈ ਵਾਲੀਆਂ ਯੋਜਨਾਵਾਂ ਦਾ ਹਫਤਾਵਾਰੀ ਆਧਾਰ 'ਤੇ ਮੁਲਾਂਕਣ ਕਰਨ ਤਾਂ ਜੋ ਹਰੇਕ ਲੋੜਵੰਦ ਤੱਕ ਇਨ੍ਹਾਂ ਦਾ ਲਾਭ ਪੁੱਜ ਸਕੇ। ਮੀਟਿੰਗ ਦੌਰਾਨ ਮਾਲ , ਨਗਰ ਨਿਗਮ , ਪੇਂਡੂ ਵਿਕਾਸ , ਜਲ ਸਪਲਾਈ , ਸੀਵਰੇਜ , ਸਿਹਤ ਤੇ ਸਿੱਖਿਆ ਵਿਭਾਗ ਦੇ ਅਧਿਕਾਰੀ ਹਾਜਰ ਸਨ ।

# ਪ੍ਰਤਾਪ ਬਾਜਵਾ ਤੇ ਰਾਣਾ ਗੁਰਜੀਤ ਵੱਲੋਂ ਸਥਾਨਕ ਆਗੂਆਂ ਨਾਲ ਮੀਟਿੰਗ

**ਫਿਲੌਰ (ਨਿਰਮਲ)**- ਚੋਣ ਕਮਿਸ਼ਨ ਵੱਲੋਂ ਜਲੰਧਰ ਲੋਕ ਸਭਾ ਜ਼ਿਮਨੀ ਚੋਣਾਂ ਦੀਆਂ ਤਰੀਕਾਂ ਦੇ ਐਲਾਨ ਤੋਂ ਬਾਅਦ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨ ਰਾਣਾ ਗੁਰਜੀਤ ਸਿੰਘ ਨੇ ਫਿਲੌਰ ਵਿਧਾਨ ਸਭਾ ਹਲਕੇ ਦੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਮੈਂਬਰਾਂ, ਕੌਂਸਲਰਾਂ, ਸਰਪੰਚਾਂ, ਪੰਚਾਂ ਤੇ ਹੋਰ ਸਥਾਨਕ ਕਾਂਗਰਸੀ ਆਗੂਆਂ ਨੇ ਆਗਾਮੀ ਜ਼ਿਮਨੀ ਚੋਣ ਵਿਚ ਕਾਂਗਰਸ ਉਮੀਦਵਾਰ ਕਰਮਜੀਤ ਕੌਰ ਚੌਧਰੀ ਦੀ ਭਾਰੀ ਫਰਕ ਨਾਲ ਜਿੱਤ ਯਕੀਨੀ ਬਣਾਉਣ ਲਈ ਵਿਚਾਰ-ਵਟਾਂਦਰਾ ਕਰਨ ਅਤੇ ਰਣਨੀਤੀ ਬਣਾਉਣ ਵਾਸਤੇ ਮੀਟਿੰਗ ਕੀਤੀ। ਫਿਲੌਰ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਸੰਬੋਧਨ ਕਰਦਿਆਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਆਪਸੀ ਏਕਤਾ ਬਣਾ ਕੇ ਰੱਖਣ 'ਤੇ ਜ਼ੋਰ ਦਿੱਤਾ ਤੇ ਆਖਿਆ ਕਿ ਉਹ ਫਿਲੌਰ ਤੋਂ ਮਰਹੂਮ ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ ਦੀ ਪਤਨੀ ਕਰਮਜੀਤ ਕੌਰ ਚੌਧਰੀ ਨੂੰ ਭਾਰੀ ਵੋਟਾਂ ਨਾਲ ਜਿਤਾਉਣ ਲਈ ਪੂਰੀ ਤਾਕਤ ਨਾਲ ਕੰਮ ਕਰਨ।

ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਹਰੇਕ ਵੋਟ ਮਹੱਤਵਪੂਰਨ ਹੈ ਅਤੇ ਹਲਕੇ ਦੇ ਹਰ ਵੋਟਰ ਤੱਕ ਪਹੁੰਚ ਕਰਨ ਲਈ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਕਰਮਜੀਤ ਕੌਰ ਚੌਧਰੀ ਨੇ ਫਿਲੌਰ ਵਿੱਚ ਚੌਧਰੀ ਸੰਤੋਖ ਸਿੰਘ ਨਾਲ ਕੰਮ ਕਰਦਿਆਂ ਬਿਤਾਏ



ਸਮੇਂ ਨੂੰ ਯਾਦ ਕਰਦੇ ਹੋਏ ਸਥਾਨਕ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਇਕੱਠੇ ਹੋ ਕੇ ਕਾਂਗਰਸ ਪਾਰਟੀ ਨੂੰ ਲਈ ਵੱਧ ਤੋਂ ਵੱਧ ਵੋਟਾਂ ਨਾਲ ਜਿਤਾਉਣ ਲਈ ਕੰਮ ਕਰਨ। ਮੀਟਿੰਗ ਦੌਰਾਨ ਸ਼ਾਹਕੋਟ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਸਾਬਕਾ ਵਿਧਾਇਕ ਗੁਰਬਿੰਦਰ ਸਿੰਘ ਅਟਵਾਲ ਅਤੇ ਅੰਗਦ ਸਿੰਘ ਸੈਣੀ ਸਮੇਤ ਹੋਰ ਪ੍ਰਮੁੱਖ ਆਗੂਆਂ ਨੇ ਵੀ ਸੰਬੋਧਨ ਕਰਦਿਆਂ ਕਾਂਗਰਸ ਪਾਰਟੀ ਦੀ ਵਿਚਾਰਧਾਰਾ ਘਰ-ਘਰ ਪਹੁੰਚਾਉਣ ਦੀ ਅਪੀਲ ਕੀਤੀ।

ਫਿਲੌਰ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੇ ਮੀਟਿੰਗ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਆਗੂਆਂ ਦਾ ਧੰਨਵਾਦ ਕੀਤਾ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਕਾਂਗਰਸ ਦੀ ਜਿੱਤ ਯਕੀਨੀ ਬਣਾਉਣ ਲਈ ਅਣਥੱਕ ਮਿਹਨਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪਾਰਟੀ ਵਰਕਰ 10 ਮਈ ਨੂੰ ਆਪਣੇ ਵਿਛੜੇ ਆਗੂ ਚੌਧਰੀ ਸੰਤੋਖ ਸਿੰਘ ਨੂੰ ਸੱਚੀ ਸ਼ਰਧਾਂਜਲੀ ਭੇਂਟ ਕਰਨ। ਇਸ ਮੌਕੇ 'ਤੇ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਦੀ ਪਤਨੀ ਸਵੇਤਾ ਰਾਜ ਚੌਧਰੀ, ਮਹਿਲਾ ਕਾਂਗਰਸ ਦੀ ਕੌਮੀ ਕੋਆਰਡੀਨੇਟਰ ਜਸਲੀਨ ਸੇਠੀ, ਜ਼ਿਲ੍ਹਾ ਪ੍ਰੀਸਦ ਮੈਂਬਰ ਸੁਰਜੀਤ ਸਿੰਘ ਲੱਲੀਆਂ ਤੇ ਹਰਮੇਸ਼ ਲਾਲ ਲਸਾੜਾ, ਫਿਲੌਰ ਬਲਾਕ ਸੰਮਤੀ ਚੇਅਰਮੈਨ ਦਵਿੰਦਰ ਸਿੰਘ ਲਸਾੜਾ ਅਤੇ ਰੁੜਕਾ ਕਲਾਂ ਬਲਾਕ ਕਾਂਗਰਸ ਪ੍ਰਧਾਨ ਰਾਕੇਸ਼ ਦੁੱਗਲ ਹੋਰਾਂ ਸਮੇਤ ਹਾਜਰ ਸਨ।

2-APRIL-PAGE-8.qxd 4/1/2023 10:18 PM Page 1



# ਪਾਣੀ ਨਿਕਾਸੀ ਨੂੰ ਲੈ ਕੇ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਪਿੰਡ ਭੁੱਟੀਵਾਲਾ ਵਿਖੇ ਪਿੰਡ ਦੇ ਮਜ਼ਦੂਰਾਂ ਨਾਲ ਭਰਵੀਂ ਰੈਲੀ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਹੈ ਪਿਛਲੇ ਲੰਮੇਂ ਸਮੇਂ ਤੋਂ ਭੁੱਟੀਵਾਲਾ ਕਲੋਨੀਆਂ ਵਿੱਚ ਪਾਣੀ ਦੇ ਨਿਕਾਸ ਦਾ ਕੋਈ ਪ੍ਰਬੰਧ ਨਹੀਂ ਹੈ। ਪਾਣੀ ਗਲੀਆਂ ਵਿੱਚ ਖੜਾ ਹੈ। ਪ੍ਰੈੱਸ ਬਿਆਨ ਜਾਰੀ ਕਰਦਿਆਂ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਬੋਹੜ ਸਿੰਘ ਤੇ ਦਰਸ਼ਨ ਸਿੰਘ ਨੇ ਕਿਹਾ ਕਿ ਭੁੱਟੀਵਾਲਾ ਕਲੋਨੀਆਂ ਵਿੱਚ ਪਾਣੀ ਨਿਕਾਸੀ ਦੀ ਮੰਗ ਪਿਛਲੇ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਹੈ। ਬਾਰਸ਼ਾਂ ਤੇ ਘਰਾਂ ਦਾ ਗੰਦਾ ਪਾਣੀ ਗਲੀਆਂ ਵਿੱਚ ਖੜਾ ਹੈ। ਗੰਦਾ ਪਾਣੀ ਮੱਛਰ ਤੇ ਬੀਮਾਰੀਆਂ ਦਾ ਕਾਰਨ ਬਣਦਾ ਹੈ। ਗਲੀਆਂ 'ਚ ਪਾਣੀ ਬਹੁਤ ਜ਼ਿਆਦਾ ਹੋਣ ਕਾਰਨ ਰਾਹਗੀਰਾਂ ਨੂੰ ਵੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸਕੂਲ ਜਾਣ ਵਾਲੇ ਬੱਚਿਆਂ ਨੂੰ ਵੀ ਇਸੇ ਗੰਦੇ ਪਾਣੀ ਵਿੱਚੋਂ ਲੰਘ ਕੇ ਸਕੂਲ ਤੱਕ ਦਾ ਸਫਰ ਤੈਅ ਕਰਨਾ ਪੈਂਦਾ ਹੈ। ਬਹੁਤ ਸਾਰੀਆਂ ਔਰਤਾਂ ਮਰਦ ਇਸ ਪਾਣੀ ਕਾਰਨ ਡਿੱਗ ਕੇ ਆਪਣੇ ਹੱਡ ਤੁੜਵਾ ਚੁੱਕੇ ਹਨ। ਪਾਣੀ ਨਿਕਾਸੀ ਸਬੰਧੀ ਪੰਚਾਇਤ, ਪੰਚਾਇਤ ਤੇ ਬਲਾਕ ਵਿਕਾਸ ਅਫਸਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੱਕ ਕਈ ਵਾਰ ਅਰਜ਼ੀਆਂ ਦਿੱਤੀਆਂ ਜਾ ਚੁੱਕੀਆਂ ਹਨ, ਪਰ ਕਿਸੇ ਦੇ ਵੀ ਕੰਨ 'ਤੇ ਵੀ ਜੂੰ ਨਹੀਂ ਸਰਕੀ।

ਇਸ ਮੌਕੇ ਇਕਾਈ ਦੇ ਆਗੂ ਗੁਰਤੇਜ ਸਿੰਘ ਤੇ ਭੋਲਾ ਸਿੰਘ ਨੇ ਕਿਹਾ ਕਿ ਇਹ ਮਜ਼ਦੂਰਾਂ ਨਾਲ ਸਰਾਸਰ ਵਿਤਕਰਾ ਹੈ। ਗੰਦੇ ਪਾਣੀ 'ਚੋਂ ਪੈਦਾ ਹੋਏ ਮੱਛਰ ਕਾਰਨ ਲੋਕਾਂ ਨੂੰ ਡੇਂਗੂ ਤੇ ਮਲੇਰੀਆ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ ਅਤੇ ਇਸ ਪਾਣੀ ਵਿੱਚੋਂ ਗੁਜ਼ਰਨ ਵਾਲੇ ਲੋਕ ਚਮੜੀ ਦੇ ਰੋਗਾਂ ਨਾਲ ਜਕੜੇ ਜਾ ਰਹੇ ਹਨ। ਇਸ ਲਈ ਗੰਦੇ ਪਾਣੀ ਦੇ ਨਿਕਾਸ ਲਈ ਸੁਚੱਜੇ ਇੰਤਜ਼ਾਮ ਕੀਤੇ ਜਾਣੇ ਚਾਹੀਦੇ ਹਨ, ਨਹੀਂ ਤਾਂ ਮਜ਼ਦੂਰਾਂ ਵੱਲੋਂ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।

ਇਸ ਮੌਕੇ ਮੰਦਰ ਸਿੰਘ, ਸੁਖਚੈਨ ਸਿੰਘ, ਬਲਕਰਨ ਸਿੰਘ, ਸੁਖਜੀਤ ਕੌਰ, ਦਰਸ਼ਨ ਸਿੰਘ, ਹਰਬੰਸ ਕੌਰ ਤੋਂ ਇਲਾਵਾ ਵੱਡੀ ਗਿਣਤੀ ਮਜ਼ਦੂਰ ਹਾਜ਼ਰ ਸਨ।

## ਮਾਡਰਨ ਕਾਲਜ ਬੀਰ ਕਲਾਂ ਦਾ ਬੀ ਏ ਦਾ ਨਤੀਜਾ ਸ਼ਾਨਦਾਰ ਰਿਹਾ

**ਚੀਮਾਂ ਮੰਡੀ (ਰਵਿੰਦਰ ਚੀਮਾ)**

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਬੀ ਏ ਦੇ ਸਮੈਸਟਰ ਚੌਥਾ ਦੇ ਨਤੀਜਿਆਂ ਵਿੱਚ ਮਾਡਰਨ ਕਾਲਜ ਬੀਰ ਕਲਾਂ ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ। ਇਹ ਜਾਣਕਾਰੀ ਦਿੰਦੇ ਹੋਏ ਕਾਲਜ ਦੇ ਪ੍ਰਿੰਸੀਪਲ ਡਾ. ਵੀ. ਕੇ. ਰਾਏ ਨੇ ਦੱਸਿਆ ਕਿ ਵਿਦਿਆਰਥਣ ਸੰਦੀਪ ਕੌਰ ਨੇ ਕੁੱਲ 500 ਅੰਕਾਂ ਵਿੱਚੋਂ 378 ਅੰਕ ਲੈ ਕੇ ਪਹਿਲਾ, ਮਨਦੀਪ ਕੌਰ ਨੇ 500 'ਚੋਂ 361 ਅੰਕ ਲੈ ਕੇ ਦੂਜਾ, ਮਨਪ੍ਰੀਤ ਕੌਰ ਨੇ 500 'ਚੋਂ 360 ਅੰਕ ਲੈ ਕੇ ਤੀਜਾ, ਸਰਬਜੀਤ ਕੌਰ ਤੇ ਰਾਜਵੀਰ ਕੌਰ ਨੇ 500 'ਚੋਂ 357 ਅੰਕ ਲੈ ਕੇ ਸਾਂਝੇ ਰੂਪ 'ਚ ਚੌਥਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਹਰਸ਼ਦੀਪ ਸਿੰਘ ਨੇ ਕੁੱਲ 550 ਅੰਕਾਂ 'ਚੋਂ 381 ਅੰਕ ਲੈ ਕੇ ਪੰਜਵਾਂ, ਰਾਜਵੀਰ ਕੌਰ ਤੇ ਅਰਸ਼ਦੀਪ ਕੌਰ ਨੇ 550 'ਚੋਂ 377 ਅੰਕ ਲੈ ਕੇ ਛੇਵਾਂ, ਮਨਦੀਪ ਕੌਰ ਨੇ 550 'ਚੋਂ 361 ਅੰਕ ਲੈ ਕੇ ਸੱਤਵਾਂ, ਪ੍ਰਭਜੋਤ ਕੌਰ ਨੇ 550 ਅੰਕਾਂ 'ਚੋਂ 355 ਅੰਕ ਲੈ ਕੇ ਅੱਠਵਾਂ ਸਥਾਨ ਹਾਸਲ ਕੀਤਾ। ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਨੇ ਸੰਸਥਾ ਦਾ ਵਧੀਆ ਨਤੀਜਾ ਆਉਣ 'ਤੇ ਵਿਦਿਆਰਥੀਆਂ ਤੇ ਸਟਾਫ ਨੂੰ ਵਧਾਈ ਦਿੱਤੀ।



ਮਾਡਰਨ ਕਾਲਜ ਬੀਰ ਕਲਾਂ ਦੇ ਬੀ ਏ ਨਤੀਜੇ 'ਚੋਂ ਅੱਵਲ ਰਹੇ ਵਿਦਿਆਰਥੀ।

## ਰਾਹੁਲ ਗਾਂਧੀ ਦੀ ਸਾਜ਼ਿਸ਼ ਤਹਿਤ ਰੱਦ ਕੀਤੀ ਮੈਂਬਰਸ਼ਿਪ : ਬਰਾੜ

### ਸੰਵਿਧਾਨ ਬਚਾਓ ਮੁਹਿੰਮ ਤਹਿਤ ਵਰਕਰਾਂ ਨੂੰ ਕੀਤਾ ਲਾਮਬੰਦ



ਪ੍ਰੈੱਸ ਕਾਨਫਰੰਸ ਦੌਰਾਨ ਗੱਲਬਾਤ ਕਰਦੇ ਸੁਖਵੰਤ ਸਿੰਘ ਬਰਾੜ ਤੇ ਹੋਰ ਆਗੂ।

**ਮਮਦੋਟ (ਜਸਬੀਰ ਸਿੰਘ ਕੰਬੋਜ, ਹਰਪਾਲ ਸਿੰਘ ਸੋਢੀ)**-ਡੈਮੋਕਰੇਸੀ ਵਿੱਚ ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ, ਮੋਦੀ ਸਰਕਾਰ ਨੂੰ ਛੋਟੀ ਸੋਚ ਤਿਆਗ ਕੇ ਸਮੁੱਚੀ ਵਿਰੋਧੀ ਧਿਰ ਦੀ ਆਵਾਜ਼ ਸੁਣਨੀ ਚਾਹੀਦੀ ਹੈ। ਮੋਦੀ ਸਰਕਾਰ ਅਡਾਨੀ-ਹਿਡਨਬਰਗ ਮੁੱਦੇ ਨੂੰ ਦਬਾਉਣ ਲਈ ਡਿਕਟੇਟਰਸ਼ਿਪ ਕਰ ਰਹੀ ਹੈ ਤੇ ਇਸੇ ਕਾਰਨ ਹੀ ਉਨ੍ਹਾਂ ਸੋਚੀ-ਸਮਝੀ ਸਾਜ਼ਿਸ਼ ਅਧੀਨ ਰਾਹੁਲ ਗਾਂਧੀ ਦੀ ਵਿਧਾਨ ਸਭਾ ਦੀ ਮੈਂਬਰਸ਼ਿਪ ਰੱਦ ਕੀਤੀ ਗਈ ਹੈ ਤਾਂ ਜੋ ਰਾਹੁਲ ਗਾਂਧੀ ਲੋਕ ਸਭਾ ਵਿੱਚ ਅਡਾਨੀ, ਫਿਰਕਾਪ੍ਰਸਤੀ ਤੇ ਮਹਿੰਗਾਈ ਜਿਹੇ ਅਹਿਮ ਮੁੱਦਿਆਂ ਨੂੰ ਨਾ ਚੁੱਕ ਸਕੇ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਮਮਦੋਟ ਵਿਖੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਤੇ ਹਾਉਸ ਫੈੱਡ ਪੰਜਾਬ ਦੇ ਸਾਬਕਾ ਚੇਅਰਮੈਨ ਸੁਖਵੰਤ ਸਿੰਘ ਬਰਾੜ ਨੇ ਮਮਦੋਟ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਗੱਲਬਾਤ ਕਰਦਿਆਂ ਕੀਤਾ। ਉਹ ਇੱਥੇ ਸੰਵਿਧਾਨ ਬਚਾਓ ਮੁਹਿੰਮ ਤਹਿਤ ਪਾਰਟੀ ਵਰਕਰਾਂ ਨੂੰ ਲਾਮਬੰਦ ਕਰਨ ਆਏ ਸਨ। ਉਨ੍ਹਾ ਕਿਹਾ ਕਿ ਮੋਦੀ ਸਰਕਾਰ ਵਿਰੋਧੀਆਂ ਦੀ ਆਵਾਜ਼ ਨੂੰ ਦਬਾਉਣ ਲਈ ਈ ਡੀ ਤੇ ਸੀ ਬੀ ਆਈ ਦੀ ਦੁਰਵਰਤੋਂ ਕਰ ਰਹੀ ਹੈ। ਉਨ੍ਹਾ ਕਿਹਾ ਕਿ ਇਸ ਮੁੱਦੇ 'ਤੇ ਅੱਜ ਸਾਰੀ ਆਪੋਜ਼ੀਸ਼ਨ ਇਕਮੁੱਠ ਹੈ ਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਦੇਸ਼ ਦੇ ਲੋਕ ਮੋਦੀ ਸਰਕਾਰ ਨੂੰ ਚਲਦਾ ਕਰਨਗੇ। ਇਸ ਮੌਕੇ ਉਨ੍ਹਾਂ ਨਾਲ ਅਮਰਦੀਪ ਸਿੰਘ ਆਸ਼ੂ ਬੰਗੜ ਹਲਕਾ ਇੰਚਾਰਜ ਫਿਰੋਜ਼ਪੁਰ ਦਿਹਾਤੀ ਕਾਂਗਰਸ ਪਾਰਟੀ, ਬਲਾਕ ਪ੍ਰਧਾਨ ਗੁਰਬਖ਼ਸ਼ ਸਿੰਘ ਭਾਵੜਾ, ਹਰਪਾਲ ਸਿੰਘ ਨੀਟਾ ਸੋਢੀ, ਪੁਸ਼ਪਿੰਦਰ ਸਿੰਘ ਸੰਧੂ, ਗੁਰਭੇਜ ਸਿੰਘ ਖਾਰਾ, ਮਹਿੰਦਰ ਪਾਲ ਗਿੱਲ, ਬਾਜ ਐੱਮ ਸੀ, ਬੋਹੜ ਸਿੰਘ, ਗੁਰਪ੍ਰੀਤ ਸੋਨੀ, ਬਲਜਿੰਦਰ ਥਿੰਦ, ਖਿੰਡਾ ਮੈਂਬਰ, ਬਲਵੀਰ ਸਿੰਘ ਮੈਂਬਰ, ਦਾਰਾ ਸਿੰਘ ਸਰਪੰਚ, ਬਿੱਟੂ ਮੈਣੀ ਪਿੱਪਲ ਸਿੰਘ, ਕਿੱਕਰ ਸਿੰਘ, ਮਹਾਵੀਰ ਸਿੰਘ, ਪ੍ਰੇਮ ਸਿੰਘ ਐੱਮ ਸੀ (ਦਿਲਜੀਤ ਸਿੰਘ ਪੀ ਏ ਸੁਖਵੰਤ ਸਿੰਘ ਬਰਾੜ), ਕਮਲ ਗਿੱਲ ਸੋਨੂੰ ਨਿੱਜੀ ਸਕੱਤਰ ਆਸ਼ੂ ਬੰਗੜ ਤੋਂ ਇਲਾਵਾ ਹੋਰ ਵੀ ਪਾਰਟੀ ਵਰਕਰ ਹਾਜ਼ਰ ਸਨ।

## ਸ੍ਰੀ ਰਾਮ ਕਾਲਜ ਡੱਲਾ ਦੀਆਂ ਵਿਦਿਆਰਥਣਾਂ ਨੇ ਮਾਰੀਆਂ ਮੱਲਾਂ



**ਹਠੂਰ (ਨਛੱਤਰ ਸੰਧੂ)**-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਗਏ ਨਤੀਜਿਆਂ ਵਿੱਚ ਸ੍ਰੀ ਰਾਮ ਕਾਲਜ ਡੱਲਾ ਦਾ ਬੀ. ਕਾਮ ਭਾਗ ਤੀਜਾ (ਸਮੈਸਟਰ ਪੰਜਵਾਂ) ਦਾ ਨਤੀਜਾ ਸ਼ਾਨਦਾਰ ਰਿਹਾ। ਸੁਮਨਦੀਪ ਕੌਰ ਨੇ 73.5 ਫੀਸਦੀ ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ, ਮਨਦੀਪ ਕੌਰ ਨੇ 73 ਫੀਸਦੀ ਅੰਕ ਪ੍ਰਾਪਤ ਕਰਕੇ ਦੂਸਰਾ ਤੇ ਤਮਨਦੀਪ ਕੌਰ ਨੇ 69.8 ਫੀਸਦੀ ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਇਸ ਸ਼ਾਨਦਾਰ ਪ੍ਰਾਪਤੀ ਨੂੰ ਲੈ ਕੇ ਕਾਲਜ ਵਿੱਚ ਖੁਸ਼ੀ ਦਾ ਮਾਹੌਲ ਹੈ। ਇਸ ਮੌਕੇ ਕਾਲਜ ਦੇ ਚੇਅਰਮੈਨ ਸੂਬੇਦਾਰ ਦੇਵੀ ਚੰਦ ਸ਼ਰਮਾ, ਮਾ: ਅਵਤਾਰ ਸਿੰਘ, ਮਾ: ਭਗਵੰਤ ਸਿੰਘ ਤੇ ਕਿਰਨਜੀਤ ਸਿੰਘ ਨੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ। ਕਾਲਜ ਦੇ ਪ੍ਰਿੰਸੀਪਲ ਪ੍ਰੋ: ਸਤਵਿੰਦਰ ਕੌਰ ਨੇ ਦੱਸਿਆ ਕਿ ਇਸ ਦਾ ਸਿਹਰਾ ਕਾਲਜ ਦੇ ਸਟਾਫ ਤੇ ਵਿਦਿਆਰਥਣਾਂ ਦੀ ਸਖਤ ਮਿਹਨਤ ਨੂੰ ਜਾਂਦਾ ਹੈ। ਇਸ ਮੌਕੇ ਕਾਲਜ ਦਾ ਸਮੂਹ ਸਟਾਫ ਵੀ ਹਾਜ਼ਰ ਸੀ।

## ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ 2.25 ਕਰੋੜ ਦੇ ਵਜ਼ੀਫੇ



**ਛਾਜਲੀ (ਜਸਵੀਰ ਲਾਡੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਹਰਜਿੰਦਰ ਸਿੰਘ ਧਾਮੀ ਵੱਲੋਂ ਗੁਰਦੁਆਰਾ ਸ੍ਰੀ ਸੁਖਚੈਨਆਣਾ ਸਾਹਿਬ ਫਗਵਾੜਾ, ਜ਼ਿਲ੍ਹਾ ਕਪੂਰਥਲਾ ਵਿਖੇ ਸ਼੍ਰੋਮਣੀ ਕਮੇਟੀ ਦੇ ਸਕੂਲਾਂ ਤੇ ਕਾਲਜਾਂ 'ਚ ਪੜ੍ਹਦੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ 2 ਕਰੋੜ 25 ਲੱਖ 4 ਹਜ਼ਾਰ ਰੁਪਏ ਦੇ ਵਜ਼ੀਫੇ ਦਿੱਤੇ ਗਏ, ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਛਾਜਲੀ ਦੇ 5 ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ 17,500 ਰੁਪਏ ਦੇ ਵਜ਼ੀਫੇ ਦਿੱਤੇ ਗਏ। ਪ੍ਰਧਾਨ ਧਾਮੀ ਨੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਖੇਤਰ 'ਚ ਮੱਲਾਂ ਮਾਰਨ ਦੇ ਨਾਲ-ਨਾਲ ਆਪਣੇ ਧਰਮ ਨਾਲ ਜੁੜਨ ਲਈ ਵੀ ਪ੍ਰੇਰਿਤ ਕੀਤਾ। ਜਥੇਦਾਰ ਤੇਜਾ ਸਿੰਘ ਕਮਾਲਪੁਰ (ਮੈਂਬਰ ਪੀ ਏ ਸੀ ਸ਼੍ਰੋਮਣੀ ਅਕਾਲੀ ਦਲ) ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ ਕਈ ਸਾਲਾਂ ਤੋਂ ਬੱਚਿਆਂ ਨੂੰ ਪੜ੍ਹਾਈ ਦੇ ਖੇਤਰ ਵਿੱਚ ਹੋਰ ਡਟ ਕੇ ਮਿਹਨਤ ਕਰਨ ਲਈ ਇਹ ਵਜ਼ੀਫੇ ਦਿੱਤੇ ਜਾ ਰਹੇ ਹਨ। ਇਸ ਮੌਕੇ ਉਨ੍ਹਾਂ ਨਾਲ ਸਕੂਲ ਦੇ ਪ੍ਰਿੰਸੀਪਲ ਗੁਰਪ੍ਰੀਤ ਸਿੰਘ, ਪ੍ਰਧਾਨ ਹਰਨੇਕ ਸਿੰਘ ਪੂਨੀਆ, ਮੀਤ ਪ੍ਰਧਾਨ ਰਾਜਾ ਸਿੰਘ ਸਹਾਰਨ, ਪਰਮਜੀਤ ਸਿੰਘ ਧਾਲੀਵਾਲ, ਆਸਾ ਸਿੰਘ (ਮੈਂਬਰਾਨ ਲੋਕਲ ਗੁਰਦੁਆਰਾ ਕਮੇਟੀ ਛਾਜਲੀ), ਢਾਡੀ ਤਰਸੇਮ ਸਿੰਘ ਪ੍ਰੀਤ, ਸ਼ਿੰਗਾਰਾ ਸਿੰਘ ਗੁੱਜਰਾਂ, ਮੇਜਰ ਸਿੰਘ ਸਕੋਹਾਂ, ਹਰਪ੍ਰੀਤ ਸਿੰਘ ਸੰਗੀਤ ਅਧਿਆਪਕ, ਅਮਰ ਸਿੰਘ ਡੀ ਪੀ ਈ ਤੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

## ਕਾਤਰਾਂ

### 6 ਕਿੱਲੋ ਗਾਂਜੇ ਸਮੇਤ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਥਾਣਾ ਮੂਲੇਪੁਰ ਦੀ ਪੁਲਸ ਵੱਲੋਂ ਇਕ ਵਿਅਕਤੀ ਨੂੰ 6 ਕਿੱਲੋ ਗਾਂਜੇ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪੁਲਸ ਵੱਲੋਂ ਕੀਤੇ ਗਏ ਦਾਅਵੇ ਮੁਤਾਬਿਕ ਨਲੀਨੀ ਸੂਏ ਨਜ਼ਦੀਕ ਮੌਜੂਦ ਥਾਣਾ ਮੂਲੇਪੁਰ ਦੀ ਇੱਕ ਪੁਲਸ ਪਾਰਟੀ ਵੱਲੋਂ ਬੱਸ ਅੱਡਾ ਰੁੜਕੀ ਵਾਲੇ ਪਾਸਿਓਂ ਪਲਟੀਨਾ ਮੋਟਰਸਾਈਕਲ ਨੰਬਰ ਪੀ.ਬੀ.48.ਐੱਫ-7020 ਦੀ ਟੈਂਕੀ 'ਤੇ ਥੈਲਾ ਰੱਖੀ ਆ ਰਹੇ ਇੱਕ ਵਿਅਕਤੀ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ ਗਿਆ, ਜਿਸ ਨੇ ਆਪਣੀ ਪਹਿਚਾਣ ਵਿਜੈ ਸਾਹਨੀ ਮੂਲ ਵਾਸੀ ਦਰਭੰਗਾ (ਬਿਹਾਰ) ਹਾਲ ਵਾਸੀ ਪਿੰਡ ਤਲਵਾੜਾ ਵਜੋਂ ਦੱਸੀ, ਉਪਰੰਤ ਸਹਾਇਕ ਥਾਣੇਦਾਰ ਜਸਪਾਲ ਸਿੰਘ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ ਵਾਲੇ ਥੈਲੇ 'ਚੋਂ 6 ਕਿੱਲੋ ਗਾਂਜਾ ਬਰਾਮਦ ਹੋਇਆ। ਵਿਜੈ ਸਾਹਨੀ ਵਿਰੁੱਧ ਥਾਣਾ ਮੂਲੇਪੁਰ ਵਿਖੇ ਮੁਕੱਦਮਾ ਦਰਜ ਕਰਵਾਉਂਦੇ ਹੋਏ ਉਸ ਨੂੰ ਗ੍ਰਿਫਤਾਰ ਕਰ ਲਿਆ।

### ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਨੌਜਵਾਨ ਅੱਗੇ ਆਉਣ : ਸੰਜੀਵ ਗਰਗ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਦੇ ਨੌਜਵਾਨਾਂ ਨੂੰ ਸੱਦਾ ਦਿੰਦੇ ਹੋਏ ਸੰਜੀਵ ਗਰਗ ਚੇਅਰਮੈਨ ਐਂਟੀ ਡਰੱਗ ਅਤੇ ਸੋਸ਼ਲ ਵੈੱਲਫੇਅਰ ਔਰਗੇਨਾਈਜ਼ੇਸ਼ਨ ਪੰਜਾਬ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਸੂਬੇ ਵਿੱਚੋਂ ਸਮਾਜਿਕ ਬੁਰਾਈਆਂ ਦਾ ਖਾਤਮਾ ਕਰਨ ਵਿੱਚ ਆਪਣੀ ਸਮਾਜਿਕ ਭੂਮਿਕਾ ਨਿਭਾਉਣ ਤੇ ਭਟਕੇ ਹੋਏ ਭੈਣ ਭਰਾਵਾਂ ਨੂੰ ਸਹੀ ਰਸਤੇ ਵੱਲ ਪ੍ਰੇਰਿਤ ਕਰਨ 'ਚ ਆਪਣਾ ਅਹਿਮ ਯੋਗਦਾਨ ਪਾਉਣ। ਉਨ੍ਹਾ ਕਿਹਾ ਕਿ ਸਾਨੂੰ ਆਪਣੀ ਨੌਜਵਾਨ ਪੀੜ੍ਹੀ ਨੂੰ ਸਹੀ ਸੇਧ ਦੇਣ ਦੀ ਲੋੜ ਹੈ ਤਾਂ ਜੋ ਨੌਜਵਾਨ ਰਾਸ਼ਟਰਵਾਦ ਤੇ ਮਾਨਵਤਾ ਦੀ ਸੇਵਾ ਦੇ ਜਜ਼ਬੇ ਨੂੰ ਆਪਣੇ ਜੀਵਨ ਵਿੱਚ ਅਪਨਾਉਣ। ਉਨ੍ਹਾਂ ਕਿਹਾ ਕਿ ਨੌਜਵਾਨ ਸਕੂਲ ਕਾਲਜਾਂ ਵਿੱਚ ਜਾ ਕੇ ਨਸ਼ਿਆਂ ਦੇ ਖਾਤਮੇ ਲਈ ਸੈਮੀਨਾਰ ਕਰਨ। ਉਨ੍ਹਾਂ ਕਿਹਾ ਕਿ ਪੰਜਾਬ ਸਰਹੱਦੀ ਸੂਬਾ ਹੋਣ ਕਰਕੇ ਨਸ਼ਿਆਂ ਵਿਰੁੱਧ ਦੇਸ਼ ਦੀ ਲੜਾਈ ਲੜ ਰਿਹਾ ਹੈ। ਇਸ ਕੋਹੜ ਨੂੰ ਜੜ੍ਹੋਂ ਖਤਮ ਕਰਨ ਲਈ ਪ੍ਰਸ਼ਾਸਨ ਦੇ ਨਾਲ-ਨਾਲ ਲੋਕਾਂ ਦਾ ਸਾਥ ਬਹੁਤ ਜ਼ਰੂਰੀ ਹੈ।

### ਲਾਪਤਾ ਨੌਜਵਾਨ ਦੀ ਛੱਪੜ 'ਚੋਂ ਮਿਲੀ ਲਾਸ਼

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬੀਤੇ ਕਰੀਬ ਇੱਕ ਹਫਤੇ ਤੋਂ ਲਾਪਤਾ ਚੱਲੇ ਆ ਰਹੇ ਇੱਕ ਨੌਜਵਾਨ ਦੀ ਲਾਸ਼ ਪਿੰਡ ਭਗੜਾਣਾ ਦੇ ਛੱਪੜ 'ਚੋਂ ਮਿਲਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਭਗੜਾਣਾ ਦਾ ਵਸਨੀਕ ਨੌਜਵਾਨ ਭੁਪਿੰਦਰ ਸਿੰਘ ਬੀਤੇ ਕਰੀਬ ਇੱਕ ਹਫਤੇ ਤੋਂ ਲਾਪਤਾ ਚੱਲਿਆ ਆ ਰਿਹਾ ਸੀ, ਜਿਸ ਸਬੰਧੀ ਉਸ ਦੇ ਵਾਰਿਸਾਂ ਵੱਲੋਂ ਥਾਣਾ ਬਡਾਲੀ ਆਲਾ ਸਿੰਘ ਵਿਖੇ ਉਸ ਦੀ ਗੁੰਮਸ਼ੁਦਗੀ ਦੀ ਰਿਪੋਰਟ ਲਿਖਵਾਈ ਗਈ ਸੀ, ਜਿਸ ਦੀ ਲਾਸ਼ ਅੱਜ ਪਿੰਡ ਦੇ ਛੱਪੜ 'ਚੋਂ ਮਿਲੀ ਹੈ। ਭੁਪਿੰਦਰ ਸਿੰਘ ਦੀ ਲਾਸ਼ ਦਾ ਪਿੰਡ ਭਗੜਾਣਾ ਵਿਖੇ ਅੰਤਮ ਸੰਸਕਾਰ ਕਰ ਦਿੱਤਾ ਗਿਆ।

### ਜਾਗ੍ਰਤੀ ਨਾਟਕ ਮੇਲਾ 8 ਨੂੰ

**ਮਹਿਲ ਕਲਾਂ (ਪ੍ਰਦੀਪ ਲੋਹਗੜ੍ਹ)**-ਡਾ: ਭੀਮ ਰਾਓ ਅੰਬੇਡਕਰ ਚੇਤਨਾ ਮੰਚ ਮਹਿਲ ਕਲਾਂ ਵੱਲੋਂ ਡਾ: ਭੀਮ ਰਾਓ ਅੰਬੇਡਕਰ ਜੀ ਦੇ 132ਵੇਂ ਜਨਮ ਦਿਹਾੜੇ ਨੂੰ ਸਮਰਪਤ ਸੰਵਿਧਾਨ ਤੇ ਔਰਤਾਂ ਦੇ ਹੱਕਾਂ ਪ੍ਰਤੀ ਜਾਗ੍ਰਤੀ ਨਾਟਕ ਮੇਲਾ 8 ਅਪ੍ਰੈਲ ਸ਼ਨੀਵਾਰ ਨੂੰ ਸ਼ਾਮ 7 ਵਜੇ ਤੋਂ ਸ੍ਰੀ ਗੁਰੂ ਰਵਿਦਾਸ ਨਗਰ ਧਰਮਸ਼ਾਲਾ ਪਿੰਡ ਮਹਿਲ ਕਲਾਂ ਵਿਖੇ ਕਰਵਾਇਆ ਜਾ ਰਿਹਾ ਹੈ। ਪ੍ਰਬੰਧਕਾਂ ਡਾ: ਅਮਰਜੀਤ ਸਿੰਘ, ਜਗਜੀਤ ਸਿੰਘ ਮਾਹਲ ਅਨੁਸਾਰ ਇਸ ਮੌਕੇ ਨਾਟਕ ਮੰਡਲੀ ਪ੍ਰਗਤੀ ਕਲਾ ਕੇਂਦਰ ਲਾਂਦੜਾ ਜਲੰਧਰ ਵੱਲੋਂ ਰਾਣਾ ਸੋਢੀ ਦੀ ਨਿਰਦੇਸ਼ਨਾਂ ਹੇਠ ਲੋਕਪੱਖੀ ਨਾਟਕਾਂ ਦੀ ਪੇਸ਼ਕਾਰੀ ਹੋਵੇਗੀ।

### ਐਲੀਮੈਂਟਰੀ ਸਕੂਲ ਧਤੌਂਦਾ ਦਾ ਸਾਲਾਨਾ ਨਤੀਜਾ ਸ਼ਾਨਦਾਰ

**ਫਤਹਿਗੜ੍ਹ ਸਾਹਿਬ (ਪੱਤਰ ਪ੍ਰੇਰਕ)**-ਐਲੀਮੈਂਟਰੀ ਸਕੂਲ ਧਤੌਂਦਾ ਦਾ ਸਾਲਾਨਾ ਨਤੀਜਾ ਸ਼ਾਨਦਾਰ ਰਿਹਾ ਤੇ ਸਾਰੇ ਬੱਚੇ ਪਾਸ ਹੋਏ। ਇਸ ਮੌਕੇ ਸਕੂਲ ਦੀ ਮੁੱਖ ਅਧਿਆਪਕਾ ਪਰਵਿੰਦਰ ਕੌਰ ਨੇ ਸਾਲਾਨਾ ਰਿਪੋਰਟ ਪੇਸ਼ ਕੀਤੀ ਤੇ ਇਸ ਮੌਕੇ ਵਿਸ਼ੇਸ਼ ਮਹਿਮਾਨ ਨਾਸਾ ਦੇ ਸਕੱਤਰ ਜਨਰਲ ਪੰਜਾਬ ਸੁਰਿੰਦਰ ਸਿੰਘ ਧਤੌਂਦਾ ਨੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਸਿੱਖਿਆ ਦੇ ਵਿਕਾਸ ਨੂੰ ਪਹਿਲ ਦੇ ਰਹੀ ਹੈ ਤੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਆਧੁਨਿਕ ਸਹੂਲਤਾਂ ਨਾਲ ਲੈਸ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਤੇ ਰੈਗੂਲਰ ਭਰਤੀ ਰਾਹੀਂ ਖਾਲੀ ਅਸਾਮੀਆਂ ਭਰਨ ਨੂੰ ਪਹਿਲ ਦਿੱਤੀ ਹੈ। ਇਸ ਮੌਕੇ ਸਾਬਕਾ ਸਰਪੰਚ ਹਰਮਿੰਦਰ ਸਿੰਘ, ਸਾਬਕਾ ਪੰਚ ਵਰਿੰਦਰ ਸਿੰਘ, ਫੌਜੀ ਰਾਜਿੰਦਰ ਸਿੰਘ ਪੰਚ, ਮੈਡਮ ਹਰਪ੍ਰੀਤ ਕੌਰ, ਮੈਡਮ ਨਵਜੋਤ ਕੌਰ, ਮੈਡਮ ਮਨਦੀਪ ਕੌਰ, ਰਾਜਿੰਦਰ ਸਿੰਘ ਪੰਚ, ਹੰਸਰਾਜ ਪੰਚ ਤੇ ਗੁਰਮੁੱਖ ਸਿੰਘ ਆਦਿ ਹਾਜ਼ਰ ਸਨ। ਇਸ ਮੌਕੇ ਬੱਚਿਆਂ ਨੂੰ ਪੰਚ ਫੌਜੀ ਰਾਜਿੰਦਰ ਸਿੰਘ ਵੱਲੋਂ ਕਾਪੀਆਂ ਤੇ ਪੈੱਨ ਵੰਡੇ ਗਏ। ਸਾਰੇ ਬੱਚੇ ਤੇ ਮਾਪੇ ਬਹੁਤ ਹੀ ਖੁਸ਼ ਸਨ।

## ਰਾਹੁਲ ਗਾਂਧੀ ਦੀ ਸੰਸਦੀ ਮੈਂਬਰਸ਼ਿਪ ਖਤਮ ਕਰਨਾ ਲੋਕਤੰਤਰ ਦਾ ਘਾਣ : ਗੋਲਡੀ ਖੰਗੂੜਾ



**ਧੂਰੀ (ਸੁਖਦੇਵ ਧੂਰੀ, ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਧੂਰੀ ਦੇ ਸਾਬਕਾ ਵਿਧਾਇਕ ਤੇ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਦਲਵੀਰ ਸਿੰਘ ਗੋਲਡੀ ਖੰਗੂੜਾ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਭਾਰਤ ਦਾ ਸੰਵਿਧਾਨ ਪੂਰੀ ਤਰਾਂ ਖਤਰੇ 'ਚ ਹੈ, ਜਿਸ ਨੂੰ ਲੈ ਕੇ ਕਾਂਗਰਸ ਕਮੇਟੀ ਨੇ ਪੂਰੇ ਦੇਸ਼ ਵਿੱਚ ਸੰਵਿਧਾਨ ਬਚਾਓ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਗੋਲਡੀ ਨੇ ਕਿਹਾ ਕਿ ਸਾਡੇ ਨੇਤਾ ਰਾਹੁਲ ਗਾਂਧੀ ਦੀ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਸੰਸਦ ਮੈਂਬਰਸ਼ਿਪ ਖਤਮ ਕਰਕੇ ਲੋਕਤੰਤਰ ਦੀ ਹੱਤਿਆ ਕੀਤੀ ਹੈ, ਜਿਸ ਨੂੰ ਕਾਂਗਰਸ ਪਾਰਟੀ ਤੇ ਭਾਰਤ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਹਿੰਦੁਸਤਾਨ ਦੀ ਜਮਹੂਰੀਅਤ ਨੂੰ ਪੂਰੇ ਸੰਸਾਰ 'ਚ ਮਾਨਤਾ ਮਿਲਦੀ ਰਹੀ ਹੈ, ਪ੍ਰੰਤੂ ਅੱਜ ਦੇ ਸਮੇਂ ਮੋਦੀ ਸਰਕਾਰ ਵੱਲੋਂ ਲੋਕਤੰਤਰ ਪ੍ਰਣਾਲੀ ਦਾ ਘਾਣ ਕੀਤਾ ਜਾ ਰਿਹਾ ਹੈ, ਜਿਸ ਨੂੰ ਬਚਾਉਣ ਲਈ ਦੇਸ਼ ਦੇ ਲੋਕਾਂ ਤੇ ਵਿਰੋਧੀ ਪਾਰਟੀਆਂ ਨੂੰ ਇਕੱਠੇ ਹੋ ਕੇ ਕੇਂਦਰ ਦੀ ਗੈਰ-ਸੰਵਿਧਾਨਕ ਨੀਤੀ ਦਾ ਵਿਰੋਧ ਕਰਨਾ ਚਾਹੀਦਾ ਹੈ। ਗੋਲਡੀ ਨੇ ਕਿਹਾ ਕਿ ਉਹ ਕਦੇ ਵੀ ਜ਼ਿਲ੍ਹਾ ਸੰਗਰੂਰ ਵਿੱਚ ਨਾਂਹ-ਪੱਖੀ ਰਾਜਨੀਤੀ ਨਹੀਂ ਕਰਨਗੇ, ਸਗੋਂ ਉਸਾਰੂ ਸੋਚ ਰਾਹੀਂ ਜ਼ਿਲ੍ਹੇ ਦੀ ਤਰੱਕੀ ਲਈ ਕੰਮ ਕਰਨਗੇ। ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਗੁਰਬਖ਼ਸ਼ ਸਿੰਘ ਗੁੱਡੂ, ਕਾਂਗਰਸੀ ਆਗੂ ਸਰਪੰਚ ਗੁਰਪਿਆਰ ਸਿੰਘ ਧੂਰਾ, ਹੰਸਰਾਜ ਰਾਜ ਗੁਪਤਾ, ਕਾਂਗਰਸੀ ਆਗੂ ਰਵਿੰਦਰ ਰਿੰਕਾ ਹਸਨਪੁਰ, ਸਰਪੰਚ ਬਹਾਦਰ ਸਿੰਘ ਪੁੰਨਾਵਾਲ, ਮਨੋਜ ਸ਼ਰਮਾ ਰੰਚਨਾ ਸਾਬਕਾ ਪ੍ਰਧਾਨ ਟਰੱਕ ਯੂਨੀਅਨ, ਦੀਦਾਰ ਸਿੰਘ ਰੰਗੀਆਂ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਸਰਪੰਚ ਹਰਦੀਪ ਸਿੰਘ ਦੌਲਤਪੁਰ ਬਲਾਕ ਪ੍ਰਧਾਨ ਕਾਂਗਰਸ, ਕਾਂਗਰਸੀ ਆਗੂ ਸੁਰਿੰਦਰ ਸਿੰਘ ਜੈਨਪੁਰ, ਵੀਰਪ੍ਰਤਾਪ ਸਿੰਘ ਕਾਕਾ ਬਲਾਕ ਪ੍ਰਧਾਨ ਕਾਂਗਰਸ, ਸਾਬਕਾ ਕੌਂਸਲਰ ਦਰਸ਼ਨ ਕੁਮਾਰ ਦਰਸ਼ੀ ਤੇ ਠੇਕੇਦਾਰ ਪ੍ਰੇਮ ਕੁਮਾਰ ਸਮੇਤ ਵੱਡੀ ਗਿਣਤੀ 'ਚ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ।

## ਸੰਵਿਧਾਨ ਬਚਾਓ ਮਾਰਚ ਰਾਹੀਂ ਲੋਕਾਂ ਨੂੰ ਭਾਜਪਾ ਦੀਆਂ ਮਾਰੂ ਨੀਤੀਆਂ ਤੋਂ ਕੀਤਾ ਜਾਵੇਗਾ ਸੁਚੇਤ : ਜੀ ਪੀ

### ਕੁਸ਼ਲਦੀਪ ਸਿੰਘ ਢਿੱਲੋਂ ਤੇ ਗੁਰਪ੍ਰੀਤ ਸਿੰਘ ਜੀ ਪੀ ਨੇ ਵਰਕਰਾਂ ਤੇ ਅਹੁਦੇਦਾਰਾਂ ਨਾਲ ਕੀਤੀ ਮੀਟਿੰਗ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਕਾਂਗਰਸ ਪਾਰਟੀ ਦੇ ਕੌਮੀ ਆਗੂ ਰਾਹੁਲ ਗਾਂਧੀ ਦੀ ਲੋਕ ਸਭਾ ਤੋਂ ਕੀਤੀ ਗਈ ਬਰਖਾਸਤਗੀ ਦੇ ਰੋਸ ਵਜੋਂ ਕਾਂਗਰਸ ਪਾਰਟੀ ਵੱਲੋਂ ਕੱਢੇ ਜਾ ਰਹੇ ਸੰਵਿਧਾਨ ਬਚਾਓ ਮਾਰਚ ਨੂੰ ਲੈ ਕੇ ਫ਼ਤਹਿਗੜ੍ਹ ਸਾਹਿਬ ਵਿਖੇ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀ.ਪੀ. ਅਤੇ ਸਾਬਕਾ ਕਾਂਗਰਸੀ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਵੱਲੋਂ ਪ੍ਰੈੱਸ ਕਾਨਫਰੰਸ ਕੀਤੀ ਗਈ। ਇਸ ਮੌਕੇ ਗੱਲਬਾਤ ਕਰਦਿਆਂ ਕੁਸ਼ਲਦੀਪ ਸਿੰਘ ਢਿੱਲੋਂ ਨੇ ਕਿਹਾ ਕਿ ਕੇਂਦਰ 'ਤੇ ਕਾਬਜ਼ ਭਾਜਪਾ ਵੱਲੋਂ ਲੰਮੇ ਸਮੇਂ ਤੋਂ ਲੋਕਤੰਤਰ ਦਾ ਘਾਣ ਕਰਦੇ ਹੋਏ ਸੰਵਿਧਾਨਕ ਸੰਸਥਾਵਾਂ ਨੂੰ ਆਪਣੇ ਰਾਜਸੀ ਹਿੱਤਾਂ ਲਈ ਵਰਤਿਆ ਜਾ ਰਿਹਾ ਹੈ, ਜਿਸ ਦੇ ਚੱਲਦਿਆਂ ਇੱਕ ਸੋਚੀ ਸਮਝੀ ਸਾਜ਼ਿਸ਼ ਤਹਿਤ ਦੇਸ਼ ਦੀ ਸਭ ਤੋਂ ਮਜ਼ਬੂਤ ਸਿਆਸੀ ਪਾਰਟੀ ਦੇ ਕੌਮੀ ਆਗੂ ਰਾਹੁਲ ਗਾਂਧੀ ਨੂੰ ਲੋਕ ਸਭਾ ਤੋਂ ਬਰਖਾਸਤ ਕਰ ਦਿੱਤਾ ਗਿਆ, ਜਿਸ ਦੇ ਰੋਸ ਵਜੋਂ ਪਾਰਟੀ ਵੱਲੋਂ ਸੰਵਿਧਾਨ ਬਚਾਓ ਮਾਰਚ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਰਾਹੀਂ ਘਰ-ਘਰ ਜਾ ਕੇ ਭਾਜਪਾ ਦੇ ਖਤਰਨਾਕ ਮਨਸੂਬਿਆਂ ਤੋਂ ਲੋਕਾਂ ਨੂੰ ਜਾਗਰੂਕ ਕੀਤੇ ਜਾਣ ਦਾ ਪ੍ਰੋਗਰਾਮ ਹੈ। ਜ਼ਿਲ੍ਹਾ ਪ੍ਰਧਾਨ ਤੇ ਸੀਨੀਅਰ ਕਾਂਗਰਸੀ ਆਗੂ ਗੁਰਪ੍ਰੀਤ ਸਿੰਘ ਜੀ.ਪੀ. ਨੇ ਕਿਹਾ ਕਿ ਇਸ ਦੇ ਮੱਦੇਨਜ਼ਰ ਹੀ ਪਾਰਟੀ ਵਰਕਰਾਂ ਤੇ ਅਹੁਦੇਦਾਰਾਂ ਨਾਲ ਮੀਟਿੰਗਾਂ ਕਰਕੇ ਅਗਲੀ ਰੂਪ-ਰੇਖਾ ਉਲੀਕੀ ਜਾ ਰਹੀ ਹੈ। ਇਸ ਮੌਕੇ ਟਕਸਾਲੀ ਕਾਂਗਰਸੀ ਆਗੂ ਤੇ ਸਾਬਕਾ ਚੇਅਰਮੈਨ ਸਤਬੀਰ ਸਿੰਘ ਨੌਗਾਵਾਂ, ਜੇ.ਐੱਸ. ਮੈਣੀ, ਜਸਵੀਰ ਸਿੰਘ ਭਾਦਲਾ, ਜਗਵੀਰ ਸਿੰਘ ਸਲਾਣਾ, ਰਵਿੰਦਰ ਕੁਮਾਰ ਰਿੰਕੂ, ਸੰਜੀਵ ਦੱਤਾ ਤੇ ਹਰਭਜਨ ਸਿੰਘ ਨਾਮਧਾਰੀ ਤੋਂ ਇਲਾਵਾ ਵੱਡੀ ਗਿਣਤੀ 'ਚ ਪਾਰਟੀ ਵਰਕਰ ਮੌਜੂਦ ਸਨ।

## ਸੀਨੀਅਰ ਸਿਟੀਜ਼ਨਜ਼ ਵੈੱਲਫੇਅਰ ਐਸੋ. ਨੇ ਮੈਂਬਰਾਂ ਦਾ ਜਨਮ ਦਿਨ ਮਨਾਇਆ



**ਧੂਰੀ (ਸੁਖਦੇਵ ਧੂਰੀ)**-ਸੀਨੀਅਰ ਸਿਟੀਜ਼ਨਜ਼ ਵੈੱਲਫੇਅਰ ਐਸੋਸੀਏਸ਼ਨ ਰਾਮ ਬਾਗ ਧੂਰੀ ਦੀ ਇੱਕ ਵਿਸ਼ੇਸ਼ ਮੀਟਿੰਗ ਸੁਖਵੀਰ ਸਿੰਘ ਦੀ ਪ੍ਰਧਾਨਗੀ ਹੇਠ ਰਾਮ ਬਾਗ ਵਿਖੇ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਪਹੁੰਚੇ ਮੈਂਬਰਾਂ ਵੱਲੋਂ ਸੀਨੀਅਰ ਸਿਟੀਜ਼ਨਜ਼ ਦੀ ਭਲਾਈ ਲਈ ਸੁਝਾਅ ਦਿੱਤੇ ਗਏ ਤੇ ਉਨ੍ਹਾਂ ਨੂੰ ਦਰਪੇਸ਼ ਸਮੱਸਿਆਵਾਂ ਦੀ ਚਰਚਾ ਕਰਦਿਆਂ ਉਨ੍ਹਾਂ ਦੇ ਹੱਲ ਲਈ ਵਿਚਾਰ ਸਾਂਝੇ ਕੀਤੇ। ਅਖੀਰ ਵਿੱਚ ਮਾਰਚ ਮਹੀਨੇ 'ਚ ਜਨਮ ਦਿਨ ਵਾਲੇ ਮੈਂਬਰਾਂ ਬਲਵਿੰਦਰ ਸਿੰਘ, ਬਹਾਦਰ ਸਿੰਘ, ਸੁਰਜੀਤ ਲਾਲ, ਹਰੀ ਚੰਦ ਵਰਮਾ, ਗੁਰਮੇਲ ਸਿੰਘ, ਨਿਰਭੈ ਸਿੰਘ, ਤੇਜ ਪਾਲ, ਜੁਗਰਾਜ ਸਿੰਘ, ਰਾਜਿੰਦਰ ਸਿੰਘ, ਅਮਰਜੀਤ ਸਿੰਘ, ਬਿਹਾਰਾ ਸਿੰਘ ਤੇ ਗੁਰਪਾਲ ਸਿੰਘ ਦੀ ਲੰਮੀ ਤੇ ਸਿਹਤਮੰਦ ਉਮਰ ਦੀ ਕਾਮਨਾ ਕੀਤੀ ਅਤੇ ਹਾਜ਼ਰ ਮੈਂਬਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਦੇ ਸਰਪ੍ਰਸਤ ਹਰਦੇਵ ਸਿੰਘ ਜਵੰਦਾ ਵੱਲੋਂ ਸਾਰੇ ਮੈਂਬਰਾਂ ਨੂੰ ਉਸਾਰੂ ਸੋਚ ਤੇ ਚੰਗੀ ਸਿਹਤ ਅਤੇ ਸਮਾਜਿਕ ਕੰਮਾਂ 'ਚ ਸਾਰਥਕ ਯੋਗਦਾਨ ਲਈ ਪ੍ਰੇਰਨਾ ਦਿੱਤੀ। ਅਖੀਰ 'ਚ ਪ੍ਰਧਾਨ ਸੁਖਵੀਰ ਸਿੰਘ ਵੱਲੋਂ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੀਤਮ ਸਿੰਘ, ਸੁਰਜੀਤ ਸਿੰਘ, ਸੀਤਾ ਸਿੰਘ, ਹੰਸ ਸਿੰਘ, ਜਸਪਾਲ ਸਿੰਘ, ਪ੍ਰਿੰਸੀਪਲ ਸੁਖਦੇਵ ਸਿੰਘ, ਕੁਲਵੰਤ ਸਿੰਘ ਸਮੇਤ ਅਨੇਕਾਂ ਸ਼ਖ਼ਸੀਅਤਾਂ ਹਾਜ਼ਰ ਸਨ।

## ਫੈਡਰੇਸ਼ਨ ਏਟਕ ਪੰਜਾਬ ਵੱਲੋਂ ਸੂਬਾਈ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਨਾਲ ਦੁੱਖ ਦਾ ਪ੍ਰਗਟਾਵਾ

**ਹਠੂਰ (ਨਛੱਤਰ ਸੰਧੂ)**-ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੀ ਸ਼ੋਕ ਮੀਟਿੰਗ ਸੂਬਾਈ ਜਨਰਲ ਸਕੱਤਰ ਸੁਰਿੰਦਰਪਾਲ ਸਿੰਘ ਲਹੌਰੀਆ ਦੀ ਅਗਵਾਈ ਵਿੱਚ ਕੀਤੀ ਗਈ, ਜਿਸ ਵਿੱਚ ਪ੍ਰਧਾਨ ਸਾਥੀ ਗੁਰਪ੍ਰੀਤ ਸਿੰਘ ਗੰਡੀਵਿੰਡ ਦੇ ਪਿਤਾ ਸ੍ਰ. ਪਿਆਰਾ ਸਿੰਘ ਸਾਬਕਾ ਸਰਪੰਚ ਗੰਡੀਵਿੰਡ ਦੇ ਅਕਾਲ ਚਲਾਣਾ ਕਰ ਜਾਣ 'ਤੇ (ਜਿਨ੍ਹਾਂ ਦਾ ਅੱਜ ਸਸਕਾਰ ਕੀਤਾ ਗਿਆ) ਗਹਿਰਾ ਦੁੱਖ ਪ੍ਰਗਟ ਕੀਤਾ ਗਿਆ ਅਤੇ ਇਸ ਦੁੱਖ ਦੇ ਸਮੇਂ ਵਿੱਚ ਪਰਿਵਾਰ ਦਾ ਦੁੱਖ ਵੰਡਾਉਣ ਲਈ ਵੱਡੀ ਗਿਣਤੀ ਵਿੱਚ ਜਥੇਬੰਦੀਆਂ ਦੇ ਆਗੂ ਪੁਹੰਚੇ, ਜਿਨ੍ਹਾਂ ਵਿੱਚ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਸਾਥੀ ਅਮਰੀਕ ਸਿੰਘ ਮਸੀਤਾਂ, ਤਾਰਾ ਸਿੰਘ ਖਹਿਰਾ ਮੀਤ ਪ੍ਰਧਾਨ ਪੰਜਾਬ ਪੈਨਸ਼ਨਰਜ਼ ਯੂਨੀਅਨ, ਪੂਰਨ ਸਿੰਘ ਮਾੜੀ ਮੇਘਾ, ਨਰਿੰਦਰ ਸਿੰਘ ਬੇਦੀ, ਟੀਚਰ ਆਗੂ ਬਲਕਾਰ ਸਿੰਘ ਵਲਟੋਹਾ, ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਕਨਵੀਨਰ ਕੰਵਲਪ੍ਰੀਤ ਸਿੰਘ ਪੰਨੂੰ, ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਜਨਰਲ ਸਕੱਤਰ ਸਾਥੀ ਪ੍ਰਿਥੀਪਾਲ ਸਿੰਘ ਮਾੜੀ ਮੇਘਾ ਤੋਂ ਇਲਾਵਾ ਤਰਨਤਾਰਨ ਸਰਕਲ ਦੇ ਡਿਪਟੀ ਚੀਫ ਖਹਿਰਾ ਜੀ, ਸਮਾਜ ਸੇਵੀ ਸਰਬਰਿੰਦਰ ਸਿੰਘ ਭਰੋਵਾਲ ਤੇ ਫੈਡਰੇਸ਼ਨ ਏਟਕ ਪੰਜਾਬ ਦੇ ਵੱਖ ਵੱਖ ਸਰਕਲਾਂ ਤੋਂ ਆਗੂਆਂ ਨੇ ਸ਼ਮੂਲੀਅਤ ਕੀਤੀ। ਸਾਥੀ ਪੂਰਨ ਦਾਸ, ਕਲਵਿੰਦਰ ਸਿੰਘ, ਲਖਵਿੰਦਰ ਸਿੰਘ, ਸਖਰਾਜ ਸਿੰਘ, ਨਗਿੰਦਰ ਸਿੰਘ ਤਰਨਤਾਰਨ ਸਰਕਲ, ਸੁਖਦੇਵ ਸਿੰਘ ਬਾਬਾ, ਮੇਲਾ ਸਿੰਘ ਫਿਰੋਜ਼ਪੁਰ, ਮੋਹਨ ਸਿੰਘ ਗਿੱਲ ਸਰਕਲ ਪ੍ਰਧਾਨ ਮੁਹਾਲੀ, ਬ੍ਰਿਜਮੋਹਨ ਸ਼ਰਮਾ ਪੈਨਸ਼ਨਰਜ਼ ਯੂਨੀਅਨ ਮੁਹਾਲੀ ਸਰਕਲ ਦੇ ਕਨਵੀਨਰ, ਹਸਮਤ ਅਲੀ ਸਰਕਲ ਪ੍ਰਧਾਨ ਨਵਾਂ ਸ਼ਹਿਰ, ਸੁਖਦੇਵ ਸਿੰਘ ਕੈਸ਼ੀਅਰ, ਜਗਮੋਹਣ ਸਿੰਘ ਛੱਜਾਵਾਲ, ਸਰਕਲ ਸਕੱਤਰ ਹਰਵਿੰਦਰ ਸਿੰਘ ਲਾਲੂ, ਸਬ ਅਰਬਨ ਲੁਧਿਆਣਾ ਸੂਬਾਈ ਆਗੂਆਂ ਬੀਬਾ ਬਲਜਿੰਦਰ ਕੌਰ ਸਕੱਤਰ ਪੰਜਾਬ, ਸਾਥੀ ਕਰਤਾਰ ਸਿੰਘ ਮੀਤ ਪ੍ਰਧਾਨ, ਸਾਥੀ ਪ੍ਰਦਿਉਮਣ ਗੌਤਮ ਮੀਤ ਪ੍ਰਧਾਨ ਪੰਜਾਬ, ਦਰਸ਼ਨ ਲਾਲ, ਰਛਪਾਲ ਸਿੰਘ ਪਾਲੀ ਡਿਪਟੀ ਜਨਰਲ ਸਕੱਤਰ ਪੰਜਾਬ, ਗੁਰਮੀਤ ਸਿੰਘ ਧਾਲੀਵਾਲ ਸਾਬਕਾ ਸਕੱਤਰ ਪੰਜਾਬ, ਸੁਰਿੰਦਰ ਪਾਲ ਲਹੌਰੀਆ ਜਨਰਲ ਸਕੱਤਰ ਪੰਜਾਬ ਨੇ ਪੰਜਾਬ ਭਰ ਤੋਂ ਆਈ ਜਥੇਬੰਦੀ ਦੀ ਲੀਡਰਸ਼ਿਪ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਵੱਲੋਂ ਇਸ ਦੁੱਖ ਦੇ ਸਮੇਂ ਸ਼ਮੂਲੀਅਤ ਕਰਕੇ ਪਰਿਵਾਰ ਨਾਲ ਦੁੱਖ ਵੰਡਾਇਆ ਗਿਆ ਤੇ ਸ੍ਰ. ਪਿਆਰਾ ਸਿੰਘ ਸਾਬਕਾ ਸਰਪੰਚ ਦੇ ਅਚਨਚੇਤ ਚਲਾਣੇ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ।

## ਰਾਹੁਲ ਗਾਂਧੀ ਦੀ ਮੈਂਬਰਸ਼ਿਪ ਰੱਦ ਕਰਨ ਦਾ ਅਸਲੀ ਮਕਸਦ ਅਡਾਨੀ ਨੂੰ ਬਚਾਉਣਾ : ਰੁਪਿੰਦਰ ਰੂਬੀ



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਹਲਕਾ ਇੰਚਾਰਜ ਰੁਪਿੰਦਰ ਰੂਬੀ।

**ਮਲੋਟ (ਗੁਰਮੀਤ ਸਿੰਘ ਮੱਕੜ)**

ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰਸ਼ਿਪ ਰੱਦ ਕਰਨ ਦਾ ਸਾਰਾ ਮਾਮਲਾ ਪ੍ਰਧਾਨ ਮੰਤਰੀ ਨੂੰ ਇਕ ਬਹੁਤ ਹੀ ਸਾਧਾਰਨ ਸਵਾਲ ਤੋਂ ਬਚਾਉਣ ਲਈ ਰਚਿਆ ਗਿਆ ਹੈ, ਜੋ ਅਡਾਨੀ ਨੂੰ 20000 ਕਰੋੜ ਰੁਪਏ ਅਡਾਨੀ ਦੀਆਂ ਸ਼ੈੱਲ ਕੰਪਨੀਆਂ ਨੂੰ ਦੇਣ 'ਤੇ ਉੱਠਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਾਂਗਰਸ ਹਲਕਾ ਮਲੋਟ ਇੰਚਾਰਜ ਪ੍ਰੋ. ਰੁਪਿੰਦਰ ਕੌਰ ਰੂਬੀ ਤੇ ਪਾਰਟੀ ਦੇ ਬੁਲਾਰੇ ਬਲਜੀਤ ਸਿੰਘ ਚਹਿਲ ਨੇ ਡਾਂਬ ਗੈਸਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਦੱਸਿਆ ਕਿ ਇਹ ਸਾਰਾ ਮਾਮਲਾ ਉਦੋਂ ਸ਼ੁਰੂ ਹੁੰਦਾ ਹੈ, ਜਦੋਂ 13 ਅਪ੍ਰੈਲ 2019 ਰਾਹੁਲ ਗਾਂਧੀ ਕੋਲਾਰ, ਕਰਨਾਟਕ ਵਿੱਚ ਚੋਣ ਭਾਸ਼ਣ ਦਿੰਦੇ ਹਨ, ਜਿਸ ਵਿੱਚ ਰਾਹੁਲ ਗਾਂਧੀ ਨੇ ਬਿਆਨ ਦਿੱਤਾ ਸੀ ਕਿ ਕੁੱਝ ਚੋਰਾਂ ਦੇ ਨਾਂਅ ਪਿੱਛੇ ਮੋਦੀ ਕਿਉਂ ਲੱਗਦਾ ਹੈ, ਪ੍ਰੰਤੂ ਇਸ ਬਿਆਨ 'ਚ ਸਾਰੇ ਮੋਦੀ ਚੋਰ ਹਨ, ਅਜਿਹਾ ਬਿਲਕੁੱਲ ਵੀ ਨਹੀਂ ਕਿਹਾ ਗਿਆ ਅਤੇ ਫਿਰ 16 ਅਪ੍ਰੈਲ 2019 ਭਾਜਪਾ ਵਿਧਾਇਕ ਪੂਰਨੇਸ਼ ਮੋਦੀ ਨੇ ਸੂਰਤ, ਗੁਜਰਾਤ ਵਿੱਚ ਸ਼ਿਕਾਇਤ ਦਰਜ ਕਰਵਾਈ ਤੇ 7 ਮਾਰਚ 2022 ਨੂੰ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ 'ਤੇ ਗੁਜਰਾਤ ਹਾਈ ਕੋਰਟ ਤੋਂ ਸਟੇਅ ਦੀ ਮੰਗ ਕੀਤੀ ਅਤੇ ਹਾਈ ਕੋਰਟ ਨੇ ਸਟੇਅ ਦਿੱਤੀ ਅਤੇ ਉਸ ਉਪਰੰਤ 7 ਫਰਵਰੀ 2023 ਨੂੰ ਰਾਹੁਲ ਗਾਂਧੀ ਨੇ ਲੋਕ ਸਭਾ ਵਿੱਚ ਅਡਾਨੀ ਤੇ ਪ੍ਰਧਾਨ ਮੰਤਰੀ ਮੋਦੀ ਦੇ ਸਬੰਧਾਂ 'ਤੇ ਸਵਾਲ ਉਠਾਉਂਦੇ ਹੋਏ ਭਾਸ਼ਣ ਦਿੱਤਾ। 16 ਫਰਵਰੀ 2023 ਨੂੰ ਸ਼ਿਕਾਇਤਕਰਤਾ ਨੇ ਗੁਜਰਾਤ ਹਾਈ ਕੋਰਟ 'ਚ ਸਟੇਅ ਦੀ ਆਪਣੀ ਬੇਨਤੀ ਵਾਪਸ ਲੈ ਲਈ ਤੇ 27 ਫਰਵਰੀ 2023 ਨੂੰ ਹੇਠਲੀ ਅਦਾਲਤ 'ਚ ਸੁਣਵਾਈ ਮੁੜ ਸ਼ੁਰੂ ਹੋਈ ਅਤੇ 23 ਮਾਰਚ 2023 ਹੇਠਲੀ ਅਦਾਲਤ ਨੇ ਰਾਹੁਲ ਗਾਂਧੀ ਨੂੰ ਦੋਸ਼ੀ ਠਹਿਰਾਇਆ ਅਤੇ ਦੋ ਸਾਲ ਦੀ ਸਜ਼ਾ ਸੁਣਾਈ ਅਤੇ 24 ਮਾਰਚ 2023 ਲੋਕ ਸਭਾ ਸਕੱਤਰੇਤ ਨੇ ਰਾਹੁਲ ਗਾਂਧੀ ਨੂੰ 24 ਘੰਟਿਆਂ ਦੇ ਅੰਦਰ ਆਯੋਗ ਕਰਾਰ ਦੇ ਦਿੱਤਾ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸ਼ੁਭਦੀਪ ਸਿੰਘ, ਬਲਾਕ ਪ੍ਰਧਾਨ ਸ਼ਿਵ ਕੁਮਾਰ ਸ਼ਿਵਾ ਤੇ ਦਿਹਾਤੀ ਪ੍ਰਧਾਨ ਜਗਤਪਾਲ ਸਿੰਘ ਨੇ ਬੋਲਦਿਆਂ ਕਿਹਾ ਕਿ ਇਹ ਸਾਰੀ ਸਾਜ਼ਿਸ਼ ਲੋਕਤੰਤਰ ਦੀ ਆਵਾਜ਼ ਨੂੰ ਦਬਾਉਣ ਲਈ ਰਚੀ ਗਈ ਹੈ, ਪ੍ਰੰਤੂ ਕਾਂਗਰਸ ਪਾਰਟੀ ਲੋਕਤੰਤਰ ਦੀ ਆਵਾਜ਼ ਨੂੰ ਕਿਸੇ ਵੀ ਕੀਮਤ 'ਤੇ ਦੱਬਣ ਨਹੀਂ ਦੇਵੇਗੀ।ਇਸ ਮੌਕੇ ਐਡਵੋਕੇਟ ਜਸਪਾਲ ਸਿੰਘ ਔਲਖ, ਪ੍ਰੋ. ਬਲਜੀਤ ਗਿੱਲ, ਲੱਖਾ ਪ੍ਰਧਾਨ, ਰਾਜ ਕੁਮਾਰ ਧਾਨਕ, ਅਵਤਾਰ ਸੋਨੀ, ਹੰਸ ਰਾਜ ਖੁੰਗਰ, ਨਰਸਿੰਘ ਦਾਸ ਚਲਾਨਾ, ਅਸ਼ਵਨੀ ਖੇੜਾ ਆਦਿ ਹਾਜ਼ਰ ਸਨ।

## ਐੱਸ ਡੀ ਓ ਰਾਜੇਸ਼ ਕੁਮਾਰ ਦਾ ਭਰਵਾਂ ਸਵਾਗਤ



**ਹਠੂਰ (ਨਛੱਤਰ ਸੰਧੂ)**-ਸਬ ਡਵੀਜ਼ਨ ਲੱਖਾ ਵਿਖੇ ਨਵੇਂ ਆਏ ਐੱਸ ਡੀ ਓ ਰਜੇਸ਼ ਕੁਮਾਰ ਨੇ ਅਹੁਦਾ ਸੰਭਾਲਿਆ। ਇਸ ਮੌਕੇ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਬ ਡਵੀਜ਼ਨ ਲੱਖਾ ਦੇ ਸਾਥੀਆਂ ਨੇ ਜਵਾਇਨ ਕਰਨ ਦੀ ਖੁਸ਼ੀ ਵਿੱਚ ਐੱਸ ਡੀ ਓ ਲੱਖਾ ਨੂੰ ਬੁੱਕਾ ਦਿੱਤਾ ਗਿਆ ਤੇ ਬਰਫੀ ਨਾਲ ਮੂੰਹ ਮਿੱਠਾ ਕਰਵਾਇਆ ਗਿਆ।

ਉਪਰੰਤ ਜਥੇਬੰਦੀ ਨੂੰ ਐੱਸ ਡੀ ਓ ਸਾਹਿਬ ਨੇ ਵਿਸ਼ਵਾਸ ਦਿਵਾਇਆ ਕਿ ਮੁਲਾਜ਼ਮਾਂ ਦੇ ਮਸਲਿਆਂ ਨੂੰ ਜਲਦੀ ਹੱਲ ਕਰਵਾਇਆ ਜਾਵੇਗਾ ਤੇ ਪੂਰੇ ਤਾਲਮੇਲ ਨਾਲ ਸਬ ਡਵੀਜ਼ਨ ਲੱਖਾ ਦੇ ਪਹਿਲ ਦੇ ਅਧਾਰ 'ਤੇ ਕੰਮ ਕਰਵਾਏ ਜਾਣਗੇ। ਇਸ ਮੌਕੇ ਸਰਕਲ ਪ੍ਰਧਾਨ ਕਰਤਾਰ ਸਿੰਘ, ਸਕੱਤਰ ਹਰਵਿੰਦਰ ਸਿੰਘ ਲਾਲੂ, ਪ੍ਰਧਾਨ ਸਾਧੂ ਸਿੰਘ ਲੱਖਾ, ਸਕੱਤਰ ਜਗਮੋਹਣ ਸਿੰਘ ਛੱਜਾਵਾਲ, ਐੱਸ ਡੀ ਓ ਸਿਕੰਦਰ ਸਿੰਘ ਮਾਂਗਟ ਬੱਸੀਆਂ, ਐੱਸ ਡੀ ਓ ਮਨਜੀਤ ਸਿੰਘ ਰੂਮੀ, ਖੁਸ਼ਦੀਪ ਸਿੰਘ ਕੈਸ਼ੀਅਰ ਨਾਰੰਗਵਾਲ, ਸੁਖਦੇਵ ਸਿੰਘ ਜੇ ਈ, ਬਲਦੇਵ ਸਿੰਘ ਜੇ ਈ, ਸਤਿਨਾਮ ਸਿੰਘ ਲੱਖਾ, ਹਰਸ਼ ਕੁਮਾਰ ਆਰੇ ਰੂਮੀ, ਪਰਮਿੰਦਰ ਸਿੰਘ ਐੱਲ ਡੀ ਸੀ ਲੱਖਾ, ਚਮਕੌਰ ਸਿੰਘ, ਤਰਲੋਚਨ ਸਿੰਘ ਜੇ ਈ ਆਦਿ ਹਾਜ਼ਰ ਸਨ।

## ਪ੍ਰਾਇਮਰੀ ਸਕੂਲ ਬੂਥਗੜ੍ਹ ਦਾ ਨਤੀਜਾ ਐਲਾਨਿਆ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਸਰਕਾਰੀ ਪ੍ਰਾਇਮਰੀ ਸਕੂਲ ਬੂਥਗੜ੍ਹ ਵਿਖੇ ਸਾਲਾਨਾ ਨਤੀਜਾ ਘੋਸ਼ਿਤ ਕੀਤਾ ਗਿਆ, ਜਿਸ ਵਿੱਚ ਸਰਪੰਚ ਗੁਰਪ੍ਰੀਤ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਪੜ੍ਹਾਈ ਵਿੱਚ ਪਹਿਲ, ਦੂਜੇ ਤੇ ਤੀਸਰੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਸਕੂਲ ਮੁਖੀ ਨਵਦੀਪ ਸੈਣੀ ਵੱਲੋਂ ਬੱਚਿਆਂ ਨੂੰ ਪੜ੍ਹਾਈ ਦੇ ਮਹੱਤਵ ਬਾਰੇ ਦੱਸਿਆ ਗਿਆ। ਅਧਿਆਪਕ ਪਰਮਿੰਦਰ ਸਿੰਘ ਨੇ ਦਾਨੀ ਸੱਜਣ ਅਮਨਪ੍ਰੀਤ ਕੌਰ, ਮਨਿੰਦਰ ਸਿੰਘ ਤੇ ਜਗਦੀਪ ਸਿੰਘ ਬਬਲੂ ਦਾ ਧੰਨਵਾਦ ਕੀਤਾ। ਇਸ ਦੌਰਾਨ ਗੁਰਵਿੰਦਰ ਸਿੰਘ (ਪੰਚ), ਜਤਿੰਦਰ ਸਿੰਘ (ਪੰਚ), ਅਮਨਜੋਤ ਕੌਰ ਹਾਜ਼ਰ ਸਨ।

# ਜਲਾਲਾਬਾਦ ਹਲਕੇ 'ਚ ਫਸਲਾਂ ਦੇ ਮੰਡੀਕਰਨ ਢਾਂਚੇ ਲਈ 8.5 ਕਰੋੜ ਰੁਪਏ ਦੇ ਪ੍ਰੋਜੈਕਟ ਪਾਸ : ਜਗਦੀਪ ਗੋਲਡੀ

- 4 ਕਰੋੜ ਨਾਲ ਬਣੇਗੀ ਅਤਿ ਆਧੁਨਿਕ ਰੇਹੜੀ-ਫੜ੍ਹੀ ਮਾਰਕਿਟ
- ਪੇਂਡੂ ਖਰੀਦ ਕੇਂਦਰਾਂ ਦਾ ਵੀ ਹੋਵੇਗਾ ਕਾਇਆ ਕਲਪ



ਵਿਧਾਇਕ ਜਗਦੀਪ ਕੰਬੋਜ ਗੋਲਡੀ ਮੀਡੀਆ ਨਾਲ ਗੱਲਬਾਤ ਦੌਰਾਨ।

**ਜਲਾਲਾਬਾਦ (ਸਤਨਾਮ ਸਿੰਘ/ਜੀਤ ਕੁਮਾਰ)**

ਸੂਬੇ ਦੇ ਕਿਸਾਨਾਂ ਤੇ ਕਮਜ਼ੋਰ ਵਰਗਾਂ ਲਈ ਸਮਰਪਤ ਮੁੱਖ ਮੰਤਰੀ ਸ੍ਰ: ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਵਿੱਤੀ ਸਾਲ ਦੇ ਆਖਰੀ ਦਿਨ ਜਲਾਲਾਬਾਦ ਹਲਕੇ ਵਿੱਚ ਮੰਡੀਕਰਨ ਢਾਂਚੇ ਦੇ ਵਿਕਾਸ ਲਈ 8.5 ਕਰੋੜ ਰੁਪਏ ਦੇ ਪ੍ਰੋਜੈਕਟ ਪ੍ਰਵਾਨ ਕੀਤੇ ਹਨ। ਇਹ ਹਲਕਾ ਵਿਧਾਇਕ ਜਗਦੀਪ ਕੰਬੋਜ ਗੋਲਡੀ ਦੇ ਯਤਨਾਂ ਦਾ ਹੀ ਨਤੀਜਾ ਹੈ ਕਿ ਜਲਾਲਾਬਾਦ ਦੀ ਮੁੱਖ ਮੰਡੀ ਤੋਂ ਬਿਨਾਂ ਪਿੰਡਾਂ ਦੇ ਖਰੀਦ ਕੇਂਦਰਾਂ ਦੇ ਵੀ ਕਾਇਆ ਕਲਪ ਦਾ ਰਾਹ ਪੱਧਰਾ ਹੋ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਇਨ੍ਹਾਂ ਪ੍ਰੋਜੈਕਟਾਂ ਲਈ ਮੁੱਖ ਮੰਤਰੀ ਸ੍ਰ: ਭਗਵੰਤ ਮਾਨ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ 4 ਕਰੋੜ ਰੁਪਏ ਤੋਂ ਵਧੇਰੇ ਦੀ ਲਾਗਤ ਨਾਲ ਮਾਰਕਿਟ ਕਮੇਟੀ ਦੇ ਦਫ਼ਤਰ ਦੇ ਪਿੱਛੇ ਇਕ ਅਤਿ ਆਧੁਨਿਕ ਰੇਹੜੀ/ਫੜ੍ਹੀ ਮਾਰਕਿਟ ਸਥਾਪਤ ਕੀਤੀ ਜਾਵੇਗੀ, ਇਸ ਨਾਲ ਬਾਜ਼ਾਰਾਂ ਵਿੱਚ ਭੀੜਭਾੜ ਤੋਂ ਮੁਕਤੀ ਮਿਲੇਗੀ, ਉਥੇ ਹੀ ਰੇਹੜੀ/ਫੜ੍ਹੀ ਵਾਲਿਆਂ ਦੀ ਵੀ ਆਰਥਿਕ ਤਰੱਕੀ ਹੋਵੇਗੀ। ਇੱਥੇ ਇਸ ਤੋਂ ਬਿਨਾਂ ਪੁਰਾਣੀ ਫੜ੍ਹੀ ਮਾਰਕਿਟ ਵਿੱਚ ਫਰਸ਼ ਤੇ ਸ਼ੈੱਡ ਆਦਿ 'ਤੇ 90.21 ਲੱਖ ਰੁਪਏ ਖਰਚ ਕਰਕੇ ਇਸ ਦਾ ਵੀ ਨਵੀਨੀਕਰਨ ਕੀਤਾ ਜਾਵੇਗਾ। ਵਿਧਾਇਕ ਗੋਲਡੀ ਨੇ ਦੱਸਿਆ ਕਿ ਮਾਰਕਿਟ ਕਮੇਟੀ ਦੀ ਸਬਜ਼ੀ ਮੰਡੀ ਯਾਰਡ ਦਾ 17.95 ਲੱਖ ਰੁਪਏ ਨਾਲ ਨਵੀਨੀਕਰਨ ਕੀਤਾ ਜਾਵੇਗਾ। ਇੱਥੇ ਪੀਣ ਦੇ ਪਾਣੀ ਦੇ ਪ੍ਰਬੰਧ ਲਈ 23.83 ਲੱਖ ਰੁਪਏ ਖਰਚ ਕੀਤੇ ਜਾਣਗੇ। ਮਾਰਕਿਟ ਕਮੇਟੀ ਦੇ ਊਰਜਾ ਖਰਚੇ ਘੱਟ ਕਰਨ ਤੇ ਹਰੀ ਊਰਜਾ ਨੂੰ ਉਤਸ਼ਾਹਤ ਕਰਨ ਲਈ ਹੁਣ ਮਾਰਕਿਟ ਕਮੇਟੀ ਦੀਆਂ ਬਿਜਲੀ ਲੋੜਾਂ ਦੀ ਪੂਰਤੀ ਲਈ 68 ਲੱਖ ਰੁਪਏ ਦੀ ਲਾਗਤ ਨਾਲ 87 ਕਿਲੋਵਾਟ ਦਾ ਸੋਲਰ ਪਲਾਂਟ ਦਾਣਾ ਮੰਡੀ ਦੇ ਸ਼ੈੱਡਾਂ 'ਤੇ ਲਗਾਇਆ ਜਾਵੇਗਾ। ਇਸੇ ਤਰ੍ਹਾਂ ਮਾਰਕਿਟ ਕਮੇਟੀ ਦੀ ਚਾਰਦੀਵਾਰੀ ਆਦਿ ਦੀ ਮੁਰੰਮਤ 'ਤੇ 5 ਲੱਖ ਰੁਪਏ ਖਰਚ ਕੀਤੇ ਜਾਣੇ ਹਨ। ਉਨ੍ਹਾ ਦੱਸਿਆ ਕਿ ਜਲਾਲਾਬਾਦ ਦੀ ਮੁੱਖ ਮੰਡੀ ਤੋਂ ਬਿਨਾਂ ਪੇਂਡੂ ਮੰਡੀਆਂ 'ਚ ਵੀ ਕਿਸਾਨਾਂ ਦੀਆਂ ਸਹੂਲਤਾਂ ਲਈ ਲੱਧੂਵਾਲਾ ਉਤਾੜ, ਘੁਬਾਇਆ ਤੇ ਚੱਕ ਜਾਨੀਸਰ ਵਿੱਚ 100 ਗੁਣਾਂ 50 ਫੁੱਟ ਦੇ ਲੋਹੇ ਦੇ ਸ਼ੈੱਡ ਬਣਾਏ ਜਾਣਗੇ, ਜਿਨ੍ਹਾਂ 'ਤੇ 78 ਲੱਖ ਰੁਪਏ ਦਾ ਖਰਚ ਆਵੇਗਾ। ਇਸ ਤੋਂ ਬਿਨਾਂ ਚੱਕ ਸੁਹੇਲਾ ਵਾਲਾ ਦੀ ਮੰਡੀ 'ਚ 52.80 ਲੱਖ ਰੁਪਏ ਦੀ ਲਾਗਤ ਨਾਲ ਫੜ ਪੱਕਾ ਕੀਤਾ ਜਾਵੇਗਾ ਤੇ ਛੋਟਾ ਸ਼ੈੱਡ ਬਣਾਇਆ ਜਾਵੇਗਾ। ਪ੍ਰਭਾਤ ਸਿੰਘ ਵਾਲਾ 'ਚ 39.25 ਲੱਖ ਨਾਲ ਸ਼ੈੱਡ, ਘੁਬਾਇਆ ਮੰਡੀ 'ਚ 30 ਲੱਖ ਨਾਲ ਫੜ ਪੱਕਾ ਕਰਨ ਦਾ ਕੰਮ ਵੀ ਹੋਵੇਗਾ। ਲਧੂਵਾਲਾ ਉਤਾੜ 'ਚ 13.62 ਲੱਖ ਨਾਲ ਫੜ ਪੱਕਾ ਕੀਤਾ ਜਾਵੇਗਾ ਤੇ ਚੱਕ ਖੇੜੇ ਵਾਲਾ 'ਚ 6.35 ਲੱਖ ਨਾਲ ਸ਼ੈੱਡ ਬਣਾਇਆ ਜਾਵੇਗਾ। ਉਨ੍ਹਾ ਦੱਸਿਆ ਕਿ ਇਸ ਵਿੱਚ 4.41 ਕਰੋੜ ਰੁਪਏ ਮੰਡੀ ਬੋਰਡ ਤੋਂ ਪ੍ਰਾਪਤ ਹੋਏ ਹਨ ਤੇ ਪਹਿਲੀ ਵਾਰ ਹੋਇਆ ਹੈ ਕਿ ਜਲਾਲਾਬਾਦ ਨੂੰ ਮੰਡੀ ਬੋਰਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਹੋਈ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਕੁੰਸ਼ ਮੁਟਨੇਜਾ ਟਰੱਕ ਯੂਨੀਅਨ ਪ੍ਰਧਾਨ, ਜਰਨੈਲ ਸਿੰਘ ਮੁਖੀਜਾ ਸੀਨੀਅਰ ਆਪ ਆਗੂ, ਟੋਨੀ ਛਾਬੜਾ, ਆੜ੍ਹਤੀਆ ਯੂਨੀਅਨ ਤੋਂ ਸ਼ਾਮ ਸੁੰਦਰ ਮੈਣੀ, ਦੇਵ ਰਾਜ ਸ਼ਰਮਾ, ਪਵਨ ਕਾਮਰੇਡ, ਨਿਰਮਲਜੀਤ ਸਿੰਘ ਹਾਜ਼ਰ ਸਨ।

## ਸਫਾਈ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਨਗਰ ਕੌਂਸਲ ਵੱਲੋਂ ਮਸ਼ਾਲ ਰੈਲੀ




**ਸਮਰਾਲਾ (ਸੁਰਜੀਤ ਸਿੰਘ)**-ਸਰਕਾਰ ਦੀਆਂ ਹਦਾਇਤਾਂ ਦੇ ਮੱਦੇਨਜ਼ਰ ਸਵੱਛ ਭਾਰਤ ਮਿਸ਼ਨ ਤਹਿਤ ਸਥਾਨਕ ਨਗਰ ਕੌਂਸਲ ਨੇ ਸ਼ਹਿਰ ਦੇ ਲੋਕਾਂ ਨੂੰ ਸਫਾਈ ਪ੍ਰਤੀ ਜਾਗਰੂਕ ਕਰਨ ਲਈ ਪੈ ਰਹੀ ਬਾਰਿਸ਼ ਦੇ ਬਾਵਜੂਦ ਸ਼ਹਿਰ 'ਚ ਜਾਗਰੂਕਤਾ ਮਸ਼ਾਲ ਰੈਲੀ ਕੱਢੀ, ਜਿਸ ਵਿੱਚ ਨਗਰ ਕੌਂਸਲ ਦੇ ਸਟਾਫ ਤੋਂ ਇਲਾਵਾ ਨਗਰ ਕੌਂਸਲ ਦੇ ਸਾਰੇ ਚੁਣੇ ਹੋਏ ਪ੍ਰਤੀਨਿਧ ਤੇ ਸ਼ਹਿਰ ਵਾਸੀਆਂ, ਜਿਨ੍ਹਾਂ 'ਚ ਵਿਸ਼ੇਸ਼ ਕਰਕੇ ਔਰਤਾਂ ਸ਼ਾਮਲ ਸਨ। ਨਗਰ ਕੌਂਸਲ ਦੇ ਕਾਰਜਸਾਧਕ ਅਫਸਰ ਪੁਸ਼ਪਿੰਦਰ ਕੁਮਾਰ ਨੇ ਦੱਸਿਆ ਕਿ ਇਹ ਰੈਲੀ ਲੋਕਾਂ ਨੂੰ ਆਪਣੇ ਚੌਗਿਰਦੇ ਨੂੰ ਸਾਫ ਸੁਥਰਾ ਰੱਖਣ ਲਈ ਤੇ ਘਰਾਂ ਦੇ ਸੁੱਕੇ ਅਤੇ ਗਿੱਲੇ ਕੂੜੇ ਨੂੰ ਵੱਖ ਵੱਖ ਕਰਕੇ ਨਗਰ ਕੌਂਸਲ ਦੀ ਗਾਰਬੇਜ ਵਾਲੀ ਗੱਡੀ ਨੂੰ ਸੌਂਪਣ ਤੱਕ ਲਈ ਜਾਗਰੂਕ ਕਰਨ ਲਈ ਕੱਢੀ ਗਈ। ਉਨ੍ਹਾਂ ਕਿਹਾ ਕਿ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਕਰਨ ਦੀ ਮੁਕੰਮਲ ਮਨਾਹੀ ਹੈ, ਜੋ ਵੀ ਇਸ ਦਾ ਇਸਤੇਮਾਲ ਕਰੇਗਾ, ਉਸ ਦਾ ਚਲਾਨ ਕੀਤਾ ਜਾਵੇਗਾ ਅਤੇ ਉਸ ਅਨੁਸਾਰ ਉਸ ਨੂੰ ਕਾਨੂੰਨ ਮੁਤਾਬਿਕ ਬਣਦਾ ਜੁਰਮਾਨਾ ਅਦਾ ਕਰਨਾ ਪਵੇਗਾ। ਉਨ੍ਹਾਂ ਘਰੇਲੂ ਔਰਤਾਂ ਨੂੰ ਅਪੀਲ ਕੀਤੀ ਕਿ ਉਹ ਘਰਾਂ ਦੇ ਗਿੱਲੇ ਤੇ ਸੁੱਕੇ ਕੂੜੇ ਨੂੰ ਵੱਖੋ ਵੱਖ ਰੱਖ ਕੇ ਨਗਰ ਕੌਂਸਲ ਦੀ ਗਾਰਬੇਜ ਕੁਲੈਕਸ਼ਨ ਵਾਲੀ ਗੱਡੀ ਨੂੰ ਸੌਂਪਣ ਤਾਂ ਜੋ ਇਸ ਨੂੰ ਪ੍ਰੋਸੈੱਸ ਕਰਕੇ ਇਸ ਦੀ ਕੰਪੋਸਟ ਖਾਦ ਤਿਆਰ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਆਪਣੇ ਆਲੇ- ਦੁਆਲੇ ਨੂੰ ਸਾਫ ਸੁਥਰਾ ਰੱਖਣਾ ਇੱਕ ਚੰਗੇ ਨਾਗਰਿਕ ਦੇ ਗੁਣ ਹੁੰਦੇ ਹਨ। ਇਸ ਲਈ ਸ਼ਹਿਰ ਵਾਸੀਆਂ ਨੂੰ ਇਹ ਆਦਤ ਪਾ ਲੈਣੀ ਚਾਹੀਦੀ ਹੈ ਕਿ ਉਹ ਬਿਨਾਂ ਵਜ੍ਹਾ ਥਾਂ ਥਾਂ ਗੰਦਗੀ ਨਾ ਫੈਲਾਉਣ। ਉਨ੍ਹਾਂ ਦੱਸਿਆ ਕਿ ਸ਼ਹਿਰ ਦੇ ਗਲੀ ਮੁਹੱਲਿਆਂ ਵਿੱਚੋਂ ਹਰ ਰੋਜ਼ ਗਾਰਬੇਜ ਇਕੱਠਾ ਕੀਤਾ ਜਾਂਦਾ ਹੈ। ਇਸ ਮੰਤਵ ਲਈ ਤਿੰਨ ਹੋਰ ਗੱਡੀਆਂ ਤਿਆਰ ਖੜੀਆਂ ਹਨ, ਜਿਨ੍ਹਾਂ ਲਈ ਨਵੇਂ ਡਰਾਈਵਰਾਂ ਦੀ ਨਿਯੁਕਤੀ ਕਰਕੇ ਉਨ੍ਹਾਂ ਨੂੰ ਕੰਮ 'ਚ ਲਾਇਆ ਜਾਵੇਗਾ। ਇਸ ਨਾਲ ਗਾਰਬੇਜ ਕੁਲੈਕਸ਼ਨ ਵਿਚ ਹੋਰ ਸੁਵਿਧਾ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ 'ਚ ਸਫਾਈ ਵਿਵਸਥਾ ਵਿੱਚ ਪਲਾਸਟਿਕ ਇੱਕ ਵੱਡੀ ਮੁਸੀਬਤ ਬਣੀ ਹੋਈ ਹੈ।

ਪਲਾਸਟਿਕ ਕਾਰਨ ਸ਼ਹਿਰ ਦਾ ਸੀਵਰੇਜ ਪ੍ਰਬੰਧ ਖਰਾਬ ਹੁੰਦਾ ਹੈ, ਜਿਸ ਨਾਲ ਗੰਦੇ ਪਾਣੀ ਦਾ ਫਲੋਅ ਰੁਕ ਕੇ ਸ਼ਹਿਰ ਦੀਆਂ ਗਲੀਆਂ 'ਚ ਆ ਜਾਂਦਾ ਹੈ, ਜਿਸ ਨਾਲ ਨਜਿੱਠਣਾ ਮੁਸ਼ਕਲ ਹੋ ਜਾਂਦਾ ਹੈ। ਉਸ ਨਾਲ ਗੰਦਗੀ ਫੈਲਦੀ ਹੈ ਤੇ ਸਾਰੇ ਵਾਤਾਵਰਣ 'ਚ ਬਦਬੂ ਫੈਲ ਜਾਂਦੀ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪਲਾਸਟਿਕ ਦੀ ਵਰਤੋਂ ਤੋਂ ਮੁਕੰਮਲ ਤੌਰ 'ਤੇ ਪ੍ਰਹੇਜ ਕਰਨ।

# ਟਰੱਕ ਯੂਨੀਅਨ ਦੀਆਂ ਦੋ ਧਿਰਾਂ ਆਹਮੋ-ਸਾਹਮਣੇ

- ਕਾਬਜ਼ ਧਿਰ ਨੇ ਧਰਨਾਕਾਰੀ ਆਪ੍ਰੇਟਰਾਂ ਦਾ ਟੈਂਟ ਪੁੱਟਿਆ
- ਯੂਨੀਅਨ ਦੇ ਅਕਸ ਨੂੰ ਖਰਾਬ ਕੀਤਾ ਜਾ ਰਿਹੈ : ਪ੍ਰਧਾਨ ਵਿਰਕ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਟਰੱਕ ਯੂਨੀਅਨ ਪਾਤੜਾਂ ਵਿੱਚ ਮਾਲ ਦੀ ਢੋਆ-ਢੁਆਈ ਦੇ ਮਾਮਲੇ ਵਿੱਚ ਕੀਤੀ ਜਾ ਰਹੀ ਕਥਿਤ ਘਪਲੇਬਾਜ਼ੀ ਦੇ ਵਿਰੋਧ ਵਿੱਚ ਕੁਝ ਟਰੱਕ ਆਪ੍ਰੇਟਰਾਂ ਵੱਲੋਂ ਦਿੱਤੇ ਜਾ ਰਹੇ ਧਰਨੇ ਦੌਰਾਨ ਸਥਿਤੀ ਉਸ ਸਮੇਂ ਤਣਾਅਪੂਰਨ ਬਣ ਗਈ, ਜਦੋਂ ਯੂਨੀਅਨ ਉੱਤੇ ਕਾਬਜ਼ ਧੜੇ ਦੇ ਕੁਝ ਆਗੂਆਂ ਵੱਲੋਂ ਧਰਨੇ ਵਾਲੀ ਥਾਂ ਉੱਤੇ ਪਹੁੰਚ ਕੇ ਇਤਰਾਜ਼ ਕੀਤਾ ਗਿਆ। ਇਸ ਦੌਰਾਨ ਮਾਮਲਾ ਉਸ ਸਮੇਂ ਉਲਝ ਗਿਆ, ਜਦੋਂ ਗੱਲ ਤੂੰ-ਤੂੰ, ਮੈਂ-ਮੈਂ ਮਗਰੋਂ ਹੱਥੋਪਾਈ ਤੱਕ ਪਹੁੰਚ ਗਈ। ਘਟਨਾ ਦਾ ਪਤਾ ਲੱਗਦਿਆਂ ਹੀ ਥਾਣਾ ਮੁਖੀ ਪਾਤੜਾਂ ਹਰਮਨਪ੍ਰੀਤ ਸਿੰਘ ਚੀਮਾ ਦੀ ਅਗਵਾਈ ਵਿੱਚ ਭਾਰੀ ਗਿਣਤੀ 'ਚ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਨੂੰ ਕਾਬੂ ਕੀਤਾ। ਇਸ ਉਪਰੰਤ ਪੁਲਸ ਨੇ ਦੋਹਾਂ ਧਿਰਾਂ ਨੂੰ ਥਾਣੇ ਵਿੱਚ ਬੁਲਾ ਕੇ ਮਾਮਲੇ ਦਾ ਹੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਗੱਲ ਕਿਸੇ ਤਣ-ਪੱਤਣ ਨਾ ਲੱਗ ਸਕੀ।

ਜਾਣਕਾਰੀ ਦਿੰਦਿਆਂ ਟਰੱਕ ਓਪਰੇਟਰ ਨਿਰਭੈ ਸਿੰਘ, ਗਗਨਦੀਪ ਸਿੰਘ, ਗੁਲਜਾਰ ਸਿੰਘ, ਭੋਲਾ ਸਿੰਘ, ਤੇਜਾ ਸਿੰਘ, ਗੁਲਾਬ ਸਿੰਘ, ਯਾਦਵਿੰਦਰ ਸਿੰਘ, ਕੁਲਦੀਪ ਸਿੰਘ ਤੇ ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਮਾਲ ਦੀ ਢੋਆ-ਢੁਆਈ ਦੇ ਟੈਂਡਰਾਂ ਦੇ ਠੇਕੇਦਾਰ ਮੁਕੇਸ਼ ਕਮਾਰ ਤੇ ਜਸਪਾਲ ਸਿੰਘ ਵੱਲੋਂ ਆਮ ਆਦਮੀ ਪਾਰਟੀ ਵੱਲੋਂ ਨਿਯੁਕਤ ਕੀਤੇ ਗਏ ਟਰੱਕ ਯੂਨੀਅਨ ਦੇ ਪ੍ਰਧਾਨ ਨਾਲ ਕਥਿਤ ਮਿਲੀਭੁਗਤ ਕਰਕੇ ਟਰੱਕ ਆਪ੍ਰੇਟਰਾਂ ਨੂੰ ਮਿਲਣ ਵਾਲੇ ਭਾੜੇ ਵਿੱਚ ਧਾਂਦਲੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਤੈਅ-ਸ਼ੁਦਾ ਰੇਟਾਂ ਮੁਤਾਬਕ ਪਾਤੜਾਂ ਤੋਂ ਜਾਖਲ ਲਈ 6200/- ਰੁਪਏ, ਅਨਾਜ ਮੰਡੀ ਤੋਂ ਲੋਕਲ ਗੋਦਾਮਾਂ ਤੱਕ ਦਾ ਕਿਰਾਇਆ 1600/- ਰੁਪਏ ਹੈ, ਜਦੋਂਕਿ ਠੇਕੇਦਾਰ ਵੱਲੋਂ ਜਾਖਲ ਦਾ ਕਿਰਾਇਆ 4100/- ਰੁਪਏ ਤੇ ਲੋਕਲ ਸਿਰਫ 725/- ਦਿੱਤਾ ਜਾ ਰਿਹਾ ਹੈ। ਠੇਕੇਦਾਰ ਵੱਲੋਂ ਕੀਤੀ ਜਾ ਰਹੀ ਇਸ ਲੁੱਟ ਦੇ ਵਿਰੋਧ ਵਿੱਚ ਉਪਰੇਟਰ ਵੱਲੋਂ ਧਰਨਾ ਦਿੱਤਾ ਗਿਆ ਸੀ, ਜਿਸ ਦੌਰਾਨ ਪ੍ਰਧਾਨ ਰਣਜੀਤ ਸਿੰਘ ਦੀ ਅਗਵਾਈ ਵਿੱਚ ਕਾਬਜ਼ ਧਿਰ ਨਾਲ ਸਬੰਧਤ ਅਮੀਰ ਸਿੰਘ ਅਤਾਲਾਂ, ਧਰਮਾ ਸਿੰਘ ਦੁਤਾਲ, ਜਸ਼ਨ ਸਿੰਘ ਹਰੀਗੜ੍ਹ, ਹਰਦੀਪ ਸਿੰਘ ਕਾਲਾ, ਬਿੰਦਰ ਸਿੰਘ ਦਿਓਗੜ੍ਹ, ਪਿਆਰਾ ਸਿੰਘ ਬਾਜੀਗਰ ਤੇ ਹੈਪੀ ਦਿਉਗੜ੍ਹ ਸਮੇਤ ਦਰਜਨ ਦੇ ਕਰੀਬ ਵਿਅਕਤੀਆਂ ਨੇ ਆ ਕੇ ਹਮਲਾ ਕਰ ਟੈਂਟ ਪੁੱਟ ਸੁੱਟਿਆ। ਉਨ੍ਹਾਂ ਮੰਗ ਕੀਤੀ ਕਿ ਹੋਏ ਘਪਲੇ ਦੀ ਡੂੰਘਾਈ ਨਾਲ ਜਾਂਚ ਕਰਕੇ ਇਨਸਾਫ ਦੁਆਇਆ ਜਾਵੇ। ਦੂਜੇ ਪਾਸੇ ਟਰੱਕ ਯੂਨੀਅਨ ਦੇ ਪ੍ਰਧਾਨ ਰਣਜੀਤ ਸਿੰਘ ਵਿਰਕ ਨੇ ਕਿਹਾ ਕਿ ਕੁਝ ਲੋਕ ਜਾਣ ਬੁੱਝ ਕੇ ਯੂਨੀਅਨ ਨੂੰ ਬਦਨਾਮ ਕਰਨ 'ਤੇ ਲੱਗੇ ਹੋਏ ਹਨ, ਜਦੋਂਕਿ ਬਹੁ-ਗਿਣਤੀ ਆਪ੍ਰੇਟਰਾਂ ਨੂੰ ਠੇਕੇਦਾਰ ਉੱਤੇ ਕੋਈ ਗਿਲਾ ਸ਼ਿਕਵਾ ਨਹੀਂ ਹੈ। ਉਨ੍ਹਾ ਕੀਤੇ ਗਏ ਹਮਲੇ ਦੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਹ ਯੂਨੀਅਨ ਦੇ ਅਕਸ ਨੂੰ ਲੈ ਕੇ ਆਪ੍ਰੇਟਰਾਂ ਵੱਲੋਂ ਦਿੱਤੇ ਜਾ ਰਹੇ ਧਰਨੇ ਵਿੱਚ ਧਰਨਾਕਾਰੀਆਂ ਨੂੰ ਸਮਝਾਉਣ ਲਈ ਗਏ ਸਨ, ਜਿੱਥੇ ਕੁਝ ਵਿਅਕਤੀ ਜਾਣ-ਬੁੱਝ ਕੇ ਉਨ੍ਹਾਂ ਦੇ ਗਲ ਪੈ ਗਏ।

# ਕਣਕ ਦੀ ਖਰੀਦ ਦੌਰਾਨ ਕਿਸੇ ਕਿਸਮ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ : ਡੀ ਸੀ

### ਅਧਿਕਾਰੀਆਂ ਪਾਸੋਂ ਕਣਕ ਦੀ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਬੁਢਲਾਡਾ (ਅਸ਼ੋਕ ਲਾਕੜਾ)**-ਪੰਜਾਬ ਸਰਕਾਰ ਕਿਸਾਨਾਂ ਦੀ ਫਸਲ ਦਾ ਇੱਕ ਇੱਕ ਦਾਣਾ ਖਰੀਦ ਕਰਨ ਲਈ ਵਚਨਬੱਧ ਹੈ। ਸਾਰੀਆਂ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੇ ਪ੍ਰਬੰਧ ਵਿੱਚ ਕੋਈ ਉਣਤਾਈ ਨਹੀਂ ਰਹਿਣੀ ਚਾਹੀਦੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ੍ਰੀਮਤੀ ਬਲਦੀਪ ਕੌਰ ਨੇ ਪਹਿਲੀ ਅਪ੍ਰੈਲ ਤੋਂ ਸ਼ੁਰੂ ਹੋਣ ਵਾਲੀ ਕਣਕ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਕੀਤਾ।

ਡਿਪਟੀ ਕਮਿਸ਼ਨਰ ਨੇ ਹਾੜ੍ਹੀ ਦੀ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਹਨ। ਉਨ੍ਹਾ ਕਿਸਾਨਾਂ ਨੂੰ ਮੰਡੀਆਂ ਵਿੱਚ ਸੁੱਕੀ ਫਸਲ ਲਿਆਉਣ ਦੀ ਅਪੀਲ ਕੀਤੀ ਤਾਂ ਜੋ ਖਰੀਦ ਪ੍ਰਕਿਰਿਆ ਦੌਰਾਨ ਕਿਸੇ ਪ੍ਰਕਾਰ ਦੀ ਕੋਈ ਸਮੱਸਿਆ ਪੇਸ਼ ਨਾ ਆਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਾਲ ਜ਼ਿਲ੍ਹੇ ਵਿੱਚ 1 ਲੱਖ 70 ਹਜ਼ਾਰ ਹੈਕਟੇਅਰ ਰਕਬੇ ਵਿੱਚ ਕਣਕ ਦੀ ਬਿਜਾਈ ਕੀਤੀ ਗਈ ਹੈ ਤੇ 9 ਲੱਖ 32 ਹਜ਼ਾਰ ਮੀਟਰਿਕ ਟਨ ਕਣਕ ਦੀ ਪੈਦਾਵਾਰ ਹੋਣ ਦੀ ਸੰਭਾਵਨਾ ਹੈ। ਉਨ੍ਹਾ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਮੰਡੀਆਂ ਦੇ ਰੱਖ ਰਖਾਵ ਤੇ ਸਫ਼ਾਈ ਦੇ ਪੁਖ਼ਤਾ ਪ੍ਰਬੰਧ ਕੀਤੇ ਜਾਣ। ਸਾਰੇ ਖਰੀਦ ਕੇਂਦਰਾਂ ਵਿੱਚ ਫਸਟਏਡ ਕਿੱਟਾਂ ਮੁਹੱਈਆ ਕਰਵਾਈਆਂ ਜਾਣ ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਦੌਰਾਨ ਮੁੱਢਲੀ ਸਹਾਇਤਾ ਦਿੱਤੀ ਜਾ ਸਕੇ। ਉਨ੍ਹਾ ਮੰਡੀਆਂ ਵਿੱਚ ਪਾਣੀ ਤੇ ਪਖਾਨਿਆਂ ਦੇ ਪੁਖ਼ਤਾ ਪ੍ਰਬੰਧ ਕਰਨ ਲਈ ਕਿਹਾ। ਉਨ੍ਹਾ ਕਿਹਾ ਕਿ ਖਰੀਦ ਕੇਂਦਰ ਤੋਂ ਸਟੋਰੇਜ ਪੁਆਇੰਟ ਤੱਕ ਕਣਕ ਦੀ ਢੋਆ ਢੁਆਈ ਲਈ ਵਰਤੇ ਜਾਣ ਵਾਲੇ ਸਾਰੇ ਟਰਾਂਸਪੋਰਟ ਵਾਹਨਾਂ ਵਿੱਚ ਵਾਹਨ ਟਰੈਕਿੰਗ ਸਿਸਟਮ ਯਕੀਨੀ ਬਣਾਏ ਜਾਣ। ਉਨ੍ਹਾ ਪਹਿਲੇ ਦਿਨ ਤੋਂ ਹੀ ਫਸਲ ਦੀ ਅਦਾਇਗੀ ਕਰਵਾਉਣੀ ਯਕੀਨੀ ਬਣਾਉਣ ਲਈ ਕਿਹਾ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਗੜੇਮਾਰੀ ਪ੍ਰਭਾਵਿਤ ਪਿੰਡਾਂ ਦਾ ਦੌਰਾ

### ਗਿਰਦਾਵਰੀ ਕਰਕੇ ਕਿਸਾਨਾਂ, ਮਜ਼ਦੂਰਾਂ ਨੂੰ ਜਲਦ ਦਿੱਤਾ ਜਾਵੇ ਯੋਗ ਮੁਆਵਜ਼ਾ



**ਮਾਨਸਾ/ਝੁਨੀਰ (ਆਤਮਾ ਸਿੰਘ ਪਮਾਰ/ਚਤਰਜੀਤ ਧਾਲੀਵਾਲ)**-ਸੰਯੁਕਤ ਕਿਸਾਨ ਮੋਰਚੇ ਦੀ ਜ਼ਿਲ੍ਹਾ ਟੀਮ ਨੇ ਮੀਂਹ, ਗੜੇਮਾਰੀ ਨਾਲ ਪ੍ਰਭਾਵਿਤ ਇਲਾਕੇ ਦਾ ਦੌਰਾ ਕਰਨ ਮੌਕੇ ਝੰਡੂਕੇ, ਮਾਖਾ, ਚੈਨੇਵਾਲਾ, ਮੋਡਾ, ਫਤਹਿਪੁਰ, ਮੋਫਰ, ਫਰੀਦਕੇ ਸੰਦਲੀ, ਉੱਡਤ ਸੈਦੇਵਾਲਾ, ਭੀਮੜਾ ਦੇ ਕਿਸਾਨਾਂ ਨਾਲ ਜ਼ਮੀਨੀ ਪੱਧਰ 'ਤੇ ਰਾਬਤਾ ਕਾਇਮ ਕਰਕੇ ਪ੍ਰੈੱਸ ਦੇ ਨਾਂਅ ਜਾਰੀ ਬਿਆਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਮੁਆਵਜ਼ਾ ਦੇਣ ਦੇ ਐਲਾਨ ਨੂੰ ਤੀਰ ਤੁੱਕੇ ਚਲਾਉਣ ਦੀ ਬਜਾਏ ਹਕੀਕੀ ਜਾਮਾ ਪਹਿਨਾਉਂਦਿਆਂ ਪਹਿਲਾਂ ਸਾਰੇ ਪ੍ਰਭਾਵਿਤ ਇਲਾਕੇ ਦੀ ਤੁਰੰਤ ਗਿਰਦਾਵਰੀ ਕਰਾਵੇ, ਉਪਰੰਤ ਫਸਲਾਂ ਦੇ ਹੋਏ 100% ਨੁਕਸਾਨ ਮੁਤਾਬਿਕ ਮੁਆਵਜ਼ੇ ਦੀ ਵੰਡ ਕਰੇ ਤਾਂ ਜੋ ਕਿਸਾਨਾਂ ਦੀ ਆਰਥਿਕ ਭਰਪਾਈ ਹੋ ਸਕੇ ਤੇ ਉਹ ਛੇਤੀ ਮੱਕੀ ਦੀ ਫਸਲ ਬੀਜ ਸਕਣ।

ਉਨ੍ਹਾਂ ਕਿਹਾ ਕਿ ਮਹਿੰਗਾਈ ਇਸ ਦੌਰ 'ਚ ਇਲਾਕੇ ਦੇ ਬਹੁ-ਗਿਣਤੀ ਕਿਸਾਨ ਠੇਕੇ ਦੀ ਜ਼ਮੀਨ 'ਤੇ ਖੇਤੀ ਕਰਨ ਲਈ ਮਜਬੂਰ ਹਨ, ਜਿਨ੍ਹਾਂ ਦੇ ਸਾਰੇ ਖਰਚੇ ਮਿਲਾ ਕੇ ਲਗਪਗ 50000 ਰੁ. ਦੇ ਕਰੀਬ ਬਣਦੇ ਹਨ, ਤੇ ਮਾਨ ਸਰਕਾਰ ਆਪਣੇ ਅੰਦਾਜ਼ਿਆਂ ਮੁਤਾਬਿਕ ਮੁਆਵਜ਼ਾ ਤਹਿ ਕਰਨ ਦੀ ਬਜਾਏ ਨੁਕਸਾਨ ਦੇ ਮੱਦੇਨਜ਼ਰ 50000 ਰੁਪਏ ਯੋਗ ਮੁਆਵਜ਼ੇ ਦਾ ਐਲਾਨ ਕਰੇ ਅਤੇ ਨਾਲ ਹੀ ਕਣਕ ਦੇ ਫਸਲ ਖਰਾਬੇ ਕਾਰਨ ਵੱਡੀ ਗਿਣਤੀ ਖੇਤ ਮਜ਼ਦੂਰਾਂ ਦਾ ਵੀ ਆਰਥਿਕ ਨੁਕਸਾਨ ਹੋਇਆ, ਉਨ੍ਹਾਂ ਲਈ ਵੀ ਬਣਦੇ ਯੋਗ ਮੁਆਵਜ਼ੇ ਦਾ ਐਲਾਨ ਕਰੇ। ਜੇਕਰ ਪੰਜਾਬ ਸਰਕਾਰ ਇਸ ਮਸਲੇ 'ਤੇ ਜਲਦੀ ਗੌਰ ਨਹੀਂ ਕਰਦੀ ਤਾਂ ਮਜਬੂਰਨ ਕਿਸਾਨਾਂ ਨੂੰ ਸੜਕਾਂ 'ਤੇ ਉਤਰਨਾ ਪਵੇਗਾ। ਉਨ੍ਹਾਂ ਕਿਹਾ ਕਿ ਮੋਰਚੇ ਦੀ ਟੀਮ ਵੱਲੋਂ ਮਾਨਸਾ ਜ਼ਿਲ੍ਹੇ ਦੇ ਰਹਿੰਦੇ ਪਿੰਡਾਂ ਦਾ ਵੀ ਜਲਦੀ ਦੌਰਾ ਕੀਤਾ ਜਾਵੇਗਾ। ਇਸ ਸਮੇਂ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਗੁਰਜੰਟ ਸਿੰਘ ਮਾਨਸਾ, ਨਿਰਮਲ ਸਿੰਘ ਝੰਡੂਕੇ, ਧੰਨਾ ਮੱਲ ਗੋਇਲ, ਮਲੂਕ ਸਿੰਘ ਹੀਰਕੇ, ਪ੍ਰਸ਼ੋਤਮ ਸਿੰਘ ਗਿੱਲ, ਇਕਬਾਲ ਮਾਨਸਾ, ਅਮਰੀਕ ਸਿੰਘ ਫਫੜੇ ਭਾਈਕੇ, ਬਲਵਿੰਦਰ ਸ਼ਰਮਾ ਖਿਆਲਾ ਮੋਰਚੇ ਦੀ ਜ਼ਿਲ੍ਹਾ ਕਮੇਟੀ ਤੋਂ ਇਲਾਵਾ ਵੱਖ ਵੱਖ ਜਥੇਬੰਦੀਆਂ ਦੇ ਬਲਾਕ ਤੇ ਜ਼ਿਲ੍ਹਾ ਆਗੂ ਹਾਜ਼ਰ ਸਨ।

## ਕਾਤਰਾਂ

### ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀ ਸਨਮਾਨਤ

**ਮਾਨਸਾ (ਮੁਨੀਸ਼ ਕੁਮਾਰ)**-ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ 28 ਮਾਰਚ, ਨੂੰ ਐਮਿਟੀ ਇੰਟਰਨੈਸ਼ਨਲ ਯੂਨੀਵਰਸਿਟੀ ਦੇ ਆਡੀਟੋਰੀਅਮ ਵਿਖੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਸੂਬਾ ਪੱਧਰੀ ਪ੍ਰਤਿਭਾ ਖੋਜ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਏ ਗਏ, ਜਿੱਥੇ ਇਨਕਲੂਸਿਵ ਐਜੂਕੇਸ਼ਨ ਫਾਰ ਡਿਸਏਬਲਡ(ਆਈ ਈ ਡੀ) ਅਧੀਨ ਸਿੱਖਿਆ ਲੈ ਰਹੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਵੱਲੋਂ ਪੇਸ਼ਕਾਰੀਆਂ ਕੀਤੀਆਂ ਗਈਆਂ। ਚਿੱਤਰਕਾਰੀ ਮੁਕਾਬਲੇ 'ਚ ਦੂਜਾ ਸਥਾਨ ਹਾਸਲ ਕਰਨ ਕਰਕੇ ਜ਼ਿਲ੍ਹਾ ਸਿੱਖਿਆ ਅਫਸਰ(ਐ ਸਿੱ) ਭੁਪਿੰਦਰ ਕੌਰ ਵੱਲੋਂ ਚਿਰਾਗ ਸਿੰਗਲਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੌਰਾਨ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਦੇ ਬੱਚਿਆਂ ਵੱਲੋਂ ਪੇਸ਼ਕਾਰੀ ਕੀਤੀ ਗਈ, ਜਿੱਥੇ 500 ਦੇ ਕਰੀਬ ਬੱਚਿਆਂ, ਉਨ੍ਹਾਂ ਦੇ ਮਾਪਿਆਂ, ਅਧਿਆਪਕਾਂ ਅਤੇ ਕਰਮਚਾਰੀਆਂ ਨੇ ਭਾਗ ਲਿਆ। ਸਮਾਗਮ ਦੌਰਾਨ ਕਰਵਾਏ ਗਏ ਚਿੱਤਰਕਾਰੀ, ਸਲੋਗਨ ਅਤੇ ਪੋਸਟਰ ਮੇਕਿੰਗ ਮੁਕਾਬਲੇ 'ਚ ਜ਼ਿਲ੍ਹੇ ਦੇ ਬਲਾਕ ਬਰੇਟਾ ਦੇ ਚਿਰਾਗ ਸਿੰਗਲਾ ਨੇ ਚਿੱਤਰਕਾਰੀ ਮੁਕਾਬਲੇ 'ਚ ਦੂਜਾ ਸਥਾਨ ਹਾਸਲ ਕੀਤਾ। ਇਸ ਮੌਕੇ ਸਿੱਖਿਆ ਮੰਤਰੀ ਹਰਜੋਤ ਬੈਂਸ ਦੁਆਰਾ ਬੱਚਿਆਂ ਦੀ ਹੌਸਲਾ ਅਫਜ਼ਾਈ ਲਈ ਵਿਸ਼ੇਸ਼ ਤੌਰ 'ਤੇ ਪ੍ਰਮਾਣ ਪੱਤਰ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਜ਼ਿਲ੍ਹਾ ਸਿੱਖਿਆ ਅਫ਼ਸਰ ਭੁਪਿੰਦਰ ਕੌਰ ਨੇ ਦੱਸਿਆ ਕਿ ਇਨ੍ਹਾਂ ਪ੍ਰਤਿਭਾਸ਼ਾਲੀ ਬੱਚਿਆਂ 'ਚ ਕਲਾ ਨੂੰ ਨਿਖਾਰਨ ਲਈ ਅਧਿਆਪਕਾਂ ਨੇ ਮਿਹਨਤ ਨਾਲ ਤਿਆਰੀ ਕਰਵਾਈ ਹੈ।

### ਵਿਦਿਆਰਥਣਾਂ ਨੇ ਰੈੱਡ ਕਰਾਸ ਲਾਇਬ੍ਰੇਰੀ ਦੀਆਂ ਸੇਵਾਵਾਂ ਦਾ ਲਿਆ ਲਾਭ

**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਮਾਜ ਸੇਵਾ ਦੇ ਖੇਤਰ 'ਚ ਸ਼ਲਾਘਾਯੋਗ ਕੰਮ ਕਰ ਰਹੀ ਸੰਸਥਾ ਮੁਕਤੀਸਰ ਵੈਲਫੇਅਰ ਕਲੱਬ ਦੇ ਵੱਖ-ਵੱਖ ਕੋਰਸਾਂ 'ਚ ਟ੍ਰੇਨਿੰਗ ਪ੍ਰਾਪਤ ਕਰ ਰਹੀਆਂ ਵਿਦਿਆਰਥਣਾਂ ਨੇ ਅੱਜ ਰੈਡ ਕਰਾਸ ਲਾਇਬ੍ਰੇਰੀ ਵਿਖੇ ਪਹੁੰਚ ਕੇ ਲਾਇਬ੍ਰੇਰੀ 'ਚ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਲਾਭ ਉਠਾਇਆ। ਇਸ ਦੌਰਾਨ ਲਾਇਬ੍ਰੇਰੀ ਦੇ ਮੈਡਮ ਸਰੂਤੀ ਸ਼ਰਮਾ ਨੇ ਵਿਦਿਆਰਥਣਾਂ ਨੂੰ ਜੀ ਆਇਆਂ ਕਹਿੰਦੇ ਹੋਏ ਏਥੋਂ ਦੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਕਦੀ ਵੀ ਵਿਦਿਆਰਥਣਾਂ ਏਥੇ ਆ ਕੇ ਲਾਭ ਪ੍ਰਾਪਤ ਕਰ ਸਕਦੀਆਂ ਹਨ। ਉਨ੍ਹਾ ਕਿਹਾ ਕਿ ਮੋਬਾਇਲ 'ਤੇ ਫਾਲਤੂ ਗੇਮਾਂ ਖੇਡਣ ਦੀ ਬਜਾਏ ਇੱਥੇ ਚੰਗੀ ਜਾਣਕਾਰੀ ਹਾਸਲ ਪ੍ਰਾਪਤ ਕਰਨੀ ਚਾਹੀਦੀ ਹੈ। ਇਸ ਦੌਰਾਨ ਸੈਂਟਰ ਦੇ ਮੈਡਮ ਸੋਨੀਆ ਗਿੱਲ ਹਾਜ਼ਰ ਸਨ।

### ਆਸ਼ੀਰਵਾਦ ਸਕੀਮ ਤਹਿਤ 431.97 ਲੱਖ ਰੁਪਏ ਜਾਰੀ : ਡੀ ਸੀ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਦੇ ਮੁੱਖ ਮੰਤਰੀ ਸ੍ਰ: ਭਗਵੰਤ ਮਾਨ ਦੀ ਅਗਵਾਈ ਵਾਲੀ ਰਾਜ ਸਰਕਾਰ ਵੱਲੋਂ ਆਸ਼ੀਰਵਾਦ ਸਕੀਮ ਤਹਿਤ ਫਾਜ਼ਿਲਕਾ ਜ਼ਿਲ੍ਹੇ ਦੇ ਲਾਭਪਾਤਰੀਆਂ ਲਈ 431.97 ਲੱਖ ਰੁਪਏ ਜਾਰੀ ਕਰ ਦਿੱਤੇ ਗਏ ਹਨ। ਇਹ ਜਾਣਕਾਰੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ: ਸੇਨੂ ਦੁੱਗਲ ਆਈ ਏ ਐੱਸ ਨੇ ਦਿੱਤੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਉਕਤ ਰਕਮ ਵਿੱਚੋਂ 322.83 ਲੱਖ ਰੁਪਏ 633 ਐੱਸ ਸੀ ਲਾਭਪਾਤਰੀਆਂ ਲਈ ਜਾਰੀ ਕੀਤੇ ਗਏ, ਜਦਕਿ 109.14 ਲੱਖ ਰੁਪਏ 214 ਬੀ ਸੀ ਲਾਭਪਾਤਰੀਆਂ ਲਈ ਜਾਰੀ ਕੀਤੇ ਗਏ ਹਨ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਫਸਰ ਸ੍ਰੀ ਜਗਮੋਹਨ ਸਿੰਘ ਮਾਨ ਨੇ ਦੱਸਿਆ ਕਿ ਐੱਸ ਸੀ ਲਾਭਪਾਤਰੀਆਂ ਨੂੰ ਮਾਰਚ 2022 ਤੋਂ ਮਈ 2022 ਤੱਕ ਲਈ ਅਤੇ ਬੀ ਸੀ ਲਾਭਪਾਤਰੀਆਂ ਨੂੰ ਮਾਰਚ ਤੇ ਅਪ੍ਰੈਲ 2022 ਤੱਕ ਦੀ ਰਕਮ ਜਾਰੀ ਕੀਤੀ ਜਾ ਚੁੱਕੀ ਹੈ। ਉਨ੍ਹਾ ਕਿਹਾ ਕਿ ਇਹ ਰਕਮ ਲਾਭਪਾਤਰੀਆਂ ਦੇ ਸਿੱਧੇ ਬੈਂਕ ਖਾਤੇ 'ਚ ਜਾਰੀ ਕੀਤੀ ਗਈ ਹੈ।

### ਗੋਲੇਵਾਲਾ 'ਚ ਜਨ ਸੁਵਿਧਾ ਕੈਂਪ 5 ਨੂੰ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-'ਸਰਕਾਰ ਤੁਹਾਡੇ ਦੁਆਰ' ਤਹਿਤ ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਦੀ ਅਗਵਾਈ ਹੇਠ 5 ਅਪ੍ਰੈਲ 2023 ਨੂੰ ਪਿੰਡ ਗੋਲੇਵਾਲਾ ਦਾਣਾ ਮੰਡੀ ਵਿਖੇ ਸਵੇਰੇ 10 ਵਜੇ ਜਨ ਸੁਵਿਧਾ ਕੈਂਪ ਲਾਇਆ ਜਾ ਰਿਹਾ ਹੈ, ਜਿਸ 'ਚ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਜਾਣਗੀਆਂ। ਇਹ ਜਾਣਕਾਰੀ ਐੱਸ.ਡੀ.ਐੱਮ. ਫਰੀਦਕੋਟ ਮੈਡਮ ਬਲਜੀਤ ਕੌਰ ਨੇ ਦਿੱਤੀ। ਐੱਸ.ਡੀ.ਐੱਮ. ਮੈਡਮ ਬਲਜੀਤ ਕੌਰ ਨੇ ਦੱਸਿਆ ਕਿ ਇਸ ਪ੍ਰੋਗਰਾਮ 'ਚ ਵੱਖ-ਵੱਖ ਵਿਭਾਗਾਂ ਦੇ ਉੱਚ ਅਧਿਕਾਰੀ ਹਾਜ਼ਰ ਰਹਿਣਗੇ ਤਾਂ ਜੋ ਮੌਕੇ ਉੱਪਰ ਸ਼ਿਕਾਇਤਾਂ ਦਾ ਨਿਪਟਾਰਾ ਹੋ ਸਕੇ।

### ਭਲਕੇ ਮੀਟ ਤੇ ਆਂਡੇ ਦੀਆਂ ਦੁਕਾਨਾਂ/ਰੇਹੜੀਆਂ ਬੰਦ ਰੱਖਣ ਦੇ ਹੁਕਮ

**ਬਰੇਟਾ (ਗੋਬਿੰਦ ਸ਼ਰਮਾ)**-ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟ੍ਰੇਟ ਮਾਨਸਾ ਸ਼੍ਰੀਮਤੀ ਬਲਦੀਪ ਕੌਰ ਨੇ ਫੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ ਨੰਬਰ-2) ਦੀ ਧਾਰਾ 144 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 3 ਅਪ੍ਰੈਲ ਸੋਮਵਾਰ ਨੂੰ ਜ਼ਿਲ੍ਹਾ ਮਾਨਸਾ ਦੇ ਬੁੱਚੜਖਾਨੇ, ਮੀਟ ਤੇ ਆਂਡੇ ਦੀਆਂ ਦੁਕਾਨਾਂ/ਰੇਹੜੀਆਂ ਬੰਦ ਰੱਖਣ/ਕਰਨ ਦਾ ਹੁਕਮ ਜਾਰੀ ਕੀਤਾ ਹੈ। ਹੁਕਮ ਵਿੱਚ ਉਨ੍ਹਾ ਕਿਹਾ ਕਿ ਸਕੱਤਰ ਐਨੀਮਲ ਵੈੱਲਫੇਅਰ ਬੋਰਡ ਆਫ਼ ਇੰਡੀਆ ਦੇ ਪੱਤਰ ਅਨੁਸਾਰ ਇਸ ਦਿਨ ਮਹਾਂਵੀਰ ਜਯੰਤੀ ਦਾ ਪਵਿੱਤਰ ਦਿਹਾੜਾ ਮਨਾਇਆ ਜਾ ਰਿਹਾ ਹੈ। ਇਸ ਲਈ ਅਮਨ ਤੇ ਕਾਨੂੰਨ ਦੀ ਵਿਵਸਥਾ ਨੂੰ ਕਾਇਮ ਰੱਖਣ ਲਈ 3 ਅਪ੍ਰੈਲ ਨੂੰ ਜ਼ਿਲ੍ਹਾ ਮਾਨਸਾ ਦੇ ਬੁੱਚੜਖਾਨੇ, ਮੀਟ ਤੇ ਆਂਡੇ ਦੀਆਂ ਦੁਕਾਨਾਂ/ਰੇਹੜੀਆਂ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਹਨ।

### ਸਾਥੀ ਗੁਰਤੇਜ ਸਿੰਘ ਸਮੇਤ ਚਾਰ ਪਰਵਾਰਕ ਮੈਂਬਰਾਂ ਦੀ ਮੌਤ 'ਤੇ ਜਥੇਬੰਦੀ ਵੱਲੋਂ ਦੁੱਖ ਦਾ ਪ੍ਰਗਟਾਵਾ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਬੀਤੇ ਦਿਨ ਸਰਸਾ ਬਾਈਪਾਸ 'ਤੇ ਦੋ ਕਾਰਾਂ ਦੀ ਆਪਸੀ ਟੱਕਰ 'ਚ ਇੱਕੋ ਪਰਿਵਾਰ ਦੇ ਚਾਰ ਜੀਆਂ ਦੀ ਮੌਤ ਗਈ। ਇਸ ਕਹਿਰ ਦੀ ਦੁੱਖ ਦੀ ਘੜੀ ਵਿੱਚ ਜਥੇਬੰਦੀ ਦੇ ਸੂਬਾ ਪ੍ਰਧਾਨ ਸ਼ੇਰ ਸਿੰਘ ਖੰਨਾ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾ ਕਿਹਾ ਕਿ ਸਾਡਾ ਇਹ ਵਰਕਰ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ 'ਚ ਸਬ ਡਵੀਜ਼ਨ ਸਰਦੂਲਗੜ੍ਹ ਵਿਖੇ ਬਤੌਰ ਪੰਪ ਉਪਰੇਟਰ ਦੀ ਨੌਕਰੀ ਕਰਦਾ ਸੀ, ਜੋ ਬੀਤੇ ਦਿਨ ਆਪਣੇ ਬੇਟੇ ਨੂੰ ਸਰਸਾ ਤੋਂ ਦਵਾਈ ਦਿਵਾਉਣ ਲਈ ਗਏ ਸੀ ਕਿ ਇੱਕ ਹਾਦਸੇ 'ਚ ਗੁਰਤੇਜ ਸਿੰਘ, ਉਸ ਦੀ ਪਤਨੀ ਤੇ ਦੋ ਪੁੱਤਰਾਂ ਦੀ ਮੌਤ ਹੋ ਗਈ ਅਤੇ ਉਨ੍ਹਾਂ ਦੀ ਭਤੀਜੀ, ਜੋ ਪਿਛਲੀ ਸੀਟ 'ਤੇ ਬੈਠੀ ਸੀ, ਉਹ ਵੀ ਗੰਭੀਰ ਜ਼ਖ਼ਮੀ ਹੋ ਗਈ, ਜੋ ਜ਼ੇਰੇ ਇਲਾਜ ਹੈ। ਇਸ ਦੁੱਖ ਦੀ ਘੜੀ ਵਿੱਚ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਯੂਨੀਅਨ ਦੇ ਸੂਬਾ ਪ੍ਰਧਾਨ ਸ਼ੇਰ ਸਿੰਘ ਖੰਨਾ, ਮੇਵਾ ਸਿੰਘ ਸਰਦੂਲਗੜ੍ਹ, ਮਾਲੀ ਸਿੰਘ, ਪ੍ਰਧਾਨ ਜਸਵੀਰ ਸਿੰਘ ਭੀਖੀ, ਗਾਂਧੀ ਸਿੰਘ ਘਰਾਗਣਾ, ਚੇਅਰਮੈਨ ਗੁਰਜੰਟ ਸਿੰਘ, ਪ੍ਰਧਾਨ ਗਗਨ ਸਿੰਘ, ਪ੍ਰਦੀਪ ਚੀਮਾ, ਕੁਲਦੀਪ ਸਿੰਘ ਫਤਿਹਗੜ੍ਹ ਸਾਹਿਬ, ਨਵਨੀਤ ਸ਼ਰਮਾ, ਕਰਮਜੀਤ ਸਿੰਘ ਮਲੋਟ, ਗੁਰਵਿੰਦਰ ਸਿੰਘ ਲਹਿਰਾ, ਮੰਨੂੰ ਖਨੌਰੀ, ਪ੍ਰਮੋਦ ਕੁਮਾਰ, ਜਤਿੰਦਰ ਮਾਨਸਾ, ਪ੍ਰਦੀਪ ਸਿੰਘ ਛਾਹੜ ਨੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ।

# ਨਰੇਗਾ ਤਹਿਤ ਬੇਰੋਜ਼ਗਾਰੀ ਭੱਤੇ ਦੀ ਮੰਗ ਲਈ ਡੀ ਸੀ ਦਫਤਰ ਅੱਗੇ ਭੁੱਖ ਹੜਤਾਲ

### ਮੀਡੀਆ ਦੇ ਦਖਲ ਤੋਂ ਬਾਅਦ ਡੀ ਸੀ ਵੱਲੋਂ ਭਰੋਸਾ ਦੇਣ 'ਤੇ ਪਰਵਾਰ ਨੇ ਧਰਨਾ ਕੀਤਾ ਸਮਾਪਤ




**ਫਾਜ਼ਿਲਕਾ (ਕ੍ਰਿਸ਼ਨ ਸਿੰਘ)**
ਫਾਜ਼ਿਲਕਾ ਦੇ ਪਿੰਡ ਨਵਾਂ ਸਲੇਮਸ਼ਾਹ ਨਿਵਾਸੀ ਇੱਕ ਵਿਅਕਤੀ ਵੱਲੋਂ ਨਰੇਗਾ ਤਹਿਤ ਕੰਮ ਨਾ ਮਿਲਣ ਕਾਰਨ ਬੇਰੋਜ਼ਗਾਰੀ ਭੱਤੇ ਦੀ ਮੰਗ ਨੂੰ ਲੈ ਕੇ ਆਪਣੇ ਪਰਿਵਾਰ ਸਮੇਤ ਡੀ ਸੀ ਦਫਤਰ ਸਾਹਮਣੇ ਸ਼ੁਰੂ ਕੀਤੀ ਗਈ ਭੁੱਖ ਹੜਤਾਲ ਤੀਜੇ ਦਿਨ ਵੀ ਜਾਰੀ ਰਹੀ। ਇਸ ਮੌਕੇ ਪ੍ਰੇਮ ਸਿੰਘ ਨਿਵਾਸੀ ਪਿੰਡ ਨਵਾਂ ਸਲੇਮਸ਼ਾਹ ਨੇ ਕਿਹਾ ਕਿ ਉਨ੍ਹਾਂ ਵੱਲੋਂ ਪਿਛਲੇ ਕਾਫੀ ਸਮੇਂ ਤੋਂ ਆਪਣੇ ਪਿੰਡ ਦੇ ਸਰਪੰਚ ਤੋਂ ਨਰੇਗਾ ਤਹਿਤ ਰੋਜ਼ਗਾਰ ਦੀ ਮੰਗ ਕੀਤੀ ਜਾ ਰਹੀ ਸੀ, ਪਰ ਉਨ੍ਹਾਂ ਨੂੰ ਅੱਜ ਤੱਕ ਕੋਈ ਰੋਜ਼ਗਾਰ ਨਹੀਂ ਮਿਲਿਆ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਡਿਪਟੀ ਕਮਿਸ਼ਨਰ ਦਫਤਰ ਫਾਜ਼ਿਲਕਾ 'ਚ ਲਿਖਤੀ ਦਰਖਾਸਤ ਰਾਹੀਂ ਤੇ ਏਡੀਸੀ ਫਾਜ਼ਿਲਕਾ ਨੂੰ ਮਿਲ ਕੇ ਉਨ੍ਹਾਂ ਨੂੰ ਨਰੇਗਾ ਕਾਨੂੰਨ ਤਹਿਤ ਬੇਰੋਜ਼ਗਾਰੀ ਭੱਤਾ ਦੇਣ ਦੀ ਮੰਗ ਕੀਤੀ ਗਈ, ਪਰ ਫਿਰ ਵੀ ਅੱਜ ਤੱਕ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋਈ, ਜਿਸ ਦੇ ਚਲਦਿਆਂ ਮਜਬੂਰ ਹੋ ਕੇ ਉਨ੍ਹਾਂ ਵੱਲੋਂ ਆਪਣੇ ਸਮੂਹ ਪਰਿਵਾਰ ਸਮੇਤ ਡਿਪਟੀ ਕਮਿਸ਼ਨਰ ਦਫਤਰ ਫਾਜ਼ਿਲਕਾ ਸਾਹਮਣੇ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਆਪਣੇ ਧਰਨੇ ਦੇ ਤਿੰਨ ਦਿਨ ਬੀਤ ਜਾਣ ਤੋਂ ਬਾਅਦ ਵੀ ਅਜੇ ਤੱਕ ਕੋਈ ਅਧਿਕਾਰੀ ਉਨ੍ਹਾਂ ਦੀ ਸਾਰ ਤੱਕ ਲੈਣ ਨਹੀਂ ਆਇਆ। ਉਨ੍ਹਾਂ ਕਿਹਾ ਕਿ ਜਦੋਂ ਤੱਕ ਉਨ੍ਹਾਂ ਦੀ ਮੰਗ ਪੂਰੀ ਨਹੀਂ ਕੀਤੀ ਜਾਂਦੀ, ਉਦੋਂ ਤੱਕ ਉਨ੍ਹਾਂ ਦੀ ਭੁੱਖ ਹੜਤਾਲ ਇਸੇ ਤਰ੍ਹਾਂ ਜਾਰੀ ਰਹੇਗੀ। ਜਦੋਂ ਇਸ ਬਾਰੇ ਡਿਪਟੀ ਕਮਿਸ਼ਨਰ ਫਾਜ਼ਿਲਕਾ ਮੈਡਮ ਸੈਨੂ ਦੁੱਗਲ ਨੂੰ ਉਨ੍ਹਾਂ ਦੇ ਦਫਤਰ 'ਚ ਜਾ ਕੇ ਗੱਲਬਾਤ ਕੀਤੀ ਤਾਂ ਉਨ੍ਹਾ ਕਿਹਾ ਕਿ ਉਨ੍ਹਾ ਨੂੰ ਇਸ ਮਾਮਲੇ ਬਾਰੇ ਕੋਈ ਜਾਣਕਾਰੀ ਨਹੀਂ ਹੈ। ਸਾਡੀ ਟੀਮ ਵੱਲੋਂ ਇਹ ਮਾਮਲਾ ਉਨ੍ਹਾ ਦੇ ਧਿਆਨ 'ਚ ਲਿਆਉਣ ਤੋਂ ਬਾਅਦ ਉਨ੍ਹਾ ਨੇ ਭੁੱਖ ਹੜਤਾਲ 'ਤੇ ਬੈਠੇ ਪਰਿਵਾਰ ਨੂੰ ਬੁਲਾ ਕੇ ਉਨ੍ਹਾਂ ਦੀ ਸ਼ਿਕਾਇਤ ਨੂੰ ਸੁਣਿਆ। ਇਸ ਤੋਂ ਬਾਅਦ ਉਨ੍ਹਾ ਨੇ ਮੌਕੇ 'ਤੇ ਉਨ੍ਹਾਂ ਨੂੰ ਨਰੇਗਾ ਤਹਿਤ ਕੰਮ ਦੇਣ ਦਾ ਭਰੋਸਾ ਦਿੱਤਾ, ਪਰ ਬੇਰੋਜ਼ਗਾਰੀ ਭੱਤਾ ਦੇਣ ਦੀ ਮੰਗ ਨੂੰ ਖਾਰਜ ਕਰ ਦਿੱਤਾ ਗਿਆ। ਬਾਅਦ 'ਚ ਨਾਖੁਸ਼ ਪਰਿਵਾਰ ਵੱਲੋਂ ਮਜਬੂਰੀ ਵੱਸ ਆਪਣਾ ਧਰਨਾ ਸਮਾਪਤ ਕਰਨਾ ਪਿਆ।

# ਪੀ ਆਈ ਐੱਸ ਦੇ ਰੈਜ਼ੀਡੈਂਸਲ ਖੇਡ ਵਿੰਗਾਂ ਲਈ ਟਰਾਇਲ ਕੱਲ੍ਹ ਤੋਂ

**ਸੰਗਰੂਰ (ਪ੍ਰਵੀਨ ਸਿੰਘ)**
ਪੰਜਾਬ ਇੰਸਟੀਚਿਊਟ ਆਫ ਸਪੋਰਟਸ ਦੇ ਰੈਜ਼ੀਡੈਂਸਲ ਖੇਡ ਵਿੰਗਾਂ ਲਈ ਖਿਡਾਰੀਆਂ ਦੀ ਚੋਣ ਵਾਸਤੇ ਟਰਾਇਲ 3 ਅਪ੍ਰੈਲ ਤੋਂ ਸ਼ੁਰੂ ਹੋ ਰਹੇ ਹਨ, ਜੋ ਕਿ 25 ਅਪ੍ਰੈਲ ਤੱਕ ਚੱਲਣਗੇ। ਇਸ ਵਾਰ ਟਰਾਇਲਾਂ ਦਾ ਦਾਇਰਾ ਵਧਾਉਂਦਿਆਂ ਵੱਖ-ਵੱਖ ਖੇਡਾਂ ਦੇ ਟਰਾਇਲ 11 ਸਥਾਨਾਂ ਉਤੇ ਲਏ ਜਾਣਗੇ, ਜਿਸ ਤੋਂ ਬਾਅਦ ਇਨ੍ਹਾਂ ਟਰਾਇਲਾਂ ਵਿੱਚੋਂ ਚੁਣੇ ਗਏ ਖਿਡਾਰੀਆਂ ਦੇ ਫਾਈਨਲ ਟਰਾਇਲ 24 ਅਪ੍ਰੈਲ ਤੋਂ ਸ਼ੁਰੂ ਹੋਣਗੇ, ਜੋ 26 ਅਪ੍ਰੈਲ ਤੱਕ ਚੱਲਣਗੇ।

ਇਸ ਪ੍ਰੈੱਸ ਬਿਆਨ ਰਾਹੀਂ ਜਾਣਕਾਰੀ ਦਿੰਦਿਆਂ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ ਪੰਜਾਬ ਨੂੰ ਖੇਡਾਂ ਵਿੱਚ ਮੁੜ ਮੋਹਰੀ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਸੂਬਾ ਸਰਕਾਰ ਵੱਲੋਂ ਨਿਰੰਤਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪਿਛਲੇ ਸਾਲ ਪਹਿਲੀ ਵਾਰ ਕਰਵਾਈਆਂ ਗਈਆਂ ਖੇਡਾਂ ਵਤਨ ਪੰਜਾਬ ਦੀਆਂ ਨੂੰ ਵੱਡਾ ਹੁਲਾਰਾ ਮਿਲਿਆ ਤੇ 3 ਲੱਖ ਦੇ ਕਰੀਬ ਖਿਡਾਰੀਆਂ ਨੇ ਹਿੱਸਾ ਲਿਆ, ਜਿਸ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਕਿ ਨਵੇਂ ਸੈਸ਼ਨ ਲਈ ਖੇਡ ਵਿੰਗਾਂ ਦੇ ਟਰਾਇਲਾਂ ਦਾ ਦਾਇਰਾ ਵਧਾਇਆ ਜਾਵੇ। ਵੱਖ-ਵੱਖ ਖੇਡਾਂ 'ਚ ਛੇ ਉਮਰ ਗਰੁੱਪਾਂ ਅੰਡਰ 10, ਅੰਡਰ 12, ਅੰਡਰ 14, ਅੰਡਰ 17, ਅੰਡਰ 19 ਤੇ ਅੰਡਰ 21 ਦੇ ਟਰਾਇਲ ਪਹਿਲਾਂ ਜ਼ਿਲ੍ਹਾ ਵਾਰ ਬਣਾਏ ਜ਼ੋਨਾਂ ਵਿੱਚ ਹੋਣਗੇ ਤੇ ਇਸ ਤੋਂ ਬਾਅਦ ਜ਼ਿਲ੍ਹਿਆਂ ਵਿੱਚੋਂ ਚੁਣੇ ਖਿਡਾਰੀਆਂ ਦੇ ਫਾਈਨਲ ਟਰਾਇਲ ਇੱਕ ਸਥਾਨ 'ਤੇ ਹੋਣਗੇ ਅਤੇ ਇਸ ਨਾਲ ਬਿਹਤਰੀਨ ਖਿਡਾਰੀ ਸਾਹਮਣੇ ਆਉਣਗੇ।

ਉਨ੍ਹਾ ਕਿਹਾ ਕਿ 18 ਖੇਡਾਂ ਦੀਆਂ 1700 ਦੇ ਕਰੀਬ ਸੀਟਾਂ ਲਈ ਟਰਾਇਲ ਹੋਣਗੇ। ਜ਼ਿਲ੍ਹਾ ਵਾਰ ਹੋਣ ਵਾਲੇ ਟਰਾਇਲਾਂ ਦੇ ਵੇਰਵਿਆਂ ਅਨੁਸਾਰ ਅੰਮ੍ਰਿਤਸਰ ਜ਼ਿਲ੍ਹੇ 'ਚ 3 ਤੇ 4 ਅਪ੍ਰੈਲ ਨੂੰ ਵੱਖ-ਵੱਖ ਖੇਡਾਂ ਦੇ ਟਰਾਇਲ ਲਏ ਜਾਣਗੇ, ਜਿਨ੍ਹਾਂ 'ਚ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ ਤੇ ਤਰਨ ਤਾਰਨ ਦੇ ਖਿਡਾਰੀ ਹਿੱਸਾ ਲੈ ਸਕਣਗੇ। ਇਸੇ ਤਰ੍ਹਾਂ ਜਲੰਧਰ ਵਿਖੇ 6 ਤੇ 7 ਅਪ੍ਰੈਲ ਨੂੰ ਵੱਖ-ਵੱਖ ਖੇਡਾਂ ਦੇ ਜਲੰਧਰ, ਕਪੂਰਥਲਾ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਟਰਾਇਲ ਹੋਣਗੇ। ਲੁਧਿਆਣਾ ਵਿਖੇ 9 ਤੇ 10 ਅਪ੍ਰੈਲ ਨੂੰ ਲੁਧਿਆਣਾ, ਮੋਗਾ, ਮਲੇਰਕੋਟਲਾ ਤੇ ਨਵਾਂਸ਼ਹਿਰ ਜ਼ਿਲ੍ਹਿਆਂ ਦੇ ਵੱਖ-ਵੱਖ ਖੇਡਾਂ ਲਈ ਟਰਾਇਲ ਹੋਣਗੇ। ਪਟਿਆਲਾ ਵਿਖੇ 12 ਤੇ 13 ਅਪ੍ਰੈਲ ਨੂੰ ਪਟਿਆਲਾ, ਫਤਹਿਗੜ੍ਹ ਸਾਹਿਬ ਤੇ ਸੰਗਰੂਰ ਜ਼ਿਲ੍ਹਿਆਂ, ਬਠਿੰਡਾ ਵਿਖੇ 15 ਤੇ 16 ਅਪ੍ਰੈਲ ਨੂੰ ਬਠਿੰਡਾ, ਬਰਨਾਲਾ ਤੇ ਮਾਨਸਾ ਜ਼ਿਲ੍ਹਿਆਂ, ਫਰੀਦਕੋਟ ਵਿਖੇ 18 ਤੇ 19 ਅਪ੍ਰੈਲ ਨੂੰ ਫਰੀਦਕੋਟ, ਮੁਕਤਸਰ ਸਾਹਿਬ, ਫਾਜ਼ਿਲਕਾ ਤੇ ਫਿਰੋਜ਼ਪੁਰ ਜ਼ਿਲ੍ਹਿਆਂ, ਸ੍ਰੀ ਮੁਕਤਸਰ ਸਾਹਿਬ ਵਿਖੇ ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਫਿਰੋਜ਼ਪੁਰ ਤੇ ਫਰੀਦਕੋਟ ਜ਼ਿਲ੍ਹਿਆਂ, ਐੱਸ.ਏ.ਐੱਸ. ਨਗਰ ਵਿਖੇ 21 ਤੇ 22 ਅਪ੍ਰੈਲ ਨੂੰ ਐੱਸ.ਏ.ਐੱਸ. ਨਗਰ ਤੇ ਰੂਪਨਗਰ ਜ਼ਿਲ੍ਹਿਆਂ ਦੇ ਟਰਾਇਲ ਹੋਣਗੇ।

ਇਸ ਤੋਂ ਇਲਾਵਾ ਰੂਪਨਗਰ ਵਿਖੇ 3 ਤੇ 4 ਅਪ੍ਰੈਲ ਨੂੰ ਰੋਇੰਗ ਖੇਡ ਲਈ ਸਾਰੇ ਜ਼ਿਲ੍ਹਿਆਂ, ਬਰਨਾਲਾ ਵਿਖੇ 24 ਤੇ 25 ਅਪ੍ਰੈਲ ਨੂੰ ਟੇਬਲ ਟੈਨਿਸ ਖੇਡ ਲਈ ਸਾਰੇ ਜ਼ਿਲ੍ਹਿਆਂ ਤੇ ਮਾਹਿਲਪੁਰ (ਹੁਸ਼ਿਆਰਪੁਰ) ਵਿਖੇ 24 ਤੇ 25 ਅਪ੍ਰੈਲ ਨੂੰ ਫੁੱਟਬਾਲ ਲਈ ਸਾਰੇ ਜ਼ਿਲ੍ਹਿਆਂ ਦੇ ਟਰਾਇਲ ਹੋਣਗੇ।

# ਸੰਵਿਧਾਨ ਬਚਾਉਣਾ ਸਮੇਂ ਦੀ ਵੱਡੀ ਲੋੜ : ਢੋਸੀਵਾਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**
ਦੇਸ਼ ਦੇ ਮਹਾਨ ਵਿਦਵਾਨ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਮ ਅੰਬੇਡਕਰ ਨੇ ਕਰੀਬ ਤਿੰਨ ਸਾਲ ਦੀ ਸਖਤ ਮਿਹਨਤ ਅਤੇ ਦੁਨੀਆ ਦੇ ਸਾਰੇ ਸੰਵਿਧਾਨਾਂ ਦਾ ਗੰਭੀਰਤਾ ਨਾਲ ਅਧਿਐਨ ਕਰਕੇ ਦੇਸ਼ ਦਾ ਸੰਵਿਧਾਨ ਲਿਖਿਆ ਸੀ। ਭਾਰਤੀ ਸੰਵਿਧਾਨ ਦੁਨੀਆ ਦਾ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੈ, ਜਿਸ ਨੂੰ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ ਸੀ।

ਸੰਵਿਧਾਨ 'ਚ ਸਰਕਾਰ ਚਲਾਉਣ ਲਈ ਦਿਸ਼ਾ ਨਿਰਦੇਸ਼, ਆਮ ਨਾਗਰਿਕਾਂ ਲਈ ਮੌਲਿਕ ਅਧਿਕਾਰ, ਘੱਟ ਗਿਣਤੀਆਂ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਤੋਂ ਇਲਾਵਾ ਔਰਤਾਂ ਨੂੰ ਵਿਸ਼ੇਸ਼ ਅਧਿਕਾਰ ਅਤੇ ਜੁਡੀਸ਼ਰੀ ਲਈ ਗਾਈਡ ਲਾਈਨਜ਼ ਦਰਜ ਹਨ। ਇਨ੍ਹਾਂ ਦਿਸ਼ਾ ਨਿਰਦੇਸ਼ਾਂ ਅਤੇ ਗਾਈਡ ਲਾਈਨਜ਼ ਅਨੁਸਾਰ ਹੀ ਦੇਸ਼ ਨੂੰ ਚਲਾਇਆ ਜਾਂਦਾ ਹੈ। ਪ੍ਰੰਤੂ ਪਿਛਲੇ ਸਮੇਂ 'ਚ ਵੇਲੇ ਦੀਆਂ ਸਰਕਾਰਾਂ ਸੰਵਿਧਾਨ 'ਚ ਸੋਧ ਕਰਨ ਦੇ ਬਹਾਨੇ ਇਸ ਦੀ ਮੂਲ ਭਾਵਨਾ ਨਾਲ ਛੇੜਛਾੜ ਕਰਕੇ ਇਸ ਨੂੰ ਖਤਮ ਕਰਨ 'ਤੇ ਤੁਲੀਆਂ ਹੋਈਆਂ ਹਨ। ਸੰਵਿਧਾਨ ਲਾਗੂ ਹੋਣ ਤੋਂ ਬਾਅਦ ਹੁਣ ਤੱਕ 105 ਸੋਧਾਂ ਕੀਤੀਆਂ ਜਾ ਚੁੱਕੀਆਂ ਹਨ। ਸੰਵਿਧਾਨਕ ਹੱਕਾਂ ਨੂੰ ਲਾਗੂ ਕਰਨ 'ਚ ਤੋੜ ਮਰੋੜ ਕੇ ਅਜਿਹੀਆਂ ਸ਼ਰਤਾਂ ਪਾਈਆਂ ਜਾ ਰਹੀਆਂ ਹਨ ਜਿਸ ਨਾਲ ਹੱਕਦਾਰ ਲੋਕਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਤੋਂ ਵੰਚਿਤ ਕੀਤਾ ਜਾ ਸਕੇ। ਐਨਾ ਹੀ ਨਹੀਂ ਸਰਕਾਰਾਂ ਵੱਲੋਂ ਅਜਿਹੇ ਕਦਮ ਉਠਾਏ ਜਾ ਰਹੇ ਹਨ ਜੋ ਗੈਰ ਸੰਵਿਧਾਨਕ ਹਨ। ਜੁਡੀਸ਼ਰੀ 'ਚ ਰਿਜ਼ਰਵ ਕੈਟਾਗਿਰੀ ਦੇ ਉਮੀਦਵਾਰਾਂ ਨੂੰ ਰਾਖਵਾਂਕਰਨ ਨਾ ਦੇਣਾ, ਅਨੁਸੂਚਿਤ ਜਾਤੀ ਅਤੇ ਪਛੜੀਆਂ ਸ਼੍ਰੇਣੀਆਂ ਦੇ ਸੰਵਿਧਾਨਕ ਹੱਕਾਂ ਦੀ ਰਾਖੀ ਲਈ ਬਣਾਏ ਗਏ ਕਮਿਸ਼ਨਾਂ ਦੇ ਅਧਿਕਾਰ ਖੇਤਰ ਨੂੰ ਸੀਮਤ ਕਰਨਾ, ਇਨ੍ਹਾਂ 'ਚ ਮੈਂਬਰਾਂ ਦੀ ਗਿਣਤੀ ਘੱਟ ਕਰਵਾਉਣਾ ਆਦਿ ਵਿਸ਼ੇਸ਼ ਰੂਪ 'ਚ ਸ਼ਾਮਲ ਹਨ। ਰਿਜ਼ਰਵ ਕੈਟਾਗਿਰੀ ਦੇ ਵਿਦਿਆਰਥੀਆਂ ਨੂੰ ਵਜ਼ੀਫ਼ੇ ਨਾ ਦੇ ਕੇ ਉਨ੍ਹਾਂ ਨੂੰ ਸਿੱਖਿਆ ਦੇ ਅਧਿਕਾਰ ਤੋਂ ਵੰਚਿਤ ਕਰਨ ਦੀ ਕੋਝੀ ਸਾਜਿਸ਼ ਹੈ। ਨਿੱਜੀਕਰਨ ਨੂੰ ਪਹਿਲ ਦੇ ਕੇ ਸਮਾਜ ਦੇ ਬਹੁਤ ਵੱਡੇ ਹਿੱਸੇ ਨੂੰ ਰਿਜ਼ਰਵੇਸ਼ਨ ਦੇ ਹੱਕ ਤੋਂ ਵਾਂਝਿਆ ਕੀਤਾ ਜਾ ਰਿਹਾ ਹੈ। ਐਲ ਬੀ ਸੀ ਟੀ (ਲਾਰਡ ਬੁੱਧ ਚੈਰੀਟੇਬਲ ਟਰੱਸਟ) ਦੇ ਚੇਅਰਮੈਨ ਅਤੇ ਆਲ ਇੰਡੀਆ ਐਸ ਸੀ /ਬੀ ਸੀ/ਐਸ ਟੀ ਏਕਤਾ ਭਲਾਈ ਮੰਚ ਦੇ ਰਾਸ਼ਟਰੀ ਪ੍ਰਧਾਨ ਦਲਿਤ ਰਤਨ ਜਗਦੀਸ਼ ਰਾਏ ਢੋਸੀਵਾਲ ਨੇ ਦੇਸ਼ ਦੇ ਸੰਵਿਧਾਨ ਦੀ ਮੂਲ ਭਾਵਨਾ ਨੂੰ ਖਤਮ ਕੀਤੇ ਜਾਣ ਦੀਆਂ ਕੋਝੀਆਂ ਚਾਲਾਂ ਦੀ ਪੁਰਜ਼ੋਰ ਸ਼ਬਦਾਂ 'ਚ ਨਿੰਦਾ ਕੀਤੀ ਹੈ। ਉਨ੍ਹਾ ਕਿਹਾ ਕਿ ਅਜਿਹਾ ਕਰਕੇ ਸਰਕਾਰ ਆਮ ਲੋਕਾਂ ਦੇ ਸੰਵਿਧਾਨਕ ਹੱਕ ਖੋਹ ਰਹੀ ਹੈ। ਪ੍ਰਧਾਨ ਢੋਸੀਵਾਲ ਨੇ ਕਿਹਾ ਕਿ ਅਜੋਕੇ ਸਮੇਂ 'ਚ ਦੇਸ਼ ਦੇ ਸੰਵਿਧਾਨ ਨੂੰ ਬਚਾਉਣਾ ਹੀ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਜਿਸ ਲਈ ਸਾਨੂੰ ਸਾਰਿਆਂ ਨੂੰ ਗੰਭੀਰਤਾ ਨਾਲ ਸੋਚਣਾ ਅਤੇ ਵਿਚਾਰ ਕਰਨਾ ਚਾਹੀਦਾ ਹੈ।

# ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਨ ਨੂੰ ਸੂਬਾ ਪੱਧਰੀ ਮਨਾਉਣ ਸੰਬੰਧੀ ਬੀਬੀ ਮਾਣੂਕੇ ਨੇ ਕੀਤਾ ਕਾਰਡ ਜਾਰੀ



**ਜਗਰਾਉਂ (ਅਮਿਤ ਖੰਨਾ)**-ਅੱਜ ਨਗਰ ਕੌਂਸਲ ਜਗਰਾਉਂ ਅੰਦਰ ਬੀਬੀ ਸਰਬਜੀਤ ਕੌਰ ਮਾਣੂਕੇ ਐਮ ਐਲ ਏ ਹਲਕਾ ਜਗਰਾਉਂ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ 132ਵੇਂ ਜਨਮ ਦਿਨ ਨੂੰ ਸੂਬਾ ਪੱਧਰੀ ਮਨਾਉਣ ਸੰਬੰਧੀ ਕਾਰਡ ਜਾਰੀ ਕੀਤਾ ਗਿਆ। ਇਸ ਸਮਾਗਮ ਬਾਰੇ ਜਾਣਕਾਰੀ ਦਿੰਦਿਆਂ ਸਫਾਈ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਰੁਣ ਗਿੱਲ ਨੇ ਦੱਸਿਆ ਕਿ ਇਸ ਸਮਾਗਮ 'ਚ ਮੰਤਰੀ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਸਰਕਾਰ ਡਾ. ਇੰਦਰਬੀਰ ਸਿੰਘ ਨਿੱਝਰ ਮੁੱਖ ਮਹਿਮਾਨ ਅਤੇ ਹਲਕਾ ਵਿਧਾਇਕ ਜਗਰਾਉਂ ਬੀਬੀ ਸਰਬਜੀਤ ਕੌਰ ਮਾਣੂਕੇ ਵਿਸ਼ੇਸ਼ ਮਹਿਮਾਨ ਹੋਣਗੇ। 14 ਅਪ੍ਰੈਲ ਨੂੰ ਜਗਰਾਉਂ ਅੰਦਰ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਹਾੜਾ ਸੂਬਾ ਪੱਧਰੀ ਮਨਾਉਣ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ, ਇਹ ਸੁਭਾਗ ਸਫਾਈ ਸੇਵਕ ਯੂਨੀਅਨ ਪੰਜਾਬ ਦੀ ਟੀਮ ਦੀ ਪ੍ਰੇਰਨਾ ਸਦਕਾ ਪ੍ਰਾਪਤ ਹੋਇਆ ਹੈ। ਇਸ ਸਮਾਗਮ 'ਚ ਵੱਡੀ ਗਿਣਤੀ 'ਚ ਹਲਕਾ ਨਿਵਾਸੀ, ਸਿਵਲ ਪ੍ਰਸ਼ਾਸਨ, ਪੁਲਸ ਪ੍ਰਸ਼ਾਸਨ, ਕੌਂਸਲਰ, ਸਾਬਕਾ ਕੌਂਸਲਰ ਅਤੇ ਸਮਾਜ ਸੇਵੀ ਜਥੇਬੰਦੀਆਂ /ਯੂਨੀਅਨਾਂ ਸਿੱਖੀ ਦਾ ਮਾਣ ਤੇ ਦੇਸ਼ ਵਿਦੇਸ਼ 'ਚ ਵਸਦੇ ਪੰਜਾਬੀਆਂ ਦੇ ਸਹਿਯੋਗ ਨਾਲ ਮਨਾਇਆ ਜਾਵੇਗਾ। ਇਸ ਸਮਾਗਮ ਦਾ ਉਦਘਾਟਨ ਗੌਰਮਿੰਟ ਸਕੂਲ ਦੀਆਂ ਹੋਣਹਾਰ ਲੜਕੀਆਂ ਕਰਨਗੀਆਂ। ਪੜ੍ਹਾਈ /ਖੇਡਾਂ /ਸਮਾਜਕ ਖੇਤਰ ਅੰਦਰ ਮੱਲਾਂ ਮਾਰਨ ਵਾਲੀਆਂ ਔਰਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਸੰਗਤਾਂ ਲਈ ਲੰਗਰ ਦਾ ਖਾਸ ਪ੍ਰਬੰਧ ਕੀਤਾ ਜਾਵੇਗਾ। ਕਾਰਡ ਜਾਰੀ ਕਰਨ ਮੌਕੇ ਡੀ ਐਸ ਪੀ ਸਿਟੀ ਜਗਰਾਉਂ ਸਤਿੰਦਰ ਸਿੰਘ ਵਿਰਕ, ਐਸ ਐਚ ਓ ਸਿਟੀ ਹੀਰਾ ਸਿੰਘ, ਸਮੂਹ ਪੁਲਸ ਸਟਾਫ, ਸਮੂਹ ਕੌਂਸਲਰ ਸਾਹਿਬਾਨ, ਸਮੂਹ ਸੀਵਰੇਜ ਮੈਨ, ਸਮੂਹ ਦਫਤਰੀ ਸਟਾਫ, ਸਮੂਹ ਫਾਇਰ ਮੈਨ ਅਤੇ ਸਮੂਹ ਸਫਾਈ ਸੇਵਕ ਨਗਰ ਕੌਂਸਲ ਜਗਰਾਉਂ ਹਾਜ਼ਰ ਸਨ।

# ਪ੍ਰਾਇਮਰੀ ਸੈਂਟਰ ਸਕੂਲ ਬਾਜੇ ਕੇ ਦਾ ਨਵਾਂ ਵਿੱਦਿਅਕ ਸੈਸ਼ਨ ਸ਼ੁਰੂ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਪੰਜਾਬ ਸਕੂਲ ਸਿੱਖਿਆ ਵਿਭਾਗ, ਜ਼ਿਲ੍ਹਾ ਸਿੱਖਿਆ ਅਫਸਰ ਫਿਰੋਜ਼ਪੁਰ ਰਾਜੀਵ ਛਾਬੜਾ, ਉਪ ਜ਼ਿਲ੍ਹਾ ਸਿੱਖਿਆ ਅਫਸਰ ਸੁਖਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਗੁਰੂ ਹਰਸਹਾਏ-2 ਸੁਰਿੰਦਰਪਾਲ ਸਿੰਘ ਦੀ ਅਗਵਾਈ ਵਿਚ ਸਰਕਾਰੀ ਪ੍ਰਾਇਮਰੀ ਸੈਂਟਰ ਸਕੂਲ ਬਾਜੇ ਕੇ ਵਿਖੇ ਗ੍ਰੈਜੂਏਸ਼ਨ ਸੈਰਾਮਨੀ ਦੇ ਨਾਲ ਸਾਲਾਨਾ ਨਤੀਜਾ ਵੰਡ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਯੂ ਕੇ ਜੀ ਤੋਂ ਚੌਥੀ ਜਮਾਤ ਤੱਕ ਦਾ ਸਾਲਾਨਾ ਨਤੀਜਾ ਐਲਾਨ ਕੀਤਾ ਗਿਆ। ਪ੍ਰੀ ਪ੍ਰਾਇਮਰੀ ਦੇ ਸਾਰੇ ਵਿਦਿਆਰਥੀਆਂ ਲਈ ਮੈਡਲ ਤੇ ਪਹਿਲੀ ਜਮਾਤ ਤੋਂ ਚੌਥੀ ਜਮਾਤ ਤੱਕ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੀ ਦਿੱਤੇ ਗਏ ਤੇ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਕਾਪੀਆਂ ਪੈਨਸਲਾਂ ਵੰਡੀਆਂ ਗਈਆਂ। ਇਸ ਮੌਕੇ ਪਿੰਡ ਬਾਜੇ ਕੇ ਦੇ ਸਰਪੰਚ ਕਸ਼ਮੀਰ ਲਾਲ, ਪਸਵਕ ਕਮੇਟੀ ਦੇ ਚੇਅਰਮੈਨ ਹੰਸ ਰਾਜ ਕੰਬੋਜ, ਓਮ ਪ੍ਰਕਾਸ਼ ਪੰਚ, ਹਰਬੰਸ ਲਾਲ ਸੇਵਾ ਮੁਕਤ ਪ੍ਰਿੰਸੀਪਲ, ਕੁਲਜਸ ਨੰਬਰਦਾਰ, ਪ੍ਰਿੰਸ ਕੰਬੋਜ ਪੰਚ, ਸੂਰਜ ਪ੍ਰਕਾਸ਼ ਪੰਚ, ਕਰਨੈਲ ਸਿੰਘ ਸਰਪੰਚ, ਮਿਲਖ ਰਾਜ, ਬਲਾਕ ਗੁਰੂਹਰਸਹਾਏ ਦੇ ਸਮੂਹ ਸਟਾਫ, ਸਮੂਹ ਸੀਐਚਟੀ, ਵਾਸਲ ਮੋਹਨ ਕੇ ਸਕੂਲ ਦਾ ਸਟਾਫ, ਸੈਂਟਰ ਬਾਜੇ ਕੇ ਅਧੀਨ ਵੱਖ-ਵੱਖ ਸਕੂਲਾ ਦੇ ਅਧਿਆਪਕਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਸੈਂਟਰ ਹੈੱਡ ਟੀਚਰ ਮਨਪ੍ਰੀਤ ਕੌਰ ਨੇ ਸਕੂਲ ਪਹੁੰਚੇ ਪਤਵੰਤਿਆ ਤੇ ਬੱਚਿਆਂ ਦੇ ਮਾਤਾ-ਪਿਤਾ ਨੂੰ ਬੱਚਿਆਂ ਦੀ ਕਾਰਗੁਜ਼ਾਰੀ ਬਾਰੇ ਜਾਣੂ ਕਰਵਾਇਆ। ਪ੍ਰੋਗਰਾਮ ਵਿਚ ਆਏ ਹੋਏ ਸਮੂਹ ਪਤਵੰਤਿਆਂ ਨੇ ਸਰਕਾਰ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਗੁਰਜੰਟ ਕੌਰ, ਛਿੰਦਰਪਾਲ ਕੌਰ, ਸੰਜੀਵ ਕੁਮਾਰ, ਆਂਗਣਵਾੜੀ ਕੁਸ਼ੱਲਿਆ ਦੇਵੀ, ਪੁਸ਼ਪਾ ਰਾਣੀ, ਜਸਬੀਰ ਕੌਰ, ਚਰਨਜੀਤ ਕੌਰ ਆਦਿ ਤੋਂ ਇਲਵਾ ਵੱਡੀ ਗਿਣਤੀ 'ਚ ਬੱਚਿਆਂ ਦੇ ਮਾਪੇ ਤੇ ਹੋਰ ਹਾਜ਼ਰ ਸਨ।

# ਮਿਡਲ ਸਕੂਲ ਜਲਾਜਣ ਦਾ ਨਤੀਜਾ ਸ਼ਾਨਦਾਰ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਸਰਕਾਰੀ ਮਿਡਲ ਸਕੂਲ ਜਲਾਜਣ ਦਾ ਸਾਲਾਨਾ ਨਤੀਜਾ 100 ਫ਼ੀਸਦੀ ਰਿਹਾ। ਇਸ ਮੌਕੇ ਜਾਣਕਾਰੀ ਦਿੰਦਿਆਂ ਸਕੂਲ ਇੰਚਾਰਜ ਕਰਮਦੀਪ ਕੌਰ ਨੇ ਦੱਸਿਆ ਕਿ ਸੱਤਵੀਂ ਜਮਾਤ 'ਚੋਂ ਜਸਕਰਨ ਸਿੰਘ ਨੇ ਪਹਿਲਾ ਸਥਾਨ, ਜਸਕੀਰਤ ਸਿੰਘ ਨੇ ਦੂਜਾ ਸਥਾਨ ਤੇ ਗੁਰਮਨਜੋਤ ਸਿੰਘ, ਹਰਕੀਰਤ ਸਿੰਘ ਤੇ ਹੁਸਨਪ੍ਰੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਛੇਵੀਂ ਜਮਾਤ 'ਚੋਂ ਅੰਜਲੀ ਵਰਮਾ ਨੇ ਪਹਿਲਾ, ਨਵਪ੍ਰੀਤ ਕੌਰ ਨੇ ਦੂਜਾ ਤੇ ਕਰਨਦੀਪ ਸਿੰਘ, ਅਰਮਾਨ ਸਿੰਘ, ਸੁਖਬੀਰ ਸਿੰਘ ਤੇ ਭਵਨਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜੇਤੂ ਵਿਦਿਆਰਥੀਆਂ ਨੂੰ ਸਕੂਲ ਵੱਲੋਂ ਮੈਡਲ ਤੇ ਟ੍ਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ। ਸਰਪੰਚ ਬਿੰਦਰ ਕੌਰ ਵੱਲੋਂ ਸਕੂਲ ਸਟਾਫ ਦਾ ਚੰਗੀਆਂ ਸੇਵਾਵਾਂ ਲਈ ਸਨਮਾਨ ਵੀ ਕੀਤਾ ਗਿਆ। ਸਾਰੇ ਬੱਚਿਆਂ ਨੂੰ ਨਵੇਂ ਵਿੱਦਿਅਕ ਸਾਲ ਲਈ ਕਾਪੀਆਂ ਤੇ ਕਿਤਾਬਾਂ ਵੀ ਦਿੱਤੀਆਂ ਗਈਆਂ। ਇਸ ਮੌਕੇ ਸਰਪੰਚ ਬਿੰਦਰ ਕੌਰ, ਸ਼ਮਸ਼ੇਰ ਸ਼ਿੰਘ, ਪੰਚ ਅਵਤਾਰ ਸਿੰਘ, ਡਾ: ਹਰਦਮ ਸਿੰਘ, ਐੱਸ ਐੱਮ ਸੀ ਚੇਅਰਮੈਨ ਰਣਜੀਤ ਕੌਰ, ਰਾਜਨ ਸਿੰਘ ਬਾਂਗਾ, ਹਾਕਮ ਸਿੰਘ ਤੇ ਬਿੱਟੂ ਆਦਿ ਹਾਜ਼ਰ ਸਨ।

# ਨਗਰ ਕੌਂਸਲ ਵੱਲੋਂ ਸਵੱਛਤਾ ਉਤਸਵ ਤਹਿਤ ਮਸ਼ਾਲ ਰੈਲੀ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨਗਰ ਕੌਂਸਲ ਵੱਲੋਂ ਕਾਰਜ ਸਾਧਕ ਅਫ਼ਸਰ ਹਰਨਰਿੰਦਰ ਸਿੰਘ ਸ਼ੇਰ ਗਿੱਲ ਤੇ ਇੰਸਪੈਕਟਰ ਸੁਖਦੇਵ ਸਿੰਘ ਬਿੱਟੂ ਦੀ ਅਗਵਾਈ ਵਿੱਚ ਸਵੱਛਤਾ ਉਤਸਵ ਤਹਿਤ ਮਸ਼ਾਲ ਰੈਲੀ ਸਥਾਨਕ ਦਫ਼ਤਰ ਤੋਂ ਦੁਸਹਿਰਾ ਗਰਾਊਂਡ ਤੱਕ ਕੱਢੀ ਗਈ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਵਿਧਾਇਕ ਸਮਰਾਲਾ ਜਗਤਾਰ ਸਿੰਘ ਦਿਆਲਪੁਰਾ ਪਹੁੰਚੇ। ਇਸ ਸਮੇਂ ਸੀ ਐੱਫ ਨਵਨੀਤ ਕੌਰ ਤੇ ਪਰਮਜੀਤ ਸਿੰਘ ਨੀਲੋਂ ਨੇ 'ਸਵੱਛ ਭਾਰਤ' ਮਿਸ਼ਨ ਤਹਿਤ ਔਰਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਹਮੇਸ਼ਾ ਘਰਾਂ ਵਿੱਚ ਗਿੱਲੇ ਕੂੜੇ ਤੋਂ ਖਾਦ ਤਿਆਰ ਕਰਨ ਦੇ ਨਾਲ ਸੁੱਕਾ ਕੂੜਾ ਅਲੱਗ-ਅਲੱਗ ਕਰਕੇ ਸਫ਼ਾਈ ਸੇਵਕਾਂ ਨੂੰ ਦੇਣਾ ਚਾਹੀਦਾ ਹੈ ਤੇ ਘਰਾਂ ਵਿੱਚ ਵੱਧ ਤੋਂ ਵੱਧ ਫ਼ਲ ਤੇ ਸਬਜ਼ੀਆਂ ਲਗਾਉਣੀਆਂ ਚਾਹੀਦੀਆਂ ਹਨ। ਇਸ ਮੌਕੇ ਵੈਸਟ ਆਊਟ ਆਫ਼ ਦੀ ਪ੍ਰਦਰਸ਼ਨੀ ਲਗਾਈ ਗਈ। ਸੀ. ਓ. ਜਰਨੈਲ ਸਿੰਘ ਨੇ ਔਰਤਾਂ ਨੂੰ ਹੈਲਪ ਸੈਲਫ਼ ਗਰੁੱਪ ਦੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਵੱਲੋਂ ਵਧੀਆ ਸੇਵਾਵਾਂ ਪ੍ਰਦਾਨ ਕਰਨ ਵਾਲਿਆਂ ਨੂੰ ਸਨਮਾਨਤ ਕੀਤਾ ਗਿਆ। ਉਨ੍ਹਾ ਕਿਹਾ ਕਿ ਰਾਸ਼ਟਰੀ ਪ੍ਰਤੀਯੋਗਤਾ ਲਈ ਔਰਤਾਂ 5 ਅਪ੍ਰੈਲ ਤੱਕ ਨਗਰ ਕੌਂਸਲ ਦਫ਼ਤਰ ਵਿਖੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੀਆਂ ਹਨ।

ਇਸ ਮੌਕੇ ਇੰਸਪੈਕਟਰ ਸੁਖਵਿੰਦਰ ਸਿੰਘ, ਚੇਅਰਮੈਨ ਧਰਮਵੀਰ ਧੰਮੀ, ਪੀ. ਏ. ਸੁਖਵਿੰਦਰ ਸਿੰਘ ਗਿੱਲ, ਪਰਮਿੰਦਰ ਨੋਨਾ, ਪ੍ਰਵੀਨ ਮੱਕੜ, ਨਰਿੰਦਰ ਮੱਕੜ, ਜਸਵੀਰ ਸਿੰਘ ਗਿੱਲ, ਗੁਰਨਾਮ ਖਾਲਸਾ, ਰੇਨੂੰ ਬੈਂਸ, ਰੋਹਿਤ ਜੈਨ, ਦੀਪਕ ਕੁਮਾਰ, ਮੋਟੀ ਵੇਟਰ ਲਾਭ ਸਿੰਘ, ਰਾਹੁਲ ਢਿੱਲੋਂ, ਗਗਨਪ੍ਰੀਤ ਕੌਰ, ਮੇਜਰ ਸਿੰਘ ਸੁਪਰਵਾਈਜ਼ਰ ਆਦਿ ਹਾਜ਼ਰ ਸਨ।

# ਸਰਕਾਰੀ ਹਾਈ ਸਕੂਲ ਬੁਲ੍ਹੇਪੁਰ ਦਾ ਸਾਲਾਨਾ ਨਤੀਜਾ ਐਲਾਨਿਆ

### ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਕੀਤਾ ਸਨਮਾਨਤ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਹਾਈ ਸਕੂਲ ਬੁਲ੍ਹੇਪੁਰ ਵਿਖੇ ਸਾਲਾਨਾ ਨਤੀਜਾ ਘੋਸ਼ਿਤ ਕੀਤਾ ਗਿਆ। ਇਸ ਮੌਕੇ ਐਲਾਨੇ ਨਤੀਜੇ 'ਚ ਛੇਵੀਂ ਜਮਾਤ 'ਚੋਂ ਪਿੰਕੀ ਕੁਮਾਰੀ ਨੇ ਪਹਿਲਾ, ਸਹਿਜਪ੍ਰੀਤ ਕੌਰ ਨੇ ਦੂਜਾ, ਰਾਜਦੀਪ ਕੌਰ ਨੇ ਤੀਸਰਾ ਸਥਾਨ, ਸੱਤਵੀਂ ਜਮਾਤ 'ਚੋਂ ਜਸਮੀਤ ਕੌਰ ਨੇ ਪਹਿਲਾ, ਜਸ਼ਨਪ੍ਰੀਤ ਸਿੰਘ ਨੇ ਦੂਸਰਾ, ਆਸ਼ੀਸ਼ ਨੇ ਤੀਸਰਾ ਸਥਾਨ, ਨੌਵੀਂ 'ਚੋਂ ਲਕਸ਼ਮੀ ਕੁਮਾਰੀ ਨੇ ਪਹਿਲਾ, ਤਰਨਪ੍ਰੀਤ ਕੌਰ ਨੇ ਦੂਸਰਾ ਤੇ ਜਸ਼ਨਪ੍ਰੀਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਵਿੱਦਿਅਕ ਸੈਸ਼ਨ ਦੌਰਾਨ ਵੱਧ ਹਾਜ਼ਰੀਆਂ ਵਾਲੇ ਵਿਦਿਆਰਥੀ ਰਾਜਦੀਪ ਕੌਰ, ਸਹਿਜਪ੍ਰੀਤ ਕੌਰ ਛੇਵੀਂ, ਜਸਮੀਤ ਕੌਰ ਸੱਤਵੀਂ, ਲਕਸ਼ਮੀ ਕੁਮਾਰੀ, ਤਰਨਪ੍ਰੀਤ ਕੌਰ ਨੌਵੀਂ ਨੂੰ ਵੀ ਸਨਮਾਨਤ ਕੀਤਾ ਗਿਆ। ਇਸ ਮੌਕੇ ਇੱਕ ਸਾਦਾ ਤੇ ਪ੍ਰਭਾਵਸ਼ਾਲੀ ਇਨਾਮ ਵੰਡ ਸਮਾਰੋਹ ਕੀਤਾ ਗਿਆ। ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਟਰਾਫੀਆਂ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਪਲਵਿੰਦਰ ਸਿੰਘ ਤੇ ਵਿਨੋਦ ਕੁਮਾਰ ਨੇ ਇਸ ਮੌਕੇ ਵਿਚਾਰ ਪ੍ਰਗਟ ਕਰਦਿਆਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁੱਭ ਕਾਮਨਾਵਾਂ ਵੀ ਦਿੱਤੀਆਂ। ਹਰਵਿੰਦਰ ਸਿੰਘ ਨੇ ਵਧਾਈ ਤੇ ਸ਼ੁੱਭ-ਕਾਮਨਾਵਾਂ ਦੇ ਨਾਲ-ਨਾਲ ਨਵੇਂ ਦਾਖਲਿਆਂ ਸਬੰਧੀ ਜਾਣਕਾਰੀ ਦਿੱਤੀ ਅਤੇ ਮਾਪਿਆਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਲਾਉਣ ਲਈ ਪ੍ਰੇਰਿਤ ਕੀਤਾ। ਅੰਤ ਵਿੱਚ ਹੈੱਡਮਾਸਟਰ ਰਾਜ ਕੁਮਾਰ ਨੇ ਜਿੱਥੇ ਵਿਦਿਆਰਥੀਆਂ ਨੂੰ ਵਧਾਈ ਤੇ ਸ਼ੁੱਭ-ਕਾਮਨਾਵਾਂ ਦਿੱਤੀਆਂ, ਉਥੇ ਨਾਲ ਹੀ ਸਕੂਲ ਦੀਆਂ ਪ੍ਰਾਪਤੀਆਂ ਤੇ ਵਿਕਾਸ ਕਾਰਜਾਂ ਬਾਰੇ ਵੀ ਜਾਣਕਾਰੀ ਦਿੱਤੀ। ਹੈੱਡਮਾਸਟਰ ਨੇ ਮਾਪਿਆਂ ਤੇ ਐੱਸ ਐੱਮ ਸੀ ਦੇ ਮੈਂਬਰਾਂ ਦਾ ਸਹਿਯੋਗ ਦੇਣ ਲਈ ਵਿਸ਼ੇਸ਼ ਧੰਨਵਾਦ ਕੀਤਾ। ਸਟੇਜ ਦੀ ਕਾਰਵਾਈ ਕੀਰਤੀ ਵਿਜਨ ਤੇ ਸੰਚਿਤਾ ਸੋਨਿਕ ਨੇ ਬਾਖੂਬੀ ਚਲਾਈ। ਇਸ ਮੌਕੇ ਚੇਅਰਪਰਸਨ ਗੁਰਵਿੰਦਰ ਕੌਰ, ਮੈਂਬਰ ਕਿਰਨਦੀਪ ਕੌਰ, ਬਲਵਿੰਦਰ ਸਿੰਘ, ਅਧਿਆਪਕ ਸੁਨੀਤਾ ਬਾਲੀ, ਨਵਨੀਤ ਚੋਪੜਾ, ਵਰਿੰਦਰ ਪਟੇਲ, ਕਮਲਜੀਤ ਕੌਰ, ਇੰਦੂ ਕਲਸੀ, ਮੱਖਣ ਸਿੰਘ, ਪਰਮਿੰਦਰ ਸਿੰਘ, ਛਿੰਦਰਪਾਲ ਕੌਰ ਹਾਜ਼ਰ ਸਨ।

# ਵਧਵਾ ਪ੍ਰੋਡਕਸ਼ਨਜ਼ ਵੱਲੋਂ ਫਿਲਮ 'ਕਣਕਾਂ ਦੇ ਓਹਲੇ' ਦਾ ਸ਼ੂਟ ਮੁਕੰਮਲ

### 'ਕਣਕਾਂ ਦੇ ਓਹਲੇ' ਅਸਲ ਪੰਜਾਬ ਦੀ ਕਹਾਣੀ ਦਰਸਾਏਗੀ : ਹਰਸ਼ ਵਧਵਾ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਗੁਰਪ੍ਰੀਤ ਘੁੱਗੀ ਤੇ ਤਾਨੀਆ ਅਭਿਨੀਤ ਫਿਲਮ 'ਕਣਕਾਂ ਦੇ ਓਹਲੇ' ਦਾ ਸ਼ੂਟ ਆਖਰਕਾਰ ਇੱਕ ਸਕਾਰਾਤਮਕ ਢੰਗ ਨਾਲ ਮੁਕੰਮਲ ਹੋ ਗਿਆ ਤੇ ਪ੍ਰੋਡਕਸ਼ਨ ਹਾਊਸ ਔਖੇ ਅਤੇ ਗੁੰਝਲਦਾਰ ਵਿਸ਼ਾ ਹੋਣ ਦੇ ਬਾਵਜੂਦ ਸਮੇਂ ਤੋਂ ਅੱਗੇ ਨਿੱਕਲ ਗਿਆ। ਵਧਵਾ ਪ੍ਰੋਡਕਸ਼ਨਜ਼ ਦੇ ਬੈਨਰ ਹੇਠ ਆਉਣ ਵਾਲਾ ਇਹ ਅਸਲ ਵਿੱਚ ਇੱਕ ਬਹੁਤ ਹੀ ਵੱਖਰਾ ਸੰਕਲਪ ਹੈ ਤੇ ਅਜਿਹੇ ਵਿਸ਼ਿਆਂ ਨੂੰ ਰਿਲੀਜ਼ ਕਰਨ ਲਈ ਬਹੁਤ ਹਿੰਮਤ ਲੱਗਦੀ ਹੈ। ਇੱਥੇ ਅਸੀਂ ਹਰਸ਼ ਵਧਵਾ ਨੂੰ ਸ਼ੁੱਭ-ਕਾਮਨਾਵਾਂ ਦਿੰਦੇ ਹਾਂ ਕਿ ਉਨ੍ਹਾਂ ਨੇ ਹੁਣ ਤੱਕ ਅਣਛੂਹੀਆਂ ਕਹਾਣੀਆਂ ਨਾਲ ਸ਼ੁੱਧ ਪੰਜਾਬੀ ਪੁਰਾਣੇ ਸੱਭਿਆਚਾਰ ਦਾ ਸਵਾਦ ਲਿਆਉਣ ਲਈ ਬਹੁਤ ਮਿਹਨਤ ਕੀਤੀ। ਅਜਿਹੇ ਹਾਵ-ਭਾਵ ਯਕੀਨੀ ਤੌਰ 'ਤੇ ਸਿਨੇਮਾ ਦੀ ਵਿਲੱਖਣਤਾ ਨੂੰ ਵਧਾਉਣਗੇ। ਫਿਲਮ ਦਾ ਪੋਸਟਰ ਤਾਂ ਸਾਹਮਣੇ ਆ ਚੁੱਕਾ ਹੈ, ਪਰ ਕਹਾਣੀ ਅਜੇ ਸਾਹਮਣੇ ਨਹੀਂ ਆਈ ਹੈ। ਨਿਰਮਾਤਾ ਹਰਸ਼ ਵਧਵਾ ਪੰਜਾਬ ਤੇ ਪੰਜਾਬੀਅਤ ਨਾਲ ਜੁੜਿਆ ਹੋਇਆ ਕਲਾਕਾਰ ਹੈ, ਜਿਸ ਨੇ ਹਮੇਸ਼ਾ ਹੀ ਮਿਆਰੀ ਸੰਗੀਤ ਤੇ ਵਿਰਾਸਤੀ ਮੋਹ ਨੂੰ ਤਰਜੀਹ ਦਿੰਦੇ ਫ਼ਿਲਮਾਕਣ ਦੀ ਪੇਸ਼ਕਾਰੀ ਕੀਤੀ ਹੈ। ਉਸ ਦੀ ਇਹ ਫ਼ਿਲਮ ਪੰਜਾਬੀ ਸਿਨਮੇ ਦੀ ਇੱਕ ਮੀਲ ਪੱਥਰ ਫ਼ਿਲਮ ਸਾਬਿਤ ਹੋਵੇਗੀ। ਇਸ ਫ਼ਿਲਮ ਦਾ ਪੋਸਟਰ ਜਾਰੀ ਕੀਤਾ ਜਾ ਚੁੱਕਿਆ ਹੈ, ਪਰ ਕਹਾਣੀ ਅਜੇ ਸਾਹਮਣੇ ਆਉਣੀ ਹੈ। ਫਿਲਮ ਦੀ ਕਹਾਣੀ ਗੁਰਜਿੰਦ ਮਾਨ ਦੁਆਰਾ ਲਿਖੀ ਗਈ ਹੈ। ਕਿਸ਼ਤੂ ਕੇ ਦੇ ਨਾਲ ਗੁਰਪ੍ਰੀਤ ਘੁੱਗੀ ਤੇ ਤਾਨੀਆ ਮੁੱਖ ਭੂਮਿਕਾਵਾਂ ਵਿੱਚ ਹੋਣਗੇ। ਹੋਰ ਸਟਾਰ ਕਾਸਟ 'ਚ ਤਰਸੇਮ ਪਾਲ, ਰੁਪਿੰਦਰ ਰੂਪੀ, ਸੰਜੂ ਸੋਲੰਕੀ, ਸਾਰਥੀ ਕੇ, ਸ਼ਿਵਮ ਸ਼ਰਮਾ, ਰਾਜ ਧਾਲੀਵਾਲ, ਲੱਖਾ ਲਹਿਰੀ, ਨੀਟੂ ਪੰਧੇਰ ਸ਼ਾਮਲ ਹਨ। ਤੇਜਿੰਦਰ ਸਿੰਘ ਦੁਆਰਾ ਨਿਰਦੇਸ਼ਤ ਤੇ ਵਧਵਾ ਪ੍ਰੋਡਕਸ਼ਨਜ਼ ਅਧੀਨ ਹਰਸ਼ ਵਧਵਾ ਦੁਆਰਾ ਨਿਰਮਤ ਇਹ ਫਿਲਮ 2023 'ਚ ਰਿਲੀਜ਼ ਹੋਵੇਗੀ।



ਜੀ. ਐੱਚ. ਟੀ. ਪੀ. ਠੇਕਾ ਮੁਲਾਜ਼ਮ ਯੂਨੀਅਨ (ਆਜ਼ਾਦ) ਲਹਿਰਾ ਮੁਹੱਬਤ ਦੀ ਅਗਵਾਈ ਹੇਠ ਥਰਮਲ ਦੇ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੇ ਅੱਜ ਥਰਮਲ ਦੇ ਮੁੱਖ ਗੇਟ ਅੱਗੇ ਤਿਆਰੀ ਰੈਲੀ ਕੀਤੀ। ਰੈਲੀ ਦੌਰਾਨ ਜਥੇਬੰਦੀ ਦੇ ਪ੍ਰਧਾਨ ਜਗਰੂਪ ਸਿੰਘ, ਜਨਰਲ ਸਕੱਤਰ ਜਗਸੀਰ ਸਿੰਘ ਭੰਗੂ ਤੇ ਸੀਨੀਅਰ ਮੀਤ ਪ੍ਰਧਾਨ ਬਾਦਲ ਸਿੰਘ ਭੁੱਲਰ ਨੇ ਸੰਬੋਧਨ ਕਰਦੇ ਹੋਏ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਪੂਰਾ ਕਰਵਾਉਣ ਲਈ ਸਮੁੱਚੇ ਠੇਕਾ ਮੁਲਾਜ਼ਮਾਂ ਨੂੰ ਐਲਾਨੇ ਹੋਏ ਅਗਲੇ ਸੰਘਰਸ਼ਾਂ ਲਈ ਤਿਆਰ-ਬਰ-ਤਿਆਰ ਰਹਿਣ ਦਾ ਸੱਦਾ ਦਿੱਤਾ। (ਤਸਵੀਰ ਤੇ ਵੇਰਵਾ: ਭੀਮ ਸੈਨ ਹਦਵਾਰੀਆ, ਲਹਿਰਾ ਮੁਹੱਬਤ)

## ਪ੍ਰੀ-ਪ੍ਰਾਇਮਰੀ ਜਮਾਤਾਂ ਦੇ ਬੱਚਿਆਂ ਦੀ ਗ੍ਰੈਜੂਏਸ਼ਨ ਸੈਰੇਮਨੀ




**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸਰਕਾਰੀ ਪ੍ਰਾਇਮਰੀ ਸਕੂਲ ਲਹਿਰਾ ਮੁਹੱਬਤ ਵਿਖੇ ਪ੍ਰੀ-ਪ੍ਰਾਇਮਰੀ ਜਮਾਤਾਂ ਦੇ ਬੱਚਿਆਂ ਦੀ ਕਰਵਾਈ ਗਈ 'ਗ੍ਰੈਜੂਏਸ਼ਨ ਸੈਰੇਮਨੀ' 'ਚ ਬੱਚਿਆਂ ਦੇ ਮਾਪਿਆਂ ਨੇ ਵਧ-ਚੜ੍ਹ ਕੇ ਭਾਗ ਲਿਆ। ਸੈਂਟਰ ਹੈਡ ਟੀਚਰ ਗੁਰਵਿੰਦਰ ਸਿੰਘ ਅਤੇ ਸਟਾਫ ਨੇ ਪ੍ਰੀ-ਪ੍ਰਾਇਮਰੀ ਜਮਾਤਾਂ ਦੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਬੱਚਿਆਂ ਦਾ 'ਗ੍ਰੈਜੂਏਸ਼ਨ ਸੈਰੇਮਨੀ' ਦੀ ਰਸਮ ਅਨੁਸਾਰ ਸਨਮਾਨ ਕੀਤਾ। ਪ੍ਰੀ-ਪ੍ਰਾਇਮਰੀ ਦੇ ਇੰਚਾਰਜ ਮੈਡਮ ਰਾਣੀ ਕੌਰ ਨੇ ਬੱਚਿਆਂ ਦੇ ਮਾਪਿਆਂ ਦੇ ਕੁਝ ਖੇਡ ਮੁਕਾਬਲੇ ਵੀ ਕਰਵਾਏ। ਸੈਂਟਰ ਹੈਡ ਟੀਚਰ ਨੇ ਪ੍ਰੀ-ਪ੍ਰਾਇਮਰੀ ਦੇ ਬੱਚਿਆਂ ਨੂੰ ਮਿਲਦੀਆਂ ਸਹੂਲਤਾਂ ਸੰਬੰਧੀ ਮਾਪਿਆਂ ਨਾਲ ਗੱਲਬਾਤ ਕਰਦਿਆਂ ਪ੍ਰੋਗਰਾਮ 'ਚ ਪਹੁੰਚਣ ਲਈ ਧੰਨਵਾਦ ਕੀਤਾ। ਸਟੇਜ ਸੈਕਟਰੀ ਦੀ ਭੂਮਿਕਾ ਮੈਡਮ ਗੁਰਿੰਦਰ ਕੌਰ ਨੇ ਨਿਭਾਈ। ਮਾਪਿਆਂ ਨੇ ਐਲ ਕੇ ਜੀ ਅਤੇ ਯੂ ਕੇ ਜੀ ਦੇ ਬੱਚਿਆਂ ਨੂੰ ਪੜ੍ਹਾਉਣ ਲਈ ਵਰਤੇ ਜਾਂਦੇ 'ਟੀਚਿੰਗ ਲਰਨਿੰਗ ਮਟੀਰੀਅਲ' ਅਤੇ ਵੱਖ-ਵੱਖ ਕਾਰਨਰਾਂ ਨੂੰ ਦੇਖਿਆ ਅਤੇ 'ਫੀਡਬੈਕ ਬੋਰਡ' ਉਤੇ ਆਪੋ-ਆਪਣੇ ਵਿਚਾਰ ਲਿਖੇ। ਪ੍ਰਾਇਮਰੀ ਜਮਾਤਾਂ ਦੇ ਬੱਚਿਆਂ ਵੱਲੋਂ ਪ੍ਰੀ-ਪ੍ਰਾਇਮਰੀ ਦੇ ਬੱਚਿਆਂ ਦਾ ਪ੍ਰਾਇਮਰੀ ਵਿੱਚ ਸਵਾਗਤ ਲਈ ਪੇਸ਼ ਕੀਤੇ ਰੰਗਾਰੰਗ ਪ੍ਰੋਗਰਾਮ ਦਾ ਹਾਜ਼ਰੀਨ ਨੇ ਖੂਬ ਅਨੰਦ ਮਾਣਿਆ। ਸਮਾਪਤੀ 'ਤੇ ਮਾਪਿਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ। ਇਸ ਮੌਕੇ ਵੀਰਪਾਲ ਕੌਰ, ਵਰਿੰਦਰ ਕੌਰ, ਜਸਵੀਰ ਕੌਰ, ਹਰਵਿੰਦਰ ਸਿੰਘ, ਵਿਕਾਸ, ਮਿਸ ਕੁਲਵਿੰਦਰ ਕੌਰ ਅਤੇ ਰਣਜੀਤ ਸਿੰਘ ਹਾਜ਼ਰ ਸਨ।

## ਨਵੀਂ ਅਨਾਜ ਮੰਡੀ ਵਿਖੇ ਰਾਮਨੌਮੀ ਦਾ ਦਿਹਾੜਾ ਮਨਾਇਆ



**ਨਾਭਾ (ਵਰਿੰਦਰ ਵਰਮਾ)**-ਸ੍ਰੀ ਰਾਮ ਮੰਦਰ ਨਵੀਂ ਅਨਾਜ ਮੰਡੀ ਵਿਖੇ ਰਾਮ ਨੌਵੀਂ ਦੇ ਦਿਹਾੜੇ ਮੌਕੇ ਧਾਰਮਿਕ ਸਮਾਗਮ ਕਰਵਾਇਆ। ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਪ੍ਰਧਾਨ ਸੁਰਿੰਦਰ ਗੁਪਤਾ ਤੇ ਸਮੂਹ ਮੈਂਬਰਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਅਤੁੱਟ ਲੰਗਰ ਵਰਤਾਇਆ ਗਿਆ। ਪ੍ਰਧਾਨ ਸੁਰਿੰਦਰ ਗੁਪਤਾ ਤੇ ਸਮੂਹ ਮੈਂਬਰਾਂ ਵੱਲੋਂ ਸ੍ਰੀ ਰਾਮ ਮੰਦਰ ਪ੍ਰਧਾਨ ਸੰਜੀਵ ਜਿੰਦਲ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਸਨਮਾਨਤ ਹੋਣ ਉਪਰੰਤ ਸੰਜੀਵ ਜਿੰਦਲ ਨੇ ਆੜ੍ਹਤੀਆ ਐਸੋਸੀਏਸ਼ਨ ਪ੍ਰਧਾਨ ਤੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਇਲਾਕਾ ਨਿਵਾਸੀਆਂ ਨੂੰ ਰਾਮ ਨੌਵੀਂ ਦੇ ਦਿਹਾੜੇ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ। ਇਸ ਮੌਕੇ ਵਿਨੇ ਗੁਪਤਾ, ਸਿਕੰਦਰ ਸਿੰਘ ਦਦਰਾਲਾ ਢੀਂਡਸਾ, ਅਨੁਜ ਕੁਮਾਰ, ਦੀਪਕ ਗੁਪਤਾ, ਦਕੇਸ ਸਿੰਗਲਾ, ਕ੍ਰਿਸ਼ਨ ਬਾਂਸਲ, ਅਸ਼ੋਕ ਕੁਮਾਰ, ਕ੍ਰਿਸ਼ਨ ਮੰਗਲਾ ਕੁੱਕੀ ਰਾਜ ਕੁਮਾਰ, ਭੂਸ਼ਣ ਗਰਗ, ਸੋਨੂੰ ਗਰਗ ਮਾਲਵਾ, ਸੁਭਾਸ਼ ਭੜ੍ਹੋ ਵਾਲੇ, ਰੇਸ਼ਮ ਸਿੰਘ, ਮੇਜਰ ਸਿੰਘ, ਕਰਮ ਚੰਦ, ਨਿਤਿਨ ਮਿੱਤਲ, ਰਜਨੀਸ਼ ਕੁਮਾਰ, ਮਨੋਜ ਗਰਗ ਆਦਿ ਹਾਜ਼ਰ ਸਨ।

## ਗੁਰਵਿੰਦਰ ਸਿੰਘ ਸਰਵਸੰਮਤੀ ਨਾਲ ਪ੍ਰਧਾਨ ਬਣੇ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਪ੍ਰਧਾਨ ਸੋਨੂੰ ਕਸ਼ਯਪ ਦੀ ਪ੍ਰਧਾਨਗੀ ਹੇਠ ਉੱਪ ਮੰਡਲ ਦਫਤਰ, ਤਹਿਸੀਲ ਦਫਤਰ ਤੇ ਸਬ ਤਹਿਸੀਲ ਦਫਤਰਾਂ, ਉੱਪ ਮੰਡਲ ਫਿਰੋਜ਼ਪੁਰ ਦੇ ਸਾਥੀਆਂ ਨਾਲ ਮੀਟਿੰਗ ਕੀਤੀ ਗਈ।ਉੱਪ ਮੰਡਲ ਫਿਰੋਜ਼ਪੁਰ ਦੇ ਪਹਿਲੇ ਪ੍ਰਧਾਨ ਸਰਬਜੀਤ ਸਿੰਘ ਵੱਲੋਂ ਮੀਟਿੰਗ ਦੌਰਾਨ ਆਪਣੀ ਕਮੇਟੀ ਭੰਗ ਕੀਤੀ ਗਈ ਤੇ ਉੱਪ ਮੰਡਲ ਫਿਰੋਜ਼ਪੁਰ ਦੀ ਪ੍ਰਧਾਨਗੀ ਕਮੇਟੀ ਦੀ ਚੋਣ ਕਰਨ ਲਈ ਕਾਰਵਾਈ ਆਰੰਭੀ ਗਈ।ਇਹ ਚੋਣ ਜ਼ਿਲ੍ਹਾ ਕਮੇਟੀ ਦੇ ਅਹੁਦੇਦਾਰਾਂ ਦੀ ਨਿਗਰਾਨੀ ਵਿੱਚ ਹੋਈ।ਮੀਟਿੰਗ ਵਿੱਚ ਹਾਜ਼ਰੀਨ ਵੱਲੋਂ ਸਰਵਸੰਮਤੀ ਨਾਲ ਗੁਰਵਿੰਦਰ ਸਿੰਘ ਕਲਰਕ ਤਹਿਸੀਲ ਦਫਤਰ ਨੂੰ ਬਤੌਰ ਪ੍ਰਧਾਨ, ਚੇਤਨ ਰਾਣਾ ਜੂਨੀਅਰ ਸਹਾਇਕ ਦਫਤਰ ਉੱਪ ਮੰਡਲ ਨੂੰ ਬਤੌਰ ਜਨਰਲ ਸਕੱਤਰ ਤੇ ਗਰਵਿੰਦਰ ਸਿੰਘ ਕਲਰਕ ਉੱਪ ਮੰਡਲ ਨੂੰ ਖਜ਼ਾਨਗੀ ਚੁਣਿਆ ਗਿਆ।ਜ਼ਿਲ੍ਹਾ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਉੱਪ ਮੰਡਲ ਫ਼ਿਰੋਜ਼ਪੁਰ ਵਿਖੇ ਨਵ-ਨਿਯੁਕਤ ਕਮੇਟੀ ਨੂੰ ਵਧਾਈਆਂ ਦਿੱਤੀਆਂ ਤੇ ਦੀ ਪੰਜਾਬ ਰਾਜ ਜ਼ਿਲ੍ਹਾ ਡੀ ਸੀ ਦਫਤਰ ਕਰਮਚਾਰੀ ਐਸੋਸੀਏਸ਼ਨ ਜ਼ਿਲ੍ਹਾ ਫ਼ਿਰੋਜ਼ਪੁਰ ਨੂੰ ਕਰਮਚਾਰੀਆਂ ਦੀਆਂ ਹੱਕੀ ਮੰਗਾਂ ਦੀ ਪੂਰਤੀ ਲਈ ਪੂਰਨ ਸਹਿਯੋਗ ਦੇਣ ਦੀ ਅਪੀਲ ਕੀਤੀ।ਨਵੀਂ ਚੁਣੀ ਗਈ ਕਮੇਟੀ ਵੱਲੋਂ ਜ਼ਿਲ੍ਹਾ ਕਮੇਟੀ ਦੇ ਅਹੁਦੇਦਾਰਾਂ ਤੇ ਹਾਜ਼ਰੀਨ ਦਾ ਧੰਨਵਾਦ ਕੀਤਾ ਤੇ ਕਰਮਚਾਰੀਆਂ ਦੀਆਂ ਮੰਗਾਂ ਲਈ ਪੂਰਨ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ।

## ਦਯਾਨੰਦ ਸਕੂਲ ਦੇ ਪੁਰਾਣੇ ਵਿਦਿਆਰਥੀਆਂ ਵੱਲੋਂ ਅਧਿਆਪਕਾਂ ਨਾਲ ਮਿਲਣੀ



**ਬਰਨਾਲਾ (ਰਜਿੰਦਰ ਬਰਾੜ, ਰਾਕੇਸ਼ ਨੀਟਾ)**-ਸਥਾਨਕ ਦਯਾਨੰਦ ਸਕੂਲ ਦੇ ਸਾਲ 2000 ਬੈਚ ਦੇ 10ਵੀਂ ਜਮਾਤ ਦੇ ਵਿਦਿਆਰਥੀਆਂ ਨੇ ਇਕੱਠੇ ਹੋ ਕੇ ਸਕੂਲ ਵਿੱਚ ਰੀ-ਯੂਨੀਅਨ ਕੀਤੀ। ਇਸ ਮੌਕੇ ਉਨ੍ਹਾਂ ਸਕੂਲ ਵਿਖੇ ਪਹੁੰਚ ਕੇ ਕਲਾਸ ਰੂਮ ਵਿੱਚ ਬੈਠ ਕੇ ਜਿੱਥੇ ਆਪਣੀਆਂ ਯਾਦਾ ਤਾਜ਼ੀਆਂ ਕੀਤੀਆਂ, ਉੱਥੇ ਪੁਰਾਣੇ ਤੇ ਨਵੇਂ ਸਕੂਲ ਅਧਿਆਪਕਾਂ ਨਾਲ ਮਿਲਣੀ ਕੀਤੀ। ਇਸ ਰੀ-ਯੂਨੀਅਨ ਦੀ ਯੋਜਨਾ ਮਨੀਸ਼ ਕੁਮਾਰ ਬਿਨੀ ਤੇ ਐਡਵੋਕੇਟ ਸੰਦੀਪ ਕੁਮਾਰ ਨੇ ਕੀਤੀ। ਇਸ ਮੌਕੇ ਸਕੂਲ ਵਿਖੇ ਬੋਲਦਿਆਂ ਜੁਨਿੰਦਰ ਜੋਸ਼ੀ ਤੇ ਸੰਦੀਪ ਵਾਲੀਆਂ ਨੇ ਕਿਹਾ ਕਿ ਅਜੋਕੇ ਸਮੇਂ ਅਧਿਆਪਕਾਂ ਤੇ ਵਿਦਿਆਰਥੀਆਂ ਵਿਚਕਾਰ ਇੱਕ ਪ੍ਰੋਫੈਸ਼ਨਲ ਰਿਸ਼ਤਾ ਬਣਦਾ ਜਾ ਰਿਹਾ ਹੈ, ਪਰ ਸਾਡੇ ਵੇਲੇ ਅਧਿਆਪਕਾਂ ਨਾਲ ਸਾਡਾ ਰਿਸ਼ਤਾ ਆਤਮਿਅਤਾ ਭਰਪੂਰ ਸੀ। ਉਸ ਵੇਲੇ ਸਾਡੇ ਸਾਰੇ ਹੀ ਅਧਿਆਪਕਾਂ ਨੇ ਸਾਨੂੰ ਨਾ ਸਿਰਫ ਬਿਹਤਰ ਸਿੱਖਿਆ ਦੇ ਕੇ ਆਪਣੇ ਪੈਰਾਂ 'ਤੇ ਖੜਾ ਹੋਣ ਜੋਗਾ ਕੀਤਾ, ਬਲਕਿ ਅੱਜ ਸਾਡੇ ਵਿੱਚੋਂ ਕਈ ਦੇਸ਼, ਸਮਾਜ ਦੀ ਬਿਹਤਰੀ ਲਈ ਆਪਣਾ ਵੱਡਮੁੱਲਾ ਯੋਗਦਾਨ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਅਧਿਆਪਕ ਦਾ ਆਪਣੇ ਵਿਦਿਆਰਥੀ ਨੂੰ ਜੀਵਨ ਵਿੱਚ ਚੰਗੇ ਮੁਕਾਮ ਤੱਕ ਪਹੁੰਚਾਉਣ ਵਿੱਚ ਬਹੁਤ ਯੋਗਦਾਨ ਹੁੰਦਾ ਹੈ, ਜਿਸ ਨੂੰ ਵਿਦਿਆਰਥੀ ਨੂੰ ਕਦੇ ਵੀ ਭੁਲਾਉਣਾ ਨਹੀਂ ਚਾਹੀਦਾ। ਉਨ੍ਹਾਂ ਕਿਹਾ ਕਿ ਅੱਜ ਅਸੀਂ ਜਿਸ ਮੁਕਾਮ 'ਤੇ ਹਾਂ, ਇਸ ਵਿੱਚ ਸਾਡੇ ਅਧਿਆਪਕਾਂ ਦਾ ਬਹੁਤ ਵੱਡਾ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਅਧਿਆਪਕਾਂ ਵੱਲੋਂ ਸਾਡੇ ਚੰਗੇ ਕੰਮਾਂ ਪ੍ਰਤੀ ਕੀਤੀ ਸ਼ਲਾਘਾ ਤੇ ਮਾੜੇ ਕੰਮਾਂ ਪ੍ਰਤੀ ਕੀਤੀ ਸਾਡੀ ਘੂਰ, ਸਾਡੇ ਜੀਵਨ ਵਿੱਚ ਹਮੇਸ਼ਾ ਕੰਮ ਆਈ ਹੈ। ਇਸ ਦੌਰਾਨ ਬੈਚ 2000 ਦੇ 10ਵੀਂ ਜਮਾਤ ਦੇ ਸਾਰੇ ਹੀ ਵਿਦਿਆਰਥੀਆਂ ਵੱਲੋਂ ਸਕੂਲ ਦੇ ਸਟਾਫ ਨੂੰ ਇੱਕ ਯਾਦਗਾਰੀ ਭੇਟ ਕੀਤੀ ਗਈ ਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ ਗਿਆ।

## ਭਾਕਿਯੂ (ਏਕਤਾ) ਸਿੱਧੂਪੁਰ ਵੱਲੋਂ ਨਵੀਂ ਕਮੇਟੀ ਦੀ ਚੋਣ



**ਭੀਖੀ (ਆਤਮਾ ਸਿੰਘ ਪਮਾਰ)**-ਭਾਰਤੀ ਕਿਸਾਨ ਯੂਨੀਅਨ (ਏਕਤਾ) ਸਿੱਧੂਪੁਰ ਵੱਲੋਂ ਭੀਖੀ ਬਲਾਕ ਦੇ ਪਿੰਡ ਹੀਰੋ ਕਲਾਂ 'ਚ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ ਦੀ ਅਗਵਾਈ 'ਚ ਹੋਈ ਮੀਟਿੰਗ 'ਚ ਜਥੇਬੰਦੀ ਦੀ ਪਿੰਡ ਕਮੇਟੀ ਦੀ ਚੋਣ ਕੀਤੀ ਗਈ। ਚੁਣੀ ਹੋਈ ਕਮੇਟੀ ਦੇ ਪ੍ਰਧਾਨ ਮੁਖਤਿਆਰ ਸਿੰਘ, ਜਨਰਲ ਸਕੱਤਰ ਗੁਰਮੇਲ ਸਿੰਘ, ਖਜ਼ਾਨਚੀ ਬਲਤੇਜ ਸਿੰਘ, ਸੀਨੀਅਰ ਮੀਤ ਪ੍ਰਧਾਨ ਦਲੀਪ ਸਿੰਘ, ਸਹਾਇਕ ਜਨਰਲ ਸਕੱਤਰ ਰਘੁਵੀਰ ਸਿੰਘ, ਸਹਾਇਕ ਖਜ਼ਾਨਚੀ ਬਲਵਿੰਦਰ ਸਿੰਘ, ਪ੍ਰੈੱਸ ਸਕੱਤਰ ਗੁਰਜੰਟ ਸਿੰਘ, ਸੰਗਠਨ ਸਕੱਤਰ ਸੁਖਦੇਵ ਸਿੰਘ, ਸਹਾਇਕ ਸੰਗਠਨ ਸਕੱਤਰ ਬੇਅੰਤ ਸਿੰਘ, ਪ੍ਰਚਾਰ ਸਕੱਤਰ ਲਾਭ ਸਿੰਘ ਅਤੇ ਕਮੇਟੀ ਮੈਂਬਰ ਮਿੱਠੂ ਸਿੰਘ, ਸੁਖਦੇਵ ਸਿੰਘ, ਸੁਰਜੀਤ ਸਿੰਘ, ਭੀਮਾ ਸਿੰਘ, ਜਗਦੇਵ ਸਿੰਘ, ਮਹਿੰਦਰ ਸਿੰਘ, ਅਜੈਬ ਸਿੰਘ, ਜੀਤ ਸਿੰਘ ਅਤੇ ਕਾਲਾ ਸਿੰਘ ਚੁਣੇ ਗਏ। ਇਸ ਮੌਕੇ ਕਿਸਾਨ ਆਗੂ ਨੇ ਕਿਹਾ ਕਿ ਜਥੇਬੰਦੀ ਵੱਲੋਂ ਕਿਰਤੀ ਲੋਕਾਂ ਦੀ ਲੜਾਈ ਨੂੰ ਤਨਦੇਹੀ ਨਾਲ ਲੜਿਆ ਜਾ ਰਿਹਾ ਹੈ ਅਤੇ ਜਥੇਬੰਦੀ 'ਚ ਹਰ ਆਗੂ ਅਤੇ ਵਰਕਰ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਕਾਰਪੋਰੇਟ ਦੇ ਲੋਕ ਮਾਰੂ ਹੱਲੇ ਨੂੰ ਰੋਕਣ ਲਈ ਅੱਜ ਕਿਰਤੀ ਵਰਗ ਦਾ ਇਕੱਠੇ ਹੋ ਕੇ ਲੜਨਾ ਮੌਜੂਦਾ ਸਮੇਂ ਦੀ ਅਣਸਰਦੀ ਲੋੜ ਹੈ । ਸਰਕਾਰ ਵੱਲੋਂ ਦਿੱਤੇ ਜ਼ੀਰਾ ਸ਼ਰਾਬ ਫੈਕਟਰੀ ਦੇ ਬਿਆਨ ਦਾ ਹਾਲੇ ਤੱਕ ਕੋਈ ਵੀ ਨੋਟੀਫਿਕੇਸ਼ਨ ਨਹੀਂ ਹੋਇਆ। ਇਸ ਮੌਕੇ ਜੁਗਰਾਜ ਸਿੰਘ ਹੀਰੋ ਕਲਾਂ ਨੇ ਵੀ ਸੰਬੋਧਨ ਕੀਤਾ ।

# ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂਆਂ ਵੱਲੋਂ ਫਸਲ ਦਾ ਜਾਇਜ਼ਾ



**ਗੁਰੂ ਹਰਸਹਾਏ (ਬਖਸ਼ੀਸ਼ ਸਿੰਘ)**
ਗੁਰੂ ਹਰਸਹਾਏ ਇਲਾਕੇ ਦੇ ਪਿੰਡ ਚੱਕ ਸੋਮੀਆਂ ਦੇ ਕਿਸਾਨ ਵੱਡੀ ਗਿਣਤੀ ਵਿੱਚ ਇਕੱਠੇ ਹੋਏ, ਜਿਨ੍ਹਾਂ 'ਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਆਗੂ ਅਵਤਾਰ ਸਿੰਘ ਮਹਿਮਾ ਵੀ ਸ਼ਾਮਲ ਹੋਏ। ਕਿਸਾਨ ਆਗੂ ਅਵਤਾਰ ਸਿੰਘ ਮਹਿਮਾ ਦੀ ਅਗਵਾਈ ਵਿੱਚ ਇਨ੍ਹਾਂ ਵੱਡੀ ਗਿਣਤੀ ਕਿਸਾਨਾਂ ਨੇ ਖੇਤਾਂ ਵਿੱਚ ਜਾ ਕੇ ਤਬਾਹ ਹੋਈ ਫਸਲ ਦਾ ਜਾਇਜ਼ਾ ਲਿਆ। ਇਸ ਤੋਂ ਬਾਅਦ ਕਿਸਾਨ ਆਗੂ ਅਵਤਾਰ ਸਿੰਘ ਮਹਿਮਾ, ਅੰਗਰੇਜ ਸਿੰਘ, ਸਵਰਨ ਸਿੰਘ, ਅਵਤਾਰ ਸਿੰਘ, ਗੁਰਪ੍ਰੀਤ ਸਿੰਘ ਆਦਿ ਨੇ ਇਕੱਠੇ ਹੋਏ ਵੱਡੀ ਗਿਣਤੀ ਕਿਸਾਨਾਂ ਨੂੰ ਸੰਬੋਧਨ ਕੀਤਾ। ਪੱਤਰਕਾਰ ਨਾਲ ਗੱਲਬਾਤ ਕਰਦੇ ਹੋਏ ਉਨ੍ਹਾ ਦੱਸਿਆ ਕਿ ਕੁਦਰਤ ਦੀ ਮਾਰ ਨਾਲ ਫਸਲਾਂ ਦੀ ਵੱਡੀ ਪੱਧਰ 'ਤੇ ਤਬਾਹੀ ਹੋਈ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਸ ਦਿਨ ਵਿੱਚ ਹੀ ਮੁਆਵਜ਼ਾ ਦੇਣ ਦੀ ਗੱਲ ਕਰ ਰਹੇ ਹਨ, ਪਰ ਦੂਜੇ ਪਾਸੇ ਅਜੇ ਤੱਕ ਸਾਡੇ ਕੋਲ ਕੋਈ ਵੀ ਅਧਿਕਾਰੀ ਜਾਂ ਕਰਮਚਾਰੀ ਸਾਰ ਲੈਣ ਜਾਂ ਗਰਦਾਵਰੀ ਕਰਨ ਨਹੀਂ ਆਇਆ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਜਾ ਕੇ ਤਹਿਸੀਲਦਾਰ ਸਾਹਿਬ ਤੇ ਪਟਵਾਰੀ ਸਾਹਿਬ ਨੂੰ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਅਜੇ ਤੱਕ ਸਾਨੂੰ ਉੱਪਰੋਂ ਸਰਕਾਰ ਵੱਲੋਂ ਗਰਦਾਵਰੀ ਦੀ ਕੋਈ ਵੀ ਲਿਖਤੀ ਹਦਾਇਤ ਨਹੀਂ ਆਈ। ਉਨ੍ਹਾਂ ਖਦਸ਼ਾ ਪ੍ਰਗਟ ਕੀਤਾ ਕਿ ਹੋ ਸਕਦਾ ਹੈ, ਸਾਡੀਆਂ ਫਸਲਾਂ ਦੀ ਗਰਦਾਵਰੀ ਕੀਤੀ ਹੀ ਨਾ ਜਾਵੇ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਕਈ ਵਾਰ ਇੰਝ ਹੋਇਆ ਹੈ ਕਿ ਸਰਕਾਰਾਂ ਐਲਾਨ ਤਾਂ ਕਰ ਦਿੰਦੀਆਂ ਹਨ, ਪਰ ਲਾਗੂ ਬਹੁਤ ਘੱਟ ਹੁੰਦਾ ਹੈ। ਅਵਤਾਰ ਸਿੰਘ ਨੇ ਮੰਗ ਕੀਤੀ ਕਿ ਸਰਕਾਰ ਤੁਰੰਤ ਇਨ੍ਹਾਂ ਪਿੰਡਾਂ ਵਿੱਚ ਵੀ ਅਧਿਕਾਰੀ ਭੇਜ ਕੇ ਗਰਦਾਵਰੀ ਕਰੇ ਤੇ ਬਰਬਾਦ ਹੋਈਆਂ ਫਸਲਾਂ ਵਾਲੇ ਪੀੜਤ ਕਿਸਾਨਾਂ ਨੂੰ ਤੁਰੰਤ ਮੁਆਵਜ਼ਾ ਦੇਵੇ।

## ਭੱਦਲਵੱਡ ਸਕੂਲ 'ਚ ਵਿਦਿਆਰਥੀਆਂ ਦਾ ਸਨਮਾਨ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੱਦਲਵੱਡ ਵਿਖੇ ਪ੍ਰਿੰਸੀਪਲ ਸੁਖਪਾਲ ਕੌਰ ਵੱਲੋਂ ਸਾਲਾਨਾ ਨਤੀਜੇ ਦਾ ਐਲਾਨ ਕੀਤਾ ਗਿਆ। ਇਸ ਮੌਕੇ 11ਵੀਂ ਜਮਾਤ ਦੀਆਂ ਵਿਦਿਆਰਥਣਾਂ ਪ੍ਰਿੰਸਦੀਪ ਕੌਰ ਪਹਿਲੇ, ਖ਼ੁਸ਼ਪ੍ਰੀਤ ਕੌਰ ਦੂਜੇ ਤੇ ਗੁਰਵਿੰਦਰ ਕੌਰ ਤੀਜੇ, 9ਵੀਂ ਜਮਾਤ 'ਚੋਂ ਅਰਚੂ ਕੌਰ, ਸਮਨਦੀਪ ਸਿੰਘ, ਜਸਪ੍ਰੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ, ਤੀਜਾ, 7ਵੀਂ ਜਮਾਤ 'ਚੋਂ ਕੋਮਲ, ਕੋਮਲਪ੍ਰੀਤ ਕੌਰ, ਸੱਤਵੀਰ ਕੌਰ ਅਤੇ 6ਵੀਂ ਜਮਾਤ 'ਚੋਂ ਗੁਰਅੰਸ਼ ਕੌਰ, ਗੁਰਲੀਨ ਕੌਰ ਤੇ ਸੁਖਪ੍ਰੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਮੂਹ ਸਟਾਫ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਪ੍ਰਿੰਸੀਪਲ ਸੁਖਪਾਲ ਕੌਰ, ਲੈਕਚਰਾਰ ਅਮਰਜੀਤ ਸਿੰਘ, ਵਿਕਾਸ ਗੋਇਲ ਡੀ ਪੀ ਈ, ਸਿਕੰਦਰ ਸਿੰਘ, ਮੈਡਮ ਕਵਿਤਾ, ਮਨਿੰਦਰ ਕੌਰ, ਜਸਵੀਰ ਕੌਰ, ਸ੍ਰੀਮਤੀ ਪਲਵੀ, ਰਮਨਦੀਪ ਕੌਰ, ਮੈਡਮ ਸੰਗੀਤਾ ਸਮੂਹ ਸਟਾਫ ਦੀ ਅਗਵਾਈ ਹੇਠ ਪਹਿਲੀਆਂ 3 ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।



# ਡੀ ਏ ਵੀ ਸਕੂਲ ਦਾ ਨਤੀਜਾ ਐਲਾਨਿਆ



**ਸਮਾਣਾ (ਇਕਬਾਲ ਸਿੰਘ ਬੱਲ)**
ਡੀ. ਏ. ਵੀ. ਸਕੂਲ ਸਮਾਣਾ ਵਿਖੇ ਵਰ੍ਹੇ 2022-23 ਦਾ ਸਾਲਾਨਾ ਨਤੀਜਾ ਬੜੇ ਚਾਅ ਤੇ ਉਤਸ਼ਾਹ ਨਾਲ ਐਲਾਨਿਆ ਗਿਆ। ਇਸ ਮੌਕੇ ਸ੍ਰੀ ਸੰਜੀਵ ਗਰਗ ਸਾਬਕਾ ਆਰ. ਟੀ. ਆਈ. ਕਮਿਸ਼ਨਰ ਮੁੱਖ ਮਹਿਮਾਨ ਵਜੋਂ ਪਧਾਰੇ। ਉਨ੍ਹਾ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਇਨਾਮ ਦਿੱਤੇ ਤੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਸਕੂਲ ਦੇ ਸਾਰੇ ਵਿਦਿਆਰਥੀ ਆਪਣਾ ਨਤੀਜਾ ਜਾਣਨ ਲਈ ਬੜੇ ਹੀ ਉਤਸੁਕ ਵਿਖਾਈ ਦੇ ਰਹੇ ਸਨ। ਸਕੂਲ ਦੀ ਜਮਾਤ ਐੱਲ. ਕੇ. ਜੀ. ਤੋਂ ਨੌਵੀਂ ਤੇ ਗਿਆਰਵੀਂ ਤੱਕ ਦਾ ਨਤੀਜਾ ਸੌ ਫੀਸਦੀ ਰਿਹਾ, ਜਿਸ ਵਿੱਚ 2113 ਬੱਚਿਆਂ ਨੇ ਚੰਗੇ ਅੰਕ ਲੈ ਕੇ ਸਫਲਤਾ ਹਾਸਲ ਕੀਤੀ ਅਤੇ ਆਪਣੇ ਮਾਪਿਆਂ ਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਸਾਰੇ ਹੀ ਬੱਚਿਆਂ ਦਾ ਨਤੀਜਾ ਸ਼ਾਨਦਾਰ ਰਿਹਾ। ਬੱਚਿਆਂ ਦਾ ਉਤਸ਼ਾਹ ਵਧਾਉਣ ਲਈ ਸਕੂਲ ਪ੍ਰਿੰਸੀਪਲ ਮੋਹਨ ਲਾਲ ਸ਼ਰਮਾ ਵੱਲੋਂ ਚੰਗੀਆਂ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ, ਸਾਲ ਭਰ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਇਨਾਮ ਤੇ ਸਰਟੀਫਿਕੇਟ ਦਿੱਤੇ ਗਏ ਅਤੇ ਸੌ ਫੀਸਦੀ ਹਾਜ਼ਰੀ ਵਾਲੇ ਬੱਚਿਆਂ ਨੂੰ ਵੀ ਸਨਮਾਨਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਮੋਹਨ ਲਾਲ ਸ਼ਰਮਾ ਨੇ ਬੱਚਿਆਂ ਦੀ ਸਾਲ ਭਰ ਦੀ ਮਿਹਨਤ ਤੇ ਉੱਤਮ ਕਾਰਗੁਜ਼ਾਰੀ ਦੀ ਖੂਬ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਡੀ. ਏ. ਵੀ. ਸਕੂਲ ਸਮਾਣਾ ਦੇ ਵਿਦਿਆਰਥੀ ਇਲਾਕੇ ਭਰ ਵਿੱਚ ਵੱਖਰੀ ਪਛਾਣ ਰੱਖਦੇ ਹਨ। ਉਨ੍ਹਾਂ ਨੇ ਸਭ ਅਧਿਆਪਕਾਂ ਤੇ ਮਾਪਿਆਂ ਨੂੰ ਵਧਾਈ ਦਿੱਤੀ ਤੇ ਬੱਚਿਆਂ ਨੂੰ ਅਸ਼ੀਰਵਾਦ ਦਿੰਦਿਆਂ ਉਨ੍ਹਾਂ ਦੇ ਚੰਗੇਰੇ ਭਵਿੱਖ ਦੀ ਇੱਛਾ ਪ੍ਰਗਟ ਕੀਤੀ। ਇਸ ਮੌਕੇ ਸਭ ਬੱਚਿਆਂ ਨੂੰ ਪ੍ਰਸ਼ਾਦ ਦੇ ਰੂਪ ਵਿੱਚ ਲੱਡੂ ਵੰਡੇ ਗਏ।

## ਐੱਸ ਸੀ ਕਮਿਸ਼ਨ ਦੇ ਮੈਂਬਰਾਂ ਵਾਲਾ ਫੈਸਲਾ ਤੁਰੰਤ ਵਾਪਸ ਲਵੇ ਸਰਕਾਰ : ਚੰਗਾਲ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਸੰਯੁਕਤ ਮੋਰਚਾ (ਭਾਰਤ) ਵੱਲੋਂ ਪੰਜਾਬ ਸਰਕਾਰ ਵੱਲੋਂ ਬਜਟ ਸੈਸ਼ਨ ਦੇ ਅਖੀਰਲੇ ਦਿਨ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ 10 ਤੋਂ ਘਟਾ ਕੇ 5 ਕਰਨ ਅਤੇ ਕਾਰਜਕਾਲ 6 ਸਾਲ ਤੋਂ ਘਟਾ ਕੇ 3 ਸਾਲ ਕਰਨ ਦੇ ਰੋਸ ਵਜੋਂ ਗਵਰਨਰ ਪੰਜਾਬ ਦੇ ਨਾਮ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਮੰਗ ਪੱਤਰ ਦਿੱਤਾ ਗਿਆ ਅਤੇ ਪੰਜਾਬ ਸਰਕਾਰ ਦੀ ਸਖਤ ਸ਼ਬਦਾਂ 'ਚ ਨਿੰਦਾ ਕੀਤੀ ਗਈ। ਇਸ ਮੌਕੇ ਮੋਰਚੇ ਦੇ ਆਗੂਆਂ ਨੇ ਗਵਰਨਰ ਪੰਜਾਬ ਤੋਂ ਮੰਗ ਕੀਤੀ ਕਿ ਇਸ ਨੂੰ ਤੁਰੰਤ ਰੱਦ ਕੀਤਾ ਜਾਵੇ ਤਾਂ ਜੋ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਆ ਰਹੀਆਂ ਦਿੱਕਤਾਂ ਨੂੰ ਦੂਰ ਕਰਨ ਲਈ ਕਮਿਸ਼ਨ ਮਜ਼ਬੂਤੀ ਨਾਲ ਕੰਮ ਕਰਦਾ ਰਹੇ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਇਸ ਦਾ ਤੁਰੰਤ ਨਿਪਟਾਰਾ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਵੀ ਤੇਜ਼ ਕੀਤਾ ਜਾਵੇਗਾ। ਇਹ ਸੰਘਰਸ਼ ਉਨਾ ਚਿਰ ਜਾਰੀ ਰਹੇਗਾ, ਜਿੰਨਾ ਚਿਰ ਐੱਸ ਸੀ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ ਪੂਰੀ ਨਹੀਂ ਕੀਤੀ ਜਾਂਦੀ। ਇਸ ਮੌਕੇ ਮੋਰਚੇ ਦੇ ਪ੍ਰਧਾਨ ਜਥੇਦਾਰ ਮਲਕੀਤ ਸਿੰਘ ਚੰਗਾਲ, ਸੀਨੀਅਰ ਮੀਤ ਪ੍ਰਧਾਨ ਪਾਲੀ ਸਿੰਘ ਕਮਲ ਉੱਭਾਵਾਲ, ਖਜ਼ਾਨਚੀ ਵਰਿਆਮ ਸਿੰਘ ਚੰਦੜ ਬਲੇਸਾ, ਜਗਸੀਰ ਸਿੰਘ ਖੇੜੀ ਚੰਦਵਾਂ, ਪ੍ਰੈੱਸ ਸਕੱਤਰ ਡਾ. ਸੁਖਚੈਨ ਸਿੰਘ ਸਾਰੋ, ਸਕੱਤਰ ਵਿਜੈ ਕੁਮਾਰ ਲੰਕੇਸ਼, ਸੀਨੀਅਰ ਆਗੂ ਸੰਗਰੂਰ ਨਿਰਭੈ ਸਿੰਘ ਛੰਨਾਂ, ਮੈਂਬਰ ਹਰਵਿੰਦਰ ਸਿੰਘ ਬਡਰੁੱਖਾਂ, ਮੈਂਬਰ ਸਰਬਜੀਤ ਕੌਰ ਧਾਲੀਵਾਲ, ਸਾਬਕਾ ਚੇਅਰਮੈਨ ਬਲਾਕ ਸੰਮਤੀ ਸੰਗਰੂਰ ਅਮਿਤ ਕੁਮਾਰ ਗਰੀਬਾਂ ਸੰਗਰੂਰ ਮੈਂਬਰ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂ ਹਾਜ਼ਰ ਸਨ।

## ਸਿਲਵਰ ਓਕਸ ਸਕੂਲ 'ਚ ਪੇਰੈਂਟਸ ਓਰੀਐਂਟੇਸ਼ਨ ਪ੍ਰੋਗਰਾਮ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਿਲਵਰ ਓਕਸ ਸਕੂਲ ਰਾਮਪੁਰਾ ਰੋਡ, ਬਠਿੰਡਾ ਨੇ ਨਵੇਂ ਦਾਖਲ ਹੋਏ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸਕੂਲ ਗਤੀਵਿਧੀਆਂ ਬਾਰੇ ਜਾਣੂ ਕਰਵਾਉਣ ਲਈ ਪੇਰੈਂਟਸ ਓਰੀਐਂਟੇਸ਼ਨ ਪ੍ਰੋਗਰਾਮ ਦਾ ਆਯੋਜਨ ਕੀਤਾ। ਪ੍ਰੋਗਰਾਮ ਦਾ ਮੁੱਖ ਉਦੇਸ਼ ਮਾਪਿਆਂ ਨੂੰ ਸਕੂਲ ਦੀ ਸਿੱਖਿਆ ਪ੍ਰਣਾਲੀ ਬਾਰੇ ਜਾਣੂ ਕਰਵਾਉਣਾ ਸੀ। ਇਸ ਨਵੇਂ ਅਕਾਦਮਿਕ ਸੈਸ਼ਨ 'ਚ ਪਹੁੰਚੇ ਮਾਪਿਆਂ ਦਾ ਸੁਆਗਤ ਕਰਦੇ ਹੋਏ ਮੁੱਖ ਅਧਿਆਪਕਾ ਛਾਇਆ ਵਿਨੋਚਾ ਨੇ ਮਾਪਿਆਂ ਅਤੇ ਅਧਿਆਪਕਾਂ ਦੇ ਪ੍ਰਭਾਵਸ਼ਾਲੀ ਸੰਚਾਰ ਸੰਬੰਧਾਂ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਗੱਲ ਕੀਤੀ। ਉਨ੍ਹਾਂ ਨੇ ਮਾਪਿਆਂ ਨੂੰ ਬੱਚਿਆਂ ਦੇ ਸਹੀ ਪਾਲਨ-ਪੋਸ਼ਣ ਬਾਰੇ ਵੀ ਜਾਗਰੂਕ ਕੀਤਾ। ਇਨ੍ਹਾਂ ਗਤੀਵਿਧੀਆਂ ਦੀ ਬੱਚੇ ਦੇ ਵਿਕਾਸ 'ਚ ਭੂਮਿਕਾ ਬਾਰੇ ਮਾਪਿਆਂ ਨੂੰ ਸਮਝਾਇਆ ਅਤੇ ਬੱਚੇ ਦੇ ਸਰਵਪੱਖੀ ਵਿਕਾਸ ਬਾਰੇ ਭਰੋਸਾ ਦਿਵਾਇਆ। ਉਨ੍ਹਾ ਸਕੂਲ ਅਤੇ ਸਿੱਖਿਆ ਪ੍ਰਣਾਲੀ ਨਾਲ ਸੰਬੰਧਤ ਨਿਯਮਾਂ ਬਾਰੇ ਵੀ ਮਾਪਿਆਂ ਨੂੰ ਦੱਸਿਆ।



# ਸਿੱਖ ਜਥੇਬੰਦੀਆਂ ਵੱਲੋਂ ਐਡਵੋਕੇਟ ਲਖਣਪਾਲ ਦਾ ਸਨਮਾਨ



**ਮਾਨਸਾ (ਮੁਨੀਸ਼ ਕੁਮਾਰ)**
ਐਡਵੋਕੇਟ ਲਖਵਿੰਦਰ ਸਿੰਘ ਲਖਣਪਾਲ ਦਾ ਸਿੱਖ ਨੌਜਵਾਨਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਕੀਤੀ ਗਈ ਮਦਦ ਨੂੰ ਲੈ ਕੇ ਅੱਜ ਵੱਖ ਵੱਖ ਸਿੱਖ ਜਥੇਬੰਦੀਆਂ ਵੱਲੋਂ ਐਡਵੋਕੇਟ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਐਡਵੋਕੇਟ ਲਖਣਪਾਲ ਸਿੰਘ ਨੇ ਜਥੇਬੰਦੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਰਕਾਰ ਸਿੱਖ ਨੌਜਵਾਨਾਂ 'ਤੇ ਕੀਤੇ ਝੂਠੇ ਪਰਚੇ ਤੁਰੰਤ ਰੱਦ ਕਰੇ। ਉਨ੍ਹਾਂ ਕਿਹਾ ਕਿ ਜਦੋਂ ਦੀ ਮਾਨ ਸਰਕਾਰ ਸੱਤਾ 'ਚ ਆਈ ਹੈ, ਉਸ ਸਮੇਂ ਤੋਂ ਹੀ ਸਿੱਖਾਂ ਨਾਲ ਧੱਕਾ ਹੁੰਦਾ ਆ ਰਿਹਾ ਹੈ। ਜੇਕਰ ਸਰਕਾਰ ਵੱਲੋਂ ਸਿੱਖ ਨੌਜਵਾਨਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਬਣਦਾ ਸਤਿਕਾਰ ਨਾ ਦਿੱਤਾ ਗਿਆ ਤਾਂ ਸਾਡੀ ਟੀਮ ਵੱਲੋਂ ਸਿੱਖ ਨੌਜਵਾਨਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇੰਨਸਾਫ ਦਿਵਾਉਣ ਤੇ ਸਤਿਕਾਰ ਦੀ ਬਹਾਲੀ ਲਈ ਪੰਜਾਬ ਪੱਧਰੀ ਪ੍ਰੋਗਰਾਮ ਮੁਹਿੰਮ ਚਲਾਈ ਜਾਵੇਗੀ। ਇਸ ਮੌਕੇ ਸੀਰਾ ਸਿੰਘ ਜੋਗਾ, ਰਹਨਪ੍ਰੀਤ ਜੋਗਾ, ਲਵਪ੍ਰੀਤ ਸਿੰਘ ਅਕਲੀਆਂ, ਭੋਲਾ ਸਿੰਘ, ਸੇਵਕ ਸਿੰਘ, ਬੀਰਬਲ ਪੱਖੋ, ਬੂਟਾ ਸਿੰਘ, ਸਰਬਜੀਤ ਸਿੰਘ, ਗਗਨਦੀਪ, ਐਡਵੋਕੇਟ ਸੱਤਪਾਲ ਖਿਆਲਾ, ਬਸੰਤ ਸਿੰਘ, ਸੁੱਖੀ ਦੁਲੋਵਾਲ ਤੋਂ ਇਲਾਵਾ ਭਾਰੀ ਗਿਣਤੀ 'ਚ ਸਿੱਖ ਨੌਜਵਾਨ ਹਾਜ਼ਰ ਸਨ।

# ਭਾਈ ਘਨੱਈਆ ਸੇਵਾ ਸੁਸਾਇਟੀ ਵੱਲੋਂ 12 ਕੈਂਸਰ ਪੀੜਤਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਭੇਟ

**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਮਨੁੱਖਤਾ ਤੇ ਵਾਤਾਵਰਨ ਦੀ ਸੇਵਾ ਨੂੰ ਸਮਰਪਿਤ ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਫਰੀਦਕੋਟ ਵੱਲੋਂ 12 ਲੋੜਵੰਦ ਕੈਂਸਰ ਪੀੜਤ ਮਰੀਜ਼ਾਂ ਨੂੰ ਇਲਾਜ ਲਈ ਸਹਾਇਤਾ ਰਾਸ਼ੀ ਦਿੱਤੀ ਗਈ। ਗੁਰਦੁਆਰਾ ਬਾਬਾ ਵਿਸ਼ਵਕਰਮਾ ਜੀ ਵਿਖੇ ਰੱਖੇ ਸਾਦੇ, ਪ੍ਰੰਤੂ ਪ੍ਰਭਾਵਸ਼ਾਲੀ ਸਮਾਗਮ 'ਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਸੀਨੀਅਰ ਮੀਤ ਪ੍ਰਧਾਨ ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਇਸ ਮੌਕੇ ਉਨ੍ਹਾ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਸੇਵਾ ਕਾਰਜਾਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਸਾਨੂੰ ਲੋੜਵੰਦਾਂ ਦੀ ਰਲ-ਮਿਲ ਕੇ ਮੱਦਦ ਕਰਨੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ 'ਆਪ' ਸਰਕਾਰ ਵੱਲੋਂ ਵਾਤਾਵਰਣ ਨੂੰ ਪਲੀਤ ਹੋਣ ਤੋਂ ਬਚਾਉਣ ਲਈ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾ ਮੰਨਿਆ ਕਿ ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਦਾ ਵੀ ਸਿਹਤ ਤੰਦਰੁਸਤੀ, ਪਾਣੀ ਦੀ ਬੱਚਤ ਤੇ ਵਾਤਾਵਰਣ ਦੀ ਸੰਭਾਲ ਅਰਥਾਤ ਸ਼ੁੱਧ ਹਵਾ-ਪਾਣੀ ਵਾਲਾ ਏਜੰਡਾ ਹੈ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਚੰਦਬਾਜਾ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਦੱਸਿਆ ਕਿ ਪੰਜਾਬ ਦੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਣ ਲਈ ਪ੍ਰਦੂਸ਼ਤ ਹੋ ਰਹੇ ਵਾਤਾਵਰਨ ਨੂੰ ਬਚਾਉਣਾ ਵੀ ਸਮੇਂ ਦੀ ਮੁੱਖ ਲੋੜ ਹੈ। ਇਸ ਲਈ ਸਾਨੂੰ ਰਲ-ਮਿਲ ਕੇ ਜ਼ਹਿਰੀਲੇ ਹੋ ਰਹੇ ਧਰਤੀ, ਹਵਾ ਤੇ ਪਾਣੀ ਨੂੰ ਬਚਾਉਣ ਲਈ ਵੀ ਕਾਰਜ ਜਾਰੀ ਰੱਖਣੇ ਚਾਹੀਦੇ ਹਨ। ਮੱਘਰ ਸਿੰਘ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਹ ਮਰੀਜ਼ ਫਰੀਦਕੋਟ, ਬਠਿੰਡਾ, ਸੰਗਰੂਰ, ਬਰਨਾਲਾ, ਫਿਰੋਜ਼ਪੁਰ, ਫਾਜ਼ਿਲਕਾ, ਮੋਗਾ, ਲੁਧਿਆਣਾ ਤੇ ਮੁਕਤਸਰ ਸਾਹਿਬ ਆਦਿ ਜ਼ਿਲ੍ਹਿਆਂ ਨਾਲ ਸਬੰਧਤ ਹਨ, ਇਹ ਸਾਰੇ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫਰੀਦਕੋਟ ਵਿਖੇ ਜ਼ੇਰੇ ਇਲਾਜ ਹਨ। ਇਸ ਮੌਕੇ ਉਪਰੋਕਤ ਤੋਂ ਇਲਾਵਾ ਹਰਵਿੰਦਰ ਸਿੰਘ ਮਰਵਾਹ, ਹਰੀਸ਼ ਵਰਮਾ, ਯਾਦਵਿੰਦਰ ਸਿੰਘ ਏ.ਡੀ.ਓ., ਮਨਪ੍ਰੀਤ ਸਿੰਘ ਮਣੀ ਧਾਲੀਵਾਲ, ਗੁਰਪ੍ਰੀਤ ਸਿੰਘ ਮਾਨ ਮੌੜ, ਹਰਜੀਤ ਸਿੰਘ, ਮਨਦੀਪ ਸਿੰਘ, ਜਸਕਰਨ ਸਿੰਘ ਆਦਿ ਹਾਜ਼ਰ ਸਨ।

## ...ਸਫ਼ਾ 5 ਦੇ ਬਾਕੀ

### 'ਕਿਰਾਏ 'ਤੇ ਸੜਕਾਂ'...

ਲਾਉਣ ਦੀ ਕਾਰਵਾਈ ਕੀਤੀ ਜਾ ਸਕਦੀ ਸੀ ਅਤੇ ਇਸ ਨਾਲ ਏਜੰਸੀ ਨਾਲ ਸਮਝੌਤਾ ਖਤਮ ਹੋ ਸਕਦਾ ਸੀ, ਪਰ ਕਿਸੇ ਨੇ ਵੀ ਇਸ ਵਿਰੁੱਧ ਕਾਰਵਾਈ ਕਰਨ ਦੀ ਖੇਚਲ ਨਹੀਂ ਕੀਤੀ। ਇਸ ਅਣਗਹਿਲੀ ਕਾਰਨ ਅੱਜ ਕੰਪਨੀ ਵੱਲ ਸੂਬੇ ਦਾ 67 ਕਰੋੜ ਰੁਪਏ ਬਕਾਇਆ ਹੈ, ਪਰ ਪਿਛਲੀਆਂ ਸਰਕਾਰਾਂ ਇਸ ਦੀ ਵਸੂਲੀ ਕਰਨ ਦੀ ਬਜਾਏ ਕੰਪਨੀ ਦਾ ਪੱਖ ਪੂਰਦੀਆਂ ਰਹੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਕੰਪਨੀ ਕਿਸਾਨ ਅੰਦੋਲਨ ਅਤੇ ਕੋਵਿਡ ਮਹਾਂਮਾਰੀ ਦੇ ਬਹਾਨੇ 582 ਦਿਨਾਂ ਦਾ ਸਮਾਂ ਵਧਾਉਣ ਦੀ ਮੰਗ ਕਰ ਰਹੀ ਸੀ, ਪਰ ਉਨ੍ਹਾ ਦੀ ਸਰਕਾਰ ਨੇ ਇਸ ਤੋਂ ਇਨਕਾਰ ਕਰ ਦਿੱਤਾ। ਇਹ ਕੰਮ ਪਹਿਲਾਂ ਹੀ ਹੋ ਜਾਣਾ ਚਾਹੀਦਾ ਸੀ, ਪਰ ਪਿਛਲੀਆਂ ਸਰਕਾਰਾਂ ਦੇ ਕਿਸੇ ਵੀ ਆਗੂ ਨੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨ ਦੀ ਖੇਚਲ ਨਹੀਂ ਕੀਤੀ, ਸਗੋਂ ਉਨ੍ਹਾਂ ਇਸ ਕੰਪਨੀ ਦੇ ਹੱਕਾਂ ਦੀ ਰਾਖੀ ਲਈ ਕੰਮ ਕੀਤਾ। ਪੰਜਾਬ ਨੂੰ ਸ੍ਰੀ ਆਨੰਦਪੁਰ ਸਾਹਿਬ, ਨੈਣਾ ਦੇਵੀ ਆਦਿ ਧਾਰਮਿਕ ਸਥਾਨਾਂ ਨਾਲ ਜੋੜਨ ਵਾਲੀ ਇਸ ਸੜਕ ਤੋਂ ਲੰਘਣ ਲਈ ਆਮ ਆਦਮੀ ਰੋਜ਼ਾਨਾ 10.12 ਲੱਖ ਰੁਪਏ ਖਰਚ ਕਰਦੇ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਪੈਸਾ ਕੰਪਨੀ ਤੋਂ ਵਸੂਲ ਕਰਕੇ ਇਨ੍ਹਾਂ ਸੜਕਾਂ ਦੀ ਮੁਰੰਮਤ ਅਤੇ ਮਜ਼ਬੂਤੀ 'ਤੇ ਲਾਇਆ ਜਾਵੇਗਾ। ਜਨਤਾ ਦੀ ਇਸ ਸਰੇਆਮ ਲੁੱਟ 'ਚ ਜਿਨ੍ਹਾਂ ਆਗੂਆਂ ਤੇ ਅਧਿਕਾਰੀਆਂ ਦਾ ਹੱਥ ਹੈ, ਉਨ੍ਹਾਂ ਨੂੰ ਵੀ ਕਿਸੇ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਉਹਨਾ ਕਿਹਾ ਕਿ ਲੋਕਾਂ ਤੋਂ ਲੁੱਟਿਆ ਗਿਆ ਇੱਕ-ਇੱਕ ਪੈਸਾ ਇਨ੍ਹਾਂ ਤੋਂ ਹਰ ਤਰੀਕੇ ਨਾਲ ਵਸੂਲ ਕੀਤਾ ਜਾਵੇਗਾ।

ਮੀਂਹ ਅਤੇ ਗੜੇਮਾਰੀ ਕਾਰਨ ਭਾਰੀ ਨੁਕਸਾਨ ਝੱਲਣ ਵਾਲੇ ਕਿਸਾਨਾਂ ਦੀਆਂ ਮੁਸ਼ਕਲਾਂ ਘਟਾਉਣ ਲਈ ਸੂਬਾ ਸਰਕਾਰ ਨੇ ਕਿਸਾਨਾਂ ਨੂੰ ਫਸਲਾਂ ਦੇ ਹੋਏ ਨੁਕਸਾਨ ਦੇ ਮੁਆਵਜ਼ੇ ਵਿੱਚ 25 ਫੀਸਦੀ ਵਾਧਾ ਕੀਤਾ ਹੈ। ਜੇਕਰ 75 ਫੀਸਦੀ ਤੋਂ ਵੱਧ ਨੁਕਸਾਨ ਹੁੰਦਾ ਹੈ ਤਾਂ ਸੂਬਾ ਸਰਕਾਰ ਕਿਸਾਨਾਂ ਨੂੰ 15,000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦੇਵੇਗੀ ਅਤੇ ਜੇਕਰ 33 ਤੋਂ 75 ਫੀਸਦੀ ਤੱਕ ਨੁਕਸਾਨ ਹੁੰਦਾ ਹੈ ਤਾਂ ਕਿਸਾਨਾਂ ਨੂੰ 6750 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇਗਾ। ਮਜ਼ਦੂਰਾਂ ਨੂੰ 10 ਫੀਸਦੀ ਮੁਆਵਜਾ ਦਿੱਤਾ ਜਾਵੇਗਾ, ਤਾਂ ਜੋ ਉਨ੍ਹਾਂ ਨੂੰ ਜੀਵਨ ਬਸਰ ਕਰਨ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ। ਮੁੱਖ ਮੰਤਰੀ ਨੇ ਕਿਹਾ ਕਿ ਮੀਂਹ ਕਾਰਨ ਘਰ ਦੇ ਪੂਰੇ ਨੁਕਸਾਨ ਲਈ 95100 ਰੁਪਏ ਮੁਆਵਜ਼ੇ ਵਜੋਂ ਦਿੱਤੇ ਜਾਣਗੇ, ਜਦ ਕਿ ਘਰਾਂ ਦੇ ਮਾਮੂਲੀ ਨੁਕਸਾਨ ਲਈ 5200 ਰੁਪਏ ਦਿੱਤੇ ਜਾਣਗੇ।

### ਨੌਜਵਾਨਾਂ ਦੇ ਵਿਦੇਸ਼ ...

ਨਾਲ ਸਮਾਜ ਦੀ ਸੇਵਾ ਕਰਨੀ ਹੁੰਦੀ ਹੈ। ਉਹਨਾ ਕਿਹਾ ਕਿ ਸੂਬਾ ਸਰਕਾਰ ਦਾ ਮੁੱਖ ਧਿਆਨ ਇਨ੍ਹਾਂ ਸੈਕਟਰਾਂ ਵਿੱਚ ਠੋਸ ਬੁਨਿਆਦੀ ਢਾਂਚੇ ਅਤੇ ਮਨੁੱਖੀ ਸ਼ਕਤੀ ਰਾਹੀਂ ਸੂਬੇ ਵਿੱਚੋਂ ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਰੁਝਾਨ ਨੂੰ ਰੋਕਣਾ ਹੈ। ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਮੁੱਖ ਮੰਤਰੀ ਅਤੇ ਹੋਰ ਸ਼ਖਸੀਅਤਾਂ ਦਾ ਸਵਾਗਤ ਕੀਤਾ।

### ਪਹਿਲੇ ਦਿਨ ਦਫ਼ਤਰ ...

ਉਹਨਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ 'ਚ ਦਾਖਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦੀ ਹਾਲਤ ਗੰਭੀਰ ਦੱਸੀ ਗਈ ਹੈ।

ਪੁਲਸ ਥਾਣਾ ਕੈਨਾਲ ਕਾਲੋਨੀ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਘਟਨਾ ਸਥਾਨ ਦਾ ਜਾਇਜ਼ਾ ਲਿਆ ਤੇ ਮ੍ਰਿਤਕ ਲੜਕੀ ਦੀ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਪਹੁੰਚਾਇਆ। ਪੁਲਸ ਨੇ ਮੌਕੇ 'ਤੇ ਇਲਾਕੇ 'ਚ ਲੱਗੇ ਸੀ ਸੀ ਟੀ ਵੀ ਕੈਮਰਿਆ ਨੂੰ ਖੰਗਾਲਿਆ ਤਾਂ ਹਾਦਸਾ ਨਜ਼ਰ ਆਇਆ। ਫੁਟੇਜ਼ ਅਨੁਸਾਰ ਇੱਕ ਵਿਅਕਤੀ ਆਪਣੀਆਂ ਬੇਟੀਆਂ ਨਾਲ ਐਕਟਿਵਾ 'ਤੇ ਜਾ ਰਿਹਾ ਸੀ। ਅੱਗੇ ਚੱਲ ਰਹੀ ਇਨੋਵਾ ਕਾਰ 'ਚੋਂ ਉਤਰਨ ਲਈ ਵਿਅਕਤੀ ਨੇ ਅਚਾਨਕ ਦਰਵਾਜ਼ਾ ਖੋਲ੍ਹ ਦਿੱਤਾ। ਐਕਟਿਵਾ ਦਰਵਾਜ਼ੇ ਨਾਲੇ ਟਕਰਾ ਗਈ ਅਤੇ ਤਿੰਨੇ ਸੜਕ 'ਚ ਡਿੱਗ ਗਏ। ਪਿੱਛੇ ਆ ਰਿਹਾ ਟਰੈਕਟਰ ਲੜਕੀ ਦੇ ਸਿਰ 'ਤੇ ਲੰਘ ਗਿਆ। ਇਨੋਵਾ ਅਤੇ ਟਰੈਕਟਰ ਡਰਾਈਵਰ ਗੱਡੀਆਂ ਲੈ ਕੇ ਫਰਾਰ ਹੋ ਗਏ। ਦੱਸਿਆ ਗਿਆ ਕਿ ਮ੍ਰਿਤਕ ਲੜਕੀ ਅੱਜ 1 ਅਪ੍ਰੈਲ ਨੂੰ ਪਹਿਲੇ ਦਿਨ ਨੌਕਰੀ 'ਤੇ ਜਾ ਰਹੀ ਸੀ, ਪਰ ਰਸਤੇ 'ਚ ਹਾਦਸੇ ਦਾ ਸ਼ਿਕਾਰ ਹੋ ਗਈ।

### ਸਰਕਾਰ ਨੂੰ 700 ਕਰੋੜ ...

ਗ੍ਰਿਫਤਾਰ ਕੀਤੇ ਜਾ ਚੁੱਕੇ ਹਨ, ਜੋ ਨਿਆਂਇਕ ਹਿਰਾਸਤ ਅਧੀਨ ਜੇਲ੍ਹ ਵਿੱਚ ਬੰਦ ਹਨ।

ਦੱਸਣਯੋਗ ਹੈ ਕਿ ਜੇਕਰ ਉਕਤ ਨਰਿੰਦਰ ਸਿੰਘ ਇਸ ਫੈਕਟਰੀ ਨੂੰ ਡੀਰਜਿਸਟਰ ਨਾ ਕਰਦਾ ਤਾਂ ਇਹ ਫੈਕਟਰੀ ਬੰਦ ਨਹੀਂ ਕੀਤੀ ਜਾ ਸਕਦੀ ਸੀ ਅਤੇ ਉਦਯੋਗਿਕ ਵਿਵਾਦ ਕਾਨੂੰਨ ਦੀ ਧਾਰਾ 25 ਹੇਠ ਚਲਾਨ ਦੇਣਾ ਹੀ ਨਹੀਂ ਬਣਦਾ ਸੀ ਅਤੇ ਅਜਿਹਾ ਚਲਾਨ ਕਰਨ ਤੋਂ ਪਹਿਲਾਂ ਉਕਤ ਨਰਿੰਦਰ ਸਿੰਘ ਨੂੰ ਬਾਕਾਇਦਾ ਪੜਤਾਲ ਕਰਨੀ ਬਣਦੀ ਸੀ, ਜੋ ਉਸ ਨੇ ਨਹੀਂ ਕੀਤੀ। ਜੇਕਰ ਇਹ ਅਧਿਕਾਰੀ ਉਕਤ ਫੈਕਟਰੀ ਨੂੰ ਡੀਰਜਿਸਟਰ ਨਾ ਕਰਦਾ ਤਾਂ ਪੰਜਾਬ ਸਰਕਾਰ ਨੂੰ 600 ਤੋਂ 700 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਣਾ ਸੀ। ਇਸ ਮੁਕੱਦਮੇ ਦੀ ਹੋਰ ਤਫਤੀਸ਼ ਜਾਰੀ ਹੈ।

### 'ਆਈ ਐੱਮ ਸੌਰੀ...

ਕਰਨ ਵਾਲੇ ਸਟੂਡੈਂਟ ਦਾ ਨਾਂਅ ਸਚਿਨ ਕੁਮਾਰ ਜੈਨ ਦੱਸਿਆ ਜਾ ਰਿਹਾ ਹੈ। ਉਹ ਆਈ ਆਈ ਟੀ ਮਦਰਾਸ ਦੇ ਮਕੈਨੀਕਲ ਇੰਜੀਨੀਅਰਿੰਗ ਵਿਭਾਗ ਤੋਂ ਪੀ ਐੱਚ ਡੀ ਕਰ ਰਿਹਾ ਸੀ।

ਇੱਕ ਅੰਕੜੇ ਮੁਤਾਬਕ ਆਈ ਆਈ ਟੀ, ਆਈ ਆਈ ਐੱਮ, ਐੱਨ ਆਈ ਟੀ ਵਰਗੇ ਟਾਪ ਐਜੂਕੇਸ਼ਨ ਇੰਸਟੀਚਿਊਟ 'ਚ ਵਿਦਿਆਰਥੀਆਂ ਦੀ ਮੌਤ ਦੇ ਮਾਮਲੇ ਤੇਜੀ ਨਾਲ ਵਧ ਰਹੇ ਹਨ। ਆਖਰੀ ਪੰਜ ਸਾਲਾਂ 'ਚ ਇਹ ਅੰਕੜਾ 61 ਵਿਦਿਆਰਥੀਆਂ ਦੀ ਮੌਤ ਤੱਕ ਪਹੁੰਚ ਗਿਆ ਹੈ। ਇਸ ਸਾਲ ਦੇ ਸ਼ੁਰੂਆਤੀ ਤਿੰਨ ਮਹੀਨਿਆਂ 'ਚ ਹੀ ਆਈ ਆਈ ਟੀ ਅਤੇ ਐੱਨ ਆਈ ਟੀ ਦੇ 6-7 ਵਿਦਿਆਰਥੀ ਆਪਣੀ ਜਾਨ ਦੇ ਚੁੱਕੇ ਹਨ।

# ਨਵਜੰਮੇ ਬੱਚਿਆਂ ਦੀ ਦੇਖਭਾਲ ਲਈ ਮਾਵਾਂ ਤੇ ਪਰਵਾਰਕ ਮੈਂਬਰਾਂ ਨੂੰ ਦੱਸੇ ਤਰੀਕੇ



ਜਾਣਕਾਰੀ ਦਿੰਦੇ ਰਜਿੰਦਰ ਕੁਮਾਰ ਬੀ ਈ ਈ।

**ਬਾਘਾ ਪੁਰਾਣਾ (ਮਨੀ ਸਿਗਲਾ)**
ਨਵਜੰਮੇ ਬੱਚਿਆਂ ਦੀ ਦੇਖਭਾਲ ਲਈ ਮਾਵਾਂ ਤੇ ਹੋਰ ਪਰਿਵਾਰਕ ਮੈਂਬਰਾਂ ਦਾ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ। ਇਸੇ ਲਈ ਸਿਹਤ ਵਿਭਾਗ ਵੱਲੋਂ ਕੇਅਰ ਕੰਪੇਨੀਅਨ ਪ੍ਰੋਗਰਾਮ ਤਹਿਤ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਸੀਨੀਅਰ ਮੈਡੀਕਲ ਅਫਸਰ, ਪੀ. ਐੱਚ. ਸੀ. ਠੱਠੀ ਭਾਈ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਰਜਿੰਦਰ ਕੁਮਾਰ ਬਲਾਕ ਐਕਸਟੈਂਸਨ ਐਜੂਕੇਟਰ ਵੱਲੋਂ ਸਿਹਤ ਕੇਂਦਰ ਬਾਘਾ ਪੁਰਾਣਾ ਵਿਖੇ ਜਾਗਰੂਕਤਾ ਸੈਸ਼ਨ ਕੀਤਾ ਗਿਆ।

ਇਸ ਮੌਕੇ ਬੀਈਈ ਰਜਿੰਦਰ ਕੁਮਾਰ ਨੇ ਦੱਸਿਆ ਕਿ ਪਹਿਲੇ ਛੇ ਮਹੀਨਿਆਂ ਵਿੱਚ ਨਵਜੰਮੇ ਬੱਚੇ ਨੂੰ ਸਿਰਫ ਮਾਂ ਦਾ ਦੁੱਧ ਹੀ ਪਿਲਾਉਣਾ ਚਾਹੀਦਾ ਹੈ, ਕਿਉਂਕਿ ਇਸ ਨਾਲ ਨਾ ਸਿਰਫ ਬੱਚੇ ਨੂੰ ਪੂਰਾ ਪੋਸ਼ਣ ਮਿਲਦਾ ਹੈ, ਸਗੋਂ ਬਿਮਾਰੀਆਂ ਤੋਂ ਬਚਾਅ ਵੀ ਹੁੰਦਾ ਹੈ। ਇਸ ਦੇ ਨਾਲ ਹੀ ਬੱਚੇ ਦੀ ਸਾਫ-ਸਫਾਈ ਤੇ ਦੁੱਧ ਪਿਲਾਉਣ ਦੇ ਢੰਗ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਮਾਵਾਂ ਨੂੰ ਕਦੇ ਵੀ ਬੱਚੇ ਨੂੰ ਲੰਮੇ ਪੈ ਕੇ ਦੁੱਧ ਨਹੀਂ ਪਿਲਾਉਣਾ ਚਾਹੀਦਾ। ਬੱਚੇ ਨੂੰ ਆਪਣੀ ਗੋਦੀ ਵਿੱਚ ਬਿਠਾ ਕੇ ਦੁੱਧ ਪਿਲਾਓ ਤੇ ਦੁੱਧ ਪਿਲਾਉਂਦੇ ਸਮੇਂ ਉਸ ਦੇ ਸਿਰ ਨੂੰ ਆਪਣੀ ਬਾਂਹ 'ਤੇ ਉੱਪਰ ਕਰਕੇ ਰੱਖੋ। ਦੁੱਧ ਪਿਲਾਉਣ ਤੋਂ ਬਾਅਦ ਬੱਚੇ ਨੂੰ ਡਕਾਰ ਜ਼ਰੂਰ ਦਿਵਾਓ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਸਾਰੇ ਬੱਚਿਆਂ ਦਾ ਸੰਪੂਰਨ ਟੀਕਾਕਰਨ ਕਰਵਾਉਣਾ ਯਕੀਨੀ ਬਣਾਇਆ ਜਾਵੇ।

## ਬਾਪੂ ਜੋਗਿੰਦਰ ਸਿੰਘ ਨੂੰ ਵੱਖ-ਵੱਖ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ

**ਮਮਦੋਟ (ਹਰਪਾਲ ਸਿੰਘ ਸੋਢੀ)**-ਆਮ ਆਦਮੀ ਪਾਰਟੀ ਬਲਾਕ ਮਮਦੋਟ ਦੇ ਸੀਨੀਅਰ ਆਗੂ ਬਲਰਾਜ ਸਿੰਘ ਸੰਧੂ ਜੀ ਦੇ ਸਹੁਰੇ ਬਾਪੂ ਜੋਗਿੰਦਰ ਸਿੰਘ ਸਿੱਧੂ, ਜੋ ਕਿ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ। ਅੱਜ ਉਨ੍ਹਾ ਦੀ ਅੰਤਿਮ ਅਰਦਾਸ ਗੁਰਦੁਆਰਾ ਸਿੰਘ ਸਭਾ ਮਮਦੋਟ ਵਿਖੇ ਹੋਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਫਿਰੋਜ਼ਪੁਰ ਦਿਹਾਤੀ ਤੋਂ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਸਮੇਤ ਬਲਾਕ ਦੀਆਂ ਵੱਖ ਵੱਖ ਧਾਰਮਿਕ, ਸਮਾਜਿਕ ਤੇ ਰਾਜਨੀਤਕ ਆਗੂਆਂ ਨੇ ਬਾਪੂ ਜੋਗਿੰਦਰ ਸਿੰਘ ਨੂੰ ਵੱਖ ਸ਼ਰਧਾਂਜਲੀਆਂ ਭੇਟ ਕੀਤੀਆਂ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਕਰਨੈਲ ਸਿੰਘ ਭਾਵੜਾ, ਹਰਚਰਨ ਸਿੰਘ ਵੈਰੜ, ਨਿਰਵੈਰ ਸਿੰਘ ਸਿੰਧੀ, ਬਲਵਿੰਦਰ ਸਿੰਘ ਰਾਊਕੇ, ਬਲਵੀਰ ਸਿੰਘ ਫੱਤੇ ਵਾਲਾ, ਰਜਵੰਤ ਸਿੰਘ ਸੋਢੀ ਰਹੀਮੇ ਕੇ, ਸੰਜੀਵ ਕੁਮਾਰ ਧਵਨ, ਗੁਰਪ੍ਰੀਤ ਸਿੰਘ ਸੰਧੂ ਪ੍ਰਧਾਨ ਪ੍ਰੈੱਸ ਕਲੱਬ ਮਮਦੋਟ, ਹਰਪਾਲ ਸਿੰਘ (ਨੀਟਾ ਸੋਢੀ) ਚੇਅਰਮੈਨ ਪ੍ਰੈੱਸ ਕਲੱਬ ਮਮਦੋਟ, ਅਮਰੀਕ ਸਿੰਘ ਜ਼ਿਲ੍ਹਾ ਪ੍ਰਧਾਨ ਲੱਖੋਵਾਲ, ਡਾ. ਗੁਰਦੇਵ ਸਿੰਘ ਫਿਰੋਜ਼ਪੁਰ, ਦਲਜੀਤ ਸਿੰਘ ਐੱਮ ਸੀ, ਸੁਰਿੰਦਰ ਕੁਮਾਰ ਸੈਠੀ ਐੱਮ ਸੀ, ਦਲਜੀਤ ਸਿੰਘ ਜੋਸਨ, ਲੇਖ ਰਾਜ ਐੱਮ ਸੀ ਆਦਿ ਨੇ ਅੰਤਿਮ ਅਰਦਾਸ ਮੌਕੇ ਪਹੁੰਚ ਕੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।



## ਪ੍ਰਾਇਮਰੀ ਸਕੂਲ (ਲੜਕੀਆਂ) ਬਣਿਆ ਦਾਖਲੇ ਲਈ ਖਿੱਚ ਦਾ ਕੇਂਦਰ



**ਬੁਢਲਾਡਾ (ਅਸ਼ੋਕ ਲਾਕੜਾ)**-ਸਰਕਾਰੀ ਸਕੂਲਾਂ ਅੰਦਰ ਲਗਾਤਾਰ ਹੋ ਰਹੇ ਦਾਖਲਿਆਂ ਦੀ ਗਿਣਤੀ ਤੇ ਸਿੱਖਿਆ ਦੇ ਮਿਆਰ 'ਚ ਵੱਡੇ ਸੁਧਾਰਾਂ ਕਾਰਨ ਮਾਪਿਆਂ ਵੱਲੋਂ ਸਰਕਾਰੀ ਸਕੂਲਾਂ 'ਚ ਵਧ ਰਹੀ ਦਿਲਚਸਪੀ ਰੰਗ ਲਿਆਉਣ ਲੱਗੀ ਹੈ, ਜਿਸ ਅਧੀਨ ਅੱਜ ਸਰਕਾਰ ਪ੍ਰਾਇਮਰੀ ਸਕੂਲ (ਲੜਕੀਆਂ) ਵਿਖੇ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ ਗਈ, ਉਥੇ ਲੜਕੀਆਂ ਦੀਆਂ ਖੇਡਾਂ ਤੇ ਸਿੱਖਿਆ 'ਚ ਅੱਵਲ ਆਉਣ ਵਾਲੀਆਂ ਲੜਕੀਆਂ ਨੂੰ ਉਤਸ਼ਾਹਤ ਕਰਦਿਆਂ ਇਨਾਮ ਵੰਡੇ ਗਏ, ਜਿਸ ਵਿੱਚ ਬੱਚਿਆਂ ਨੇ ਸ਼ਬਦ ਗਾਇਨ, ਕਵਿਤਾ, ਗਿੱਧਾ, ਭੰਗੜਾ, ਸਕਿੱਟ ਤੇ ਭਾਸ਼ਣ ਆਦਿ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਸਕੂਲ ਚੇਅਰਮੈਨ ਕਿਰਨਾ ਨੇ ਸਕੂਲ ਦੇ ਰਿਪੋਰਟ ਕਾਰਡ ਦੀ ਸ਼ਲਾਘਾ ਕਰਦਿਆਂ ਸਕੂਲ ਅੰਦਰ ਸੁਵਿਧਾਵਾਂ ਤੋਂ ਇਲਾਵਾ ਨਵੇਂ ਹੋਏ ਬਦਲਾਅ ਸੰਬੰਧੀ ਚਾਨਣਾ ਪਾਇਆ ਤੇ ਮਾਪਿਆਂ ਨੂੰ ਆਪਣੇ ਬੱਚੇ ਸਰਕਾਰੀ ਸਕੂਲ ਅੰਦਰ ਦਾਖਲਾ ਕਰਵਾਉਣ ਦੀ ਅਪੀਲ ਕੀਤੀ। ਇਸ ਮੌਕੇ ਮੈਡਮ ਸਿਮਰਜੀਤ ਕੌਰ, ਅਧਿਆਪਕ ਜਸਵੰਤ ਕੌਰ, ਇੰਦਰਪ੍ਰੀਤ ਕੌਰ, ਸੁਨੀਤਾ ਦੇਵੀ, ਸੁਖਵੀਰ ਕੌਰ, ਦੀਪਾਲੀ, ਵੀਰਪਾਲ ਕੌਰ, ਕਮਲਪ੍ਰੀਤ ਕੌਰ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਮੈਡਮ ਗੁਰਪ੍ਰੀਤ ਕੌਰ ਵੱਲੋਂ ਸੁਚੱਜੇ ਢੰਗ ਨਾਲ ਨਿਭਾਈ ਗਈ।

# ਮਾਡੂਲਰ ਆਪ੍ਰੇਸ਼ਨ ਥੀਏਟਰ ਦੀ ਨਵੀਂ ਬਣੀ ਇਮਾਰਤ ਦਾ ਉਦਘਾਟਨ

**ਹੁਣ ਆਧੁਨਿਕ ਮਸ਼ੀਨਾਂ ਨਾਲ ਹੋਵੇਗਾ ਗੰਭੀਰ ਬਿਮਾਰੀਆਂ ਦਾ ਇਲਾਜ : ਸੇਖੋਂ**



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਅਧੀਨ ਚੱਲ ਰਹੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਦੀ ਮਾਡੂਲਰ ਆਪ੍ਰੇਸ਼ਨ ਥੀਏਟਰ ਦੀ 6 ਕਰੋੜ ਰੁਪਏ ਦੀ ਲਾਗਤ ਨਾਲ ਨਵੀਂ ਬਣੀ ਇਮਾਰਤ ਅਤੇ ਅਤਿ-ਆਧੁਨਿਕ ਮਸ਼ੀਨਾਂ, ਜਿਸ ਵਿੱਚ 5 ਮਾਡੂਲਰ ਆਪ੍ਰੇਸ਼ਨ ਥੀਏਟਰ ਸ਼ਾਮਲ ਹਨ, ਦਾ ਉਦਘਾਟਨ ਹਲਕਾ ਵਿਧਾਇਕ ਸ੍ਰ. ਗੁਰਦਿੱਤ ਸਿੰਘ ਸੇਖੋਂ ਨੇ ਕੀਤਾ। ਇਸ ਮੌਕੇ ਉੱਪ-ਕੁਲਪਤੀ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਡਾ. ਅਵਨੀਸ਼ ਕੁਮਾਰ, ਰਜਿਸਟਰਾਰ ਡਾ. ਨਿਰਮਲ ਓਸੇਪਚਨ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਵਿਧਾਇਕ ਸੇਖੋਂ ਨੇ ਕਿਹਾ ਕਿ ਫਰੀਦਕੋਟ ਦਾ ਮੈਡੀਕਲ ਕਾਲਜ ਮਾਲਵੇ ਦੇ ਲੋਕਾਂ ਨੂੰ ਸਿਹਤ ਸੁਵਿਧਾਵਾਂ ਮੁਹੱਈਆ ਕਰਵਾ ਰਿਹਾ ਹੈ। ਉਨ੍ਹਾ ਕਿਹਾ ਕਿ ਲੋਕਾਂ ਨੂੰ ਚੰਗੀਆਂ ਸਿਹਤ ਸੇਵਾਵਾਂ ਮੁਹੱਈਆ ਕਰਾਉਣ ਲਈ ਪੰਜਾਬ ਸਰਕਾਰ ਪੂਰੀ ਸੰਜੀਦਗੀ ਨਾਲ ਕੰਮ ਕਰ ਰਹੀ ਹੈ। ਉਨ੍ਹਾ ਦੱਸਿਆ ਕਿ ਹੁਣ ਅਤਿ-ਆਧੁਨਿਕ ਮਸ਼ੀਨਾਂ ਦੇ ਆਉਣ ਨਾਲ ਹੁਣ ਨਿਊਰੋ, ਕਾਰਡੀਓ, ਪਾਇਡੈਟ੍ਰਿਕ ਸਰਜਰੀ, ਪਲਾਸਟਿਕ ਸਰਜਰੀ, ਆਪ੍ਰੇਸ਼ਨ ਹੋਰ ਸੁਖਾਲੇ ਹੋ ਜਾਣਗੇ। ਉਨ੍ਹਾ ਕਿਹਾ ਕਿ ਭਾਵੇਂ ਪਹਿਲਾਂ ਵੀ ਪਲਾਸਟਿਕ ਸਰਜਰੀ ਆਦਿ ਦੀ ਸਹੂਲਤ ਵੀ ਮੁਹੱਈਆ ਸੀ, ਪਰ ਉਸ ਨਾਲ ਡਾਕਟਰਾਂ ਨੂੰ ਆਪ੍ਰੇਸ਼ਨ ਕਰਨ ਵਿੱਚ ਜ਼ਿਆਦਾ ਸਮਾਂ ਲੱਗਦਾ ਸੀ। ਉਨ੍ਹਾ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿੱਚ ਮਰੀਜ਼ਾਂ ਦੇ ਇਲਾਜ ਤੇ ਸਹੂਲਤਾਂ ਵਿੱਚ ਹੋਰ ਵਾਧਾ ਹੋਇਆ ਹੈ। ਉਨ੍ਹਾ ਕਿਹਾ ਕਿ ਸਰਕਾਰੀ ਹਸਪਤਾਲਾਂ ਨੂੰ ਰੈਫਰਲ ਹਸਪਤਾਲਾਂ ਵਜੋਂ ਤਬਦੀਲ ਨਹੀਂ ਹੋਣ ਦਿੱਤਾ ਜਾਵੇਗਾ ਤੇ ਸਾਰੇ ਹਸਪਤਾਲਾਂ ਵਿੱਚ ਲੋਕਾਂ ਦੇ ਇਲਾਜ ਲਈ ਜ਼ਰੂਰੀ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਮੌਕੇ ਮੈਡੀਕਲ ਸੁਪਰਡੈਂਟ ਡਾ. ਸਿਲੇਖ ਮਿੱਤਲ, ਪ੍ਰਿੰ. ਮੈਡੀਕਲ ਕਾਲਜ ਡਾ. ਰਾਜੀਵ ਸ਼ਰਮਾ, ਡਾ. ਸਰਬਜੀਤ ਕੌਰ ਮੁਖੀ ਐਨਥੀਜੀਆ ਵਿਭਾਗ, ਐਕਸੀਅਨ ਰਾਜ ਕੁਮਾਰ ਤੋਂ ਇਲਾਵਾ ਪੈਰਾ-ਮੈਡੀਕਲ ਸਟਾਫ ਵੀ ਹਾਜ਼ਰ ਸੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## ਧਰਨਾ 90ਵੇਂ ਦਿਨ 'ਚ ਦਾਖਲ, ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀ ਹੁਣ ਤੱਕ ਨਹੀਂ ਬਹੁੜੇ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਟੋਲ ਪਲਾਜ਼ਾ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਗੁਰਦਾਸਪੁਰ-ਡੇਰਾ ਬਾਬਾ ਨਾਨਕ ਰੋਡ ਤੇ ਸਥਿਤ ਪਿੰਡ ਖਹਿਰਾ ਕੋਟਲੀ ਵਿਖੇ ਤਜਵੀਜ਼ਤ ਟੋਲ ਪਲਾਜ਼ੇ ਵਿਰੁੱਧ ਲਾਇਆ ਧਰਨਾ ਅੱਜ 90ਵੇਂ ਦਿਨ ਵਿੱਚ ਸ਼ਾਮਲ ਹੋ ਗਿਆ ਹੈ। ਅੱਜ ਧਰਨੇ ਦੇ ਜਥੇ ਦੀ ਅਗਵਾਈ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਹਰਪ੍ਰੀਤ ਸਿੰਘ ਹੈਰੀ ਨੇ ਕੀਤੀ।

ਅੱਜ ਦੇ ਜਥੇ ਵਿੱਚ ਹਰਪ੍ਰੀਤ ਸਿੰਘ ਹੈਰੀ, ਸੰਨੀ ਕਾਹਲਵਾਂ, ਹਰਬਿੰਦਰ ਸਿੰਘ ਕੁਹਾਲੀ, ਦਿਲਬਾਗ ਸਿੰਘ ਕੁਹਾਲੀ, ਸਵਰਨ ਕੁਹਾਲੀ, ਰਸ਼ਪਾਲ ਸਿੰਘ, ਰਵਿੰਦਰ ਸਿੰਘ ਕਾਜ਼ਮਪੁਰ, ਸਵਰਨ ਸਿੰਘ, ਰਾਹੁਲ ਕਾਹਲਵਾਂ, ਗੁਰਬੇਜ ਸਿੰਘ ਬਟਾਲਾ, ਸੁੱਖਾ ਡੇਰਾ ਬਾਬਾ ਨਾਨਕ, ਕੰਵਲਜੀਤ ਸਿੰਘ ਭਗਵਾਨਪੁਰ, ਹਰਵਿੰਦਰ ਸਿੰਘ ਭਗਵਾਨਪੁਰ ਆਦਿ ਸ਼ਾਮਲ ਸਨ। ਜਥੇ ਨੂੰ ਹਾਰ ਪਾ ਕੇ ਸਨਮਾਨਿਤ ਕਰਨ ਵਾਲਿਆਂ ਵਿੱਚ ਗੁਰਦੀਪ ਸਿੰਘ ਕਾਮਲਪੁਰ ਪੰਜਾਬ ਕਿਸਾਨ ਯੂਨੀਅਨ, ਬਲਕਾਰ ਸਿੰਘ ਨੜਾਂਵਾਲੀ ਜਮਹੂਰੀ ਕਿਸਾਨ ਸਭਾ,ਅਸ਼ੋਕ ਕੁਮਾਰ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਨੇ ਜਥੇ ਨੂੰ ਹਾਰ ਪਾ ਕੇ ਸਨਮਾਨਿਤ ਕੀਤਾ। ਇਸ ਮੌਕੇ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਟੋਲ ਪਲਾਜ਼ਾ ਕਿਸੇ ਵੀ ਹਾਲਤ ਵਿੱਚ ਨਹੀਂ ਲੱਗਣ ਦਿਆਂਗੇ।

ਉਨ੍ਹਾਂ ਕਿਹਾ ਭਾਵੇਂ ਪੰਜਾਬ ਸਰਕਾਰ ਨੇ ਬਾਰਸ਼ ਕਾਰਨ ਹੋਏ ਕਣਕ ਦੇ ਨੁਕਸਾਨ ਦੇ ਮੁਆਵਜ਼ੇ ਦਾ ਐਲਾਨ ਕੀਤਾ ਹੈ, ਪਰ ਅਜੇ ਵੀ ਬਹੁਤ ਸਾਰੇ ਪਿੰਡਾਂ ਵਿੱਚ ਗਿਰਦਾਵਰੀ ਦਾ ਕੰਮ ਸ਼ੁਰੂ ਨਹੀਂ ਹੋਇਆ। ਇਸ ਸਬੰਧੀ ਉਹ ਡੀ. ਸੀ. ਗੁਰਦਾਸਪੁਰ ਨੂੰ ਵੀ ਮਿਲ ਚੁੱਕੇ ਹਨ।

ਉਨ੍ਹਾਂ ਨੇ ਸਬੰਧਿਤ ਤਹਿਸੀਲਦਾਰਾਂ ਤੋਂ ਮੰਗ ਕੀਤੀ ਕਿ ਪਟਵਾਰੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਪਿੰਡਾਂ ਵਿੱਚ ਜਾਣ ਅਤੇ ਗਿਰਦਾਵਰੀ ਦਾ ਕੰਮ ਇਮਾਨਦਾਰੀ ਨਾਲ ਕਰਨ।

## ਬਟਾਲਾ ਰੇਲਵੇ ਸਟੇਸ਼ਨ 'ਤੇ ਲੱਗਣ ਵਾਲੇ ਮੋਰਚੇ ਸੰਬੰਧੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਮੀਟਿੰਗ



ਗੁਰਦਾਸਪੁਰ (ਜਨਕ ਮਹਾਜਨ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਜੋਨ ਤੇਜਾ ਸਿੰਘ ਸੁਤੰਤਰ ਦੇ ਪ੍ਰਧਾਨ ਦੀ ਅਗਵਾਈ ਵਿੱਚ ਪਿੰਡ ਨਡਾਲਾ ਦੇ ਗੁਰਦੁਆਰਾ ਸਾਹਿਬ ਵਿਖੇ ਮੀਟਿੰਗ ਲਾ ਕੇ 2 ਅਪਰੈਲ ਨੂੰ ਰੇਲਵੇ ਸਟੇਸ਼ਨ ਬਟਾਲੇ ਲੱਗਣ ਵਾਲੇ ਪੱਕੇ ਮੋਰਚੇ ਦੀਆਂ ਤਿਆਰੀਆਂ ਕਰਵਾਈਆਂ ਗਈਆਂ ਤੇ ਇਨ੍ਹਾਂ ਪਿੰਡਾਂ ਵਿਚ ਦੀਆਂ ਨਵੀਆਂ ਕਮੇਟੀਆਂ ਬਣਾਈਆਂ ਗਈਆਂ ਜਿਸ ਵਿਚ ਲੋਕਾਂ ਦਾ ਬਹੁਤ ਵੱਡਾ ਹੁੰਗਾਰਾ ਮਿਲਿਆ।

ਆਗੂਆਂ ਨੇ ਕਿਹਾ ਕਿ ਸਰਕਾਰ ਜਲਦ ਹਾਈਵੇ ਵਿਚ ਆ ਰਹੀਆਂ ਜ਼ਮੀਨਾਂ ਦੇ ਸਹੀ ਮੁਆਵਜ਼ੇ ਦੇਵੇ ਤੇ ਲੋਕਾਂ ਦੇ ਅਕਾਊਂਟਾਂ ਵਿਚ ਪੈਸੇ ਜਲਦ ਪਾਵੇ। ਉਨ੍ਹਾਂ ਕਿਹਾ ਗੰਨਾ ਮਿੱਲਾਂ ਵੱਲ ਲੋਕਾਂ ਦੇ ਖੜੇ ਬਕਾਏ ਜਲਦ ਖਾਤਿਆਂ ਵਿਚ ਪਾਏ ਜਾਣ ਤੇ ਮਜ਼ਦੂਰ ਤੇ ਕਿਸਾਨਾਂ ਦੇ ਕਰਜ਼ੇ ਮਾਫ਼ ਕਰੇ, ਗ਼ਰੀਬ ਲੋਕਾਂ ਦੇ ਕੱਟੇ ਹੋਏ ਰਾਸ਼ਣ ਕਾਰਡ ਜਲਦ ਬਹਾਲੀ ਦੀ ਕਰੇ ਤੇ ਗਰੀਬ ਲੋਕਾਂ ਦੇ ਨਰੇਗਾ ਦੇ ਕੰਮ ਕੀਤੇ ਦੇ ਪੈਸੇ ਹਨਾਂ ਦੇ ਖਾਤਿਆਂ ਵਿਚ ਪਾਏ ਜਾਣ ਤੇ 365 ਦਿਨ ਦੀ ਦਿਹਾੜੀ ਨਰੇਗਾ ਸਕੀਮ ਤਹਿਤ ਗਰੀਬ ਜਨਤਾ ਨੂੰ ਦਿੱਤੀ ਜਾਵੇ, ਜੇ ਇਹ ਸਾਰੇ ਮਸਲੇ ਹੱਲ ਨਾ ਕੀਤੇ ਤਾਂ ਬਟਾਲੇ ਵਾਲਾ ਧਰਨਾ ਲੰਬਾ ਚਲਾਇਆ ਜਾਵੇਗਾ ਤੇ ਇਹ ਧਰਨਾ ਪੰਜਾਬ ਪੱਧਰੀ ਵੀ ਕੀਤਾ ਜਾ ਸਕਦਾ ਹੈ। ਮੀਟਿੰਗ ਵਿਚ ਵੱਡੇ ਪੱਧਰ ਤੇ ਕਿਸਾਨਾਂ ਮਜ਼ਦੂਰਾਂ ਤੇ ਬੀਬੀਆਂ ਨੇ ਹਿੱਸਾ ਲਿਆ, ਜਿਨ੍ਹਾਂ ਵਿਚ ਪ੍ਰਧਾਨ ਸੁਖਵਿੰਦਰ ਸਿੰਘ ਅੱਲੜ ਪਿੰਡੀ, ਕਰਨੈਲ ਸਿੰਘ ਆਦੀ, ਸਤਨਾਮ ਸਿੰਘ ਖਜਾਨਚੀ, ਰਣਬੀਰ ਸਿੰਘ ਡੁਗਰੀ, ਸੁੱਚਾ ਸਿੰਘ ਬਲੱਗਣ, ਹਰਭਜਨ ਸਿੰਘ, ਕਰਨੈਲ ਸਿੰਘ, ਕੁਲਵੰਤ ਸਿੰਘ, ਨਰਿੰਦਰ ਸਿੰਘ ਆਲੀਨੰਗਲ, ਲਖਵਿੰਦਰ ਸਿੰਘ ਨੰਗਲ ਡਾਲਾਂ, ਰਸ਼ਪਾਲ ਸਿੰਘ ਡੁਗਰੀ, ਬਲਵਿੰਦਰ ਸਿੰਘ, ਗੁਰਪ੍ਰੀਤ ਸਿੰਘ ਸ਼ਹੂਰ, ਪਲਵਿੰਦਰ ਸਿੰਘ ਨਡਾਲਾ, ਦਿਲਬਾਗ ਸਿੰਘ ਹਰਦੋਛੰਨੀ, ਤਜਿੰਦਰ ਸਿੰਘ ਅਲੂਣਾ, ਹਰਵਿੰਦਰ ਸਿੰਘ, ਕਿਸ਼ੋਰੀ ਲਾਲ ਹਰਦੋਛੰਨੀ, ਸੂਬਾ ਸਿੰਘ ਨਡਾਲਾ, ਬੀਬੀ ਮਹਿੰਦਰ ਕੌਰ, ਦਿਲਬੀਰ ਕੌਰ, ਪ੍ਰੀਤਮ ਕੌਰ, ਸੰਤੋਖ ਕੌਰ, ਸੁਲੱਖਣ ਕੌਰ ਆਦਿ ਹਾਜ਼ਰ ਹੋਏ।

## ਤੇਜ਼ ਬਾਰਿਸ਼ ਨੇ ਨਗਰ ਕੌਂਸਲ ਮਜੀਠਾ ਦੇ ਸਫਾਈ ਪ੍ਰਬੰਧਾਂ ਦੀ ਖੋਲ੍ਹੀ ਪੋਲ





ਮਜੀਠਾ (ਸੋਇਮ ਆਨੰਦ)-ਤੇਜ਼ ਬਾਰਿਸ਼ ਨੇ ਮਜੀਠਾ ਵਿੱਚ ਇੱਕਦਮ ਜਲਥਲ ਕਰ ਦਿੱਤਾ ਅਤੇ ਗਲੀਆਂ ਬਾਜ਼ਾਰਾਂ 'ਚ ਪਾਣੀ ਖੜਾ ਹੋ ਗਿਆ ਜਿਸ ਕਾਰਨ ਮਜੀਠਾ ਦੇ ਅੰਦਰ ਸਾਰੇ ਰਸਤੇ ਬੰਦ ਹੋ ਗਏ ਜਿਸ ਕਾਰਨ ਆਮ ਜਨਤਾ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਇਥੋਂ ਤੱਕ ਕਿ ਮੁੱਖ ਸੜਕ ਬੱਸ ਅੱਡਾ ਮਜੀਠਾ ਦਾ ਚੌਕ ਵੀ ਪਾਣੀ ਨਾਲ ਭਰ ਗਿਆ। ਦੋਪਹੀਆ ਵਾਹਨਾਂ ਦੇ ਲੰਘਣ ਵਿੱਚ ਕਾਫੀ ਮੁਸ਼ਕਲ ਪੇਸ਼ ਆਈ। ਇਸ ਸਬੰਧੀ ਨਗਰ ਕੌਂਸਲ ਮਜੀਠਾ ਦੇ ਸਾਬਕਾ ਪ੍ਰਧਾਨ ਤਰੁਨ ਅਬਰੋਲ ਨੇ ਨਗਰ ਕੌਂਸਲ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਨਗਰ ਕੌਂਸਲ ਮਜੀਠਾ ਵੱਲੋਂ ਮਜੀਠਾ ਵਿੱਚ ਸਫਾਈ ਪ੍ਰਬੰਧਾਂ ਦੇ ਵੱਡੇ-ਵੱਡੇ ਦਮਗਜੇ ਮਾਰੇ ਜਾਂਦੇ ਰਹੇ ਹਨ ਅਤੇ ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਨਗਰ ਕੌਂਸਲ ਵੱਲੋਂ ਆਧੁਨਿਕ ਮਸ਼ੀਨਾਂ ਨਾਲ ਸ਼ਹਿਰ ਦੀਆਂ ਨਾਲੀਆਂ ਅਤੇ ਨਾਲਿਆਂ ਦੀ ਸਫਾਈ ਕਰਵਾਈ ਗਈ ਹੈ, ਹੁਣ ਇਨ੍ਹਾਂ ਵਿੱਚ ਪਾਣੀ ਨਹੀਂ ਖੜੇਗਾ ਪਰ ਅੱਜ ਦੇ ਮੀਂਹ ਨਾਲ ਨਗਰ ਕੌਂਸਲ ਦੀ ਸਾਰੀ ਸੱਚਾਈ ਸਾਹਮਣੇ ਆ ਗਈ। ਸ਼ਹਿਰ ਦੀਆਂ ਸਾਰੀਆਂ ਨਾਲੀਆਂ ਦਾ ਪਾਣੀ ਉਛਲ ਗਿਆ ਅਤੇ ਪਾਣੀ ਬਾਜ਼ਾਰਾਂ ਵਿੱਚ ਆਉਣ ਕਰਕੇ ਰਾਹਗੀਰਾਂ ਨੂੰ ਪ੍ਰੇਸ਼ਾਨੀ ਹੋਈ। ਲੋਕਾਂ ਦਾ ਕਹਿਣਾ ਹੈ ਕਿ ਮਸ਼ੀਨ ਸਾਰਾ ਦਿਨ ਬਾਜ਼ਾਰ ਵਿੱਚ ਖੜੀ ਰਹਿੰਦੀ ਹੈ ਪਰ ਚੰਗੀ ਤਰ੍ਹਾਂ ਨਾਲੀਆਂ ਦੀ ਸਫਾਈ ਨਹੀਂ ਕੀਤੀ ਜਾਂਦੀ। ਸ਼ਹਿਰ ਵਾਸੀਆਂ ਨੇ ਨਗਰ ਕੌਂਸਲ ਪਾਸੋਂ ਮੰਗ ਕੀਤੀ ਕਿ ਸ਼ਹਿਰ ਦੀਆਂ ਸਾਰੀਆਂ ਨਾਲੀਆਂ ਅਤੇ ਮੁੱਖ ਨਾਲਿਆਂ ਦੀ ਚੰਗੀ ਤਰ੍ਹਾਂ ਸਫਾਈ ਕਰਾਈ ਜਾਵੇ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਸ਼ਹਿਰ ਦੀ ਅਜਿਹੀ ਹਾਲਤ ਨਾ ਹੋਵੇ। ਇਸ ਸਬੰਧ ਵਿੱਚ ਨਗਰ ਕੌਂਸਲ ਮਜੀਠਾ ਦੇ ਈਓ ਰਣਬੀਰ ਸਿੰਘ ਵੜੈਚ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਮਜੀਠਾ 'ਚ ਜਿਹੜਾ ਸੀਵਰੇਜ ਪਾਇਆ ਗਿਆ ਹੈ ਉਹ ਤਰਤੀਬ ਅਨੁਸਾਰ ਨਹੀਂ ਪਾਇਆ ਗਿਆ।

ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋ ਸੀਵਰੇਜ ਵਿਭਾਗ ਅਤੇ ਪੰਜਾਬ ਸਰਕਾਰ ਨੂੰ ਲਿਖਿਆ ਗਿਆ ਹੈ ਕਿ ਮਜੀਠਾ ਵਿੱਚ ਫਿਰ ਤੋਂ ਐਸਟੀਮੇਟ ਲਗਾ ਕੇ ਸ਼ਹਿਰ ਦੇ ਸੀਵਰੇਜ ਸਿਸਟਮ ਨੂੰ ਨਵਾਂ ਪਾਇਆ ਜਾਵੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਮਜੀਠਾ ਵਿੱਚ ਟਰੀਟਮੈਂਟ ਪਲਾਂਟ ਲਗਾਉਣ ਲਈ ਵੀ ਸਰਕਾਰ ਨੂੰ ਲਿਖਿਆ ਹੈ।

## ਦਿਲਜੀਤ ਸਿੰਘ ਬੇਦੀ ਚੁਣੇ ਪੰਜਾਬੀ ਪੱਤਰਕਾਰ ਸਦਨ ਦੇ ਸਰਪ੍ਰਸਤ



ਅੰਮ੍ਰਿਤਸਰ (ਨਵਾਂ ਜ਼ਮਾਨਾ ਸਰਵਿਸ) : ਪੱਤਰਕਾਰਾਂ ਦੀ ਪੁਰਾਤਨ ਜਥੇਬੰਦੀ ਪੰਜਾਬੀ ਪੱਤਰਕਾਰ ਸਦਨ ਨੂੰ ਅੱਜ ਇਥੇ ਪੱਤਰਕਾਰਾਂ ਦੀ ਮੀਟਿੰਗ ਵਿਚ ਸੁਰਜੀਤ ਕੀਤਾ ਗਿਆ, ਜਿਸ ਵਿਚ ਪ੍ਰਮੁੱਖ ਪੱਤਰਕਾਰ ਦਿਲਜੀਤ ਸਿੰਘ ਬੇਦੀ ਸੰਪਾਦਕ ( ਨਿਹੰਗ ਸਿੰਘ ਸੰਦੇਸ਼ ) ਸਦਨ ਸਰਪ੍ਰਸਤ, ਜਤਿੰਦਰ ਸਿੰਘ ਥਿੰਦ ਪ੍ਰਧਾਨ, ਜਸਪਾਲ ਸਿੰਘ ਵਿਰਦੀ ਸਕੱਤਰ ਜਨਰਲ ਅਤੇ ਹਰਪਾਲ ਸਿੰਘ ਜਨਰਲ ਸਕੱਤਰ ਚੁਣੇ ਗਏ। ਮੀਟਿੰਗ ਪਿੱਛੋਂ ਜਾਰੀ ਪ੍ਰੈਸ ਬਿਆਨ ਵਿਚ ਵਿਰਦੀ ਅਤੇ ਹਰਪਾਲ ਸਿੰਘ ਦੱਸਿਆ ਕਿ ਪੱਤਰਕਾਰਾਂ ਦੀ ਇਹ ਜਥੇਬੰਦੀ ਸੂਬਾ ਪੱਧਰ 'ਤੇ ਬਣਾਈ ਗਈ ਹੈ ਪਰ ਇਸ ਦੇ ਯੂਨਿਟ ਬਹੁਤ ਛੇਤੀ ਹਰਿਆਣਾ ਅਤੇ ਦਿੱਲੀ ਵਿਚ ਵੀ ਸਥਾਪਿਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬੀ ਪੱਤਰਕਾਰ ਸਦਨ ਸਮੇਂ-ਸਮੇਂ ਪੱਤਰਕਾਰਾਂ ਨੂੰ ਦਰਪੇਸ਼ ਸਮੱਸਿਆਵਾਂ ਮੌਕੇ ਦੀ ਰਾਜ ਅਤੇ ਕੇਂਦਰ ਸਰਕਾਰ ਕੋਲ ਉਠਾਉਂਦਾ ਹੀ ਨਹੀਂ ਰਹੇਗਾ ਸਗੋਂ ਉਨ੍ਹਾਂ ਦੇ ਹੱਲ ਲਈ ਯਤਨਸ਼ੀਲ ਰਹੇਗਾ। ਉਨ੍ਹਾਂ ਕਿਹਾ ਕਿ ਸਦਨ ਦੇ ਸਰਪ੍ਰਸਤ ਦਿਲਜੀਤ ਸਿੰਘ ਬੇਦੀ ਅਤੇ ਪ੍ਰਧਾਨ ਜਤਿੰਦਰ ਸਿੰਘ ਥਿੰਦ ਨਾਲ ਸਲਾਹ ਕਰਕੇ ਸਦਨ ਦੀ ਨਿੱਕਟ ਭਵਿੱਖ ਵਿੱਚ ਮੀਟਿੰਗ ਸਦ ਕੇ ਬਾਕੀ ਅਹੁਦੇਦਾਰਾਂ ਦਾ ਐਲਾਨ ਵੀ ਕਰ ਦਿੱਤਾ ਜਾਵੇਗਾ।

## ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਧਾਰੀਵਾਲ ਭੋਜਾ ਦੀ ਨਵੇਂ ਸਿਰਿਓਂ ਚੋਣ



ਧਾਰੀਵਾਲ/ਕਾਦੀਆਂ (ਮਨਦੀਪ ਸਿੰਘ ਵਿੱਕੀ)-ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਧਾਰੀਵਾਲ ਭੋਜਾ ਦੀ ਚੋਣ ਜ਼ੋਨ ਆਗੂ ਸੰਦੀਪ ਧਾਰੀਵਾਲ ਭੋਜਾ ਦੀ ਨਿਗਰਾਨੀ ਹੇਠ ਹੋਈ। ਮੀਟਿੰਗ ਦੌਰਾਨ ਇਕਾਈ ਦੇ ਪਿਛਲੇ ਕੀਤੇ ਕੰਮਾਂ ਦਾ ਲੇਖਾ ਜੋਖਾ ਕੀਤਾ ਗਿਆ।

ਇਸ ਮੌਕੇ ਪਿਛਲੀਆਂ ਸਾਰੀਆਂ ਅਹੁਦੇਦਾਰੀਆਂ ਭੰਗ ਕਰਕੇ ਇਕਾਈ ਦੇ ਅਹੁਦੇਦਾਰਾਂ ਦੀ ਮੁੜ ਦੋ ਸਾਲਾਂ ਵਾਸਤੇ ਨਵੇਂ ਸਿਰਿਓਂ ਸਰਬਸੰਮਤੀ ਨਾਲ ਚੋਣ ਕੀਤੀ ਗਈ ਜਿਸ ਵਿੱਚ ਇਕਾਈ ਦੇ ਜਥੇਬੰਦਕ ਮੁਖੀ ਦੀਵਾਨ ਸਿੰਘ ਤੇ ਸਹਾਇਕ ਸਤਿਨਾਮ ਸਿੰਘ, ਵਿੱਤ ਹੁਣ ਵਿਭਾਗ ਮੁਖੀ ਸੰਦੀਪ ਧਾਰੀਵਾਲ ਭੋਜਾ ਤੇ ਸਹਾਇਕ ਮਾਸਟਰ ਸਤਿੰਦਰ ਸਿੰਘ, ਸਿਹਤ ਅਤੇ ਮਾਨਸਿਕ ਚੇਤਨਾ ਵਿਭਾਗ ਮੁਖੀ ਅਮਨਦੀਪ ਸੇਖਵਾਂ ਤੇ ਸਹਾਇਕ ਭੁਪਿੰਦਰ ਕਾਲਾ ਬਾਲਾ, ਸੱਭਿਆਚਾਰਕ ਵਿਭਾਗ ਮੁਖੀ ਸੈਮਸਨ ਹੰਸ ਤੇ ਸਹਾਇਕ ਸਚਿਨ ਸਿੰਘ, ਮੀਡੀਆ ਵਿਭਾਗ ਮੁਖੀ ਕਸ਼ਮੀਰ ਸਿੰਘ ਤੇ ਸਹਾਇਕ ਸੁੱਚਾ ਸਿੰਘ ਆਦਿ ਅਹੁਦੇਦਾਰ ਚੁਣੇ ਗਏ। ਜਦਕਿ ਲਖਬੀਰ ਬਸਰਾਵਾਂ ਨੂੰ ਡੈਲੀਗੇਟ ਨਿਯੁਕਤ ਕੀਤਾ ਗਿਆ।

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਧਾਰੀਵਾਲ ਭੋਜਾ ਦੀ ਨਵੀਂ ਚੁਣੀ ਟੀਮ ਦੇ ਅਹੁਦੇਦਾਰਾਂ ਨੇ ਕਿਹਾ ਕਿ ਉਹ ਲੋਕਾਂ ਵਿੱਚ ਵਿਗਿਆਨਕ ਸੋਚ ਪੈਦਾ ਕਰਨ ਲਈ ਹਮੇਸ਼ਾਂ ਯਤਨਸ਼ੀਲ ਉਪਰਾਲੇ ਕਰਨਗੇ ਅਤੇ ਸਮਾਜ ਵਿੱਚੋਂ ਅੰਧ-ਵਿਸ਼ਵਾਸ ਦੂਰ ਕਰਨ ਲਈ ਲੋਕਾਂ ਵਿੱਚ ਵਿਗਿਆਨਕ ਚੇਤਨਾ ਪੈਦਾ ਕਰਨਗੇ।

## ਮੁੱਖ ਮੁਨਸ਼ੀ ਗੁਰਬਿੰਦਰ ਸਿੰਘ ਛਾਪਾਂ ਨੇ ਅਹੁਦਾ ਸੰਭਾਲਿਆ



ਝਬਾਲ (ਹਰਜਿੰਦਰ ਸਿੰਘ ਸੋਨੀ/ ਰੌਬਿਨ ਸਿੰਘ ਸੋਨੀ)-ਜ਼ਿਲ੍ਹਾ ਪੁਲਸ ਤਰਨ ਤਾਰਨ ਦੇ ਉਚ ਅਧਿਕਾਰੀਆਂ ਦੇ ਹੁਕਮਾਂ ਸਰਹੱਦੀ ਥਾਣਾ ਖਾਲੜਾ ਤੋਂ ਬਦਲ ਕੇ ਥਾਣਾ ਸਰਾਏ ਅਮਾਨਤ ਖਾਂ ਵਿਖੇ ਬਤੌਰ ਮੁੱਖ ਮੁਨਸ਼ੀ ਗੁਰਬਿੰਦਰ ਸਿੰਘ ਛਾਪਾਂ ਨੇ ਅਹੁਦਾ ਸੰਭਾਲਣ ਉਪਰੰਤ ਮੁੱਖ ਮੁਨਸ਼ੀ ਗੁਰਬਿੰਦਰ ਸਿੰਘ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਥਾਣੇ ਆਉਣ ਵਾਲੇ ਹਰ ਇੱਕ ਵਿਅਕਤੀ ਮੋਹਤਬਰ ਵਿਅਕਤੀ ਤੇ ਸਰਪੰਚਾਂ ਪੰਚਾਂ ਸਤਿਕਾਰ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਨਸ਼ਿਆਂ ਨੂੰ ਸਖਤੀ ਨਾਲ ਖਤਮ ਕੀਤਾ ਜਾਵੇਗਾ ਅਤੇ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਐੱਸ ਆਈ ਦਿਲਬਾਗ ਸਿੰਘ, ਐੱਸ ਆਈ ਹਰਦੀਪ ਸਿੰਘ, ਏਐੱਸਆਈ ਹੀਰਾ ਸਿੰਘ ਸੋਹਲ, ਏਐੱਸਆਈ ਕਾਬਲ ਸਿੰਘ, ਏਐੱਸਆਈ ਦਲਜੀਤ ਸਿੰਘ ਆਦਿ ਹਾਜ਼ਰ ਸਨ।

## ਬਿਜਲੀ ਸਬੰਧੀ ਸ਼ਿਕਾਇਤਾਂ ਦੇ ਨਿਪਟਾਰੇ ਲਈ ਲੱਗਾ ਵਿਸ਼ੇਸ਼ ਕੈਂਪ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਤਰਨਤਾਰਨ ਵਿਧਾਨ ਸਭਾ ਹਲਕੇ ਦੇ ਲੋਕਾਂ ਦੀਆਂ ਬਿਜਲੀ ਸਬੰਧੀ ਸ਼ਿਕਾਇਤਾਂ ਦਾ ਨਿਵਾਰਨ ਕਰਨ ਲਈ ਹਲਕਾ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਦੀ ਅਗਵਾਈ ਵਿਚ ਇੱਕ ਵਿਸ਼ੇਸ਼ ਕੈਂਪ ਲਗਾਇਆ ਗਿਆ ਜਿਸ ਵਿੱਚ ਬਿਜਲੀ ਬੋਰਡ ਦੇ ਸੁਪਰਡੈਂਟ ਇੰਜੀਨੀਅਰ ਗੁਰਸ਼ਰਨ ਸਿੰਘ ਖਹਿਰਾ, ਐਕਸੀਅਨ ਹਰਦੀਪ ਸਿੰਘ, ਹਲਕੇ ਦੇ ਐੱਸਡੀਓਜ਼ ਅਤੇ ਜੂਨੀਅਰ ਇੰਜੀਨੀਅਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਹਲਕੇ ਦੇ ਵੱਖ-ਵੱਖ ਪਿੰਡਾਂ, ਕਸਬਿਆਂ ਤੋਂ ਆਏ ਲੋਕਾਂ ਨੇ ਬਿਜਲੀ ਸਬੰਧੀ ਸ਼ਿਕਾਇਤਾਂ ਅਧਿਕਾਰੀਆਂ ਸਾਹਮਣੇ ਰੱਖੀਆ ਜਿਨ੍ਹਾਂ ਵਿੱਚੋਂ ਬਹੁਤੀਆਂ ਦਾ ਮੌਕੇ 'ਤੇ ਨਿਪਟਾਰਾ ਕਰ ਦਿੱਤਾ ਗਿਆ। ਇਸ ਮੌਕੇ ਸੁਪਰਡੈਂਟ ਇੰਜੀਨੀਅਰ ਗੁਰਸ਼ਰਨ ਸਿੰਘ ਖਹਿਰਾ ਨੇ ਵਿਸ਼ਵਾਸ ਦਿਵਾਇਆ ਕਿ ਉਹ ਇਲਾਕੇ ਵਿੱਚ ਨਿਰਵਿਘਨ ਬਿਜਲੀ ਸਪਲਾਈ ਦੀ ਸਹੂਲਤ ਪ੍ਰਦਾਨ ਕਰਨ ਲਈ ਵਚਨਬੱਧ ਹਨ ਅਤੇ ਕਿਸਾਨਾਂ ਲਈ ਸੀਜ਼ਨ ਲਈ ਲੋੜੀਂਦੀ ਬਿਜਲੀ ਸਪਲਾਈ ਦਾ ਪ੍ਰਬੰਧ ਕਰਨਗੇ। ਇਸ ਮੌਕੇ ਪੀਏ ਕੋਮਲਪ੍ਰੀਤ ਸਿੰਘ, ਆਮ ਆਦਮੀ ਪਾਰਟੀ ਦੇ ਵਲੰਟੀਅਰ ਮਾਸਟਰ ਸ਼ਿੰਗਾਰਾ ਸਿੰਘ, ਮਾਸਟਰ ਤਸਵੀਰ ਸਿੰਘ, ਦਫਤਰ ਸਕੱਤਰ ਰਾਜਵੰਤ ਸਿੰਘ ਢਿੱਲੋਂ, ਸ਼ਹਿਰੀ ਪ੍ਰਧਾਨ ਕੁਲਵੰਤ ਸਿੰਘ ਪੰਨੂ, ਪ੍ਰਿੰਸੀਪਲ ਸਵਿੰਦਰ ਸਿੰਘ, ਗੁਰਵਿੰਦਰ ਸਿੰਘ ਸੋਨੂੰ, ਅਰਸ਼ਦੀਪ ਸਿੰਘ, ਚਰਨਜੀਤ ਕੌਰ ਕਾਜ਼ੀਕੋਟ, ਕਮਲੇਸ਼ ਚੌਧਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਬੰਗਲਾਦੇਸ਼ ਦੇ ਇਤਿਹਾਸਕ ਗੁਰਧਾਮਾਂ ਦੀ ਚੱਲ ਰਹੀ ਹੈ ਨਿਰੰਤਰ ਸੇਵਾ : ਅਜੈਬ ਸਿੰਘ



ਚੋਹਲਾ ਸਾਹਿਬ (ਰਮਨ ਚੱਢਾ)-ਸੰਪਰਦਾਇ ਕਾਰ ਸੇਵਾ ਸੰਤ ਬਾਬਾ ਤਾਰਾ ਸਿੰਘ ਸਰਹਾਲੀ ਸਾਹਿਬ ਵੱਲੋਂ ਬੰਗਲਾਦੇਸ਼ ਦੇ ਇਤਿਹਾਸਕ ਗੁਰਧਾਮਾਂ ਦੀ ਕਾਰ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਪਿਛਲੇ ਲੰਮੇ ਸਮੇਂ ਤੋਂ ਚਲਾਈ ਜਾ ਰਹੀ ਹੈ। ਸ਼ੁੱਕਰਵਾਰ ਹਫਤਾਵਾਰੀ ਸਮਾਗਮ ਦੌਰਾਨ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਉਪਰੰਤ ਕੀਰਤਨ ਦੀਵਾਨ ਸਜੇ ਅਤੇ ਕਥਾ ਵਿਚਾਰਾਂ ਹੋਈਆਂ ਉਪਰੰਤ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ। ਇਸ ਮੌਕੇ ਸੰਪਰਦਾਇ ਦੇ ਸੇਵਾਦਾਰ ਅਤੇ ਬੰਗਲਾਦੇਸ਼ ਮੈਨੇਜਮੈਂਟ ਬੋਰਡ ਦੇ ਪ੍ਰਧਾਨ ਅਜੈਬ ਸਿੰਘ ਬੋਪਾਰਾਏ ਅਤੇ ਜਰਨਲ ਸਕੱਤਰ ਬਚਨ ਸਿੰਘ ਸਰਲ ਵਿਸ਼ੇਸ਼ ਤੌਰ 'ਤੇ ਪਹੁੰਚੇ। ਸੰਗਤਾਂ ਦੀ ਮੰਗ ਅਤੇ ਬਾਬਾ ਜੀ ਦੀ ਆਗਿਆ ਅਨੁਸਾਰ ਅਮਰ ਚੰਦ ਲਾਲ ਬੇਗੀ ਨੂੰ ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਅਤੇ ਤੋਪਸ ਲਾਲ ਚੌਧਰੀ ਨੂੰ ਜਨਰਲ ਸੈਕਟਰੀ ਅਤੇ ਡਾ. ਐਮ. ਕੇ. ਰੋਏ ਨੂੰ ਕਮੇਟੀ ਮੈਂਬਰ ਨਿਯੁਕਤ ਕੀਤਾ ਗਿਆ ਅਤੇ ਮਹਾਂਪੁਰਖ ਸੰਤ ਬਾਬਾ ਸੁੱਖਾ ਸਿੰਘ ਜੀ ਵੱਲੋਂ ਵੀਡੀਉ ਕਾਲਿੰਗ ਰਾਹੀਂ ਸੰਗਤਾਂ ਨਾਲ ਨਵੇਂ ਬਣੇ ਅਹੁਦੇਦਾਰਾਂ ਅਤੇ ਮੈਂਬਰ ਸਹਿਬਾਨ ਨਾਲ ਵਿਚਾਰਾਂ ਕੀਤੀਆਂ ਗਈਆਂ। ਗ੍ਰੰਥੀ ਸਿੰਘਬੀਰ ਸਿੰਘ ਵੱਲੋਂ ਅਰਦਾਸ ਬੇਨਤੀ ਕੀਤੀ ਗਈ ਅਤੇ ਆਜ਼ਾਦਵਿੰਦਰ ਸਿੰਘ ਵੱਲੋਂ ਹੁਕਨਾਮੇ ਦੀ ਸੇਵਾ ਨਿਭਾਈ ਗਈ। ਇਸ ਮੌਕੇ ਮੈਂਬਰ ਜਤਿਨ ਲਾਲ ਬੇਗੀ, ਮੈਂਬਰ ਸੁਮਿਤ ਲਾਲ ਬੇਗੀ, ਮੈਂਬਰ ਸੁਵਿਸ ਦਾਸ, ਖਜ਼ਾਨਚੀ ਸ਼ਾਮ ਦਾਸ ਅਤੇ ਬੰਗਲਾਦੇਸ਼ ਦੀਆਂ ਸਿੱਖ ਸੰਗਤਾਂ ਜਸਪਾਲ ਸਿੰਘ ਅਤੇ ਲੋਕਲ ਸੰਗਤਾਂ ਹਾਜ਼ਰ ਸਨ।

## ਪੱਟੀ ਤੋਂ ਤਰਨ ਤਾਰਨ ਰੋਡ ਨੂੰ ਚੌੜਾ ਕਰਨ ਦਾ ਕੰਮ ਜਲਦੀ ਹੀ ਸ਼ੁਰੂ ਹੋਵੇਗਾ : ਭੁੱਲਰ



ਪੱਟੀ (ਬਲਦੇਵ ਸਿੰਘ ਸੰਧੂ, ਸ਼ਮਸ਼ੇਰ ਸਿੰਘ ਯੋਧਾ)-ਹਲਕੇ ਦੇ ਲੋਕਾਂ ਦੀ ਚਿਰੋਕਣੀ ਮੰਗ ਤੇ ਰਾਹਗੀਰਾਂ ਨੂੰ ਆ ਰਹੀਆਂ ਭਾਰੀ ਪ੍ਰੇਸ਼ਾਨੀਆਂ ਨੂੰ ਮੁੱਖ ਰੱਖਦੇ ਹੋਏ ਪੱਟੀ ਤੋਂ ਵਿਧਾਇਕ ਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਵੱਡਾ ਹੰਭਲਾ ਮਾਰਦੇ ਹੋਏ ਸੜਕ ਨੂੰ ਚੌੜਾ ਕਰਨ ਦੀ ਮਨਜ਼ੂਰੀ ਲਈ ਦੇ ਰੁੱਖਾਂ ਦੀ ਬਣਦੀ ਕੀਮਤ ਸਰਕਾਰੀ ਖਜ਼ਾਨੇ 'ਚ ਜਮ੍ਹਾਂ ਕਰਵਾ ਕੇ ਰੁੱਖ ਪੁੱਟਣ ਦੀ ਮਨਜ਼ੂਰੀ ਮਿਲ ਚੁੱਕੀ ਹੈ। ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਸੜਕ ਦੇ ਨਿਰਮਾਣ ਦਾ ਕੰਮ ਸ਼ੁਰੂ ਕਰਵਾਉਣ ਲਈ ਉਦਘਾਟਨ ਕਰਦੇ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਸੜਕ ਦੇ ਆਲੇ ਦੁਆਲੇ ਤੋਂ ਜਿੰਨੇ ਰੁੱਖ ਪੁੱਟੇ ਜਾਣਗੇ ਉਸ ਤੋਂ ਦੁੱਗਣੀ ਗਿਣਤੀ ਰੁੱਖ ਲਗਾਏ ਜਾਣਗੇ। ਭੁੱਲਰ ਨੇ ਦੱਸਿਆ ਕਿ ਸੜਕ ਦੇ ਵਿਚਕਾਰ ਡਿਵਾਈਡਰ ਬਣਾਉਣ ਨਾਲ ਸੜਕ ਬਹੁਤ ਜ਼ਿਆਦਾ ਤੰਗ ਹੋ ਚੁੱਕੀ ਸੀ। ਜਿਥੇ ਸੜਕੀ ਹਾਦਸੇ ਵਾਪਰਦੇ ਸੀ ਉਥੇ ਰਾਹਗੀਰਾਂ ਨੂੰ ਬਹੁਤ ਜ਼ਿਆਦਾ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ।

ਕੈਬਨਿਟ ਮੰਤਰੀ ਭੁੱਲਰ ਨੇ ਦੱਸਿਆ ਕਿ ਪੱਟੀ ਤੋਂ ਤਰਨ ਤਾਰਨ ਰੋਡ ਨੂੰ ਬਹੁਤ ਜਲਦੀ ਚੌੜਾ ਕਰਕੇ ਲੋਕਾਂ ਦੇ ਸਪੁਰਦ ਕੀਤਾ ਜਾਵੇਗਾ। ਇਸ ਮੌਕੇ ਦਿਲਬਾਗ ਸਿੰਘ ਪੀ ਏ, ਮੀਡੀਆ ਇੰਚਾਰਜ ਅਵਤਾਰ ਸਿੰਘ ਢਿੱਲੋਂ, ਗੁਰਪਿੰਦਰ ਸਿੰਘ ਉੱਪਲ, ਗੁਰਬਿੰਦਰ ਸਿੰਘ ਕਾਲੇਕੇ, ਰਾਜਬੀਰ ਸਿੰਘ ਆੜ੍ਹਤੀਆ ਐਸੋਸੀਏਸ਼ਨ ਪ੍ਰਧਾਨ ਰਾਜਵਿੰਦਰ ਸਿੰਘ ਔਲਖ, ਗੁਰਮੀਤ ਸਿੰਘ ਜੇਈ ਆਦਿ ਵੀ ਹਾਜ਼ਰ ਸਨ।

## ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਦੀ ਵਡਾਲਾ ਬਾਂਗਰ ਵਿਖੇ ਵਿਸ਼ੇਸ਼ ਮੀਟਿੰਗ

ਗੁਰਦਾਸਪੁਰ (ਜਨਕ ਮਹਾਜਨ)-ਕਿਸਾਨ ਜਾਗਰੂਕਤਾ ਮੁਹਿੰਮ ਤਹਿਤ ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਦੀ ਵਿਸ਼ੇਸ਼ ਮੀਟਿੰਗ ਪਿੰਡ ਮੁਸਤਫ਼ਾਪੁਰ ਨੇੜੇ (ਵਡਾਲਾ ਬਾਂਗਰ) ਵਿਖੇ ਬਲਰਾਜ ਸਿੰਘ ਗੁਰਚੱਕ ਦੀ ਪ੍ਰਧਾਨਗੀ ਵਿੱਚ ਹੋਈ। ਇਸ ਮੀਟਿੰਗ ਵਿਚ ਸੂਬਾ ਪ੍ਰਧਾਨ ਸੁਖਦੇਵ ਸਿੰਘ ਭੋਜਰਾਜ, ਸੂਬਾ ਜਨਰਲ ਸਕੱਤਰ ਕੰਵਲਜੀਤ ਸਿੰਘ ਖੁਸ਼ਹਾਲਪੁਰ, ਸੂਬਾ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਖਾਸਾ ਵਾਲਾ, ਸੂਬਾ ਲੀਗਲ ਐਡਵਾਈਜ਼ਰ ਪ੍ਰਭਜੋਤ ਸਿੰਘ ਕਾਹਲੋਂ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਮੌਕੇ 5 ਪਿੰਡਾਂ ਦੀਆਂ ਇਕਾਈਆਂ ਦਾ ਗਠਨ ਵੀ ਕੀਤਾ ਗਿਆ। ਕੇਂਦਰ ਸਰਕਾਰ ਤੋਂ ਫਸਲਾਂ ਦੇ ਭਾਅ ਡਾ. ਸਵਾਮੀਨਾਥਨ ਕਮਿਸ਼ਨ ਦੇ ਫਾਰਮੂਲੇ ਮੁਤਾਬਕ ਲੈਣ, ਕਿਸਾਨਾਂ ਅਤੇ ਮਜ਼ਦੂਰਾਂ ਦੀ ਸੰਪੂਰਨ ਕਰਜ਼ ਮੁਕਤੀ, ਖੇਤੀ ਮਸ਼ੀਨਰੀ ਅਤੇ ਖੇਤੀ ਸੰਦਾਂ ਤੋਂ ਜੀਐਸਟੀ ਹਟਾਉਣੀ, ਪਿਛਲੇ ਲੰਮੇ ਸਮੇਂ ਤੋਂ ਪੰਜਾਬ ਸਰਕਾਰ ਵਲੋਂ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਨਾ ਕਰਨ ਵਿਰੁੱਧ ਕਿਸਾਨਾਂ ਨੂੰ ਲਾਮਬੰਦ ਕਰਦਿਆਂ ਹੋਇਆਂ ਕਿਸਾਨ ਆਗੂ ਸੁਖਦੇਵ ਸਿੰਘ ਭੋਜਰਾਜ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਬੇਮੌਸਮੀ ਬਾਰਸ਼, ਝੱਖੜ ਅਤੇ ਗੜੇਮਾਰੀ ਕਾਰਨ ਖਰਾਬ ਹੋਈ ਕਣਕ ਦੀ ਫਸਲ, ਸਬਜ਼ੀਆਂ, ਚਾਰਾ ਅਤੇ ਬਾਗਾਂ ਆਦਿ ਹੋਰ ਫਸਲਾਂ ਦੇ ਹੋਏ ਨੁਕਸਾਨ ਦਾ ਸੌ ਫ਼ੀਸਦੀ ਮੁਆਵਜ਼ਾ ਦਿੱਤਾ ਜਾਵੇ। ਕਿਸਾਨ ਆਗੂ ਕੰਵਲਜੀਤ ਸਿੰਘ ਖੁਸ਼ਹਾਲਪੁਰ ਨੇ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਸਰਕਾਰ ਨੇ ਮੁਆਵਜ਼ਾ ਜਾਰੀ ਕਰਨ ਵਿਚ ਟਾਲਮਟੋਲ ਦੀ ਨੀਤੀ ਅਪਣਾਈ ਤਾਂ ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਸਰਕਾਰ ਵਿਰੁੱਧ ਤਿੱਖਾ ਸੰਘਰਸ਼ ਅਰੰਭੇਗੀ। ਇਸ ਮੌਕੇ ਪਿੰਡ ਮੁਸਤਫਾਪੁਰ ਤੋਂ ਮਲੂਕ ਸਿੰਘ, ਬਿਕਰਮਜੀਤ ਸਿੰਘ, ਭੁਪਿੰਦਰ ਸਿੰਘ, ਕੇਵਲ ਸਿੰਘ, ਮਨਜੀਤ ਸਿੰਘ, ਜਗਤਾਰ ਸਿੰਘ, ਸੁਰਜੀਤ ਸਿੰਘ ਬਲਜੀਤ ਸਿੰਘ ਅਠਵਾਲ, ਸਰਪੰਚ ਗੁਰਚਰਨ ਸਿੰਘ ਅਠਵਾਲ, ਸਰਪੰਚ ਗੁਰਵਿੰਦਰ ਸਿੰਘ ਸ਼ਾਹਪੁਰ ਅਮਰਗੜ੍ਹ, ਨੰਬਰਦਾਰ ਗੁਰਦੇਵ ਸਿੰਘ ਭੰਡਾਲ, ਰਜਿੰਦਰ ਸਿੰਘ ਕਾਜੀਪੁਰ, ਡਾਕਟਰ ਸੰਤੋਖ ਮਸੀਹ, ਮੁਨੀਰ ਮਸੀਹ ਘਣੀਆਂ, ਬਖਸ਼ੀਸ਼ ਸਿੰਘ, ਮੰਗਲ ਸਿੰਘ, ਕੁਲਤਾਰ ਸਿੰਘ, ਹਰਵਿੰਦਰ ਸਿੰਘ, ਸਰਦੂਲ ਸਿੰਘ, ਬਾਵਾ ਲਾਲ, ਕਾਰਜ ਸਿੰਘ ਸੁਖਜੀਤ ਸਿੰਘ, ਸੁੱਚਾ ਸਿੰਘ ਆਦਿ ਕਿਸਾਨ ਹਾਜ਼ਰ ਸਨ।

## ਆਰ ਕੇ ਰਿਜ਼ੋਰਟ 'ਚ ਭਲਕੇ ਲੱਗੇਗਾ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ



ਪੱਟੀ, (ਬਲਦੇਵ ਸਿੰਘ ਸੰਧੂ, ਸ਼ਮਸ਼ੇਰ ਸਿੰਘ ਯੋਧਾ)-ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਪੰਜਾਬ, ਜ਼ਿਲ੍ਹਾ ਤਰਨ ਤਾਰਨ ਵੱਲੋਂ ਸਾਉਣੀ ਦੀਆਂ ਫਸਲਾਂ ਤੇ ਖੇਤੀ ਸਹਾਇਕ ਧੰਦਿਆਂ ਬਾਰੇ ਤਕਨੀਕੀ ਜਾਣਕਾਰੀ ਦੇਣ ਲਈ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ 3 ਅਪ੍ਰੈਲ, ਦਿਨ ਸੋਮਵਾਰ ਨੂੰ ਆਰ ਕੇ ਰਿਜ਼ੋਰਟ, ਹਰੀਕੇ ਰੋਡ ਨੇੜੇ ਜ਼ਿਲ੍ਹਾ ਕਚਹਿਰੀ ਤਰਨ ਤਾਰਨ ਵਿਖੇ ਲਗਾਇਆ ਜਾ ਰਿਹਾ ਹੈ। ਕੈਂਪ ਦਾ ਉਦਘਾਟਨ ਡਿਪਟੀ ਕਮਿਸ਼ਨਰ ਤਰਨ ਤਾਰਨ ਰਿਸ਼ੀਪਾਲ ਸਿੰਘ ਸਵੇਰੇ 10.30 ਵਜੇ ਕਰਨਗੇ। ਕੈਂਪ ਦੇ ਮੁੱਖ ਮਹਿਮਾਨ ਕੈਬਨਿਟ ਮੰਤਰੀ, ਪੰਜਾਬ ਲਾਲਜੀਤ ਸਿੰਘ ਭੁੱਲਰ ਹੋਣਗੇ। ਮੁੱਖ ਖੇਤੀਬਾੜੀ ਅਫਸਰ ਤਰਨ ਤਾਰਨ ਡਾ. ਸੁਰਿੰਦਰ ਸਿੰਘ ਦੀ ਅਗਵਾਈ ਹੇਠ ਖੇਤੀਬਾੜੀ ਯੂਨੀਵਰਸਿਟੀ ਅਤੇ ਖੇਤੀ ਨਾਲ ਸੰਬੰਧਤ ਵੱਖ-ਵੱਖ ਵਿਭਾਗਾਂ ਦੇ ਮਾਹਿਰ ਤਕਨੀਕੀ ਸੈਸ਼ਨ ਦੌਰਾਨ ਕਿਸਾਨਾਂ ਨੂੰ ਵੱਖ-ਵੱਖ ਵਿਸ਼ਿਆਂ ਤੇ ਵਿਭਾਗੀ ਸਕੀਮਾਂ ਬਾਰੇ ਤਕਨੀਕੀ ਜਾਣਕਾਰੀ ਦੇਣਗੇ। ਕੈਂਪ 'ਚ ਸਰਕਾਰੀ ਅਦਾਰਿਆਂ ਅਤੇ ਉੱਦਮੀ ਕਿਸਾਨਾਂ ਦੁਆਰਾ ਵੱਖ-ਵੱਖ ਸਟਾਲ ਤੇ ਪ੍ਰਦਰਸ਼ਨੀਆਂ ਲਗਾਈਆਂ ਜਾਣਗੀਆਂ। ਬਲਾਕ ਖੇਤੀਬਾੜੀ ਅਫਸਰ ਪੱਟੀ ਡਾ. ਭੁਪਿੰਦਰ ਸਿੰਘ ਨੇ ਕਿਸਾਨਾਂ ਨੂੰ ਕੈਂਪ 'ਚ ਵਧ-ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ ਤੇ ਵਿਭਾਗ ਵੱਲੋਂ ਵੱਖ-ਵੱਖ ਬਲਾਕਾਂ ਵਿੱਚੋਂ ਬੱਸਾਂ ਦਾ ਵੀ ਇੰਤਜ਼ਾਮ ਕੀਤਾ ਗਿਆ ਹੈ । ਚਾਹਵਾਨ ਇਲਾਕੇ ਦੇ ਅਧਿਕਾਰੀ ਕਰਮਚਾਰੀ ਨਾਲ ਸੰਪਰਕ ਕਰ ਸਕਦੇ ਹਨ। ਇਸ ਮੌਕੇ ਉਨ੍ਹਾ ਨਾਲ ਡਾ. ਸੰਦੀਪ ਸਿੰਘ , ਅਮਰਿੰਦਰ ਸਿੰਘ, ਸੰਦੀਪ ਸਿੰਘ ਅਤੇ ਗੁਰਪ੍ਰੀਤ ਸਿੰਘ ਅਧਿਕਾਰੀ ਹਾਜ਼ਰ ਸਨ।

## ਐੱਨਆਰਆਈ ਵੀਰ ਦੇਣਗੇ ਬੱਚਿਆਂ ਨੂੰ ਮੁਫਤ ਕਿਤਾਬਾਂ : ਪ੍ਰਿੰ. ਗੁਰਸੇਵਕ ਸਿੰਘ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)—ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਵੱਲੋਂ ਸੰਤ ਬਾਬਾ ਸੱਜਣ ਸਿੰਘ ਦੀ ਅਗਵਾਈ ਹੇਠ ਚਲਾਈ ਜਾ ਰਹੀ ਵਿੱਦਿਅਕ ਸੰਸਥਾਂ ਸੰਤ ਬਾਬਾ ਲਾਭ ਸਿੰਘ ਸੀਨੀਅਰ ਸੈਕੰਡਰੀ ਸਕੂਲ ਗੁਰੂ ਕੀ ਬੇਰ ਸਾਹਿਬ ਦੇ ਬੱਚਿਆਂ ਨੂੰ ਐੱਨਆਰਆਈ ਵੀਰਾਂ ਵੱਲੋਂ ਪਹਿਲੀ ਤੋਂ ਦਸਵੀਂ ਜਮਾਤ ਤੱਕ ਕਿਤਾਬਾਂ ਮੁਫ਼ਤ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਗੁਰਸੇਵਕ ਸਿੰਘ ਨੇ ਦੱਸਿਆ ਕਿ ਸੰਤ ਬਾਬਾ ਲਾਭ ਸਿੰਘ ਸੀਨੀਅਰ ਸੈਕੰਡਰੀ ਸਕੂਲ ਵਿੱਚ ਪਹਿਲਾਂ ਹੀ ਸੰਤ ਬਾਬਾ ਸੱਜਣ ਸਿੰਘ ਦੀ ਅਗਵਾਈ ਹੇਠ ਬੱਚਿਆਂ ਤੋਂ ਬਹੁਤ ਹੀ ਘੱਟ ਫ਼ੀਸਾਂ ਲੈ ਕੇ ਵਿੱਦਿਆ ਮੁਹੱਈਆ ਕਰਵਾਈ ਜਾ ਰਹੀ ਹੈ ਤਾਂ ਜੋ ਬੱਚੇ ਚੰਗੀ ਸਿੱਖਿਆ ਪ੍ਰਾਪਤ ਕਰਕੇ ਸਕੂਲ, ਸੰਸਥਾ ਅਤੇ ਇਲਾਕੇ ਦਾ ਨਾਮ ਰੌਸ਼ਨ ਕਰ ਸਕਣ ਅਤੇ ਹੁਣ ਐੱਨਆਰਆਈ ਵੀਰਾਂ ਵੱਲੋਂ ਸਕੂਲ ਦੇ ਪਹਿਲੀ ਤੋਂ ਦਸਵੀਂ ਤੱਕ ਦੇ ਬੱਚਿਆਂ ਨੂੰ ਮੁਫ਼ਤ ਕਿਤਾਬਾਂ ਮੁਹੱਈਆ ਕਰਵਾਏ ਜਾਣ ਨਾਲ ਬੱਚਿਆਂ ਵਿੱਚ ਹੋਰ ਵੀ ਖੁਸ਼ੀ ਦੀ ਲਹਿਰ ਹੈ। ਇਸ ਉਦਮ ਲਈ ਸਕੂਲ ਦਾ ਸਟਾਫ਼ ਅਤੇ ਬੱਚੇ ਐੱਨਆਰਆਈ ਭਰਾਵਾਂ ਦੇ ਸਦਾ ਰਿਣੀ ਰਹਿਣਗੇ।

## ਸੋਸ਼ਲ ਮੀਡੀਆ ਖਾਤਿਆਂ 'ਤੇ ਲਾਈ ਪਾਬੰਦੀ 'ਤੇ ਜਾਗੋ ਪਾਰਟੀ ਨੇ ਪ੍ਰਗਟਾਈ ਚਿੰਤਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸਿੱਖ ਪੱਤਰਕਾਰਾਂ, ਡਿਜੀਟਲ ਮੀਡੀਆ ਚੈਨਲਾਂ, ਸਿੱਖ ਚਿੰਤਕਾਂ, ਸਮਾਜਿਕ ਕਾਰਕੁਨਾਂ, ਸਿਆਸੀ ਟਿੱਪਣੀਕਾਰਾਂ ਅਤੇ ਪੰਜਾਬ ਦੇ ਬਹੁਤ ਸਾਰੇ ਸਿੱਖਾਂ ਦੇ ਸੋਸ਼ਲ ਮੀਡੀਆ ਖਾਤਿਆਂ 'ਤੇ ਪੂਰਨ ਜਾਂ ਅੰਸ਼ਕ ਪਾਬੰਦੀ ਸਰਕਾਰ ਵੱਲੋਂ ਲਗਾਉਣ 'ਤੇ ਜਾਗੋ ਪਾਰਟੀ ਨੇ ਚਿੰਤਾ ਪ੍ਰਗਟ ਕੀਤੀ ਹੈ। ਜਾਗੋ ਪਾਰਟੀ ਦੇ ਅੰਤਰਰਾਸ਼ਟਰੀ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਅੱਜ ਮੀਡੀਆ ਨਾਲ ਗੱਲਬਾਤ ਕਰਦਿਆਂ ਸੋਸ਼ਲ ਮੀਡੀਆ ਪਲੇਟਫਾਰਮ ਟਵਿੱਟਰ, ਫੇਸਬੁੱਕ ਅਤੇ ਯੂਟਿਊਬ ਦੀ ਇਸ ਕਾਰਵਾਈ ਨੂੰ ਬੋਲਣ ਦੀ ਆਜ਼ਾਦੀ 'ਤੇ ਹਮਲਾ ਕਰਾਰ ਦਿੱਤਾ ਹੈ। ਜੀਕੇ ਨੇ ਕਿਹਾ ਕਿ ਪਹਿਲਾਂ ਸਰਕਾਰਾਂ ਸਿੱਖਾਂ ਦੇ 'ਹਥਿਆਰਾਂ' ਤੋਂ ਡਰਦੀਆਂ ਸਨ, ਪਰ ਹੁਣ 'ਵਿਚਾਰਾਂ' ਤੋਂ ਵੀ ਡਰਦੀਆਂ ਹਨ। ਇਸ ਲਈ ਵਿਚਾਰਾਂ ਦੀ ਵਿਰੋਧੀ ਸਰਕਾਰਾਂ ਨੇ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਇੱਕ ਟਵੀਟ ਨੂੰ ਭਾਰਤ ਵਿੱਚ ਬੈਨ ਕਰ ਦਿੱਤਾ ਹੈ। ਨਵੰਬਰ 1984 ਦੇ ਸਿੱਖ ਕਤਲੇਆਮ ਤੋਂ ਪਹਿਲਾਂ ਜਿਸ ਤਰ੍ਹਾਂ ਸਿੱਖਾਂ ਦੇ ਲਾਇਸੈਂਸੀ ਹਥਿਆਰ ਦਿੱਲੀ ਦੇ ਥਾਣਿਆਂ ਵਿੱਚ ਜਮ੍ਹਾਂ ਕਰਵਾਏ ਗਏ ਸਨ। ਇਸੇ ਤਰਜ਼ 'ਤੇ ਹੁਣ ਪੰਜਾਬ 'ਚ ਵੀ ਬਿਨਾਂ ਕੋਈ ਕਾਰਨ ਦੱਸੇ ਸਿੱਖਾਂ ਦੇ ਅਸਲਾ ਲਾਇਸੈਂਸ ਰੱਦ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਜਵਾਬ ਦੇਵੇਗੀ ਕਿ ਕੀ ਇਹ ਅਸਲਾ ਲਾਇਸੈਂਸ ਆਦਤਨ ਅਪਰਾਧੀਆਂ ਨੂੰ ਜਾਰੀ ਕੀਤੇ ਗਏ ਸਨ ? ਜਾਂ ਆਪਣੀ ਸੁਰੱਖਿਆ ਲਈ ਜ਼ਿੰਮੇਵਾਰ ਨਾਗਰਿਕਾਂ ਨੂੰ ਦਿੱਤੇ ਗਏ ਸਨ ?

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜੀਕੇ ਨੇ ਕਿਹਾ ਕਿ ਪੰਜਾਬ ਸਰਕਾਰ ਸੰਵਿਧਾਨ ਦੇ ਆਰਟੀਕਲ 19 ਦੀ ਉਲੰਘਣਾ ਕਰਕੇ ਨਾਗਰਿਕਾਂ ਦੀ ਬੋਲਣ ਦੀ ਆਜ਼ਾਦੀ 'ਤੇ ਬੇਲੋੜੀਆਂ ਪਾਬੰਦੀਆਂ ਲਗਾ ਰਹੀ ਹੈ। ਇਸ ਲਈ ਜਾਗੋ ਪਾਰਟੀ ਵੱਲੋਂ ਇਨ੍ਹਾਂ ਪਾਬੰਦੀਆਂ ਖ਼ਿਲਾਫ਼ ਭਾਰਤ ਦੇ ਚੀਫ਼ ਜਸਟਿਸ ਨੂੰ ਪੱਤਰ ਭੇਜਿਆ ਜਾ ਰਿਹਾ ਹੈ ਜਿਸ ਵਿੱਚ ਸੋਸ਼ਲ ਮੀਡੀਆ ਪਲੇਟਫਾਰਮਾਂ ਦੀਆਂ ਮਨਮਾਨੀਆਂ ਅਤੇ ਉਨ੍ਹਾਂ ਦੀਆਂ ਕਾਨੂੰਨ ਵਿਰੋਧੀ ਨੀਤੀਆਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

## ਏ ਡੀ ਸੀ ਵੱਲੋਂ ਜ਼ਿਲ੍ਹਾ ਵਾਸੀਆਂ ਨੂੰ ਆਪਣੇ ਆਧਾਰ ਕਾਰਡ ਅਪਡੇਟ ਕਰਨ ਦੀ ਅਪੀਲ

ਗੁਰਦਾਸਪੁਰ (ਜਨਕ ਮਹਾਜਨ)-ਵਧੀਕ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਨਿਧੀ ਕੁਮੁਦ ਬਾਮਬਾ ਨੇ ਜ਼ਿਲ੍ਹੇ ਦੇ ਅਧਾਰ ਕਾਰਡ ਧਾਰਕਾਂ ਨੂੰ ਪਛਾਣ ਦੇ ਸਬੂਤਾਂ ਅਤੇ ਨਵੀਨਤਮ ਪਤੇ ਦੇ ਸਬੂਤਾਂ ਨਾਲ ਸਬੰਧਤ ਦਸਤਾਵੇਜ਼ ਜਮ੍ਹਾਂ ਕਰਵਾ ਕੇ ਆਪਣਾ ਆਧਾਰ ਕਾਰਡ ਮੁੜ ਤੋਂ ਪ੍ਰਮਾਣਿਤ ਕਰਵਾਉਣ ਲਈ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਆਧਾਰ ਕਾਰਡ ਨੂੰ ਹੋਰ ਮਜ਼ਬੂਤ ਪਛਾਣ ਦਸਤਾਵੇਜ਼ ਬਣਾਇਆ ਜਾ ਸਕਦਾ ਹੈ, ਜਿਸ ਲਈ ਸਰਕਾਰ ਵਲੋਂ ਆਧਾਰ ਕਾਰਡ ਨੂੰ ਅਪਡੇਟ ਕਰਨ ਲਈ ਮੁਹਿੰਮ ਵੀ ਚਲਾਈ ਜਾ ਰਹੀ ਹੈ। ਅੱਜ ਆਪਣੇ ਦਫ਼ਤਰ ਵਿਖੇ ਅਧਾਰ ਕਾਰਡ ਦੀ ਅਪਡੇਸ਼ਨ ਸਬੰਧੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਨੇ ਕਿਹਾ ਕਿ ਯੂ. ਆਈ. ਡੀ. ਏ. ਆਈ. ਨੇ ਆਧਾਰ ਕਾਰਡ ਨਾਲ ਨਵੇਂ ਪਛਾਣ ਦਸਤਾਵੇਜ਼ਾਂ ਨੂੰ ਅਪਲੋਡ ਕਰਨ ਲਈ ਆਪਸ਼ਨ ਵੀ ਮੁਹੱਈਆ ਕਰਵਾਈ ਹੈ। ਉਨ੍ਹਾਂ ਕਿਹਾ ਕਿ 'ਮਾਈ ਆਧਾਰ ਪੋਰਟਲ' ਜਾਂ ਨੇੜੇ ਦੇ ਆਧਾਰ ਇਨਰੋਲਮੈਂਟ ਕੇਂਦਰਾਂ ਜਰੀਏ ਇਨ੍ਹਾਂ ਦਸਤਾਵੇਜ਼ਾਂ ਨੂੰ ਅਪਲੋਡ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਜਿਹੜੇ ਨਾਗਰਿਕਾਂ ਨੇ ਪਿਛਲੇ 8 ਤੋਂ 10 ਸਾਲਾਂ ਦਰਮਿਆਨ ਆਪਣੇ ਆਧਾਰ ਕਾਰਡ ਵਿੱਚ ਕੋਈ ਵੀ ਅਪਡੇਸ਼ਨ ਨਹੀਂ ਕਰਵਾਈ ਜਾਂ ਉਨ੍ਹਾਂ ਦਾ ਪਤਾ ਬਦਲ ਗਿਆ ਹੈ, ਉਹ ਅਪਡੇਸ਼ਨ ਕਰਵਾਉਣ ਨੂੰ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਭਾਵੇਂ ਨਾਗਰਿਕਾਂ ਦੀ ਜਾਣਕਾਰੀ ਵਿੱਚ ਤਬਦੀਲੀ ਨਾ ਵੀ ਹੋਈ ਹੋਵੇ ਤਾਂ ਵੀ ਮੌਜੂਦਾ ਆਧਾਰ ਕਾਰਡ ਨਾਲ ਪਛਾਣ ਅਤੇ ਪਤੇ ਦੇ ਸਬੂਤਾਂ ਨੂੰ ਪ੍ਰਮਾਣਿਤ ਕਰਵਾਉਣਾ ਜ਼ਰੂਰੀ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਸਾਰੇ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਕਿਸੇ ਵੀ ਵਿਅਕਤੀ ਦੇ ਆਧਾਰ ਕਾਰਡ ਨੂੰ ਪਛਾਣ ਦੇ ਸਬੂਤ ਵਜੋਂ ਲੈਣ ਤੋਂ ਪਹਿਲਾਂ ਇਸਨੂੰ ਤਸਦੀਕ ਜ਼ਰੂਰ ਕਰਵਾ ਲੈਣ ਕਿਉਂਕਿ ਇਸ ਨਾਲ ਫਰਜ਼ੀ/ਫੋਟੋਸ਼ਾਪ ਵਾਲੇ ਆਧਾਰ ਕਾਰਡਾਂ ਦੀ ਪਛਾਣ ਕਰਨ ਵਿੱਚ ਮੱਦਦ ਹਾਸਲ ਹੋਵੇਗੀ।

## ਖ਼ਾਲਸਾ ਕਾਲਜ ਆਫ ਨਰਸਿੰਗ ਵਿਖੇ ਫ਼ਰੈਸ਼ਰ ਪਾਰਟੀ ਆਯੋਜਿਤ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਆਫ਼ ਨਰਸਿੰਗ ਵਿਖੇ ਨਵੇਂ ਦਾਖਲ ਹੋਏ ਵਿਦਿਆਰਥੀਆਂ ਦੇ ਸਵਾਗਤ ਲਈ ਫ਼ਰੈਸ਼ਰ ਪਾਰਟੀ ਦਾ ਆਯੋਜਨ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ ਦੇ ਸਹਿਯੋਗ ਉਲੀਕੇ ਇਸ ਪ੍ਰੋਗਰਾਮ ਦਾ ਆਗਾਜ਼ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਕਰਕੇ ਕੀਤਾ ਗਿਆ।

ਇਸ ਮੌਕੇ ਪ੍ਰਿੰ: ਅਮਨਪ੍ਰੀਤ ਕੌਰ ਨੇ ਨਵੇਂ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਉਜਵਲ ਭਵਿੱਖ ਲਈ ਸ਼ੁਭ ਇੱਛਾਵਾਂ ਦਿੱਤੀਆਂ। ਉਨ੍ਹਾਂ ਨਰਸਿੰਗ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਸਖ਼ਤ ਮਿਹਨਤ ਕਰ ਕੇ ਇਮਾਨਦਾਰੀ ਨਾਲ ਇਸ ਕਿੱਤੇ 'ਚ ਸਮਰਪਿਤ ਭਾਵਨਾ ਨਾਲ ਸੇਵਾਵਾਂ ਨਿਭਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਵਿਦਿਆਰਥੀਆਂ ਦੇ ਹੁਨਰ ਨੂੰ ਪਰਖਣ ਅਤੇ ਕਾਬਲੀਅਤ ਪ੍ਰਤੀ ਉਤਸ਼ਾਹਿਤ ਕਰਨ ਦੇ ਮਕਸਦ ਤਹਿਤ ਮਾਡਲਿੰਗ ਪ੍ਰਤੀਯੋਗਤਾ ਮੁਕਾਬਲਾ ਵੀ ਕਰਵਾਇਆ ਗਿਆ, ਜਿਸ 'ਚ ਨਵੇਂ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਪ੍ਰਤੀਯੋਗਤਾ 'ਚ ਮਿਸ ਫ਼ਰੈਸ਼ਰ ਅਨੁਰੀਤ ਕੌਰ, ਮਿਸਟਰ ਫਰੈਸ਼ਰ ਮਨਵੀਰ ਸਿੰਘ, ਮਿਸ ਸਮਾਈਲ ਜੰਨਤ ਸੰਧੂ, ਮਿਸ ਚਾਰਮਿੰਗ ਅਵਲੀਨ ਕੌਰ, ਮਿਸਟਰ ਕਾਨਫ਼ੀਡੈਂਟ ਸੌਰਵ ਸ਼ਰਮਾ ਅਤੇ ਮਿਸਟਰ ਹੈਂਡਸਮ ਗੁਰਮਾਨ ਸਿੰਘ ਚੁਣੇ ਗਏ, ਜਿਨ੍ਹਾਂ ਨੂੰ ਪ੍ਰਿੰ: ਡਾ. ਅਮਨਪ੍ਰੀਤ ਨੇ ਸਨਮਾਨਿਤ ਕੀਤਾ।

## ਜਪੁਜੀ ਸਾਹਿਬ ਦੇ ਪਾਠ ਨਾਲ ਵਿੱਦਿਅਕ ਸੈਸ਼ਨ ਦੀ ਆਰੰਭਤਾ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਫਤਿਆਬਾਦ ਵਿਖੇ ਨਵੇਂ ਸੈਸ਼ਨ ਦੀ ਸ਼ੁਰੂਆਤ ਜਪੁਜੀ ਸਾਹਿਬ ਦੇ ਪਾਠ ਕਰਕੇ ਕੀਤੀ ਗਈ ਜਿਸ ਵਿੱਚ ਸਕੂਲ ਦਾ ਸਾਰਾ ਸਟਾਫ ਤੇ ਨਵੇਂ ਦਾਖਲ ਹੋਏ ਵਿਦਿਆਰਥੀ ਸ਼ਾਮਿਲ ਹੋਏ। ਸਕੂਲ ਪ੍ਰਬੰਧਕ ਸੁਰਜੀਤ ਸਿੰਘ ਭਰੋਵਾਲ ਨੇ ਦੱਸਿਆ ਕਿ ਇਸ ਸਕੂਲ ਵਿੱਚ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਧਾਰਮਿਕ ਸਿੱਖਿਆ ਵੀ ਦਿੱਤੀ ਜਾਂਦੀ ਹੈ ਤਾਂ ਜੋ ਬੱਚੇ ਆਪਣਾ ਇਤਿਹਾਸ ਪੜ੍ਹ ਕੇ ਚੰਗੇ ਸਿੱਖਿਆਰਥੀ ਬਣ ਸਕਣ। ਇਸ ਮੌਕੇ ਪਿਛਲੇ ਸਾਲ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਲਈ ਗਈ ਧਾਰਮਿਕ ਪ੍ਰੀਖਿਆ ਵਿੱਚੋਂ ਅੱਵਲ ਆਏ ਬੱਚਿਆਂ ਨੂੰ ਸਰਟੀਫਿਕੇਟ ਅਤੇ ਮੋਮੈਂਟੋ ਵੀ ਦਿੱਤੇ ਗਏ।

## ਮਨਦੀਪ ਸਿੰਘ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਨਿਯੁਕਤ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਚੀਫ਼ ਖ਼ਾਲਸਾ ਦੀਵਾਨ ਪ੍ਰਬੰਧਕਾਂ ਵੱਲੋਂ ਮਨਦੀਪ ਸਿੰਘ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਦਾ ਪ੍ਰਿੰਸੀਪਲ ਨਿਯੁਕਤ ਕਰਦਿਆਂ ਨਵਾਂ ਅਹੁਦਾ ਸੌਂਪਿਆ ਗਿਆ। ਵਿੱਦਿਅਕ ਖੇਤਰ ਵਿਚ ਅਧਿਆਪਨ ਅਤੇ ਉਸਾਰੂ ਪ੍ਰਬੰਧਨ ਦਾ 20 ਸਾਲ ਦਾ ਤਜਰਬਾ ਰੱਖਣ ਵਾਲੇ ਮਨਦੀਪ ਸਿੰਘ ਨੂੰ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਪ੍ਰਬੰਧਕਾਂ ਵੱਲੋਂ ਨਵੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪ੍ਰਬੰਧਕਾਂ ਵੱਲੋਂ ਗੁਰੂ ਸਾਹਿਬ ਸਨਮੁੱਖ ਨਤਮਸਤਕ ਹੋਣ ਬਾਅਦ ਸਕੂਲ ਪ੍ਰਿੰਸੀਪਲ ਆਫਿਸ ਵਿਚ ਮੂਲ ਮੰਤਰ ਦਾ ਪਾਠ ਕਰਨ ਉਪਰੰਤ ਮਨਦੀਪ ਸਿੰਘ ਨੂੰ ਪ੍ਰਿੰਸੀਪਲ ਦੇ ਅਹੁਦੇ 'ਤੇ ਬਿਠਾਇਆ ਗਿਆ। ਇਸ ਮੌਕੇ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਅਜੀਤ ਸਿੰਘ ਬਸਰਾ, ਮੀਤ ਪ੍ਰਧਾਨ ਜਗਜੀਤ ਸਿੰਘ, ਆਨਰੇਰੀ ਜੁਆਇੰਟ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ, ਸਕੂਲ ਮੈਂਬਰ ਇੰਚਾਰਜ ਪ੍ਰੋ. ਹਰੀ ਸਿੰਘ ਅਤੇ ਰਬਿੰਦਰਬੀਰ ਸਿੰਘ ਭੱਲਾ, ਡਾਇਰੈਕਟਰ ਓਪਰੇਸ਼ਨ ਡਾ. ਅੰਮ੍ਰਿਤਪਾਲ ਸਿੰਘ ਚਾਵਲਾ ਨੇ ਵੀ ਨਵ-ਨਿਯੁਕਤ ਪ੍ਰਿੰ. ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਆਨਰੇਰੀ ਸਕੱਤਰ ਅਜੀਤ ਸਿੰਘ ਬਸਰਾ, ਮੀਤ ਪ੍ਰਧਾਨ ਜਗਜੀਤ ਸਿੰਘ, ਆਨਰੇਰੀ ਐਡੀ. ਸਕੱਤਰ ਜਸਪਾਲ ਸਿੰਘ ਢਿੱਲੋਂ, ਆਨਰੇਰੀ ਜੁਆਇੰਟ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ, ਸਕੂਲ ਮੈਂਬਰ ਇੰਚਾਰਜ ਅਤੇ ਧਰਮਪ੍ਰਚਾਰ ਕਮੇਟੀ ਦੇ ਚੇਅਰਮੈਨ ਪ੍ਰੋ. ਹਰੀ ਸਿੰਘ ਅਤੇ ਸਕੂਲ ਮੈਂਬਰ ਰਬਿੰਦਰਬੀਰ ਸਿੰਘ ਭੱਲਾ, ਪ੍ਰੋ. ਸੂਬਾ ਸਿੰਘ, ਹਰਵਿੰਦਰਪਾਲ ਸਿੰਘ ਚੁੱਘ, ਗੁਰਪ੍ਰੀਤ ਸਿੰਘ ਸੇਠੀ, ਡਾ. ਆਤਮਜੀਤ ਸਿੰਘ ਬਸਰਾ, ਅਵਤਾਰ ਸਿੰਘ ਘੁੱਲਾ, ਅਮਰਦੀਪ ਸਿੰਘ ਮਰਵਾਹਾ, ਗੁਰਭੇਜ਼ ਸਿੰਘ, ਜਸਮੀਤ ਸਿੰਘ, ਡਾਇਰੈਕਟਰ ਓਪਰੇਸ਼ਨ ਡਾ. ਅੰਮ੍ਰਿਤਪਾਲ ਸਿੰਘ ਚਾਵਲਾ, ਡਾਇਰੈਕਟਰ ਸਪੋਰਟਸ ਅੰਮ੍ਰਿਤਪਾਲ ਕੌਰ, ਡਾ. ਧਰਮਵੀਰ ਸਿੰਘ, ਪ੍ਰਿੰ: ਕਿਰਨਪ੍ਰੀਤ ਕੌਰ ਧਾਮੀ, ਪ੍ਰਿੰ. ਨਿਰਮਲ ਕੌਰ, ਪ੍ਰਿੰ: ਰਿਪੁਦਮਨ ਕੌਰ ਮਲਹੋਤਰਾ, ਪ੍ਰਿੰ. ਦਪਿੰਦਰ ਕੌਰ, ਸਕੂਲ ਸਟਾਫ ਆਦਿ ਹਾਜ਼ਰ ਸਨ।

## ਜਾਗਰਣ ਦੌਰਾਨ ਫਿਰੋਜ਼ ਖਾਨ ਨੇ ਕੀਲੇ ਦਰਸ਼ਕ



ਕਲਾਨੌਰ, (ਮਨਦੀਪ ਕੋਹਲੀ)-ਸਥਾਨਕ ਕਸਬਾ ਕਲਾਨੌਰ ਵਿੱਚ ਗੁਰਦਾਸਪੁਰ ਰੋਡ ਤੇ ਕਾਲੀ ਮਾਤਾ ਮੰਦਰ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਾ ਮਾਤਾ ਰਾਣੀ ਦਾ ਜਗਰਾਤਾ ਬੜੀ ਧੂਮਧਾਮ ਨਾਲ ਕਰਵਾਇਆ ਗਿਆ। ਇਹ ਜਗਰਾਤਾ ਯੂਐੱਸਏ ਤੋਂ ਰਾਜ ਕੁਮਾਰ, ਸੰਤੋਸ਼ ਕੁਮਾਰੀ ਆਦਿ ਦੇ ਸਹਿਯੋਗ ਨਾਲ ਪ੍ਰਧਾਨ ਅਮਰਜੀਤ ਖੁੱਲਰ ਦੀ ਅਗਵਾਈ ਵਿੱਚ ਕਰਵਾਇਆ ਗਿਆ ਜਿਸ ਵਿੱਚ ਗਾਇਕ ਫਿਰੋਜ਼ ਖਾਨ ਮਾਤਾ ਦੀਆਂ ਭੇਟਾਂ ਦਾ ਗੁਣਗਾਨ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ। ਜਾਗਰਣ ਦੀ ਸ਼ੁਰੂਆਤ ਕੰਜਕ ਪੂਜਨ, ਅਖੰਡ ਜੋਤ ਪ੍ਰਚੰਡ ਕਰਕੇ ਕੀਤੀ ਗਈ।

ਸੰਗਤਾਂ ਲਈ ਲੰਗਰ ਭੰਡਾਰਾ ਵੀ ਖੂਬ ਵਰਤਾਇਆ ਗਿਆ। ਫਿਰੋਜ਼ ਖਾਨ ਨੇ ਸ਼੍ਰੀ ਗਣੇਸ਼ ਵੰਦਨਾ ਨਾਲ ਆਰੰਭਤਾ ਕੀਤੀ। ਉਪਰੰਤ ਖਾਨ ਨੇ ਵੱਖ-ਵੱਖ ਭੇਟਾਂ ਗਾ ਕੇ ਜਗਰਾਤਾ ਵੇਖਣ ਆਏ ਹਜ਼ਾਰਾਂ ਦਰਸ਼ਕਾਂ ਨੂੰ ਮਹਾਂਮਾਈ ਦੇ ਚਰਨਾਂ ਨਾਲ ਜੋੜਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜ ਕੁਮਾਰ, ਸੰਤੋਸ਼ ਕੁਮਾਰੀ ਸਮੇਤ ਪਰਿਵਾਰ ਯੂਐੱਸਏ, ਰਘਬੀਰ ਲਾਲ ਯੂਐੱਸਏ, ਪ੍ਰਧਾਨ ਅਮਰਜੀਤ ਖੁੱਲਰ, ਐੱਸਐੱਚਓ ਮਨਜੀਤ ਸਿੰਘ ਕਲਾਨੌਰ, ਏਐੱਸਆਈ ਵੈਸ਼ਨੋ ਦਾਸ, ਅਨਿਲ ਕੁਮਾਰ ਯੂਐੱਸਏ, ਸਤੀਸ਼ ਵਰਮਾ, ਬੂਟਾ ਰਾਮ, ਦੀਪਕ ਕੁਮਾਰ, ਸਰਬਜੀਤ ਸਿੰਘ ਮਾਨ, ਵਿਜੇ ਕੁਮਾਰ, ਮਨਜੀਤ ਲਾਲ, ਸ਼ਰੀ ਸਿੰਘ, ਕੁਲਵਿੰਦਰ ਸਿੰਘ, ਵਿਕਾਸ ਜੋਸ਼ੀ, ਕਰਨ ਅਗਰਵਾਲ, ਦੀਪਕ ਕੁਮਾਰ ਆਦਿ ਤੋਂ ਇਲਾਵਾ ਹਜ਼ਾਰਾਂ ਦੇ ਰੂਪ ਵਿੱਚ ਸੰਗਤਾਂ ਹਾਜ਼ਰ ਸਨ।

## ਕਪਾਹ ਦੀ ਖੇਤੀ ਅਪਨਾਉਣ ਵਾਲੇ ਪੰਜਾਬੀ ਕਿਸਾਨ ਆਮਦਨ ਵਧਣ ਨਾਲ ਖੁਸ਼

ਚੰਡੀਗੜ੍ਹ: ਲਾਹੇਵੰਦ ਫਸਲਾਂ ਅਪਨਾਉਣ ਦੇ ਚਾਹਵਾਨ ਕਿਸਾਨਾਂ ਅਤੇ ਸੂਤੀ ਕੱਪੜਾ ਉਦਯੋਗ ਲਈ ਇਹ ਚੰਗੀ ਖਬਰ ਹੈ। ਰਾਸੀ ਸੀਡਜ ਦੀਆਂ ਕੋਸ਼ਿਸ਼ਾਂ ਪੰਜਾਬ ਦੇ ਕਈ ਜ਼ਿਲ੍ਹਿਆਂ ਦੇ ਕਿਸਾਨਾਂ ਨੂੰ ਰਵਾਇਤੀ ਕਣਕ-ਝੋਨੇ ਦੇ ਫਸਲੀ ਚੱਕਰ ਤੋਂ ਬਾਹਰ ਨਿਕਲਣ ਅਤੇ ਕਪਾਹ ਦੀ ਖੇਤੀ ਰਾਹੀਂ ਆਪਣੀ ਆਮਦਨ ਵਧਾਉਣ ਦਾ ਰਾਹ ਦਿਖਾ ਰਹੀਆਂ ਹਨ। ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਅਤੇ ਕਿਸਾਨਾਂ ਨੂੰ ਵਪਾਰਕ ਫਸਲਾਂ ਵੱਲ ਜਾਣ ਦਾ ਵਿਕਲਪ ਦੇਣ ਲਈ ਪੰਜਾਬ ਦੇ ਚਾਰ ਜ਼ਿਲ੍ਹਿਆਂ ਮੋਹਾਲੀ, ਰੂਪਨਗਰ, ਹੁਸ਼ਿਆਰਪੁਰ ਅਤੇ ਨਵਾਂਸ਼ਹਿਰ ਵਿੱਚ ਰਾਸੀ ਸੀਡਜ਼ ਵੱਲੋਂ ਇੱਕ ਪਾਇਲਟ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ।

ਇਸ ਪ੍ਰੋਜੈਕਟ ਨੇ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ 'ਤੇ ਦਬਾਅ ਘਟਾਉਣ ਲਈ ਸ਼ਾਨਦਾਰ ਨਤੀਜੇ ਹਾਸਲ ਕੀਤੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤ ਵਿੱਚ ਕਪਾਹ ਦੇ ਉਤਪਾਦਨ ਵਿੱਚ ਗਿਰਾਵਟ ਦੇ ਮੱਦੇਨਜ਼ਰ ਇਸ ਕੋਸ਼ਿਸ਼ ਦੀ ਮਹੱਤਤਾ ਹੋਰ ਵੱਧ ਜਾਂਦੀ ਹੈ। ਭਾਰਤ ਵਿੱਚ ਕਪਾਹ ਦਾ ਉਤਪਾਦਨ 2013-14 ਵਿੱਚ 398 ਲੱਖ ਗੰਢਾਂ ਦੇ ਉੱਚ ਪੱਧਰ ਤੋਂ ਘਟ ਕੇ 2021-22 ਵਿੱਚ 307.05 ਲੱਖ ਗੰਢਾਂ ਦੇ 12 ਸਾਲਾਂ ਦੇ ਹੇਠਲੇ ਪੱਧਰ 'ਤੇ ਆ ਗਿਆ ਹੈ। ਰਾਸੀ ਸੀਡਜ਼ ਦੇ ਖੇਤਰੀ ਫਸਲ ਪ੍ਰਬੰਧਕ ਲਖਵਿੰਦਰ ਸਿੰਘ ਨੇ ਕਿਹਾ ਕਿ ਇਹ ਪ੍ਰੋਜੈਕਟ ਇੱਕ ਨਿਵੇਕਲਾ ਪ੍ਰਯੋਗ ਹੈ। ਅਸੀਂ ਪੰਜਾਬ ਦੇ ਪਾਣੀ ਦੇ ਦਬਾਅ ਵਾਲੇ ਜ਼ਿਲ੍ਹਿਆਂ ਵਿੱਚ ਕਪਾਹ ਦੀ ਵਪਾਰਕ ਖੇਤੀ ਨੂੰ ਅਪਣਾਉਣ ਦੇ ਸਾਡੇ ਯਤਨਾਂ ਲਈ ਕਿਸਾਨਾਂ ਦੇ ਭਰਪੂਰ ਸਮਰਥਨ ਨਾਲ ਬਹੁਤ ਖੁਸ਼ ਹਾਂ।

## ਸਿੱਖਿਆ ਦੇ ਖੇਤਰ 'ਚ ਹੋਣਹਾਰ ਵਿਦਿਆਰਥੀ ਸਨਮਾਨਿਤ



**ਮਜੀਠਾ (ਸੋਇਮ ਆਨੰਦ)**

ਸਰਕਾਰੀ ਐਲੀਮੈਂਟਰੀ ਸਕੂਲ ਬੱਲ ਕਲਾਂ ਦੇ ਸਿੱਖਿਆ ਦੇ ਖੇਤਰ ਵਿੱਚ ਸਾਲ 2022-23 ਦੌਰਾਨ ਵਧੀਆ ਅੰਕ ਲੈ ਕੇ ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਸ਼ਹੀਦ ਭਗਤ ਸਿੰਘ ਮੈਮੋਰੀਅਲ ਸੋਸ਼ਲ ਐਂਡ ਸਪੋਰਟਸ ਵੈੱਲਫੇਅਰ ਸੁਸਾਇਟੀ ਇੰਡੋ ਕੈਨੇਡਾ, ਪਾਖਰਪੁਰਾ ਵੱਲੋਂ ਪਹਿਲੇ, ਦੂਜੇ ਅਤੇ ਤੀਸਰੇ ਦਰਜੇ ਵਿੱਚ ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ ਜਿਸ ਨਾਲ ਆਉਣ ਵਾਲੇ ਸਮੇਂ 'ਚ ਵਿਦਿਆਰਥੀ ਪੜ੍ਹਾਈ ਵੱਲ ਹੋਰ ਚੰਗੇ ਨੰਬਰ ਲੈ ਕੇ ਪਾਸ ਹੋਣਗੇ। ਇਸ ਮੌਕੇ ਮੁੱਖ ਮਹਿਮਾਨ ਸਵਰਨ ਸਿੰਘ ਚਮਿੰਡਾ ਵਲੋਂ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਸੋਸਾਇਟੀ ਦੇ ਚੇਅਰਮੈਨ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ, ਮਲਕੀਤ ਸਿੰਘ ਹੈੱਡਮਾਸਟਰ, ਅਵਤਾਰ ਸਿੰਘ, ਅਜੇ ਪਾਠਕ, ਸਿੰਮੀ ਸ਼ਰਮਾ, ਮਨਿੰਦਰ ਸਿੰਘ, ਵੀਨਾ, ਪਰਮਜੀਤ ਕੌਰ, ਕੁਲਜੀਤ ਕੌਰ, ਪਵਨਦੀਪ ਕੌਰ, ਰਾਜਬੀਰ ਕੌਰ ਅਤੇ ਰਮਨਬੀਰ ਕੌਰ ਹਾਜ਼ਰ ਸਨ।

# ਆਮ ਆਦਮੀ ਪਾਰਟੀ ਵੱਲੋਂ ਜਲੰਧਰ ਉਪ ਚੋਣ ਦੀਆਂ ਤਿਆਰੀਆਂ ਜ਼ੋਰਾਂ 'ਤੇ



**ਜਲੰਧਰ (ਸ਼ੈਲੀ ਅਲਬਰਟ, ਸੁਰਿੰਦਰ ਕੁਮਾਰ)**-ਆਮ ਆਦਮੀ ਪਾਰਟੀ (ਆਪ) ਦੇ ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਦੀ ਅਗਵਾਈ ਵਿੱਚ ਬੀਤੇ ਦਿਨ ਜਲੰਧਰ ਜ਼ਿਮਨੀ ਚੋਣ ਦੇ ਮੱਦੇਨਜਰ ਇੱਕ ਪਾਰਟੀ ਮੀਟਿੰਗ ਕੀਤੀ ਗਈ, ਜਿਸ ਵਿੱਚ ਪੰਜਾਬ ਭਰ ਤੋਂ ਸੀਨੀਅਰ ਆਗੂਆਂ ਨੇ ਹਿੱਸਾ ਲਿਆ ਅਤੇ ਜਲੰਧਰ ਉਪ ਚੋਣ ਲਈ ਰਣਨੀਤੀ ਤੈਅ ਕੀਤੀ। ਜ਼ਿਮਨੀ ਚੋਣ ਲਈ 36 ਪਾਰਟੀ ਆਗੂਆਂ ਦੀ ਬਲਾਕਾਂ ਅਨੁਸਾਰ ਤੈਨਾਤੀ ਕੀਤੀ ਗਈ। ਹਰਚੰਦ ਸਿੰਘ ਬਰਸਟ ਨੇ ਪਿਛਲੇ ਇੱਕ ਸਾਲ ਤੋਂ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੀਤੇ ਗਏ ਕੰਮਾਂ ਨੂੰ ਜਨਤਾ ਤੱਕ ਪਹੁੰਚਾਉਣ ਲਈ ਇਨ੍ਹਾਂ ਆਗੂਆਂ ਨੂੰ ਹਦਾਇਤਾਂ ਦਿੱਤੀਆਂ। ਇਸ ਮੀਟਿੰਗ ਵਿਚ ਜਲੰਧਰ ਲੋਕ ਸਭਾ ਹਲਕੇ ਦੇ ਚਾਰ ਵਿਧਾਇਕ, ਬਲਕਾਰ ਸਿੰਘ ਕਰਤਾਰਪੁਰ, ਰਮਨ ਅਰੋੜਾ, ਸੀਤਲ ਅੰਗੁਰਾਲ, ਇੰਦਰਜੀਤ ਕੌਰ ਮਾਨ ਸ਼ਾਮਿਲ ਹੋਏ। ਉਨ੍ਹਾਂ ਨਾਲ ਪੰਜ ਹਲਕਾ ਇੰਚਾਰਜ, ਸੁਰਿੰਦਰ ਪਾਲ ਸਿੰਘ ਸੋਢੀ ਕੈਂਟ ਤੋਂ, ਆਦਮਪੁਰ ਤੋਂ ਜੀਤ ਲਾਲ ਭੱਟੀ, ਫਿਲੌਰ ਤੋਂ ਪ੍ਰਿ. ਪ੍ਰੇਮ ਕੁਮਾਰ, ਦਿਨੇਸ਼ ਢੱਲ, ਸ਼ਾਹਕੋਟ ਤੋਂ ਰਤਨ ਸਿੰਘ ਕਕੜਕਲਾਂ, ਸੂਬਾ ਸਕੱਤਰ ਰਾਜਵਿੰਦਰ ਕੌਰ ਥਿਆੜਾ , ਅਮਨਦੀਪ ਸਿੰਘ ਮੋਹੀ, ਗੁਰਦੇਵ ਸਿੰਘ ਲਾਖਣਾ, ਲੋਕ ਸਭਾ ਇੰਚਾਰਜ ਮੰਗਲ ਸਿੰਘ, ਜ਼ਿਲ੍ਹਾ ਪ੍ਰਧਾਨ ਅਮਿਤਪਾਲ ਸਿੰਘ, ਸਰਬਜੀਤ ਸਿੰਘ ਅਤੇ ਹੋਰ ਪਾਰਟੀ ਆਗੂਆਂ ਨੇ ਸ਼ਿਰਕਤ ਕੀਤੀ। ਬਰਸਟ ਦੀ ਅਗਵਾਈ ਹੇਠ ਸਾਰੇ ਆਗੂਆਂ ਅਤੇ ਬੁਲਾਰਿਆਂ ਨੇ ਦਿਨ ਰਾਤ ਮਿਹਨਤ ਅਤੇ ਪ੍ਰਚਾਰ ਕਰਕੇ ਇਹ ਚੋਣ ਜਿੱਤਣ ਦਾ ਫੈਸਲਾ ਕੀਤਾ ਤਾਂ ਜੋ ਲੋਕਾਂ ਨੂੰ ਪੰਜਾਬ ਪੱਖੀ ਲੋਕ ਸਭਾ ਮੈਂਬਰ ਮਿਲ ਸਕੇ। ਬਰਸਟ ਨੇ ਭਰੋਸਾ ਜਤਾਇਆ ਕਿ ਸਮੂਹ ਪੰਜਾਬ ਸੰਗਠਨ ਮੈਂਬਰ ਇਹ ਚੋਣ ਜਿੱਤ ਕੇ ਪੰਜਾਬ ਪ੍ਰਧਾਨ ਭਗਵੰਤ ਸਿੰਘ ਮਾਨ, ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਨੈਸ਼ਨਲ ਜਨਰਲ ਸਕੱਤਰ ਸੰਦੀਪ ਪਾਠਕ ਦੀ ਝੋਲੀ ਪਾਉਣਗੇ।

# ਐੱਸ ਡੀ ਐੱਮ ਨੇ ਗੁੱਡ ਹੋਪ ਆਈਲੈਟਸ ਤੇ ਇਮੀਗ੍ਰੇਸ਼ਨ ਸੈਂਟਰ ਦਾ ਉਦਘਾਟਨ ਕੀਤਾ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)** - ਗੁੱਡ ਹੋਪ ਆਈਲੈਟਸ ਕੋਚਿੰਗ ਸੈਂਟਰ ਸੁਲਤਾਨਪੁਰ ਲੋਧੀ ਵੱਲੋਂ ਗੁਰਦੁਆਰਾ ਸ੍ਰੀ ਬੇਰ ਸਾਹਿਬ ਰੋਡ ਸਾਹਮਣੇ ਸਰਕਾਰੀ ਹਾਈ ਸਕੂਲ ਲੜਕੇ ਵਿਖੇ ਸ਼ਾਨਦਾਰ ਸ਼ੁਰੂਆਤ ਕੀਤੀ ਗਈ ਹੈ। ਜਿਸ ਦਾ ਉਦਘਾਟਨ ਚੰਦਰਾ ਜਯੋਤੀ ਸਿੰਘ ਮੁੱਖ ਮਹਿਮਾਨ ਐੱਸ ਡੀ ਐੱਮ ਸੁਲਤਾਨਪੁਰ ਲੋਧੀ ਨੇ ਰੀਬਨ ਕੱਟ ਕੇ ਕੀਤਾ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਅਤੇ ਗੁਰੂ ਮਹਾਰਾਜ ਜੀ ਦਾ ਓਟ ਆਸਰਾ ਲਿਆ ਗਿਆ। ਐਸ ਡੀ ਐਮ ਨੇ ਪ੍ਰਬੰਧਕਾਂ ਵੱਲੋਂ ਸਿੱਖਿਆ ਦੇ ਖੇਤਰ ਵਿਚ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਸੈਂਟਰ ਦੇ ਸਾਰੇ ਮਿਹਨਤੀ ਸਟਾਫ, ਪ੍ਰਬੰਧਕਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਇਹ ਸੈਂਟਰ ਸੁਲਤਾਨਪੁਰ ਲੋਧੀ ਦਾ ਬਹੁਤ ਹੀ ਵਧੀਆ ਸੈਂਟਰ ਬਣ ਗਿਆ ਜੋ ਇਮੀਗ੍ਰੇਸ਼ਨ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ। ਇਸ ਸੰਸਥਾ ਦੇ ਐੱਮ ਡੀ ਨਿਤਿਨਜੀਤ ਸਿੰਘ ਤੇ ਮੈਨੇਜਰ ਰੀਆ ਸ਼ਰਮਾ ਨੇ ਐੱਸ ਡੀ ਐੱਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਰਕਾਰੀ ਹਦਾਇਤਾਂ ਅਨੁਸਾਰ ਸ਼ਰਤਾਂ ਪੂਰੀਆਂ ਕਰਦੇ ਹਨ ਤੇ ਪੰਜਾਬ ਸਰਕਾਰ ਤੋਂ ਮਾਨਤਾ ਪ੍ਰਾਪਤ ਇਹ ਸੈਂਟਰ ਹੈ ਜਿੱਥੇ ਕਾਨੂੰਨ ਦੇ ਦਾਇਰੇ ਅੰਦਰ ਰਹਿ ਕੇ ਇਮੀਗ੍ਰੇਸ਼ਨ ਤੇ ਆਈਲੈਟਸ ਸਬੰਧੀ ਆਪਣੀਆਂ ਸੇਵਾਵਾਂ ਪ੍ਰਦਾਨ ਕਰਾਂਗੇ। ਇਸ ਮੌਕੇ ਰੰਮਾ ਨੰਦ ਸ਼ਰਮਾ, ਕੌਂਸਲਰ ਦਿਲਬਾਗ ਸਿੰਘ ਗਿੱਲ, ਸੁਰਿੰਦਰ ਸਿੰਘ ਬੱਬੂ , ਲਛਮੀ ਨੰਦਨ ਨੇ ਵਿਸ਼ੇਸ਼ ਤੌਰ 'ਤੇ ਪੁੱਜ ਕੇ ਸੈਂਟਰ ਦੇ ਸਟਾਫ ਤੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਇਸ ਮੌਕੇ ਰਵਿੰਦਰ ਸਿੰਘ, ਦਵਿੰਦਰ ਸਰਮਾ, ਬਲਵਿੰਦਰ ਸਿੰਘ ਧਾਲੀਵਾਲ ਅਤੇ ਸਟਾਫ ਮੈਂਬਰ ਮੌਜੂਦ ਸਨ।

# ਪੀਣ ਵਾਲੇ ਪਾਣੀ ਦੀ ਬੂੰਦ-ਬੂੰਦ ਨੂੰ ਤਰਸ ਰਹੇ ਰਾਜਪੂਤ ਬਸਤੀ ਦੇ ਲੋਕ



**ਮਾਹਿਲਪੁਰ (ਸਫਰੀ)** ਬੀਤ ਇਲਾਕੇ ਦੇ ਪਿੰਡ ਭਵਾਨੀਪੁਰ (ਰਾਜਪੂਤ ਬਸਤੀ) ਦੇ ਲੋਕ ਪੀਣ ਵਾਲੇ ਪਾਣੀ ਦੀ ਬੂੰਦ ਬੂੰਦ ਨੂੰ ਤਰਸ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਉਹਨਾਂ ਦੀ ਇਹ ਸਮੱਸਿਆ ਚਾਰ ਦਹਾਕੇ ਪੁਰਾਣੀ ਹੈ ਕਈ ਸਰਕਾਰਾਂ ਆਈਆਂ ਪਰ ਉਨਾਂ ਦੀ ਇਸ ਮੁੱਖ ਸਮੱਸਿਆ ਦੀ ਕਿਸੀ ਨੇ ਹੱਲ ਨਹੀ ਕੀਤਾ। ਉਹਨਾਂ ਦੀ ਇਹ ਸਮੱਸਿਆ ਉਸੇ ਤਰਾਂ ਮੂੰਹ ਅੱਡੀ ਖੜੀ ਹੈ ਜਿਸ ਤਰਾਂ ਚਾਰ ਦਹਾਕੇ ਪਹਿਲਾਂ ਸੀ। ਇਸ ਅਬਾਦੀ ਦੇ ਲੋਕਾਂ ਮਹਿੰਦਰ ਸਿੰਘ ਲੰਬੜਦਾਰ,ਮੱਖਣ ਸਿੰਘ ਰਾਣਾ,ਦਰਸ਼ਨ ਸਿੰਘ,ਸੋਢੀ ਸਿੰਘ,ਚਰਨਜੀਤ ਸਿੰਘ,ਸੁਭਾਸ਼ ਸਿੰਘ,ਜਸਪਾਲ ਸਿੰਘ,ਦਵਿੰਦਰ ਕੁਮਾਰ ਕਾਕਾ,ਬੱਬੀ ਅਤੇ ਪਿੰਡ ਦੀਆਂ ਮਹਿਲਾਵਾਂ ਨੇ ਰੋਸ ਜਾਹਰ ਕਰਦਿਆਂ ਦੱਸਿਆ ਕਿ ਉਹਨਾਂ ਦੀ ਕਰੀਬ 800 ਦੀ ਵਸੋਂ ਹੈ। ਪੀਣ ਵਾਲੇ ਪਾਣੀ ਦੀ ਸਮੱਸਿਆ ਬਹੁਤ ਪੁਰਾਣੀ ਹੈ ਪਰ ਸਾਡੀ ਸੁਣਵਾਈ ਕਿਸੀ ਸਰਕਾਰ ਨੇ ਨਹੀ ਕੀਤੀ। ਹਾਲਾਂਕਿ ਉਨਾਂ ਦੀ ਬਸਤੀ ਬਹੁਤ ਨੀਵੇ ਥਾਂ 'ਤੇ ਹੈ ਪਾਣੀ ਫਿਰ ਵੀ ਨਹੀ ਆਉਂਦਾ । ਲੋਕਾਂ ਨੂੰ ਪਾਣੀ ਲੈਣ ਲਈ ਇੱਧਰ ਉੱਧਰ ਜਾਣਾ ਪੈਂਦਾ ਹੈ। ਗਰਮੀਆਂ ਵਿੱਚ ਪਾਣੀ ਦੀ ਲਾਗਤ ਵੱਧਣ ਨਾਲ ਇਹ ਸਮੱਸਿਆ ਹੋਰ ਵੀ ਵੱਧ ਜਾਂਦੀ ਹੈ। ਉਨਾਂ ਦੱਸਿਆ ਕਿ ਸਾਡੇ ਪਿੰਡ ਨੂੰ ਆਉਣ ਵਾਲੀ ਪਾਈਪ ਲਾਈਨ ਸ਼ੁਰੂ ਵਿੱਚ (ਪਹਿਲਾ ) ਛੋਟੇ ਸਾਈਜ ਦੀ ਬਾਅਦ ਵਿੱਚ ਵੱਡੇ ਸਾਈਜ ਦੀ ਪਾਈ ਹੋਈ ਹੈ ਜਿਸ ਕਰਕੇ ਪਾਣੀ ਦਾ ਪ੍ਰੈਸ਼ਰ ਨਾ ਬਣਨ ਕਰਕੇ ਸਮੱਸਿਆ ਪੈਦਾ ਹੋ ਜਾਂਦੀ ਹੈ ਜੇਕਰ ਸਾਰੇ ਪਿੰਡ ਦੀਆਂ ਛੋਟੇ ਸਾਈਜ ਵਾਲੀਆਂ ਪਾਈਪ ਲਾਈਨਾਂ ਬਦਲ ਕੇ ਇੱਕੋ ਸਾਈਜ ਦੀਆਂ ਪਾਈਪਾਂ ਪਾ ਦਿੱਤੀਆਂ ਜਾਣ ਤਾਂ ਸਮੱਸਿਆ ਹੱਲ ਹੋ ਸਕਦੀ ਹੈ।

# ਸੁਰੇਸ਼ ਭਾਟੀਆ ਨੇ ਆਪਣਾ ਜਨਮ ਦਿਨ ਬੂਟਾ ਲਗਾ ਕੇ ਮਨਾਇਆ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਸੰਸਾਰ ਨੂੰ ਹਰਿਆ-ਭਰਿਆ ਰੱਖਣ ਲਈ ਹਰ ਇਨਸਾਨ ਨੂੰ ਆਪਣੇ ਜਨਮ ਦਿਨ 'ਤੇ ਇੱਕ-ਇੱਕ ਬੂਟਾ ਜਰੂਰ ਲਾਉਣਾ ਚਾਹੀਦਾ ਹੈ, ਤਾਂ ਜੋ ਕਈ ਸਾਲਾਂ ਤੱਕ ਉਹ ਬੂਟੇ ਦਰੱਖਤ ਬਣ ਕੇ ਸਾਨੂੰ ਆਕਸੀਜਨ ਦੇ ਕੇ ਇਨਸਾਨ ਨੂੰ ਜੀਵਤ ਰੱਖ ਸਕਣ। ਇਹ ਪ੍ਰਗਟਾਵਾ ਭਾਜਪਾ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਸੁਰੇਸ਼ ਭਾਟੀਆ ਝਾਡੀਆਂ ਨੇ ਆਪਣੇ ਜਨਮ ਦਿਨ ਤੇ ਧਾਮ ਝਾਡੀਆਂ ਵਿਖੇ ਬਾਬਾ ਸ਼੍ਰੀ ਚੰਦ ਜੀ ਦੇ ਮੰਦਰ ਵਿਖੇ ਵੱਖ-ਵੱਖ ਕਿਸਮਾਂ ਦੇ 11 ਦੇ ਕਰੀਬ ਬੂਟੇ ਲਾ ਕੇ ਆਪਣਾ ਜਨਮ ਦਿਨ ਮਨਾਇਆ। ਸੁਰੇਸ਼ ਭਾਟੀਆ ਨੇ ਕਿਹਾ ਕਿ ਜਿੱਥੇ ਅੱਜ ਮਤਲਵੀ ਇਨਸਾਨ ਜੰਗਲਾਂ ਅਤੇ ਦਰੱਖਤਾਂ ਨੂੰ ਕੱਟ ਕੇ ਪੱਧਰਾ ਕਰਕੇ ਹਰਿਆਵਲ ਜੰਗਲਾਂ ਨੂੰ ਖਤਮ ਕਰ ਰਿਹਾ ਹੈ ਉੱਥੇ ਵਾਤਾਵਰਣ ਪ੍ਰੇਮੀਆਂ ਅਤੇ ਹਰ ਇਨਸਾਨ ਨੂੰ ਇਕੱਠਿਆਂ ਹੋ ਕੇ ਇੱਕ ਇੱਕ ਬੂਟਾ ਲਗਾ ਕੇ ਜੰਗਲਾਂ ਨੂੰ ਮੁੜ ਹਰਿਆ ਭਰਿਆ ਰੱਖਣ ਦੀ ਲੋੜ ਹੈ । ਇਸ ਤੋਂ ਉਪਰੰਤ ਸੁਰੇਸ਼ ਭਾਟੀਆ ਨੇ ਬਾਬਾ ਸ਼੍ਰੀ ਚੰਦ ਮੰਦਰ ਦੇ ਵਿਖੇ ਨਤਮਸਤਕ ਹੋ ਕੇ ਬਾਬਾ ਚਰਨ ਦਾਸ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ ਅਤੇ ਭਵਿੱਖ ਵਿੱਚ ਆਪਣੇ ਜਨਮ ਦਿਨ 'ਤੇ ਬੂਟੇ ਲਾਉਣ ਦਾ ਪ੍ਰਾਣ ਲਿਆ। ਇਸ ਮੌਕੇ ਪ੍ਰੇਮ ਚੌਹਾਨ, ਮਦਨ ਚੌਹਾਨ, ਪਵਨ ਚੌਹਾਨ, ਹਰਮੇਸ਼ ਚੌਹਾਨ, ਰਾਹੁਲ ਚੌਧਰੀ, ਭਜਨ ਮੀਲੂ, ਰਾਧੇ ਮੀਲੂ, ਰੋਸ਼ੀ ਭਾਟੀਆ, ਭਜਨ ਸਾਧ, ਨਰੇਸ਼ ਸ਼ਰਮਾ, ਕਮਲ ਸਾਧ, ਨਿਤਿਨ ਭਾਟੀਆ, ਭੀਮ ਭਾਟੀਆ, ਜੀਤ ਭਾਟੀਆ,ਚੇਤਨ ਭਾਟੀਆ, ਅਵਤਾਰ ਭਾਟੀਆ, ਰਾਮਾ ਕਿਸਾਣਾ, ਪਵਨ ਭਾਟੀਆ, ਬਿਸ਼ਨ ਦਾਸ ਸਰਪੰਚ, ਪੋਲਾ ਬਠਿੰਡਾ ਨੇ ਸੁਰੇਸ਼ ਭਾਟੀਆ ਨੂੰ ਜਨਮ ਦਿਨ 'ਤੇ ਮੁਬਾਰਕਬਾਦ ਦਿੱਤੀ।

# ਭਾਰੀ ਮੀਂਹ ਦੇ ਬਾਵਜੂਦ ਹੁੰਮ - ਹੁੰਮਾ ਕੇ ਰਿਜ਼ਲਟ ਸੁਣਨ ਲਈ ਪਹੁੰਚੇ ਬੱਚੇ ਤੇ ਮਾਪੇ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਰਕਾਰੀ ਕੰਨਿਆ ਸੈਕੰਡਰੀ ਸਮਾਰਟ ਸਕੂਲ ਰੇਲਵੇ ਮੰਡੀ ਹੁਸ਼ਿਆਰਪੁਰ ਵਿਖੇ ਨਾਨ ਬੋਰਡ ਕਲਾਸਾਂ 6ਵੀਂ, 7ਵੀਂ, 9ਵੀਂ ਅਤੇ 11ਵੀਂ ਦਾ ਨਤੀਜਾ ਘੋਸ਼ਿਤ ਕੀਤਾ ਗਿਆ। ਜਿਸ ਵਿਚ ਵਿਦਿਆਰਥੀਆਂ ਨੇ ਮੀਂਹ ਦੇ ਬਾਵਜੂਦ ਮਾਪਿਆਂ ਨਾਲ ਸਕੂਲ ਆ ਕੇ ਰਿਜਲਟ ਲਿਆ। ਪ੍ਰਿੰਸੀਪਲ ਮੈਡਮ ਸ਼੍ਰੀਮਤੀ ਲਲਿਤਾ ਰਾਣੀ ਨੇ ਦੱਸਿਆ ਕਿ 11ਵੀਂ ਦੀ ਸਾਇੰਸ ਦੇ ਨਤੀਜੇ ਵਿੱਚੋਂ ਮਹਿਕ ਨੇ 99.2% , ਕਾਮਰਸ ਦੀ ਸਾਕਸ਼ੀ ਨੇ 97% ਤੇ ਆਰਟਸ ਦੀ ਯੈਸਮੀਨ ਨੇ 99% ਅੰਕ ਲੈ ਕੇ ਟਾਪ ਕੀਤਾ। ਬੱਚਿਆ ਨੂੰ ਨਵੇਂ ਸਾਲ ਦੀਆਂ ਕਿਤਾਬਾਂ ਵੀ ਦੇ ਦਿੱਤੀਆਂ ਗਈਆਂ ਤਾਂ ਜੋ ਨਵੀਂ ਪੜ੍ਹਾਈ ਨਿਰਵਿਘਨ ਸ਼ੁਰੂ ਹੋ ਸਕੇ। ਸਕੂਲ ਵਲੋਂ ਇੱਕ ਪਹਿਲ ਹੋਰ ਕੀਤੀ ਗਈ ਕਿ ਮਾਪਿਆਂ ਨੂੰ ਉਤਸ਼ਾਹਿਤ ਕੀਤਾ ਗਿਆ ਕਿ ਉਹ ਪਲਾਸਟਿਕ ਦੇ ਲਿਫਾਫੇ ਵਿੱਚ ਕਿਤਾਬਾਂ ਨਹੀਂ ਲੈ ਕੇ ਜਾਣਗੇ ਬਲਕਿ ਆਪਣੇ ਘਰੋਂ ਲੈ ਕੇ ਆਉਣਗੇ। ਇਸ ਤੋਂ ਇਲਾਵਾ ਬੱਚਿਆ ਵਿੱਚ ਸਿੰਗਲ ਯੂਜ ਪਲਾਸਟਿਕ ਦੀ ਮਨਾਹੀ ਲਈ ਇੱਕ ਦਸਤਖਤ ਮੁਹਿੰਮ ਵੀ ਚਲਾਈ ਗਈ ਅਤੇ ਉਹਨਾਂ ਨੂੰ ਸਹੁੰ ਚੁਕਵਾਈ ਗਈ ਕਿ ਉਹ ਪਲਾਸਟਿਕ ਦੀ ਵਰਤੋਂ ਨਹੀਂ ਕਰਨਗੇ। ਪ੍ਰਿੰਸੀਪਲ ਮੈਡਮ ਅਤੇ ਸਮੂਹ ਸਟਾਫ ਨੇ ਬੱਚਿਆਂ ਨੂੰ ਵਧੀਆ ਅੰਕ ਲੈਣ ਲਈ ਉਤਸ਼ਾਹਿਤ ਕੀਤਾ ਅਤੇ ਮਾਪਿਆਂ ਨੂੰ ਵਧਾਈ ਵੀ ਦਿੱਤੀ ਅਤੇ ਨਵੇਂ ਸੈਸ਼ਨ ਵਿੱਚ ਨਵੀਂ ਕਲਾਸ ਸ਼ੁਰੂ ਕਰਨ 'ਤੇ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ 'ਤੇ ਐਸ ਐਮ ਸੀ ਦੇ ਪ੍ਰਧਾਨ ਸ੍ਰੀਮਤੀ ਇੰਦਰਾ ਸ਼ਰਮਾ , ਸ਼ਾਲਿਨੀ ਅਰੋੜਾ, ਸਰੋਜ ਬਾਲਾ, ਕੁਸਮ ਲਤਾ ਅਤੇ ਤਰਨਪ੍ਰੀਤ ਕੌਰ ਆਦਿ ਸ਼ਾਮਿਲ ਸਨ।

# ਲੋੜਵੰਦਾਂ ਤੇ ਬੇਘਰਿਆਂ ਲਈ ਮਕਾਨਾਂ ਦੀ ਗ੍ਰਾਂਟ 'ਚ ਘਪਲਾ ਕਰਨ ਵਾਲਾ ਇੱਕ ਹੋਰ ਗ੍ਰਿਫਤਾਰ

**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)**-ਭਾਰਤ ਸਰਕਾਰ ਦੀ ਇੰਦਰਾ ਅਵਾਸ ਯੋਜਨਾ ਤਹਿਤ ਲੋੜਵੰਦਾਂ ਅਤੇ ਬੇਘਰਿਆਂ ਲਈ ਸਾਲ 2012 'ਚ ਗ੍ਰਾਮ ਪੰਚਾਇਤ ਪਿੰਡ ਮਹਿਮਦਵਾਲ, ਜ਼ਿਲ੍ਹਾ ਕਪੂਰਥਲਾ ਨੂੰ ਪ੍ਰਾਪਤ ਹੋਈ ਕੁੱਲ 13,50,000 ਰੁਪਏ ਦੀ ਗ੍ਰਾਂਟ ਵਿੱਚੋਂ ਮਿਲੀਭੁਗਤ ਰਾਹੀਂ ਕੁੱਲ 45,000 ਰੁਪਏ ਰਾਸ਼ੀ ਹੜੱਪਣ ਦੇ ਦੋਸ਼ ਹੇਠ ਵਿਜੀਲੈਂਸ ਬਿਊਰੋ ਪੰਜਾਬ ਵੱਲੋਂ ਸ਼ੁੱਕਰਵਾਰ ਨੂੰ ਪਿੰਡ ਮਹਿਮਦਵਾਲ ਨਿਵਾਸੀ ਮਹਿੰਦਰ ਨੂੰ ਗ੍ਰਿਫਤਾਰ ਕੀਤਾ ਗਿਆ । ਉਹ ਪਿਛਲੇ 3 ਸਾਲ 4 ਮਹੀਨਿਆਂ ਤੋਂ ਫਰਾਰ ਚਲਿਆ ਆ ਰਿਹਾ ਸੀ। ਵਰਨਣਯੋਗ ਹੈ ਕਿ ਛੇ ਸਾਲ ਪਹਿਲਾਂ ਦਰਜ ਇਸ ਮੁਕੱਦਮੇ 'ਚ ਸ਼ਾਮਲ ਕੁੱਲ 132 ਦੋਸ਼ੀਆਂ ਵਿੱਚੋਂ ਹੁਣ ਤੱਕ 118 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਅਤੇ ਬਾਕੀਆਂ ਦੀ ਸਰਗਰਮੀ ਨਾਲ ਭਾਲ ਜਾਰੀ ਹੈ।

ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਬਲਾਕ ਢਿੱਲਵਾਂ ਅਧੀਨ ਆਉਂਦੇ ਪਿੰਡ ਮਹਿਮਦਵਾਲ ਦੇ ਲੋੜਵੰਦ ਅਤੇ ਬੇਘਰਿਆਂ ਲਈ ਭਾਰਤ ਸਰਕਾਰ ਦੀ ਇੰਦਰਾ ਅਵਾਸ ਯੋਜਨਾ ਤਹਿਤ ਸਾਲ 2012 'ਚ ਗ੍ਰਾਮ ਪੰਚਾਇਤ ਪਿੰਡ ਮਹਿਮਦਵਾਲ ਨੂੰ ਪ੍ਰਾਪਤ ਕੁੱਲ 13,50,000 ਰੁਪਏ ਦੀ ਗ੍ਰਾਂਟ ਨੂੰ ਤਤਕਾਲੀ ਏ ਡੀ ਸੀ ਵਿਕਾਸ-ਕਮ-ਮੁੱਖ ਕਾਰਜਕਾਰੀ ਅਫਸਰ ਜ਼ਿਲ੍ਹਾ ਪ੍ਰੀਸ਼ਦ ਕਪੂਰਥਲਾ ਸਤੀਸ਼ ਚੰਦਰ ਵਸ਼ਿਸ਼ਟ ਨੇ ਆਸਾ ਸਿੰਘ ਸਰਪੰਚ ਪਿੰਡ ਮਹਿਮਦਵਾਲ ਅਤੇ ਕੁਲਵੰਤ ਸਿੰਘ ਪੰਚਾਇਤ ਸਕੱਤਰ ਨਾਲ ਮਿਲੀਭੁਗਤ ਕਰਕੇ ਅਯੋਗ ਲਾਭਪਾਤਰੀਆਂ ਦੇ ਨਾਂਅ ਉਪਰ ਵੱਖ-ਵੱਖ ਚੈਕ ਕੱਟ ਕੇ ਉਸ ਗ੍ਰਾਂਟ ਨੂੰ ਖੁਰਦ-ਬੁਰਦ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਉਪਰੰਤ ਤਤਕਾਲੀ ਡਿਪਟੀ ਕਮਿਸ਼ਨਰ ਕਪੂਰਥਲਾ ਦੀ ਸਿਫਾਰਸ਼ 'ਤੇ ਵੱਖ-ਵੱਖ ਅਧਿਕਾਰੀਆਂ ਦੀ ਪੰਜ ਮੈਂਬਰੀ ਕਮੇਟੀ ਨੇ ਫਿਜ਼ੀਕਲ ਵੈਰੀਫਿਕੇਸ਼ਨ ਕੀਤੀ ਤਾਂ ਜ਼ਿਲ੍ਹਾ ਕਪੂਰਥਲਾ 'ਚ ਪੈਂਦੇ 31 ਪਿੰਡਾਂ ਦੇ 411 ਅਯੋਗ ਲਾਭਪਾਤਰੀਆਂ ਨੂੰ ਸਾਲ 2011-12 ਦੌਰਾਨ 1,80,00,000 ਰੁਪਏ ਦੀ ਨਜਾਇਜ਼ ਅਦਾਇਗੀ ਕਰਨੀ ਪਾਈ ਗਈ। ਇਸ ਸੰਬੰਧ 'ਚ ਵਿਜੀਲੈਂਸ ਬਿਊਰੋ ਵੱਲੋਂ 132 ਦੋਸ਼ੀਆਂ ਖਿਲਾਫ ਮੁਕੱਦਮਾ ਨੰਬਰ 01 ਮਿਤੀ 03-02-17 ਨੂੰ ਆਈ ਪੀ ਸੀ ਦੀ ਧਾਰਾ 409, 420, 467, 468, 471, 120-ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13(1), 13(2) ਅਧੀਨ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿੱਚ ਦਰਜ ਕੀਤਾ ਗਿਆ ਸੀ। ਇਸ ਕੇਸ 'ਚ ਉਕਤ ਦੋਸ਼ੀ ਮਹਿੰਦਰ ਵਾਸੀ ਪਿੰਡ ਮਹਿਮਦਵਾਲ, ਜ਼ਿਲ੍ਹਾ ਕਪੂਰਥਲਾ ਨੂੰ ਪੜਤਾਲ ਉਪਰੰਤ ਮਿਤੀ 16-12-2019 ਨੂੰ ਨਾਮਜ਼ਦ ਕੀਤਾ ਗਿਆ ਸੀ, ਜਿਸ ਨੂੰ ਅੱਜ ਗ੍ਰਿਫਤਾਰ ਕੀਤਾ ਗਿਆ। ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀ ਮਹਿੰਦਰ ਵੱਲੋਂ ਅਯੋਗ ਲਾਭਪਾਤਰੀ ਹੁੰਦੇ ਹੋਏ ਇਸ ਇੰਦਰਾ ਅਵਾਸ ਯੋਜਨਾ ਤਹਿਤ ਕੱਚੇ ਮਕਾਨਾਂ ਨੂੰ ਪੱਕਾ ਬਣਾਉਣ ਲਈ ਮਿਤੀ 03-03-2012 ਅਤੇ 07-03-2012 ਨੂੰ ਵੱਖ-ਵੱਖ ਚੈਕਾਂ ਰਾਹੀਂ ਕੁੱਲ 45,000 ਰੁਪਏ ਦੀ ਮਿਲੀ ਗਰਾਂਟ ਪਿੰਡ ਮਹਿਮਦਵਾਲ ਦੇ ਸਰਪੰਚ ਆਸਾ ਸਿੰਘ ਅਤੇ ਪੰਚਾਇਤ ਸਕੱਤਰ ਕੁਲਵੰਤ ਸਿੰਘ ਦੀ ਮਿਲੀਭੁਗਤ ਨਾਲ ਹੜੱਪ ਕਰ ਲਈ ਸੀ। ਵਰਨਣਯੋਗ ਹੈ ਕਿ ਉਪਰੋਕਤ ਮੁਕੱਦਮੇ ਵਿੱਚ ਕੁੱਲ 132 ਦੋਸ਼ੀਆਂ ਵਿੱਚੋਂ ਹੁਣ ਤੱਕ 118 ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਅਤੇ ਬਾਕੀਆਂ ਨੂੰ ਗ੍ਰਿਫਤਾਰ ਕਰਨ ਲਈ ਉਨ੍ਹਾਂ ਦੇ ਠਿਕਾਣਿਆਂ ਉਪਰ ਵਿਜੀਲੈਂਸ ਬਿਊਰੋ ਵੱਲੋਂ ਦਬਿਸ਼ ਦਿੱਤੀ ਜਾ ਰਹੀ ਹੈ।

# ਪ੍ਰਿੰਸੀਪਲ ਇੰਦਰਜੀਤ ਸਿੰਘ ਬੈਂਸ ਸਰਕਾਰੀ ਸੀਨੀ. ਸਕੂਲ ਅਜਨੋਹਾ ਤੋਂ ਸੇਵਾਮੁਕਤ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )**-ਪ੍ਰਿੰਸੀਪਲ ਇੰਦਰਜੀਤ ਸਿੰਘ ਬੈਂਸ ਜੋ ਕਿ ਵੱਖ ਵੱਖ ਸਕੂਲਾਂ ਵਿੱਚ ਸਰਵਿਸ ਨਿਭਾਉਣ ਪਿੱਛੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਨੋਹਾ ਤੋਂ ਸੇਵਾਮੁਕਤ ਹੋਏ। ਉਹਨਾਂ ਦੀ ਵਿਦਾਇਗੀ ਸਮੇਂ ਅਜਨੋਹਾ ਸਕੂਲ ਵਿਖੇ ਇਕ ਸਮਾਗਮ ਰੱਖਿਆ ਗਿਆ। ਇਸ ਸਮਾਗਮ ਵਿੱਚ ਪ੍ਰਿੰਸੀਪਲ ਇੰਦਰਜੀਤ ਸਿੰਘ ਬੈਂਸ ਅਤੇ ਉਹਨਾਂ ਦੀ ਧਰਮ ਪਤਨੀ ਸ੍ਰੀਮਤੀ ਦਲਵੀਰ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਭ ਤੋਂ ਪਹਿਲਾਂ ਸਕੂਲ ਵਿਖੇ ਨਵੀਨੀਕਰਨ ਹੋਏ ਅਕਾਲੀ ਬਾਬਾ ਫੂਲਾ ਸਿੰਘ ਯਾਦਗਾਰੀ ਹਾਲ ਦਾ ਉਦਘਾਟਨ ਪ੍ਰਿੰਸੀਪਲ ਇੰਦਰਜੀਤ ਸਿੰਘ ਅਤੇ ਰਵਿੰਦਰਜੀਤ ਸਿੰਘ ਵਲੋਂ ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਅਤੇ ਇਲਾਕੇ ਦੇ ਪਤਵੰਤੇ ਸੱਜਣਾਂ ਦੀ ਹਾਜਰੀ ਵਿੱਚ ਕੀਤਾ ਗਿਆ। ਵਿਦਿਆਰਥੀਆਂ ਵਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ ਅਜਮੇਰ ਸਿੰਘ, ਅਸ਼ੋਕ ਪਰਮਾਰ, ਮਾਸਟਰ ਹਰਭਜਨ ਸਿੰਘ, ਸ਼ਮਿੰਦਰ ਸ਼ਰਮਾ, ਪ੍ਰਿੰਸੀਪਲ ਪਿਆਰਾ ਸਿੰਘ, ਹਰਵਿੰਦਰ ਸਿੰਘ ਖਾਲਸਾ, ਮਾਸਟਰ ਬੁੱਧ ਸਿੰਘ, ਡਾਕਟਰ ਜਗਤਾਰ ਸਿੰਘ, ਹਰਿੰਦਰ ਸਿੰਘ, ਬਹਾਦਰ ਸਿੰਘ ਅਤੇ ਸਰਪੰਚ ਮਮਤਾ ਰਾਣੀ ਬੁਲਾਰਿਆਂ ਨੇ ਪ੍ਰਿੰਸੀਪਲ ਵਲੋਂ ਸਕੂਲ ਵਿੱਚ ਸਰਕਾਰੀ ਗ੍ਰਾਂਟਾਂ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਕਰਵਾਏ ਬੇਮਿਸਾਲ ਕੰਮਾਂ ਲਈ ਉਹਨਾਂ ਦਾ ਧੰਨਵਾਦ ਕੀਤਾ। ਪ੍ਰਿੰਸੀਪਲ ਇੰਦਰਜੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਉਹਨਾਂ ਵਲੋਂ ਅਜਨੋਹਾ ਸਕੂਲ ਦੀਆਂ ਠੰਡੀਆਂ-ਮਿੱਠੀਆਂ ਯਾਦਾਂ ਹਮੇਸ਼ਾਂ ਦਿਲ ਵਿੱਚ ਰਹਿਣਗੀਆਂ। ਇਸ ਮੌਕੇ ਅਜਨੋਹਾ ਸਕੂਲ, ਕੋਟ ਫਤੂਹੀ ਸਕੂਲ, ਦਿਹਾਣਾ ਸਕੂਲ ਅਤੇ ਹੋਰ ਇਲਾਕੇ ਭਰ ਦੇ ਸਕੂਲਾਂ ਦੇ ਸਟਾਫ ਮੈਂਬਰ ਸਪੋਰਟਸ ਕਲੱਬ ਅਜਨੋਹਾ ਅਤੇ ਪਤਵੰਤੇ ਸੱਜਣ ਮੌਜੂਦ ਸਨ।

# ਵੂਮੈਨ ਡੇ ਮਨਾਇਆ



**ਫਿਲੌਰ (ਨਿਰਮਲ)**- ਵੂਮੈਨ ਵੈਲਫੇਅਰ ਐਸੋਸੀਏਸ਼ਨ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵੂਮੈਨ ਡੇਅ ਕਮਿਊਨਿਟੀ ਹਾਲ ਫਿਲੌਰ ਵਿੱਚ ਮਨਾਇਆ ਗਿਆ। ਇਸ ਮੌਕੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਮੁੱਖ ਮਹਿਮਾਨ ਦੇ ਤੌਰ 'ਤੇ ਪੁੱਜੇ। ਉਨ੍ਹਾਂ ਦੇ ਨਾਲ ਪ੍ਰਿੰਸੀਪਲ ਮਮਤਾ ਬਖਸ਼ੀ ਸੰਚਾਲਿਕਾ ਕੇਂਬ੍ਰਿਜ ਸਕੂਲ ਫਿਲੌਰ ਅਤੇ ਸੀਨੀਅਰ ਆਪ ਆਗੂ ਰਾਜਿੰਦਰ ਸੰਧੂ ਵੀ ਉਚੇਚੇ ਤੌਰ 'ਤੇ ਹਾਜਰ ਰਹੇ। ਉਨ੍ਹਾਂ ਤੋਂ ਇਲਾਵਾ ਨਗਰ ਕੌਂਸਲ ਫਿਲੌਰ ਦੇ ਪ੍ਰਧਾਨ ਮਹਿੰਦਰ ਰਾਮ ਚੁੰਬਰ, ਮਨਜੀਤ ਮਾਨ, ਪ੍ਰਿਤਪਾਲ ਸਿੰਘ, ਜੇ.ਐੱਸ ਸੰਧੂ, ਰਾਕੇਸ਼ ਖੰਨਾ, ਮਨੀ ਧਾਲੀਵਾਲ, ਅਸ਼ੋਕ ਸ਼ਰਮਾ, ਰਾਕੇਸ਼ ਗੋਇਲ ਨੇ ਸ਼ੋਭਾ ਵਧਾਈ। ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ ਅਤੇ ਮਹਿਮਾਨਾਂ ਲਈ ਰਿਫਰੈਸ਼ਮੈਂਟ ਦਾ ਵੀ ਇੰਤਜਾਮ ਕੀਤਾ ਗਿਆ। ਇਸ ਮੌਕੇ ਬੀਬੀ ਕੁਲਵਿੰਦਰ ਕੌਰ ਪ੍ਰਧਾਨ, ਰੀਨਾ ਤਾਂਗੜੀ, ਸੈਕਟਰੀ ਸੁਸ਼ਮਾ ਗੋਇਲ ਖਜਨਚੀ ਡਾ. ਸੁਨੀਤਾ ਸ਼ਰਮਾ, ਜੁਆਇੰਟ ਸੈਕਟਰੀ ਐਡਵੋਕੇਟ ਰੁਪਾਲੀ, ਪ੍ਰਿੰਸੀਪਲ ਮੈਡਮ ਸੁਸ਼ੀਲਾ ਕੁਮਾਰੀ, ਜਯੋਤੀ ਬਾਠ, ਡਾ.ਮੋਨਿਕਾ ਅਤੇ ਹੋਰ ਹਾਜਰ ਸਨ।



**ਨਵਯੁਵਕ ਦੁਸਹਿਰਾ ਕਮੇਟੀ ਫਿਲੌਰ ਵੱਲੋਂ ਰਾਮ ਨੌਮੀ ਦੇ ਸ਼ੁੱਭ ਮੌਕੇ ਸ੍ਰੀ ਰਾਮ ਦਰਬਾਰ ਫਿਲੌਰ ਵਿਖੇ ਹਵਨ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਪ੍ਰੇਮ ਕੁਮਾਰ ਸਾਬਕਾ ਪਿੰਸੀਪਲ ਪ੍ਰਮੋਦ ਵਸੰਦਰਾਏ ਡਾ. ਰਾਕੇਸ਼ ਸ਼ਰਮਾ ਕੌਂਸਲਰ ਵੈਭਵ ਸ਼ਰਮਾ ਕੌਂਸਲਰ ਸ੍ਰੀਮਤੀ ਨੇਹਾ ਪੰਮਾ ਦੇ ਪਤੀ ਅਮਿੰਤ ਪੰਮਾ ਸੋਨੂੰ ਪ੍ਰੇਮ ਕੁਮਾਰ ਨੂੰ ਸਨਮਾਨਤ ਕਰਦੇ ਹੋਏ।**
**ਫੋਟੋ ਤੇ ਵੇਰਵਾ— ਬੀ ਐਸ ਕੈਨੇਡੀ ਫਿਲੌਰ**

# ਕੋਰੋਨਾ ਦੇ ਵਧਦੇ ਕੇਸਾਂ ਪ੍ਰਤੀ ਅਧਿਕਾਰੀਆਂ ਨੂੰ ਕੀਤਾ ਸੁਚੇਤ

**ਰੋਪੜ ( ਬਿੰਦਰਾ)** ਕਰੋਨਾ ਦੇ ਵਧਦੇ ਕੇਸਾਂ ਕਾਰਨ ਅਧਿਕਾਰੀਆਂ ਨੂੰ ਸੁਚੇਤ ਕਰ ਦਿੱਤਾ ਹੈ। ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਇਸ ਲਈ ਢੁੱਕਵੇਂ ਕਦਮ ਚੁੱਕਣ ਲਈ ਕਿਹਾ ਹੈ। ਸਿਵਲ ਸਰਜਨ ਰੋਪੜ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਜ਼ਿਲ੍ਹੇ ਵਿੱਚ 5 ਨਵੇਂ ਕੇਸ ਆਏ ਹਨ । ਇਹ ਸਾਰੇ ਹੀ ਪੇਂਡੂ ਇਲਾਕੇ ਦੇ ਹਨ। ਪਹਿਲਾ ਐਕਟਿਵ ਕੇਸਾਂ ਵਿਚੋਂ ਇਕ ਠੀਕ ਹੋ ਗਿਆ ਹੈ। ਹੁਣ ਐਕਟਿਵ ਕੇਸਾਂ ਦੀ ਗਿਣਤੀ 12 ਹੋ ਗਈ ਹੈ। ਜ਼ਿਲ੍ਹੇ ਵਿਚ 163 ਵਿਅਕਤੀਆਂ ਦੇ ਸੈਂਪਲ ਲਏ ਗਏ। 158 ਸੈਂਪਲ ਬਕਾਇਆ ਹਨ। ਜ਼ਿਲ੍ਹੇ ਵਿੱਚ ਕੁੱਲ 615031 ਸੈਂਪਲ ਲਏ ਗਏ, ਜਿਨ੍ਹਾਂ ਵਿਚੋਂ 19133 ਪੌਜੇਟਿਵ ਆਏ। 18662 ਰੀਕਵਰਡ ਹੋਏ। ਕਰੋਨਾ ਮਹਾਂਮਾਰੀ ਦੌਰਾਨ ਜ਼ਿਲ੍ਹੇ ਵਿਚ 459 ਮੌਤਾਂ ਹੋਈਆਂ ਸਨ।

# ਫਾਰਮੇਸੀ ਕਾਲਜ ਬੇਲਾ ਨੂੰ ਮਿਲਿਆ ਬੈੱਸਟ ਕਾਲਜ ਦਾ ਅਵਾਰਡ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)** ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਆਫ ਫਾਰਮੇਸੀ ਬੇਲਾ, ਰੋਪੜ ਨੂੰ ਸੁਸਾਇਟੀ ਫਾਰ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ (ਐਸ.ਪੀ.ਈ.ਆਰ) ਵੱਲੋਂ ਸਾਲ 2022 ਦਾ ਬੈਸਟ ਕਾਲਜ ਨਾਲ ਸਨਮਾਨਿਤ ਕੀਤਾ ਗਿਆ। ਕਾਲਜ ਦੇ ਡਾਇਰੈਕਟਰ ਡਾ. ਸੈਲੇਸ਼ ਸ਼ਰਮਾ ਨੇ ਦੱਸਿਆ ਕਿ ਇਹ ਅਫਾਰਡ ਕਾਲਜ ਦੇ ਬੇਹਤਰ ਰਿਜਲਟ, ਨੈਸ਼ਨਲ ਬੋਰਡ ਐਕ੍ਰਿਡਿਟੇਸ਼, ਗ੍ਰਾਂਟ, ਪ੍ਰਕਾਸ਼ਨ, ਪੇਟੈਂਟ ਅਤੇ ਪਲੇਸਮੈਂਟ ਦੇ ਅਧਾਰ ਤੇ ਦਿੱਤਾ ਗਿਆ ਹੈ। ਉਹਨਾਂ ਨੇ ਕਿਹਾ ਇਹ ਅਵਾਰਡ ਦੂਰਦਰਸ਼ੀ ਪ੍ਰਬੰਧਕ ਕਮੇਟੀ, ਸਟਾਫ ਮੈਂਬਰਸ ਅਤੇ ਵਿਦਿਆਰਥੀਆਂ ਦੀ ਕੜੀ ਮਿਹਨਤ ਦੇ ਸਦਕੇ ਮਿਲਿਆ ਹੈ। ਇਸ ਮੌਕੇ ਤੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ, ਸਬ- ਕਮੇਟੀ, ਫਾਰਮੇਸੀ ਕਾਲਜ ਦੇ ਚੇਅਰਮੈਂਨ ਕੈਪਟਨ ਐਮ.ਪੀ. ਸਿੰਘ, ਪ੍ਰਧਾਨ ਡਾ. ਭਾਗ ਸਿੰਘ ਬੋਲਾ, ਮੈਂਬਰ (ਮੈਨੇਜਰ) ਸੁਖਵਿੰਦਰ ਸਿੰਘ ਵਿਸਕੀ, (ਸਕੱਤਰ) ਜਗਵਿੰਦਰ ਸਿੰਘ, ਦਵਿੰਦਰ ਸਿੰਘ ਜਟਾਣਾ, ਸੇਵਾ ਸਿੰਘ, ਆਰ.ਐਨ. ਮੋਦਗਿਲ ਅਤੇ ਸਮੂਹ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਕਾਲਜ ਦੇ ਡਾਇਰੈਟਰ ਡਾ. ਸੈਲੇਸ਼ ਸ਼ਰਮਾ ਅਤੇ ਉਨ੍ਹਾਂ ਦੀ ਸਮੂਹ ਟੀਮ ਨੂੰ ਵਧਾਈ ਦਿੱਤੀ।

# ਕਾਲੂਵਾਹਰ ਤੋਂ ਖਰਦੇਹੜ ਨੂੰ ਜਾਂਦੀ ਸੜਕ ਦਾ ਨਾਂਅ ਸ਼ਹੀਦ ਧੰਨਾ ਸਿੰਘ ਰੱਖਿਆ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਭੋਗਪੁਰ ਨਜ਼ਦੀਕ ਪੈਂਦੇ ਪਿੰਡ ਕਾਲੂਵਾਹਰ ਵਿਖੇ 1962 ਦੀ ਚੀਨ ਦੀ ਜੰਗ 'ਚ ਸ਼ਹੀਦ ਹੋਏ ਸ਼ਹੀਦ ਬਾਬਾ ਧੰਨਾ ਸਿੰਘ ਦੀ ਯਾਦ ਨੂੰ ਤਾਜ਼ਾ ਕੀਤਾ ਗਿਆ। ਜਾਣਕਾਰੀ ਦਿੰਦਿਆਂ ਅਮਰੀਕ ਸਿੰਘ ਖਾਲਸਾ ਦੇ ਸਪੁੱਤਰ ਅਵਤਾਰ ਸਿੰਘ ਖਾਲਸਾ ਨੇ ਦੱਸਿਆ ਕਿ 1962 ਦੀ ਚੀਨ ਦੀ ਜੰਗ 'ਚ ਸ਼ਹੀਦ ਹੋਏ ਸਾਰੇ ਹੀ ਸ਼ਹੀਦਾਂ ਨੂੰ ਯਾਦ ਕੀਤਾ ਗਿਆ ਅਤੇ ਉਨ੍ਹਾਂ ਸ਼ਹੀਦਾਂ ਦੀ ਯਾਦ 'ਚ ਪਿੰਡ ਖਰਦੇਹੜ ਨੂੰ ਜਾਂਦੀ ਸੜਕ ਦਾ ਨਾਂਅ ਸ਼ਹੀਦ ਬਾਬਾ ਧੰਨਾ ਸਿੰਘ ਰੱਖਿਆ ਗਿਆ ਅਤੇ ਸ਼ਹੀਦ ਬਾਬਾ ਧੰਨਾ ਸਿੰਘ ਦੇ ਨਾਂਅ ਦਾ ਇੱਕ ਬੋਰਡ ਵੀ ਲਗਾਇਆ ਗਿਆ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਅਤੇ ਆਏ ਹੋਏ ਪਤਵੰਤਿਆਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਇੰਦਰਜੀਤ ਮਹਿਤਾ, ਸੂਬੇਦਾਰ ਕਾਬਲ ਸਿੰਘ, ਸੂਬੇਦਾਰ ਹੰਸ ਰਾਜ, ਪ੍ਰਧਾਨ ਮਦਨ ਲਾਲ, ਜਨਰਲ ਸਕੱਤਰ ਰਾਜਿੰਦਰ ਸਿੰਘ, ਸੂਬੇਦਾਰ ਪਿਆਰਾ ਸਿੰਘ, ਸੂਬੇਦਾਰ ਮੇਲਾ ਸਿੰਘ, ਸੇਵਕ ਵਿਸ਼ਾਲ ਗੁਪਤਾ, ਹਰੀਸ਼ ਚਾਵਲਾ , ਜਸਪਿੰਦਰ ਸਿੰਘ, ਸਰਪੰਚ ਗੁਰਨਾਮ ਸਿੰਘ ਪਿੰਡ ਕਾਲੂਵਾਹਰ, ਸਰਪੰਚ ਮੈਡਮ ਸੁਮਨ, ਸਰਪੰਚ ਅਜੀਤ ਸਿੰਘ, ਸਰਪੰਚ ਬਹਾਦਰ ਸਿੰਘ, ਸਰਪੰਚ ਰਵਿੰਦਰ ਸਿੰਘ, ਸਰਪੰਚ ਦਲਵੀਰ ਕੌਰ, ਸਮਾਜ ਸੇਵਕ ਮਨਜੀਤ ਕੌਰ, ਸੰਦੀਪ ਕੌਰ, ਬਲਜਿੰਦਰ ਕੌਰ, ਪਰਮਜੀਤ ਕੌਰ ਹੋਰ ਆਦਿ ਸ਼ਾਮਲ ਸਨ।

# ਕਾਂਗਰਸੀ ਟੱਕਰ ਪਰਵਾਰ ਸਾਥੀਆਂ ਨਾਲ ਆਮ ਆਦਮੀ ਪਾਰਟੀ 'ਚ ਸ਼ਾਮਲ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**- ਕਾਂਗਰਸ ਨੂੰ ਨਕੋਦਰ ਵਿਚ ਉਸ ਵਕਤ ਵੱਡਾ ਝਟਕਾ ਲੱਗਾ ਜਦੋਂ ਕਾਂਗਰਸੀ ਟੱਕਰ ਪਰਵਾਰ ਆਪਣੇ ਸਾਥੀਆਂ ਸਮੇਤ ਹਲਕਾ ਨਕੋਦਰ ਦੇ ਐਮ ਐਲ ਏ ਮੈਡਮ ਇੰਦਰਜੀਤ ਕੌਰ ਮਾਨ ਜੀ ਦੀ ਅਗਵਾਈ ਵਿਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਮੈਡਮ ਮਾਨ ਨੇ ਕਿਹਾ ਜਿਹੜਾ ਵੀ ਇਮਾਨਦਾਰ ਵਲੰਟੀਅਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣਾ ਚਾਹੁੰਦਾ ਹੈ ਪਾਰਟੀ ਉਸ ਦਾ ਪੂਰਾ ਮਾਣ ਸਤਿਕਾਰ ਕਰੇਗੀ। ਉਨ੍ਹਾਂ ਕਿਹਾ ਪੰਜਾਬ ਸਰਕਾਰ ਦੀ ਇੱਕ ਸਾਲ ਦੀ ਕਾਰਗੁਜਾਰੀ ਤੋਂ ਲੋਕ ਖੁਸ਼ ਹੋ ਕੇ ਆਮ ਆਦਮੀ ਪਾਰਟੀ ਨਾਲ ਜੁੜੇ ਰਹੇ ਹਨ ਕਿਉਂਕਿ ਲੋਕ ਪੰਜਾਬ ਵਿੱਚ ਦੋਹਾਂ ਰਵਾਇਤੀ ਪਾਰਟੀਆਂ ਤੋਂ ਦੁਖੀ ਹੋ ਚੁੱਕੇ ਸਨ ਤੇ ਇਸ ਵਾਰੀ ਪੰਜਾਬ ਵਾਸੀਆਂ ਨੇ ਆਮ ਆਦਮੀ ਪਾਰਟੀ ਨੂੰ ਮੌਕਾ ਦਿੱਤਾ ਹੈ ਤੇ ਪੰਜਾਬ ਸਰਕਾਰ ਵੀ ਆਪਣੇ ਵਾਅਦਿਆਂ 'ਤੇ ਪੂਰਾ ਉਤਰ ਰਹੀ ਅਤੇ ਆਪਣੀ ਇਕ-ਇਕ ਕਰਕੇ ਦਿੱਤੀ ਹੋਈ ਗਰੰਟੀ ਪੂਰੀ ਕਰ ਰਹੀ ਹੈ।

ਇਸ ਮੌਕੇ ਸੰਜੀਵ ਟੱਕਰ ਰਮਨ ਟੱਕਰ ,ਨਰੇਸ਼ ਟੱਕਰ ,ਸੁਮਨ ਟੱਕਰ ,ਰਕੇਸ਼ ਟੱਕਰ, ਅੰਮ੍ਰਿਤਪਾਲ ਸਿੰਘ ਟੱਕਰ ,ਜਗਮੋਹਨ ਸਿੰਘ ਟੱਕਰ ,ਰਾਜਿੰਦਰ ਬਾਠਲਾ ,ਵਿੱਕੀ ਮਹਿਤਾ ,ਪਰਦੀਪ ਮਹਿਤਾ ,ਤਰੁਨ ਕੁਮਾਰ ,ਸਨੀ ਦੁਆ ,ਗੋਪੀ ਨਾਗਪਾਲ ਅਤੇ ਹੋਰ ਆਪਣੇ ਸਾਥੀਆਂ ਸਮੇਤ ਪਾਰਟੀ ਵਿੱਚ ਸ਼ਾਮਲ ਹੋਏ। ਸਾਰਿਆਂ ਨੇ ਕਿਹਾ ਅਸੀਂ ਪੰਜਾਬ ਸਰਕਾਰ ਦੀ ਕਾਰਗੁਜਾਰੀ ਤੋਂ ਖੁਸ਼ ਹੋ ਕੇ ਪਾਰਟੀ ਜੁਆਇਨ ਕੀਤੀ ਹੈ। ਪੰਜਾਬ ਸਰਕਾਰ ਬਹੁਤ ਵਧੀਆ ਕੰਮ ਕਰ ਰਹੀ ਹੈ ਸਾਨੂੰ ਆਸ ਹੈ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਨੂੰ ਖੁਸ਼ਹਾਲ ਤੇ ਰੰਗਲਾ ਬਣਾਵੇਗੀ। ਅਸੀਂ ਸਾਰਿਆਂ ਨੇ ਕਾਂਗਰਸ ਦਾ ਬਹੁਤ ਸਾਥ ਦਿੱਤਾ ਪਰ ਕਾਂਗਰਸ ਪਾਰਟੀ ਨੇ ਸਾਡੀ ਸਾਰ ਨਹੀਂ ਲਈ। ਇਸ ਮੌਕੇ 'ਤੇ ਜਸਵੀਰ ਸਿੰਘ ਧੰਜਲ ,ਸੁਖਵਿੰਦਰ ਗਡਵਾਲ,ਤਰਨਪ੍ਰੀਤ ਸਿੰਘ ,ਸ਼ਾਂਤੀ ਸਰੂਪ ਜ਼ਿਲ੍ਹਾ ਸਕੱਤਰ ਐਸ ਸੀ ਐਸ ਟੀ ਵਿੰਗ ਅਤੇ ਵਿੱਕੀ ਕੁਮਾਰ ,ਸੰਜੀਵ ਅਹੂਜਾ, ਕਰਣ ਸ਼ਰਮਾ ,ਮਿਨਟੂ ਧੀਰ ,ਮੋਹਨ ਸਿੰਘ ਟੱਕਰ ਆਦਿ ਹਾਜਰ ਸਨ ।

# ਚੋਰਾਂ ਪਾਸੋਂ ਸੋਨੇ ਤੇ ਚਾਂਦੀ ਦੇ ਗਹਿਣੇ ਬਰਾਮਦ

**ਆਦਮਪੁਰ (ਪਰਮਜੀਤ ਸਿੰਘ)**- ਐਸ ਆਈ ਸਿਕੰਦਰ ਸਿੰਘ ਮੁੱਖ ਅਫਸਰ ਥਾਣਾ ਆਦਮਪੁਰ ਦੀ ਪੁਲਸ ਪਾਰਟੀ ਵੱਲੋਂ 2 ਚੋਰਾਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ ਸੋਨੇ, ਚਾਂਦੀ ਦੇ ਗਹਿਣੇ ਅਤੇ ਚੋਰੀ ਕੀਤੇ ਕੱਪੜੇ ਬਰਾਮਦ ਕਰਨ 'ਚ ਸਫਲਤਾ ਪ੍ਰਾਪਤ ਕੀਤੀ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸਰਬਜੀਤ ਰਾਏ ਉਪ ਪੁਲਸ ਕਪਤਾਨ ਸਬ-ਡਵੀਜ਼ਨ ਆਦਮਪੁਰ ਨੇ ਦੱਸਿਆ ਕਿ ਥਾਣਾ ਆਦਮਪੁਰ 'ਚ ਪੈਂਦੇ ਪਿੰਡ ਲੇਸੜੀਵਾਲ ਦੇ ਸੰਨੀ ਪੁੱਤਰ ਜਾਰਜ ਵਾਸੀ ਲੇਸੜੀਵਾਲ ਜੋ ਕਿ ਆਪਣੇ ਪਰਵਾਰ ਨਾਲ ਧਾਰਮਕ ਸਥਾਨ ਦੇ ਦਰਸ਼ਨਾ ਸੰਬੰਧੀ ਹਿਮਾਚਲ ਪ੍ਰਦੇਸ਼ ਗਿਆ ਹੋਇਆ ਸੀ ਜੋ ਮਿਤੀ 22,23 ਮਾਰਚ ਦੀ ਦਰਮਿਆਨੀ ਰਾਤ ਨੂੰ ਚੋਰਾਂ ਵੱਲੋਂ ਉਸ ਦੇ ਘਰ ਵਿੱਚੋਂ ਸੋਨੇ ਅਤੇ ਚਾਂਦੀ ਦੇ ਗਹਿਣੇ ਅਤੇ ਹੋਰ ਸਮਾਨ ਚੋਰੀ ਕਰ ਲਿਆ ਗਿਆ ਸੀ ਜਿਸ 'ਤੇ ਏ ਐਸ ਆਈ ਅੰਗਰੇਜ਼ ਸਿੰਘ ਨੇ ਮੁਕੱਦਮਾ ਥਾਣਾ ਆਦਮਪੁਰ ਰਜਿਸਟਰ ਕੀਤਾ ਗਿਆ ਜੋ ਦੌਰਾਨੇ ਤਫਤੀਸ਼ ਏ ਐਸ ਆਈ ਅੰਗਰੇਜ਼ ਸਿੰਘ ਸਮੇਤ ਪੁਲਸ ਪਾਰਟੀ ਦੇ ਮੁਕੱਦਮੇ ਦੇ ਦੋਸ਼ੀ ਲਵਜੋਤ ਸਿੰਘ ਉਰਫ ਲੱਬੂ ਪੁੱਤਰ ਹੁਸਨ ਲਾਲ ਅਤੇ ਗਿਆਨ ਚੰਦ ਉਰਫ ਗੌਰੀ ਪੁੱਤਰ ਪ੍ਰਸ਼ੋਤਮ ਉਰਫ ਬਾਜ ਵਾਸੀਆਨ ਪਿੰਡ ਲੇਸੜੀਵਾਲ ਥਾਣਾ ਆਦਮਪੁਰ ਨੂੰ ਗ੍ਰਿਫਤਾਰ ਕਰਕੇ ਇਨ੍ਹਾਂ ਪਾਸੋਂ ਇੱਕ ਕਿੱਟੀ ਸੈਟ, ਜਿਸ ਵਿੱਚ ਸੋਨੇ ਦੀ ਚੈਨ, ਲਾਕਟ, ਇੱਕ ਸੋਨੇ ਦਾ ਟਿੱਕਾ , ਟੋਪਸ , ਚਾਂਦੀ ਦੀ ਚੈਨ, ਚਾਂਦੀ ਦੀਆਂ ਝਾਂਜਰਾਂ ਇੱਕ ਜੋੜੀ, 7 ਲੇਡੀਜ਼ ਸੂਟ ਅਤੇ 14 ਜੈਂਟਸ ਕਮੀਜ਼ ਬਰਾਮਦ ਕੀਤੇ।

# ਜਸਟਿਸ ਜੇ ਐੱਸ ਸੰਧਾਵਾਲੀਆ ਦਾ ਬਾਰ ਐਸੋਸੀਏਸ਼ਨ ਵੱਲੋਂ ਨਿੱਘਾ ਸਵਾਗਤ



**ਫਿਲੌਰ 1 ਅਪ੍ਰੈਲ (ਨਿਰਮਲ)**- ਸਾਲਾਨਾ ਫੇਰੀ ਦੌਰਾਨ ਜਸਟਿਸ ਜੇ.ਐਸ ਸੰਧਾਵਾਲੀਆ ਦਾ ਨਿੱਘਾ ਸਵਾਗਤ ਬਾਰ ਐਸੋਸੀਏਸ਼ਸਨ ਫਿਲੌਰ ਦੇ ਪ੍ਰਧਾਨ ਅਸ਼ਵਨੀ ਕੁਮਾਰ ਬੋਪਾਰਾਏ, ਵਾਈਸ ਪ੍ਰਧਾਨ ਗੁਰਦੀਪ ਸਿੰਘ, ਅਮਰਿੰਦਰ ਸਿੰਘ ਸੈਕਟਰੀ ਤੇ ਜੁਆਇੰਟ ਸਕੱਤਰ ਵਿਸੂ ਭੰਡਾਰੀ ਨੇ ਕੀਤਾ। ਸੰਧਾਵਾਲੀਆ ਨੇ ਅਦਾਲਤਾਂ ਦਾ ਨਿਰੀਖਣ ਕੀਤਾ। ਬਾਰ ਐਸੋਸੀਏਸ਼ਨ ਵਲੋਂ ਵਕੀਲਾਂ ਅਤੇ ਪਬਲਿਕ ਦੀਆਂ ਸਹੂਲਤਾਂ ਲਈ ਉਨ੍ਹਾਂ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਸੈਸ਼ਨ ਜੱਜ ਮੈਡਮ ਰੁਪਿੰਦਰਜੀਤ ਕੌਰ ਚਾਹਲ, ਵਧੀਕ ਸੈਸ਼ਨ ਜੱਜ ਮੈਡਮ ਰਸ਼ਮੀ ਸ਼ਰਮਾ, ਅਮਿਤ ਗਰਗ, ਸੀ.ਜੇ .ਐਮ.ਮੈਡਮ ਸ਼ਿਲਪੀ ਗੁਪਤਾ ਜੱਜ ਸੀਨੀਅਰ ਡਵੀਜਨ , ਗੁਰਮਹਿਤਾਬ ਸਿੰਘ ਜੱਜ, ਮਖਨਦੀਪ ਸਿੰਘ ਜੱਜ ਜੂਨੀਅਰ ਡਵੀਜਨ, ਅਮਨਪਾਲ ਸਿੰਘ ਐਸ.ਡੀ.ਐਮ ਫਿਲੌਰ, ਜਗਦੀਸ਼ ਰਾਜ ਅੱਤਰੀ ਡੀ.ਐਸ.ਪੀ ਫਿਲੌਰ, ਹਰਜਿੰਦਰ ਸਿੰਘ ਐਸ.ਐਚ.ਓ ਫਿਲੌਰ ਮੌਜੂਦ ਰਹੇ।

# ਇਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਜਲੰਧਰ (ਸ਼ੈਲੀ ਐਲਬਰਟ )**-ਇਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਚਿਊਸਨਜ ਦੇ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਆਈਕੇਜੀ - ਪੀਟੀਯੂ ਨਵੰਬਰ 2022 ਦੀ ਪ੍ਰੀਖਿਆ ਵਿੱਚ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਕੈਂਪਸ ਦਾ ਨਾਂਅ ਰੌਸ਼ਨ ਕੀਤਾ ਹੈ। ਇਹ ਸਾਡੀ ਅਕਾਦਮਿਕ ਨੀਤੀ ਲਈ ਸਤਿਕਾਰ ਅਤੇ ਕ੍ਰੈਡਿਟ ਦਾ ਚਿੰਨ੍ਹ ਹੈ। ਸੱਭਿਆਚਾਰਕ, ਖੇਡਾਂ ਅਤੇ ਹੋਰ ਪਾਠਕ੍ਰਮ ਦੀਆਂ ਗਤੀਵਿਧੀਆਂ ਤੋਂ ਇਲਾਵਾ ਵਿਦਿਆਰਥੀ ਅਕਾਦਮਿਕ ਤੌਰ 'ਤੇ ਵੀ ਵੱਧ ਰਹੇ ਹਨ ਅਤੇ ਇਹ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਦਰਸਾਉਂਦਾ ਹੈ। ਸਕੂਲ ਆਫ ਮੈਨੇਜਮੈਂਟ ਐਂਡ ਇਨਫਰਮੇਸ਼ਨ ਟੈਕਨਾਲੋਜੀ ਦੇ 50 ਤੋਂ ਵੱਧ ਵਿਦਿਆਰਥੀਆਂ ਨੇ ਆਪਣੀ ਲਗਾਤਾਰ ਮਿਹਨਤ ਅਤੇ ਦ੍ਰਿੜ ਇਰਾਦੇ ਨਾਲ 8 ਤੋਂ ਵੱਧ ਐਸ.ਜੀ.ਪੀ.ਏ. ਪ੍ਰਾਪਤ ਕੀਤੇ। ਬੀਸੀਏ- ਪੰਜਵੇਂ ਸਮੈਸਟਰ ਦੀ ਮਨੀਸ਼ਾ ਮੱਲ੍ਹੀ ਅਤੇ ਰਾਧਿਕਾ ਨੇ 9.04 ਐਸਜੀਪੀਏ, ਮਨਰੂਪ ਨੇ 8.57 ਐਸਜੀਪੀਏ, ਗੁਰਪ੍ਰੀਤ ਨੇ 8.52 ਐਸਜੀਪੀਏ ਅਤੇ ਰਾਜਵੀਰ ਨੇ 8.13 ਐਸਜੀਪੀਏ ਪ੍ਰਾਪਤ ਕੀਤੇ। ਬੀਸੀਏ-ਤੀਜੇ ਸਮੈਸਟਰ ਵਿੱਚੋਂ ਹਰਸ਼ਦੀਪ ਕੌਰ ਨੇ 8.57 ਐਸਜੀਪੀਏ, ਆਕਾਸ਼ ਨੇ 8.52 ਐਸਜੀਪੀਏ ਅਤੇ ਡੇਜੀ ਨੇ 8.39 ਐਸਜੀਪੀਏ ਪ੍ਰਾਪਤ ਕੀਤੇ।

ਬੀਸੀਏ - ਪਹਿਲੇ ਸਮੈਸਟਰ ਦੀ ਵਿਦਿਆਰਥਣ ਗੁਰਨੀਤ ਕੌਰ ਨੇ 8.88 ਐਸਜੀਪੀਏ ਅਤੇ ਮਨੀਸ਼ਾ ਨੇ 7.96 ਐਸਜੀਪੀਏ ਪ੍ਰਾਪਤ ਕੀਤੇ। ਐਮ.ਸੀ.ਏ.-ਪਹਿਲੇ ਸਮੈਸਟਰ ਦੀ ਗੁਲਸਨਪ੍ਰੀਤ ਕੌਰ ਨੇ 8.88 ਐਸ.ਜੀ.ਪੀ.ਏ. ਪ੍ਰਾਪਤ ਕੀਤੇ। ਐਮਬੀਏ- ਤੀਜੇ ਸਮੈਸਟਰ ਦੀਆਂ ਵਿਦਿਆਰਥਣਾਂ ਅੰਕਿਤਾ, ਹਰਪ੍ਰੀਤ ਕੌਰ ਅਤੇ ਤਨਵੀਰ ਨਿੱਝਰ ਨੇ ਕ੍ਰਮਵਾਰ 9.03, 8.81 ਅਤੇ 8.71 ਐਸਜੀਪੀਏ ਪ੍ਰਾਪਤ ਕੀਤੇ। ਬੀ.ਕਾਮ ਪੰਜਵੇਂ ਸਮੈਸਟਰ ਦੀਆਂ ਵਿਦਿਆਰਥਣਾਂ ਅਲੀਜਾ, ਅਸਨੀਤ, ਕਨਿਸ਼ਕਾ ਨੇ ਕ੍ਰਮਵਾਰ 9.28, 9.0, 9.04 ਐਸਜੀਪੀਏ ਪ੍ਰਾਪਤ ਕੀਤੇ। ਸੰਜਨਾ ਅਤੇ ਹਰਮਨਦੀਪ ਨੇ 8.76 ਐਸਜੀਪੀਏ, ਸੋਨੀਆ ਨੇ 8.52 ਐਸਜੀਪੀਏ, ਲਵਰਪ੍ਰੀਤ, ਤਰਨਜੀਤ ਅਤੇ ਪ੍ਰਿਆ ਨੇ 8.28 ਐਸਜੀਪੀਏ ਅਤੇ ਰਣਜੋਤ ਨੇ 8.04 ਐਸਜੀਪੀਏ ਪ੍ਰਾਪਤ ਕੀਤੇ।

ਬੀ.ਕਾਮ ਤੀਜੇ ਸਮੈਸਟਰ ਦੀਆਂ ਵਿਦਿਆਰਥਣਾਂ ਸੁਹਾਨੀ ਅਤੇ ਰੀਨਾ ਨੇ 8.96 ਐਸਜੀਪੀਏ, ਦੀਪਾਕਸ਼ੀ ਨੇ 8.48 ਐਸਜੀਪੀਏ, ਵਰਸ਼ਾ ਨੇ 8.30 ਐਸਜੀਪੀਏ ਅਤੇ ਚੰਦਨ ਨੇ 8.19 ਐਸਜੀਪੀਏ ਪ੍ਰਾਪਤ ਕੀਤੇ।

ਬੀ.ਕਾਮ.-ਪਹਿਲੇ ਸਮੈਸਟਰ ਦੇ ਚੰਦਨ ਅਤੇ ਸਿਮਰਨ ਨੇ 7.0 ਐਸਜੀਪੀਏ ਪ੍ਰਾਪਤ ਕੀਤੇ।

ਬੀਬੀਏ- ਪੰਜਵੇਂ ਸਮੈਸਟਰ ਦੇ ਵਿਦਿਆਰਥੀ ਮੁਸਕਾਨ ਅਤੇ ਸੇਜਲ ਸੇਠ ਨੇ 8.32 ਐਸਜੀਪੀਏ ਪ੍ਰਾਪਤ ਕੀਤੇ।

ਬੀਬੀਏ-ਤੀਜੇ ਸਮੈਸਟਰ ਦੇ ਸੁਖਵੀਰ ਨੇ 9.04 ਐਸਜੀਪੀਏ, ਕੋਮਲ ਨੇ 8.96 ਐਸਜੀਪੀਏ, ਖੁਸ਼ਬੂ ਨੇ 8.74 ਐਸਜੀਪੀਏ, ਸੰਜਨਾ ਅਤੇ ਅਰਸ਼ਪ੍ਰਭਾ ਨੇ 8.52 ਐਸਜੀਪੀਏ, ਅਮਨਪ੍ਰੀਤ ਨੇ 8.48 ਐਸਜੀਪੀਏ, ਅਕਾਂਸ਼ਾ ਨੇ 8.15 ਐਸਜੀਪੀਏ ਅਤੇ ਨੇਸਮੇਤ ਨੇ 8.15 ਐਸਜੀਪੀਏ ਪ੍ਰਾਪਤ ਕੀਤੇ।

ਡਾ. ਸੈਲੇਸ ਤ੍ਰਿਪਾਠੀ (ਗਰੁੱਪ ਡਾਇਰੈਕਟਰ), ਰਾਹੁਲ ਜੈਨ (ਡਿਪਟੀ ਡਾਇਰੈਕਟਰ ਸਕੂਲ ਅਤੇ ਕਾਲਜ) ਅਤੇ ਸਾਰੇ ਫੈਕਲਟੀ ਮੈਂਬਰਾਂ ਨੇ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

# ਮੋਟਰਸਾਇਕਲ ਚੋਰੀ ਕਰਨ ਵਾਲਾ ਗ੍ਰਿਫ਼ਤਾਰ



**ਆਦਮਪੁਰ (ਪਰਮਜੀਤ ਸਿੰਘ)**:- ਸਬ- ਇੰਸਪੈਕਟਰ ਸਿਕੰਦਰ ਸਿੰਘ ਮੁੱਖ ਅਫਸਰ ਥਾਣਾ ਆਦਮਪੁਰ ਦੀ ਪੁਲਸ ਪਾਰਟੀ ਵਲੋਂ ਮੋਟਰਸਾਇਕਲ ਚੋਰੀ ਕਰਨ ਵਾਲੇ ਗ੍ਰਿਫਤਾਰ ਕਰਕੇ ਉਸ ਪਾਸੋਂ 02 ਮੋਟਰਸਾਇਕਲ ਬ੍ਰਾਮਦ ਕੀਤੇ ਹਨ। ਸਰਬਜੀਤ ਰਾਏ ਪੁਲਸ ਕਪਤਾਨ, ਸਬ-ਡਵੀਜਨ ਆਦਮਪੁਰ ਨੇ ਦੱਸਿਆ ਕਿ ਏ ਐਸ ਆਈ ਜਗਦੀਪ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਬਾਈ ਪੁਆਇੰਟ ਅਲਾਵਲਪੁਰ ਮੋੜ ਆਦਮਪੁਰ ਮੌਜੂਦ ਸੀ ਕਿ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਸਰਬਜੀਤ ਉਰਫ ਚੀਮਾ ਪੁੱਤਰ ਅਮਰਜੀਤ ਵਾਸੀ ਪਿੰਡ ਮਹਿਮਦਪੁਰ ਥਾਣਾ ਆਦਮਪੁਰ ਜ਼ਿਲ੍ਹਾ ਜਲੰਧਰ ਜੋ ਚੋਰੀਆਂ ਕਰਨ ਦਾ ਆਦੀ ਹੈ ਤੇ ਅੱਜ ਵੀ ਕਿਸੇ ਦਾ ਮੋਟਰਸਾਇਕਲ ਚੋਰੀ ਕਰਕੇ ਉਸਨੂੰ ਵੇਚਣ ਲਈ ਗਾਂਧੀ ਹਸਪਤਾਲ ਆਦਮਪੁਰ ਤੋਂ ਥੋੜਾ ਅੱਗੇ ਖੜਾ ਗਾਹਕ ਦੀ ਉਡੀਕ ਕਰ ਰਿਹਾ ਹੈ। ਉਨ੍ਹਾਂ ਤੁਰੰਤ ਕਾਰਵਾਈ ਕਰ ਪੁਲਸ ਪਾਰਟੀ ਸਮੇਤ ਉਕਤ ਮੁਲਜਮ ਨੂੰ ਕਾਬੂ ਕਰਕੇ ਧਾਰਾ 379,411ਆਈਪੀਸੀ ਤਹਿਤ ਮੁਕੱਦਮਾ ਦਰਜ ਕਰਕੇ ਉਸ ਪਾਸੋਂ ਚੋਰੀ ਦੇ ਦੋ ਮੋਟਰਸਾਇਕਲ ਬ੍ਰਾਮਦ ਕੀਤੇ ਹਨ।

# 'ਸਮਾਜ 'ਚ ਔਰਤਾਂ ਦੀ ਦਸ਼ਾ ਤੇ ਦਿਸ਼ਾ' ਵਿਸ਼ੇ 'ਤੇ ਲੈਕਚਰ




**ਮਾਹਿਲਪੁਰ, (ਸਫਰੀ)**- ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਵੂਮੈਨ ਸੈੱਲ ਵੱਲੋਂ ਭਾਰਤੀ ਸਮਾਜ ਵਿੱਚ ਔਰਤਾਂ ਦੀ ਦਸ਼ਾ ਅਤੇ ਦਿਸ਼ਾ ਵਿਸ਼ੇ 'ਤੇ ਇਕ ਲੈਕਚਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਕਾਲਜ ਦੇ ਪ੍ਰਿੰ ਡਾ. ਜਸਪਾਲ ਸਿੰਘ, ਉੱਪ ਪ੍ਰਿੰ ਅਰਾਧਨਾ ਦੁੱਗਲ, ਡਾ. ਬਿਮਲਾ ਜਸਵਾਲ, ਪ੍ਰੋ ਆਰਤੀ ਸ਼ਰਮਾ ਅਤੇ ਡਾ. ਤਾਰਾ ਦੇਵੀ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਮੁੱਖ ਬੁਲਾਰੇ ਵੱਜੋਂ ਮੈਡਮ ਨਮਿਤਾ ਕਾਲੜਾ ਨੇ ਸ਼ਿਰਕਤ ਕੀਤੀ। ਸੈਮੀਨਾਰ ਦੇ ਆਰੰਭ ਮੌਕੇ ਪ੍ਰੋ ਰਾਜ ਕੁਮਾਰੀ ਨੇ ਸਵਾਗਤੀ ਸ਼ਬਦ ਕਹੇ ਅਤੇ ਮੁੱਖ ਬੁਲਾਰੇ ਮੈਡਮ ਨਮਿਤਾ ਕਾਲੜਾ ਦੀ ਸ਼ਖ਼ਸੀਅਤ ਬਾਰੇ ਦੱਸਿਆ। ਉਨ੍ਹਾਂ ਇਸ ਮੌਕੇ ਕਾਲਜ ਦੇ ਵੂਮੈਨ ਸੈੱਲ ਵੱਲੋਂ ਕਰਵਾਏ ਜਾਂਦੇ ਸਮਾਰੋਹਾਂ ਬਾਰੇ ਰਿਪੋਰਟ ਪੇਸ਼ ਕੀਤੀ। ਇਸ ਮੌਕੇ ਮੈਡਮ ਨਮਿਤਾ ਕਾਲੜਾ ਨੇ ਕਿਹਾ ਕਿ ਵਿਸ਼ਵ ਸਮਾਜ ਨੂੰ ਔਰਤਾਂ ਦਾ ਵੱਡਾ ਯੋਗਦਾਨ ਹੈ ਅਤੇ ਔਰਤਾਂ ਦੇ ਹੱਕਾਂ ਅਧਿਕਾਰਾਂ ਦੀ ਰਾਖੀ ਲਈ ਵਿਸ਼ਵ ਔਰਤ ਦਿਵਸ ਵੀ ਮਨਾਇਆ ਜਾਂਦਾ ਹੈ ਪਰ ਅਜੇ ਵੀ ਔਰਤ ਨੂੰ ਮਰਦ ਪ੍ਰਧਾਨ ਸਮਾਜ ਵਿੱਚ ਅਨੇਕਾਂ ਮੁਸ਼ਕਿਲਾਂ ਦਰਪੇਸ਼ ਹਨ। ਉਨ੍ਹਾਂ ਔਰਤ ਦੇ ਅਧਿਕਾਰਾਂ ਪ੍ਰਤੀ ਦੁਨੀਆ ਵਿੱਚ ਚੱਲੀਆਂ ਜਾਗਰੂਕ ਲਹਿਰਾਂ ਦੇ ਇਤਿਹਾਸ ਬਾਰੇ ਦੱਸਿਆ ਅਤੇ ਭਾਰਤ ਦੇ ਸ਼ਹਿਰੀ ਤੇ ਦਿਹਾਤੀ ਸਮਾਜ ਵਿੱਚ ਔਰਤਾਂ ਦੀ ਵਰਤਮਾਨ ਦਸ਼ਾ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਲੜਕੀਆਂ ਨੂੰ ਸਿੱਖਿਅਤ ਕਰਕੇ ਤੇ ਆਤਮ ਨਿਰਭਰ ਬਣਾ ਕੇ ਹੀ ਔਰਤ ਮਰਦ ਦੇ ਭੇਦਭਾਵ ਨੂੰ ਖਤਮ ਕੀਤਾ ਜਾ ਸਕਦਾ ਹੈ। ਇਸ ਮੌਕੇ ਪ੍ਰੋ ਬਿਮਲਾ ਜਸਵਾਲ ਨੇ ਦੁਨੀਆ ਵਿੱਚ ਨਾਰੀ ਦਿਵਸ ਮਨਾਉਣ ਦੇ ਇਤਿਹਾਸ ਤੇ ਔਰਤਾਂ ਦੀ ਭਾਰਤੀ ਸਮਾਜ ਵਿੱਚ ਸਥਿਤੀ ਬਾਰੇ ਦੱਸਿਆ। ਪ੍ਰਿੰ. ਡਾ. ਜਸਪਾਲ ਸਿੰਘ ਨੇ ਧੰਨਵਾਦੀ ਸ਼ਬਦ ਕਹੇ। ਇਸ ਮੌਕੇ ਪ੍ਰਧਾਨਗੀ ਮੰਡਲ ਵੱਲੋਂ ਮੈਡਮ ਨਮਿਤਾ ਕਾਲੜਾ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਕਾਲਜ ਦਾ ਸਮੂਹ ਮਹਿਲਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

2-April-Sunday.qxd 4/1/2023 9:21 PM Page 3





ਬੇਹੱਦ ਨਿਮਰ, ਨਿਰਮਲ, ਨਿਰਛਲ ਤੇ ਫੱਕਰ ਕਿਸਮ ਦੇ ਸੁਭਾਅ ਦਾ ਮਾਲਕ ਮੇਜਰ ਸਿੰਘ ਰਾਜਗੜ੍ਹ ਕਾਵਿ-ਖੇਤਰ ਵਿੱਚ ਇੱਕ ਜਾਣਿਆ-ਪਛਾਣਿਆ ਨਾਂਅ ਹੈ। ਅਨੁਭਵ, ਅਧਿਐਨ ਅਤੇ ਅਭਿਆਸ ਨੂੰ ਹੀ ਆਪਣਾ ਉਸਤਾਦ ਦੱਸਣ ਵਾਲਾ ਇਹ ਸ਼ਾਇਰ ਬਾਲ ਸਾਹਿਤ ਦੀਆਂ ਤਿੰਨ ਕਿਤਾਬਾਂ ਪ੍ਰਕਾਸ਼ਤ ਕਰਵਾ ਕੇ ਵੀ ਗਜ਼ਲ ਸਿਰਜਣਾ ਵਿੱਚੋਂ ਸੰਤੁਸ਼ਟੀ ਮਹਿਸੂਸ ਕਰਦਾ ਹੈ। ਉਹ ਛੇਤੀ ਹੀ ਆਪਣਾ ਇੱਕ ਗਜ਼ਲ ਸੰਗ੍ਰਹਿ ਅਤੇ ਇੱਕ ਸ਼ਬਦ-ਚਿੱਤਰ ਸੰਗ੍ਰਹਿ ਪਾਠਕਾਂ ਦੇ ਸਨਮੁੱਖ ਕਰਨ ਜਾ ਰਿਹਾ ਹੈ।

ਮੇਜਰ ਸਿੰਘ ਰਾਜਗੜ੍ਹ ਦੀ ਸ਼ਾਇਰੀ ਜਿੱਥੇ ਮਜ਼ਲੂਮਾਂ ਦੇ ਪੱਖ ਵਿੱਚ ਖੜਦੀ ਹੈ, ਉਥੇ ਜ਼ਾਲਮ ਲਈ ਵੰਗਾਰ ਵੀ ਬਣਦੀ ਹੈ। ਉਸ ਦੀ ਸ਼ਾਇਰੀ ਪਾਠਕਾਂ ਦੇ ਮਨ ਵਿੱਚ ਅਨੇਕ ਸਵਾਲ ਖੜ੍ਹੇ ਕਰਦੀ ਹੋਈ ਸੰਘਰਸ਼ ਦੇ ਰਾਹ 'ਤੇ ਤੁਰਨ ਲਈ ਪ੍ਰੇਰਿਤ ਕਰਦੀ ਹੈ।

— ਸੁਰਿੰਦਰਪ੍ਰੀਤ ਘਣੀਆਂ

# ਮੇਜਰ ਸਿੰਘ ਰਾਜਗੜ੍ਹ ਦੀਆਂ ਗਜ਼ਲਾਂ

(1)

ਜੁਗ ਜੁਗ ਜੀਵਣ ਪਾਕ ਪਵਿੱਤਰ, ਰਿਸ਼ਤੇ ਭੈਣ ਭਰਾਵਾਂ ਵਾਲੇ।
ਦਿਲ ਵਿਚ ਜਗਦੇ ਦੀਵੇ ਵਰਗੇ, ਸੀਨੇ ਉੱਕਰੇ ਨਾਵਾਂ ਵਾਲੇ।

ਯਾਦਾਂ ਦੇ ਵਿਚ ਵੱਸਣ ਵਾਲੇ, ਮਾਣ ਹਮੇਸ਼ਾ ਰੱਖਣ ਵਾਲੇ,
ਬਾਹਵਾਂ ਦੀ ਗਲਵੱਕੜੀ ਵਰਗੇ, ਜੁੱਸੇ ਸੁੱਚੇ ਚਾਅਵਾਂ ਵਾਲੇ।

ਸਿੱਧੇ ਸਾਦੇ ਹੱਸਣ ਵਾਲੇ, ਭੰਗੜੇ ਪਾ ਕੇ ਨੱਚਣ ਵਾਲੇ,
ਘੋਲ ਕਬੱਡੀ ਸ਼ੌਕ ਜਿਨ੍ਹਾਂ ਦੇ, ਗਹਿਰੇ ਦਿਲ ਦਰਿਆਵਾਂ ਵਾਲੇ।

ਜ਼ਾਲਮ ਨੂੰ ਜੋ ਭਾਜੜ ਪਾਉਂਦੇ, ਕੰਜਕਾਂ ਦੀ ਜੋ ਲਾਜ ਬਚਾਉਂਦੇ,
ਸਭਨਾਂ ਲਈ ਅਰਦਾਸਾਂ ਕਰਦੇ, ਦੋਵੇਂ ਹੱਥ ਦੁਆਵਾਂ ਵਾਲੇ।

ਰਾਜੇ ਸੀਂਹ ਮੁੱਕਦਮ ਕੁੱਤੇ, ਨਿਰਭੈ ਹੋ ਕੇ ਆਖਣ ਵਾਲੇ,
ਦੁੱਲੇ ਜੈਮਲ ਵਰਗੇ ਅਣਖੀ, ਯੋਧਿਆਂ ਦੇ ਸਿਰਨਾਵਾਂ ਵਾਲੇ।

ਫੈਸ਼ਨ ਹੁਣ ਸਿਰ ਚੜ੍ਹਕੇ ਬੋਲੇ,ਬੇਬੇ ਬਾਪੂ ਬਣ ਗਏ ਗੋਲੇ,
ਨਗਰ ਜੋ ਖੇੜੇ,ਸੁੰਨੇ ਵਿਹੜੇ,ਬਣ ਗਏ ਨੇ ਘਟਨਾਵਾਂ ਵਾਲੇ।

ਰਾਤ ਹਨੇਰੀ ਚੜ੍ਹ ਕੇ ਆਈ, ਚਾਨਣ ਦੇ ਘਰ ਲੁੱਟ ਮਚਾਈ,
ਗੋਰੇ ਤੁਰ ਗਏ ਕਾਲੇ ਆਏ, ਦੋਵੇਂ ਇਕ ਹੀ ਰਾਹਵਾਂ ਵਾਲੇ।

ਜਾਤ ਧਰਮ ਦੇ ਨਾਂਅ ਲੜਾਉਂਦੇ,
ਤਕਰੀਰਾਂ ਕਰਦੇ ਲਾਰੇ ਲਾਉਂਦੇ,
ਘਰ ਦਾ ਭੇਤ ਲੁਟੇਰੇ ਪਾ ਕੇ, ਲੁੱਟਣ ਨ੍ਹੇਰ ਘਟਾਵਾਂ ਵਾਲੇ।

ਉੱਠੋ ਕਿਰਤੀ ਵੀਰੋ ਜਾਗੋ, ਏਕਾ ਰੱਖੋ ਨਫਰਤ ਤਿਆਗੋ,
ਭਗਤ ਸਰਾਭੇ ਦੇ ਹੋ ਵਾਰਸ, ਬਦਲੋ ਦੌਰ ਹਵਾਵਾਂ ਵਾਲੇ।

ਸੋਹਣਾ ਇੱਕ ਸੰਸਾਰ ਵਸਾਈਏ, ਭੁੱਲ ਗਿਆਂ ਨੂੰ ਰਸਤੇ ਪਾਈਏ,
ਮਾਣ ਆਜ਼ਾਦੀ ਤਾਜ ਸਿਰਾਂ 'ਤੇ, ਹੋਵਣ ਰੁੱਖ ਜੋ ਛਾਵਾਂ ਵਾਲੇ।

ਨਾ ਹੀ ਵੈਰ ਵਿਰੋਧ ਬਿਗਾਨਾ, ਮਾਰੇ ਨਾ ਕੋਈ ਕਿਸੇ ਨੂੰ ਤਾਅਨਾ,
ਸਭ ਨੂੰ ਰੋਟੀ ਪਾਣੀ ਹੋਵੇ, ਹੋਈਏ ਸਾਂਝੀਆਂ ਥਾਵਾਂ ਵਾਲੇ।

ਏਕੇ ਦੇ ਬੱਲ ਜੰਗ ਨੂੰ ਲੜੀਏ, ਲੁਟੇਰਿਆਂ ਦੇ ਮੂੰਹ ਕਾਲੇ ਕਰੀਏ,
ਇੱਧਰੋਂ ਉੱਧਰੋ ਵਿੱਛੜੇ ਹੋਏ, ਮਿਲ ਕੇ ਵੀਰ ਭੈਣਾਵਾਂ ਵਾਲੇ।

(2)

ਕਿਆਮਤ ਦੇ ਉਸਾਰੇ ਮਹਿਲ ਦੱਸੋ ਢਹਿਣਗੇ, ਯਾਰੋ ਕਦੋਂ ਤੀਕਰ।
ਇਹ ਪੱਥਰ ਬਹੁਤ ਭਾਰੇ ਦਿਲ ਦੇ ਉੱਤੇ ਰਹਿਣਗੇ, ਯਾਰੋ ਕਦੋਂ ਤੀਕਰ।

ਉਮੀਦਾਂ ਨੂੰ ਅਸੀਂ ਤਾਹੀਂ, ਜਗਾ ਕੇ ਰੱਖਦੇ ਹਾਂ, ਦੀਪਕਾਂ ਵਾਂਗੂੰ,
ਜੋ ਹੋਣੇ ਰਾਖ ਜੰਗਲ ਬਾਂਸ ਦੇ ਉਹ ਖਹਿਣਗੇ, ਯਾਰੋ ਕਦੋਂ ਤੀਕਰ।

ਹਮੇਸ਼ਾ ਹੀ ਸਿਆਸਤ ਨੇ, ਸਤਾਇਆ ਹੈ, ਅਸਾਂ ਹੁਣ ਹੋਰ ਨਾ ਸਹਿਣਾ,
ਜ਼ਰਾ ਸੋਚੋ ਕਿ ਅਣਖੀ ਹੁਣ ਤਸ਼ੱਦਦ ਸਹਿਣਗੇ, ਯਾਰੋ ਕਦੋਂ ਤੀਕਰ।

ਮੁਲੰਮੇ ਪਾਜ ਲਾਉਂਦੈ ਝੂਠ ਦੇ ਲਾਰੇ, ਅਸੀਂ ਆਕੀ ਹਾਂ ਸੁਣ ਸੁਣ ਕੇ,
ਉਡੀਕਾਂਗੇ ਤੇ ਦੇਖਾਂਗੇ ਮੁਲੰਮੇ ਲਹਿਣਗੇ, ਯਾਰੋ ਕਦੋਂ ਤੀਕਰ।

ਮੁੱਹਬਤ ਦੇ ਪੁਜਾਰੀ ਹਾਂ, ਅਸੀਂ ਤਾਂ ਦੇਸ਼ ਖਾਤਰ ਜਾਣਦੇ ਮਰਨਾ,
ਵਤਨ ਦੇ ਆਸ਼ਕਾਂ ਨੂੰ ਉਹ ਧਰੋਹੀ ਕਹਿਣਗੇ, ਯਾਰੋ ਕਦੋਂ ਤੀਕਰ।

(3)

ਬਾਗ ਦੇ ਹਮਰਾਜ ਕਿਰਤੀ, ਤੂੰ ਚਮਨ 'ਤੇ ਨਾਜ ਰੱਖੀਂ।
ਹੌਸਲੇ ਜਾਂਬਾਜ਼ ਰੱਖੀਂ, ਸਿਦਕ ਦਾ ਆਗਾਜ਼ ਰੱਖੀਂ।

ਮੌਸਮਾਂ ਦਾ ਹਰ ਕਦਮ 'ਤੇ, ਕਰ ਰਹੇ ਹਾਂ ਸਾਮ੍ਹਣਾ ਹੁਣ,
ਜਬਰ ਤੇ ਇਤਰਾਜ਼ ਰੱਖੀਂ, ਦਰਦ ਨੂੰ ਤੂੰ ਰਾਜ ਰੱਖੀਂ।

ਵੇਚਦੇ ਅੰਗਿਆਰ ਨੇ ਉਹ, ਨ੍ਹੇਰਿਆਂ ਨੂੰ ਸਿਰਜਦੇ ਹਨ,
ਫਰਜ਼ ਦੀ ਪਰਵਾਜ਼ ਭਰ ਤੂੰ, ਜਜ਼ਬਿਆਂ ਦੀ ਲਾਜ ਰੱਖੀਂ।

ਕਿਸ ਦਿਸ਼ਾ ਤੋਂ ਪੌਣ ਆਈ, ਕਿਸ ਦਿਸ਼ਾ ਨੂੰ ਜਾ ਰਹੀ ਹੈ,
ਵਕਤ ਦਾ ਅੰਦਾਜ਼ ਵੇਖੀਂ, ਇਸ਼ਕ 'ਤੇ ਤੂੰ ਨਾਜ ਰੱਖੀਂ।

ਸੁਰ ਸੁਰੀਲੀ ਵੰਝਲੀ ਦੇ, ਤਾਨ ਗਾਈਏ ਫੇਰ ਐ ਦਿਲ,
ਚੁੱਪ ਦੀ ਆਵਾਜ਼ ਬਣ ਜਾ, ਬੇ-ਸੁਰਾਂ ਨੂੰ ਸਾਜ ਰੱਖੀਂ।

(4)

ਜ਼ਿੰਦਗੀ ਦੇ ਹਰ ਕਦਮ 'ਤੇ, ਖ਼ਾਬ ਆਸਾਂ ਦੇ ਸਜਾ।
ਬਿਰਖ ਦੀ ਜਿਉਂ ਸਾਖ ਫੁੱਟੇ, ਤਾਜ਼ਗੀ ਤੇ ਹੌਸਲਾ।

ਚਿਹਰਿਆਂ ਤੋਂ ਹਉਕਿਆਂ ਦੇ, ਸਿਮਟ ਜਾਣੇ ਸਿਲਸਲੇ,
ਮਾਰ ਠੋਕਰ ਔਕੜਾਂ ਨੂੰ, ਪਾਰ ਹੋਵੇ ਕਾਫਲਾ।

ਸੁਰਖ ਰੰਗੇ ਸੁਪਨਿਆਂ ਨੂੰ, ਸਿਰਜਦੇ ਜਾਂਬਾਜ਼ ਨੇ,
ਅਣਖ ਤੋਂ ਹੈ ਦੂਰ ਰਹਿੰਦਾ, ਮੌਤ ਦਾ ਡਰ ਤੌਖਲਾ।

ਲੀਕ ਬਣ ਕੇ ਲਾਲ ਬੱਤੀ, ਲਿਸ਼ਕਦੀ ਹੈ ਅਰਸ਼ 'ਤੇ,
ਪਾਰ ਕਰਨਾ ਗਰਦਿਸ਼ਾਂ ਦਾ, ਇਹ ਅਸੀਂ ਵੀ ਫਲਸਫਾ।

ਜਗਣਗੇ ਬਣ ਕੇ ਮਸ਼ਾਲਾਂ, ਰੌਸ਼ਨੀ ਉਹ ਕਰਨਗੇ,
ਦਰਦ ਵਿੱਚੋਂ ਜਾਗਦਾ ਹੈ, ਚੇਤਨਾ ਦਾ ਵਲਵਲਾ।

ਲਹਿਰ ਇਹ ਦਿਲ ਦੀ, ਸਮੁੰਦਰ ਵੇਗ ਹੈ ਇਹ ਇਸ਼ਕ ਦਾ,
ਸਮਝਦਾ ਉਹ ਕਿਉਂ ਨਹੀਂ ਰਹਿਬਰ ਜੋ ਹੋਇਆ ਮਨਚਲਾ।

ਹੂਕ ਬਣ ਕੇ 'ਵਾਜ਼ ਦਿਲ 'ਚੋਂ ਨਿਕਲਦੀ ਔਕਾਤ ਦੀ,
ਪਰਖਿਆ ਜਾਂਦਾ ਹਮੇਸ਼ਾ ਜੋਸ਼ ਸੀਨੇ ਧੜਕਦਾ।

(5)

ਦਿਲੋਂ ਇਹ ਅਦੀਬਾਂ ਦੇ ਜਾਈ ਗਜ਼ਲ ਹੈ।
ਤਾਹੀਂ ਤਾਜ ਸਿਰ 'ਤੇ ਸਜਾਈ ਗਜ਼ਲ ਹੈ।

ਕਸ਼ਿਸ਼ ਇਸ਼ਕ ਮੇਰਾ, ਮੇਰੀ ਤਾਜ਼ਗੀ ਵੀ,
ਤੇ ਰੋਮਾਂ 'ਚ ਮੇਰੇ, ਸਮਾਈ ਗਜ਼ਲ ਹੈ।

ਹਕੀਕੀ ਮੁਹੱਬਤ, ਅਸਲ ਤਾਜ਼ਗੀ ਵੀ,
ਹੈ ਕੋਮਲ ਤੇ ਨਿਰਮਲ ਖ਼ੁਦਾਈ ਗਜ਼ਲ ਹੈ।

ਵਸੀ ਦਿਲ 'ਚ ਮੇਰੇ ਹੈ ਖ਼ੁਸ਼ਬੂ ਦੇ ਵਾਂਗੂੰ,
ਸਨਦ ਸਾਦਗੀ 'ਚੋਂ ਇਹ ਪਾਈ ਗਜ਼ਲ ਹੈ।

ਉਨ੍ਹਾਂ ਦੋਸਤਾਂ ਨੂੰ ਮੈਂ ਪ੍ਰਨਾਮ ਕਰਦਾਂ,
ਜਿਨ੍ਹਾਂ ਨੇ ਤੁਰੰਨਮ 'ਚ ਗਾਈ ਗਜ਼ਲ ਹੈ।

ਇਹ ਉਰਦੂ ਤੇ ਅਰਬੀ ਕਦੀ ਫਾਰਸੀ ਵਿਚ,
ਤੇ ਹੁਣ ਪੰਜ ਆਬਾਂ 'ਚ ਛਾਈ ਗਜ਼ਲ ਹੈ।

(6)

ਇਹ ਜੋ ਰਹਿਬਰ ਜਾਪੇ ਅਪਣੇ ਘਰ ਦਾ ਹੈ।
ਰਾਜ ਛੁਪਾਵੇ ਸੌ-ਸੌ ਪਰਦੇ ਕਰਦਾ ਹੈ।

ਕੁਫਰ ਫਰੇਬ ਹੀ ਅੱਜ ਦੀ ਸਿਆਸਤ ਹੈ,
ਜਬਰ ਸਹਾਰੇ ਅੱਜ ਵੀ ਬੇੜਾ ਤਰਦਾ ਹੈ।

ਆਖਿਰ ਨੂੰ ਉਹ ਬੇੜਾ ਇਕ ਦਿਨ ਡੁੱਬ ਜਾਣੈ,
ਜਿਸ ਬੇੜੇ ਵਿਚ ਦੰਭੀ ਪੱਥਰ ਭਰਦਾ ਹੈ।

ਜ਼ਖਮ ਬੜਾ ਹੈ ਗਹਿਰਾ ਰਿਸਦਾ ਸੀਨੇ ਵਿਚ,
ਪੁੱਤਰ ਸਾਵਾਂ ਬਾਡਰ 'ਤੇ ਜਦ ਮਰਦਾ ਹੈ।

ਕੋਠੇ ਜਿੱਡੀ ਧੀ ਨੂੰ ਕੈਦ ਨਹੀਂ ਰੱਖ ਸਕਦਾ,
ਗੰਧਲੇ ਮੌਸਮ ਤੋਂ ਵੀ ਬਾਪੂ ਡਰਦਾ ਹੈ।

ਮੁੱਲ ਮਿਲੇ ਨਾ ਕਿਰਤੀ ਨੂੰ ਜਦ ਮਿਹਨਤ ਦਾ,
ਹੱਕਾਂ ਖਾਤਰ ਲੜਦਾ ਦੁਖੜੇ ਜਰਦਾ ਹੈ।

ਚਾਰੋਂ ਤਰਫੀਂ ਹੁਣ ਪਰਦੂਸ਼ਨ ਫੈਲ ਰਿਹਾ,
ਰੁੱਖਾਂ ਬਾਝੋਂ ਕੌਣ ਕਹੇ ਹੁਣ ਸਰਦਾ ਹੈ।

ਪੰਜ ਆਬਾਂ ਦਾ ਫੁੱਲ ਗੁਲਾਬ ਪੰਜਾਬੀ ਜੋ,
ਖਾਰਾਂ ਦੇ ਵਿਚ ਟੁਕੜੇ ਹੋਇਆ ਖਰਦਾ ਹੈ।

ਪਿਆਰੇ ਸੱਜਣ ਤੂੰ ਹੀ ਸਾਥੀ ਸਾਹਾਂ ਦਾ,
ਬਿਨ ਤੇਰੇ ਦਿਲ ਸਾਡਾ ਹਉਕੇ ਭਰਦਾ ਹੈ।

(7)

ਜ਼ਿੰਦਗੀ ਹੈ ਜਹਾਨ ਹੈ ਪਿਆਰੇ।
ਧੜਕਦਾ ਦਿਲ ਨਿਸ਼ਾਨ ਹੈ ਪਿਆਰੇ।

ਇਸ਼ਕ ਮੇਰਾ ਇਮਾਨ ਹੈ ਪਿਆਰੇ।
ਹਰ ਕਦਮ ਇਮਤਿਹਾਨ ਹੈ ਪਿਆਰੇ।

ਬਾਵਫਾ ਦਿਲ ਯਕੀਨ ਦੇ ਕਾਬਲ,
ਵਸਲ ਦੀ ਜੋ ਜ਼ੁਬਾਨ ਹੈ ਪਿਆਰੇ।

ਸ਼ਿਸ਼ਿਆਂ ਨੂੰ ਜੋ ਤੋੜਨਾ ਚਾਹੁੰਦੈ,
ਸ਼ਖਸ ਉਹ ਬੇਇਮਾਨ ਹੈ ਪਿਆਰੇ।

ਖ਼ੂਬਸੂਰਤ ਖਿਆਲ ਨੇ ਉਸ ਦੇ,
ਸਿਦਕ ਜਿਸ ਦੀ ਉਡਾਨ ਹੈ ਪਿਆਰੇ।

ਵਲਵਲੇ ਹੁਣ ਛੁਪਾ ਨਹੀਂ ਰੱਖਣੇ,
ਚੇਤਨਾ ਹੀ ਅਜਾਨ ਹੈ ਪਿਆਰੇ।

ਐ ਮੁਸਾਫਰ ਹਜੂਮ ਕੀ ਕਰੇਗਾ,
ਹਮਸਫਰ ਜਿੰਦਜਾਨ ਹੈ ਪਿਆਰੇ।

(8)

ਸਮਝੀਂ ਨਾ ਕਮਜ਼ੋਰ ਨੀਂ ਝੱਲੀਏ।
ਕਮ-ਦਿਲ ਹੋਣੇ ਹੋਰ ਨੀਂ ਝੱਲੀਏ।

ਸਮਝੀਂ ਦਿਲ ਦੇ ਦਰਦਾਂ ਨੂੰ ਤੂੰ,
ਮਾਲੀ ਬਣ ਗਏ ਚੋਰ ਨੀਂ ਝੱਲੀਏ।

ਆਪਣੇ ਹਿੱਸੇ ਆਈ ਨਾ ਇਹ,
ਇਸ਼ਕ-ਮਜ਼ਾਜੀ ਤੋਰ ਨੀ ਝੱਲੀਏ।

ਸਾਡੀ ਹਿੱਕ 'ਚ ਅੱਗ ਛੁਪੀ ਹੈ,
ਬੇਗਮਪੁਰੇ ਦੀ ਲੋਰ ਨੀਂ ਝੱਲੀਏ।

ਪਾਰ ਕਰਾਂਗੇ ਗਰਦਿਸ਼ ਇਹ ਜੋ,
ਕਾਲੀ ਘਟ ਘਨਘੋਰ ਨੀਂ ਝੱਲੀਏ।

ਰੁੱਤ ਬਸੰਤੀ ਝੱਲੀਏ ਆਉਣੀ,
ਨੱਚਣ ਮਨ ਦੇ ਮੋਰ ਨੀਂ ਝੱਲੀਏ।

ਛਾਂ ਜਾਵਾਂਗੇ ਅੰਬਰ ਦੇ ਵਿਚ,
ਫੜ ਗੁੱਡੀ ਦੀ ਡੋਰ ਨੀ ਝੱਲੀਏ।

# ਸੰਘਰਸ਼ ਭਰੀ ਸਦੀ ਦਾ ਨਾਇਕ ਬਾਬਾ ਭਗਤ ਸਿੰਘ ਬਿਲਗਾ

## ਪ੍ਰੋ. ਗੋਪਾਲ ਸਿੰਘ ਬੁੱਟਰ

ਗ਼ਦਰ ਲਹਿਰ ਦੇ ਆਖ਼ਰੀ ਜਰਨੈਲ ਅਤੇ ਉੱਘੇ ਚਿੰਤਕ ਬਾਬਾ ਭਗਤ ਸਿੰਘ ਬਿਲਗਾ ਦੁਆਬੇ ਦੇ ਪ੍ਰਸਿੱਧ ਪਿੰਡ ਬਿਲਗਾ, ਜ਼ਿਲ੍ਹਾ ਜਲੰਧਰ ਦੇ ਜੰਮਪਲ ਸਨ। ਉਹਨਾਂ ਦਾ ਜਨਮ ਇਸੇ ਪਿੰਡ ਵਿੱਚ 2 ਅਪ੍ਰੈਲ 1907 ਨੂੰ ਨੰਬਰਦਾਰ ਹੀਰਾ ਸਿੰਘ ਸੰਘੇੜਾ ਪੱਤੀ ਭਲਾਈ ਦੇ ਘਰ ਮਾਤਾ ਮਾਲਣ ਦੀ ਕੁੱਖੋਂ ਹੋਇਆ। ਆਪ ਆਪਣੇ ਭੈਣਾਂ-ਭਰਾਵਾਂ 'ਚੋਂ ਸਭ ਤੋਂ ਛੋਟੇ ਸਨ। ਇਹਨਾਂ ਤੋਂ ਵੱਡੇ ਇਹਨਾਂ ਦੇ ਇੱਕ ਭਰਾ ਚੌਧਰੀ ਰਾਮ ਬਖਸ਼ ਤੇ ਇਹਨਾਂ ਦੇ ਬਾਪ ਦੇ ਪਹਿਲੇ ਵਿਆਹ ਤੋਂ ਦੋ ਭੈਣਾਂ ਸਨ। ਇਹ ਅਜੇ ਦੋ ਸਾਲਾਂ ਦੇ ਵੀ ਨਹੀਂ ਸਨ ਹੋਏ ਕਿ ਇਹਨਾਂ ਦੇ ਬਾਪ ਦੀ ਅਕਾਲ ਮ੍ਰਿਤੂ ਦਾ ਕਹਿਰ ਪਰਵਾਰ 'ਤੇ ਟੁੱਟ ਪਿਆ। ਘਰ ਦਾ ਕਮਾਊ ਅੱਧਵਾਟੇ ਛੱਡ ਕੇ ਤੁਰ ਗਿਆ ਤਾਂ ਇਹਨਾਂ ਦੀ ਮਾਤਾ ਨੂੰ ਪਰਵਾਰ ਦੀ ਪਰਵਰਿਸ਼ ਲਈ ਸਖ਼ਤ ਮਿਹਨਤ ਕਰਨੀ ਪਈ, ਪਰ ਫੇਰ ਵੀ ਪੂਰੀ ਨਾ ਪਈ ਅਤੇ ਅਖੀਰ ਘਰ-ਘਾਟ ਤੱਕ ਵੀ ਗਿਰਵੀ ਰੱਖਣਾ ਪਿਆ। ਭਗਤ ਸਿੰਘ ਬਿਲਗਾ ਬਚਪਨ ਵਿੱਚ ਮਾਲਵੇ ਦੇ ਪਿੰਡ ਅਜੀਤ ਵਾਲ ਆਪਣੀ ਮਾਸੀ ਕੋਲ ਰਹਿ ਕੇ ਨੇੜਲੇ ਪਿੰਡ ਚੂਹੜਚੱਕ ਪੜ੍ਹਦੇ ਰਹੇ। ਉੱਥੋਂ ਮਿਡਲ ਪਾਸ ਕਰਕੇ ਉਹਨਾਂ ਨੇ ਲੁਧਿਆਣੇ ਦੇ ਮਾਲਵਾ ਖਾਲਸਾ ਹਾਈ ਸਕੂਲ ਤੋਂ ਮੈਟ੍ਰਿਕ ਕੀਤੀ। ਘਰ ਦੀ ਗ਼ਰੀਬੀ ਕੱਟਣ ਖਾਤਰ ਵਿਦੇਸ਼ ਕਮਾਈ ਕਰਨ ਲਈ ਉਹ ਪਹਿਲਾਂ ਜਪਾਨ ਤੇ ਫਿਰ ਅਰਜਨਟਾਈਨਾ ਪਹੁੰਚੇ, ਪਰ ਉਥੇ ਵੱਸਦੇ ਪੰਜਾਬੀ ਦੇਸ਼ ਭਗਤਾਂ ਦੇ ਅਸਰ ਨੇ ਘਰ ਦੀ ਗ਼ਰੀਬੀ ਦੀ ਥਾਂ ਦੇਸ਼ ਦੀ ਗੁਲਾਮੀ ਦੀਆਂ ਜ਼ੰਜੀਰਾਂ ਕੱਟਣ ਵਾਲੇ ਪਾਸੇ ਤੋਰ ਲਿਆ।

ਬਾਬਾ ਭਗਤ ਸਿੰਘ ਬਿਲਗਾ 2 ਅਪ੍ਰੈਲ 1907 ਤੋਂ 22 ਮਈ 2009 ਤੱਕ ਦੀ ਲੰਮੀ ਸਰਗਰਮ ਜ਼ਿੰਦਗੀ ਜੀਉ ਕੇ ਗੁਜ਼ਰੇ ਹਨ। ਬਾਬਾ ਜੀ ਦੇ ਬਰਤਾਨਵੀ ਸਾਮਰਾਜ ਖਿਲਾਫ਼ ਵਿਦਰੋਹੀ ਜੀਵਨ ਦਾ ਆਗਾਜ਼ ਉਹਨਾਂ ਦੇ ਵਿਦਿਆਰਥੀ ਜੀਵਨ ਵਿੱਚ ਭਾਵ ਲੁਧਿਆਣੇ ਪੜ੍ਹਦੇ ਸਮੇਂ ਹੀ ਹੋ ਗਿਆ ਸੀ ਜਦ ਵਾਇਸਰਾਏ ਦੀ ਸਕੂਲ ਫੇਰੀ 'ਤੇ ਇਹਨਾਂ ਨੇ Hip Hip Hurray ਕਹਿਣ ਦੀ ਥਾਂ ਵਾਇਸਰਾਏ ਹਾਏ ਹਾਏ ਕਹਿ ਕੇ ਸਕੂਲ ਹੈੱਡਮਾਸਟਰ ਦੀ ਬੈਂਤਾਂ ਦੀ ਸਜ਼ਾ ਕਬੂਲ ਕੀਤੀ। ਘਰ ਦੀ ਗ਼ਰੀਬੀ ਧੋਣ ਲਈ ਕਮਾਈ ਕਰਨ ਲਈ ਉਹ ਵਿਦੇਸ਼ ਗਏ ਤੇ 21 ਸਾਲ ਦੀ ਉਮਰ ਵਿੱਚ 1928 ਨੂੰ ਸ. ਅਜੀਤ ਸਿੰਘ (ਚਾਚਾ ਸ਼ਹੀਦ ਭਗਤ ਸਿੰਘ) ਦੀ ਪ੍ਰਧਾਨਗੀ ਵਾਲੀ ਅਰਜਨਟਾਈਨਾ ਦੀ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਬਣ ਕੇ ਭਾਰਤੀਆਂ ਨੂੰ ਦੇਸ਼ ਦੀ ਗ਼ੁਲਾਮੀ ਦਾ ਜੂਲਾ ਗਲੋਂ ਲਾਹੁਣ ਲਈ ਜੱਥੇਬੰਦ ਕਰਨ ਲੱਗ ਪਏ। ਅਰਜਨਟਾਈਨਾ ਤੋਂ ਪਾਰਟੀ ਦੇ ਆਦੇਸ਼ ਮੁਤਾਬਕ ਬਿਲਗਾ ਜੀ ਮਾਰਕਸਵਾਦ ਅਤੇ ਫੌਜੀ ਵਿੱਦਿਆ ਦੀ ਉਚੇਰੀ ਟਰੇਨਿੰਗ ਲੈਣ ਲਈ ਰੂਸ ਦੀ ਟੋਆਇਲਰ ਯੂਨੀਵਰਸਿਟੀ ਮਾਸਕੋ ਗਏ। ਉਥੋਂ ਉਹ 60 ਕ੍ਰਾਂਤੀਕਾਰੀਆਂ ਦਾ ਗਰੁੱਪ ਤਿਆਰ ਕਰਕੇ ਆਜ਼ਾਦੀ ਦੀ ਲੜਾਈ ਵਿੱਚ ਸ਼ਾਮਲ ਹੋਣ ਲਈ ਭਾਰਤ ਪਰਤੇ। ਉਹਨਾਂ ਨੇ 1934 ਤੋਂ 1936 ਤੱਕ ਕਲਕੱਤੇ, ਕਾਨਪੁਰ ਅਤੇ ਪੰਜਾਬ ਦੀਆਂ ਕ੍ਰਾਂਤੀਕਾਰੀ ਸੰਸਥਾਵਾਂ ਵਿੱਚ ਤਨਦੇਹੀ ਨਾਲ ਕੰਮ ਕੀਤਾ। ਬਾਬਾ ਜੀ ਨੂੰ ਗ੍ਰਿਫਤਾਰੀ ਤੋਂ ਬਾਅਦ ਲਾਹੌਰ ਦੇ ਕਿਲ੍ਹੇ ਵਿੱਚ ਦੋ ਮਹੀਨੇ ਅਣਮਨੁੱਖੀ ਤਸੀਹੇ ਦਿੱਤੇ ਗਏ ਅਤੇ ਰਿਹਾਈ ਉਪਰੰਤ ਇੱਕ ਸਾਲ ਲਈ ਪਿੰਡ ਬਿਲਗਾ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਬਾਬਾ ਬਿਲਗਾ ਜੀ ਨੂੰ 1938 ਵਿੱਚ ਜ਼ਿਲ੍ਹਾ ਕਾਂਗਰਸ ਕਮੇਟੀ ਦਾ ਸਕੱਤਰ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਲਾਹੌਰ ਦਾ ਮੈਂਬਰ, ਆਲ ਇੰਡੀਆ ਕਾਂਗਰਸ ਕਮੇਟੀ ਦਾ ਮੈਂਬਰ ਚੁਣਿਆ ਗਿਆ ਅਤੇ ਉਹਨਾਂ ਨੇ ਕਾਂਗਰਸ ਦੇ ਗੁਜਰਾਤ ਸੈਸ਼ਨ ਵਿੱਚ ਸ਼ਮੂਲੀਅਤ ਕੀਤੀ। ਉਹਨਾਂ ਨੂੰ 1939 ਵਿੱਚ ਕੈਂਬਲਪੁਰ ਜੇਲ੍ਹ ਵਿੱਚ ਤਿੰਨ ਸਾਲ ਬਤੌਰ ਜੰਗੀ ਕੈਦੀ ਰੱਖਿਆ ਗਿਆ। 1942 ਵਿੱਚ ਰਿਹਾਅ ਹੋਣ 'ਤੇ ਲੁਧਿਆਣੇ ਸਰਕਾਰ ਵਿਰੁੱਧ ਭੜਕਾਊ ਭਾਸ਼ਣ ਦੇਣ ਦੇ ਦੋਸ਼ ਵਿੱਚ ਉਹਨਾਂ ਨੂੰ ਇੱਕ ਸਾਲ ਲਈ ਮੁੜ ਜੇਲ੍ਹ ਵਿੱਚ ਬੰਦ ਕਰ ਦਿੱਤਾ। 1947-48 ਵਿੱਚ ਫਿਰਕੂ ਵੰਡ ਦਾ ਵਿਰੋਧ ਕਰਨ 'ਤੇ ਆਜ਼ਾਦ ਭਾਰਤ ਦੀ ਸਰਕਾਰ ਨੇ ਬਾਬਾ ਭਗਤ ਸਿੰਘ ਬਿਲਗਾ ਜੀ ਨੂੰ ਇੱਕ ਸਾਲ ਲਈ ਧਰਮਸ਼ਾਲਾ ਦੀ ਯੋਲ ਕੈਂਪ ਜੇਲ੍ਹ ਵਿੱਚ ਡੱਕ ਦਿੱਤਾ। 1959 ਵਿਚ ਖੁਸ਼-ਹੈਸੀਅਤੀ ਟੈਕਸ ਦੇ ਵਿਰੋਧ ਵਿੱਚ ਸੰਘਰਸ਼ ਕਰਨ 'ਤੇ ਪੰਜਾਬ ਦੀ ਕੈਰੋਂ ਸਰਕਾਰ ਨੇ ਫਿਰ ਬਾਬਾ ਬਿਲਗਾ ਜੀ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਅੰਦਰ ਬੰਦ ਕਰ ਦਿੱਤਾ। ਉਹਨਾਂ ਨੂੰ 1971 ਵਿੱਚ ਨਕਸਲੀ ਨੌਜਵਾਨਾਂ ਦੇ ਝੂਠੇ ਪੁਲਸ ਮੁਕਾਬਲਿਆਂ ਦਾ ਵਿਰੋਧ ਕਰਨ 'ਤੇ 4 ਮਹੀਨੇ ਪਟਿਆਲੇ ਜੇਲ੍ਹ ਵਿੱਚ ਕੈਦ ਰੱਖਿਆ ਗਿਆ। ਉਹਨਾਂ ਦੇ ਆਖਰੀ ਵਾਰੰਟ ਐਮਰਜੈਂਸੀ ਦਾ ਵਿਰੋਧ ਕਰਨ 'ਤੇ ਨਿਕਲੇ ਅਤੇ 6 ਅਕਤੂਬਰ 2008 ਵਿੱਚ ਜਲ੍ਹਿਆਂ ਵਾਲੇ ਬਾਗ ਦੇ ਅਸਲੀ ਸਰੂਪ ਨੂੰ ਬਚਾਉਣ, ਕਾਮਾਗਾਟਾਮਾਰੂ ਦੇ ਮੁਸਾਫਰਾਂ ਤੇ ਨਾਮਧਾਰੀ ਦੇਸ਼ ਭਗਤਾਂ ਨੂੰ ਮਾਨਤਾ ਦਿਵਾਉਣ ਸੰਬੰਧੀ ਕੀਤੇ ਰੋਸ ਮਾਰਚ ਨੂੰ ਉਹਨਾਂ ਦੇ ਵਿਦਰੋਹੀ ਜੀਵਨ ਦਾ ਆਖਰੀ ਅੰਦੋਲਨ ਮੰਨਿਆ ਜਾ ਸਕਦਾ ਹੈ, ਜਿਸ ਮਾਰਚ ਦੀ ਅਗਵਾਈ ਇਸ 101 ਸਾਲਾ ਬਜ਼ੁਰਗ ਇਨਕਲਾਬੀ ਨੇ ਵੀਲ੍ਹ ਚੇਅਰ 'ਤੇ ਬੈਠ ਕੇ ਕੀਤੀ। ਬਾਬਾ ਜੀ ਨੇ ਹਰ ਪ੍ਰਕਾਰ ਦੀ ਗੁਲਾਮੀ, ਨਾਬਰਾਬਰੀ, ਬੇਗਾਨਗੀ ਤੇ ਸ਼ੋਸ਼ਣ ਦੇ ਖਿਲਾਫ਼ ਸੰਘਰਸ਼ ਕਰਨ ਦੇ ਨਾਲ-ਨਾਲ ਉਮਰ ਭਰ ਰੰਗ, ਨਸਲ, ਧਰਮ ਤੇ ਜਾਤੀ ਵਿਤਕਰੇ ਦੇ ਖਿਲਾਫ਼ ਵੀ ਨਿਰੰਤਰ ਅਤੇ ਪੂਰੀ ਤਨਦੇਹੀ ਨਾਲ ਜੱਦੋ-ਜਹਿਦ ਕੀਤੀ। ਬਾਬਾ ਜੀ ਨੇ ਦੇਸ਼ ਦੀ ਆਜ਼ਾਦੀ ਖਾਤਿਰ ਕੀਤੀਆਂ ਮਹਾਨ ਕੁਰਬਾਨੀਆਂ ਅਤੇ ਸਮੁੱਚੇ ਮਾਨਵੀ ਸਮਾਜ ਪ੍ਰਤੀ ਦਿੱਤੀਆਂ ਵੱਡਮੁੱਲੀਆਂ ਸੇਵਾਵਾਂ ਦੇ ਇਵਜ਼ ਵਿੱਚ ਕੋਈ ਵੀ ਸਰਕਾਰੀ ਪੈਨਸ਼ਨ ਜਾਂ ਕੋਈ ਹੋਰ ਸੁਵਿਧਾ ਪ੍ਰਵਾਨ ਨਹੀਂ ਕੀਤੀ, ਪਰ ਉਹਨਾਂ ਨੂੰ ਦੁਨੀਆ ਭਰ ਵਿੱਚੋਂ ਕਈ ਗ਼ੈਰ ਸਰਕਾਰੀ ਸੰਸਥਾਵਾਂ ਵੱਲੋਂ ਸਨਮਾਨ ਅਤੇ ਸਨਮਾਨਜਨਕ ਖਿਤਾਬ ਮਿਲਦੇ ਰਹੇ। ਉਹਨਾਂ ਨੇ ਇੱਕ ਰਾਸ਼ਟਰੀ ਐਵਾਰਡ 'ਸਦੀ ਦਾ ਹੌਸਲਾ ਅਤੇ ਬਹਾਦੁਰੀ ਦਾ ਸਨਮਾਨ' ਸਿਰਫ਼ ਆਪਣੇ ਪਿਆਰਿਆਂ ਦੇ ਜ਼ੋਰ ਦੇਣ 'ਤੇ ਇਸ ਕਰਕੇ ਪ੍ਰਵਾਨ ਕੀਤਾ ਕਿ ਇਸ ਨਾਲ ਕੋਈ ਵਿੱਤੀ ਲਾਭ ਨਹੀਂ ਸੀ ਜੁੜਿਆ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਉਹਨਾਂ ਨੂੰ ਮਰਨ ਉਪਰੰਤ 'ਪੰਜਾਬ ਰਤਨ' ਦਾ ਖਿਤਾਬ ਦੇ ਕੇ ਸਨਮਾਨਿਤ ਕੀਤਾ। ਇਸ ਵਿੱਚ ਵੀ ਕੋਈ ਨਕਦ ਰਾਸ਼ੀ ਨਾ ਸ਼ਾਮਲ ਹੋਣ ਕਰਕੇ ਹੀ ਉਹਨਾਂ ਦੇ ਪਰਵਾਰ ਨੇ ਇਸ ਨੂੰ ਸਵੀਕਾਰ ਕੀਤਾ।



ਬਾਬਾ ਭਗਤ ਸਿੰਘ ਬਿਲਗਾ ਜੀ ਨੇ ਆਜ਼ਾਦੀ ਉਪਰੰਤ ਆਜ਼ਾਦੀ ਸੰਗਰਾਮੀਏ ਗ਼ਦਰੀ ਯੋਧਿਆਂ ਦੀ ਯਾਦਗਾਰ 'ਦੇਸ਼ ਭਗਤ ਯਾਦਗਾਰ ਹਾਲ ਜਲੰਧਰ' ਦੀ ਉਸਾਰੀ ਲਈ ਦਿਨ-ਰਾਤ ਇੱਕ ਕਰ ਦਿੱਤਾ। ਦੇਸ਼ਾਂ-ਵਿਦੇਸ਼ਾਂ ਤੋਂ ਉਗਰਾਹੀਆਂ ਕੀਤੀਆਂ ਤੇ ਆਪਣੀ ਨਿਗਰਾਨੀ ਹੇਠ ਇਸ ਵਿਸ਼ਾਲ ਯਾਦਗਾਰ ਦਾ ਨਿਰਮਾਣ ਕਰਵਾਇਆ ਤੇ ਫਿਰ ਇਸ ਨੂੰ ਅਗਾਂਹਵਧੂ ਤੇ ਧਰਮ ਨਿਰਪੱਖ ਲੋਕਾਂ ਦੇ ਮੰਚ ਵਜੋਂ ਸਥਾਪਤ ਕੀਤਾ। ਉਨ੍ਹਾਂ ਨੇ ਆਪ ਸੈਮੀਨਾਰ ਕਰਵਾ ਕੇ, ਕਾਨਫਰੰਸਾਂ ਕਰਵਾ ਕੇ, ਨਾਟਕ ਮੇਲੇ ਕਰਵਾ ਕੇ ਤੇ ਚੇਤਨਾ ਰੈਲੀਆਂ ਕੱਢ ਕੇ ਦੇਸ਼ ਵਾਸੀਆਂ ਨੂੰ ਜਾਗਰੂਕ ਕੀਤਾ।

ਬਾਬਾ ਜੀ ਨੇ ਜਿੱਥੇ ਸਮੁੱਚੇ ਦੇਸ਼ ਅਤੇ ਸਮੁੱਚੀ ਅਗਾਂਹਵਧੂ ਲਹਿਰ ਲਈ ਸੁਹਿਰਦਤਾ ਨਾਲ ਕੰਮ ਕੀਤਾ, ਉੱਥੇ ਉਹਨਾਂ ਨੇ ਆਪਣੇ ਆਲੇ-ਦੁਆਲੇ ਦੇ ਸਰਵਪੱਖੀ ਵਿਕਾਸ ਲਈ ਵੀ ਸ਼ਲਾਘਾਯੋਗ ਉਪਰਾਲੇ ਕੀਤੇ। ਉਹਨਾਂ ਨੇ ਆਪਣੀ ਜਵਾਨੀ ਵਿੱਚ ਹੀ ਭਾਵ 1935-36 ਵਿੱਚ ਬਿਲਗੇ ਦੇ ਬੱਚਿਆਂ ਲਈ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਲੜਕੀਆਂ ਦਾ ਸਕੂਲ ਖੁੱਲ੍ਹਵਾਇਆ ਅਤੇ ਖੁਦ ਉਸ ਦੀ ਨਿਗਰਾਨੀ ਕੀਤੀ। ਉਹਨਾਂ ਨੇ 1953 ਵਿੱਚ ਬਿਲਗੇ ਵਿਖੇ ਲੜਕਿਆਂ ਦਾ ਹਾਈ ਸਕੂਲ ਖੁੱਲ੍ਹਵਾਇਆ। ਉਹ ਲੜਕੀਆਂ ਦੇ ਕਾਲਜ ਦੀ ਲੋੜ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਰਹੇ, ਉਹਨਾਂ ਨੇ ਇਲਾਕੇ ਵਿੱਚ 1969 ਈ. ਵਿੱਚ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਦੇ ਅਵਸਰ 'ਤੇ ਖੁੱਲ੍ਹੇ 'ਗੁਰੂ ਨਾਨਕ ਗਰਲਜ਼ ਕਾਲਜ ਬਾਬਾ ਸੰਗ ਢੇਸੀਆਂ' ਤੇ ਗੁਰੂ ਗੋਬਿੰਦ ਸਿੰਘ ਕਾਲਜ, ਜੰਡਿਆਲਾ, ਮੰਜਕੀ ਦੇ ਨਿਰਮਾਣ ਤੇ ਸੰਚਾਲਨ ਵਿੱਚ ਯੋਗਦਾਨ ਪਾਇਆ। ਉਹਨਾਂ ਆਪਣੀ ਉਮਰ ਦੇ ਆਖਰੀ ਪੜਾਅ ਵਿੱਚ ਕਾਮਰੇਡ ਕਰਤਾਰ ਸਿੰਘ ਦੀ ਬਹੁ-ਕੀਮਤੀ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਛੁਡਵਾ ਕੇ ਵਿਦੇਸ਼ੀ ਵੀਰਾਂ ਦੀ ਸਹਾਇਤਾ ਨਾਲ ਕਰੋੜਾਂ ਰੁਪਇਆਂ ਦੀ ਲਾਗਤ ਵਾਲਾ ਵੱਡ-ਆਕਾਰੀ 'ਜਨਰਲ ਹਸਪਤਾਲ ਬਿਲਗਾ' ਬਿਲਗਾ-ਨੂਰਮਹਿਲ ਰੋਡ 'ਤੇ ਬਾਬਾ ਰਹਿਮਤ ਸ਼ਾਹ ਦੀ ਦਰਗਾਹ ਦੇ ਨਜ਼ਦੀਕ ਬਣਵਾਉਣ ਵਿੱਚ ਯੋਗਦਾਨ ਪਾਇਆ, ਜਿਸ ਦਾ ਨੀਂਹ ਪੱਥਰ 13 ਅਪ੍ਰੈਲ 2000 ਈ. ਨੂੰ ਵਿਸਾਖੀ ਵਾਲੇ ਦਿਨ ਰੱਖਿਆ ਗਿਆ।

ਬਾਬਾ ਬਿਲਗਾ ਜੀ ਨੇ ਜਿੱਥੇ ਆਜ਼ਾਦੀ ਦੀ ਲੜਾਈ ਅਤੇ ਲੋਕ ਹਿਤੈਸ਼ੀ ਲਹਿਰ ਵਿੱਚ ਵੱਡਮੁੱਲਾ ਯੋਗਦਾਨ ਪਾਇਆ, ਉੱਥੇ ਉਹਨਾਂ ਨੇ ਲੋਕ ਹਿਤੈਸ਼ੀ ਲਹਿਰ ਅਤੇ ਇਸ ਦੇ ਨਾਇਕਾਂ ਨਾਲ ਸੰਬੰਧਤ ਇਤਿਹਾਸਿਕ ਮਹੱਤਵ ਵਾਲੀਆਂ ਪੁਸਤਕਾਂ ਦੀ ਰਚਨਾ ਵੀ ਕੀਤੀ। ਉਹਨਾਂ ਦੀਆਂ ਪੁਸਤਕਾਂ 'ਗਦਰ ਲਹਿਰ ਦੇ ਅਣਫੋਲੇ ਵਰਕੇ', 'ਮੇਰਾ ਵਤਨ, ਮੇਰੀ ਸਮਝ ਮੇਰੀ ਸੋਚ' ਅਤੇ 'ਜੀਵਨੀ ਨਿਰਭੈ-ਯੋਧਾ, ਬਾਬਾ ਗੁਰਮੁਖ ਸਿੰਘ ਲਲਤੋਂ' ਅਤੇ ਅਖ਼ਬਾਰਾਂ-ਰਸਾਲਿਆਂ ਵਿੱਚ ਛਪਣ ਵਾਲੇ ਉਹਨਾਂ ਦੇ ਲੇਖ ਆਜ਼ਾਦੀ ਸੰਗਰਾਮ ਦੇ ਇਤਿਹਾਸ ਦੇ ਨਾਲ ਸੰਬੰਧਤ ਮਹੱਤਵਪੂਰਨ ਦਸਤਾਵੇਜ਼ ਹਨ।

*# ਸੰਪਰਕ : 99150 05814*

# ਮਿੰਨੀ ਕਹਾਣੀਆਂ

## ਖੋਟਾ ਸਿੱਕਾ

ਉਹ ਗ਼ਰੀਬ ਪਰਵਾਰ 'ਚ ਜੰਮੀ। ਗੋਲ ਮਟੋਲ ਚਿਹਰਾ, ਹਸੂੰ-ਹਸੂੰ ਕਰਦਾ ਰਹਿੰਦਾ। ਮਾਂ-ਬਾਪ ਦੀ ਲਾਡਲੀ ਗੋਲੋ, ਪਰ ਦਾਦੀ ਉਸ ਨੂੰ ਪੱਥਰ ਸਮਝਦੀ। ਜਦ ਉਸ ਦੇ ਛੋਟੇ ਵੀਰ ਨੇ ਜਨਮ ਲਿਆ ਤਾਂ ਦਾਦੀ ਮਾਂ ਦਾ ਉਹ ਚਹੇਤਾ ਬਣ ਗਿਆ। ਕਹਿੰਦੀ, 'ਹੁਣ ਸਾਡੇ ਖ਼ਾਨਦਾਨ ਦੀ ਜੜ੍ਹ ਲੱਗੀ ਹੈ।'

ਆਪਣੇ ਨੂੰਹ-ਪੁੱਤ ਨੂੰ ਉਕਸਾ ਕੇ ਅਖੀਰ ਆਪਣੇ ਕਿਸੇ ਵਾਕਫ਼ਕਾਰ ਨਾਲ ਸੌਦੇਬਾਜ਼ੀ ਕਰ ਉਸ ਅਣਭੋਲ ਜ਼ਿੰਦਗੀ ਨੂੰ ਰੋਂਦੇ ਕੁਰਲਾਉਂਦੇ ਮਾਪਿਆਂ ਤੋਂ ਖੋਹ ਘਰੋਂ ਰੁਖ਼ਸਤ ਕਰ ਦਿੱਤਾ। ਕਹਿੰਦੀ, 'ਇਨ੍ਹਾਂ ਪੈਸਿਆਂ ਨਾਲ ਲਾਡਲੇ ਨੂੰ ਪੜ੍ਹਾ ਕੇ ਵੱਡਾ ਅਫ਼ਸਰ ਬਣਾਵਾਂਗੇ, ਇਹ ਤਾਂ ਪਰਾਇਆ ਧਨ ਸੀ, ਜੋ ਚਲਾ ਗਿਆ।'

ਜਦੋਂ ਪੋਤਾ ਪੜ੍ਹਨ ਦੀ ਥਾਂ ਨਸ਼ੇੜੀ ਬਣ ਗਿਆ ਤਾਂ ਰੋਜ਼ ਚੋਰੀਆਂ ਕਰਨ ਲੱਗਾ। ਸ਼ਿਕਾਇਤਾਂ ਥਾਣੇ ਤੱਕ ਪਹੁੰਚ ਗਈਆਂ ਤੇ ਨਾਂਅ ਵੈਲੀਆਂ 'ਚ ਆ ਗਿਆ।

ਇੱਕ ਦਿਨ ਉਹੀ ਪੋਤੀ ਪੜ੍ਹ-ਲਿਖ ਕੇ ਪੁਲਿਸ ਅਧਿਕਾਰੀ ਬਣੀ ਘਰ ਆ ਪਹੁੰਚੀ ਤੇ ਸਾਰਾ ਟੱਬਰ ਹੈਰਾਨ ਹੋ ਗਿਆ।

ਮਾਂ ਦੁਹੱਥੜਾ ਮਾਰ ਰੋਈ ਕਿ ਅਸੀਂ ਸੋਨਾ ਕੌਡੀਆਂ ਭਾਅ ਵੇਚ ਦਿੱਤਾ ਤੇ ਖੋਟਾ ਸਿੱਕਾ ਝੋਲੀ ਪਾ ਲਿਆ।

**- ਗੁਰਮੀਤ ਸਿੰਘ ਕਾਨੂੰਗੋ**

## ਗਲਤੀ ਦਾ ਅਹਿਸਾਸ

ਮੇਰੇ ਸਿਰ ਦਿਆ ਸਰਦਾਰਾ-ਵਾਕਿਆ ਈ ਮੈਂ ਗਲਤ ਸੀ ਤੇ ਸੱਸ ਮਾਂ-ਉਹ ਵੀ ਆਪਣੀ ਜਗ੍ਹਾ 'ਤੇ ਸਹੀ ਕਹਿੰਦੀ ਸੀ, ਮੇਰੀ ਮੱਤ 'ਤੇ ਪੜਦਾ ਈ ਜਿਵੇਂ ਪੈ ਗਿਆ। ਤੂੰ ਬਿਲਕੁੱਲ ਸੱਚਾ ਸੀ, ਅੱਜ ਮੈਨੂੰ ਆਪਣੀ ਕੀਤੀ 'ਤੇ ਸ਼ਰਮਿੰਦਗੀ ਜਿਹੀ ਮਹਿਸੂਸ ਹੋ ਰਹੀ ਆ। ਇਹ ਸ਼ਹਿਰ ਵਾਲਾ ਘਰ ਮੈਨੂੰ ਵੱਢ-ਵੱਢ ਖਾਂਦਾ ਏ, ਚੱਲ ਸਰਦਾਰਾ ਮੈਨੂੰ ਪਿੰਡ ਈ ਲੈ ਚੱਲ। ਹੁਣ ਸ਼ਹਿਰ ਤੋਂ ਮਨ ਜਿਹਾ ਅੱਕ ਗਿਆ ਏ। ਨਾਲੇ ਆਪਣੀ ਸੱਸ ਮਾਂ ਦੀ ਸੇਵਾ ਕਰ ਲਵਾਂਗੀ। ਸ਼ਿੰਦੋ ਨੇ ਆਪਣੇ ਪਤੀ ਨੂੰ ਮੋਢੇ ਦਾ ਸਹਾਰਾ ਦਿੰਦੀ ਹੋਈ ਨੇ ਕਿਹਾ, (ਸ਼ਿੰਦੋ ਦੇ ਪਤੀ ਨੂੰ ਕਾਫੀ ਚਿਰ ਪਹਿਲਾਂ ਅਧਰੰਗ ਦਾ ਦੌਰਾ ਪੈਣ ਨਾਲ ਅੱਧਾ ਸਰੀਰ ਰੁਕ ਗਿਆ ਸੀ)

ਹਾਂ ਸ਼ਿੰਦੋ। ਮੈਂ ਤੈਨੂੰ ਬੜਾ ਸਮਝਾਇਆ ਸੀ, ਪਰ ਤੂੰ ਮੇਰੀ ਇੱਕ ਨਾ ਮੰਨੀ। ਮੇਰੀ ਮਾਂ ਵੀ ਤੇਰੇ ਅੱਗੇ ਹੱਥ ਜੋੜਦੀ ਰਹੀ, ਜਿਹੜੀ ਤੈਨੂੰ ਆਪਣੀ ਨੂੰਹ ਨਹੀਂ, ਧੀ ਸਮਝਦੀ ਸੀ, ਕਿੰਨੇ ਪਿਆਰ ਨਾਲ ਤੈਨੂੰ ਵਾਰ-ਵਾਰ ਆਖਦੀ ਸੀ-ਧੀਏ ਨਾ ਵੱਖ ਹੋ, ਨਾ ਵੱਖ ਹੋ, ਇਹ ਹੋਰ ਕਿੰਨੇ ਕੁ ਭਰਾ ਨੇ, ਮਸਾਂ ਈ ਝੂੰਗੇ 'ਚ ਦੋ ਈ ਤਾਂ ਵੀਰ ਨੇ। ਕਿਉਂ ਦੋਵਾਂ ਭਰਾਵਾਂ ਨੂੰ ਨਿਖੇੜਨੀ ਏਂ। ਇੱਕੋ ਚੁੱਲ੍ਹੇ 'ਤੇ ਠੀਕ ਆ, ਜੋ ਰੁੱਖੀ-ਮਿੱਸੀ ਬਣਿਆ ਕਰੇਗੀ, ਖਾ ਲਿਆ ਕਰਾਂਗੇ, ਨਾਲੇ ਦੁੱਖ-ਸੁੱਖ ਆਉਣ ਲੱਗਿਆਂ ਪਤਾ ਨਹੀਂ ਲੱਗਦਾ, ਪਰ ਤੂੰ ਤਾਂ ਮਾਂਹ ਦੇ ਆਟੇ ਦੀ ਤਰ੍ਹਾਂ ਆਕੜ ਕੇ ਇੱਕੋ ਈ ਗੱਲ ਕਹਿੰਦੀ ਹੁੰਦੀ ਸੀ-ਅਖੇ ਅਸੀਂ ਤਾਂ ਅੱਡ ਹੋਣਾ ਈ ਹੋਣਾ, ਪਿੰਡ 'ਚ ਜੀ ਨਹੀਂ ਲੱਗਦਾ। ਸ਼ਹਿਰ 'ਚ ਕਿਰਾਏ 'ਤੇ ਕਮਰਾ ਲੈ ਕੇ ਰਹਾਂਗੇ। ਮੈਂ ਵੀ ਤੇਰੀਆਂ ਗੱਲਾਂ 'ਚ ਆ ਗਿਆ, ਹੁਣ ਪਤਾ ਲੱਗਿਆ ਨਾ। ਪਰਵਾਰ-ਪਰਵਾਰ ਈ ਹੁੰਦਾ ਏ, ਆਪਾਂ ਨੂੰ ਹੁਣ ਕਿਹੜਾ ਸਾਂਭੂ ਇੱਥੇ। ਇੱਕੋ-ਇੱਕ ਮੁੰਡਾ। ਉਹ ਵੀ ਬਾਹਰ ਤੇ ਨੂੰਹ ਆਪਣੇ ਪੇਕਿਆਂ ਤੋਂ ਆਉਣ ਦਾ ਨਾਂਅ ਈ ਨਹੀਂ ਲੈਂਦੀ। ਨਾਲੇ ਉਹ ਆਵੇ ਵੀ ਕੀਹਦੇ ਆਸਰੇ। ਜੀਹਦੇ ਨਾਲ ਵਿਆਹੀ ਸੀ, ਉਹ ਵੀ ਬਾਹਰ। ਅਸਲ ਵਿੱਚ ਉਸ ਵਿਚਾਰੀ ਬਿਗਾਨੀ ਧੀ ਨਾਲ ਆਪਾਂ ਧੋਖਾ ਈ ਕੀਤਾ ਏ। ਜੇ ਮੁੰਡੇ ਨੂੰ ਬਾਹਰ ਈ ਘੱਲਣਾ ਸੀ ਤਾਂ ਵਿਆਹ ਈ ਨਾ ਕਰਦੇ, ਉਸ ਵਿਚਾਰੀ ਬਿਗਾਨੀ ਧੀ ਦੀ ਜਵਾਨੀ ਤਾਂ ਨਾ ਰੁਲਦੀ। ਵੇਖੀਂ ਉਸ ਵਿਚਾਰੀ ਦਾ ਸਰਾਪ ਈ ਮੈਨੂੰ ਲੱਗਿਆ ਏ ਜਿਹੜਾ ਅੱਜ ਮੰਜੀ 'ਤੇ ਪਿਆ ਵਾਂ। ਕਲਵੰਤ ਸਿੰਘ ਨੇ ਲੰਮਾ ਹਾਉਕਾ ਲੈਂਦੇ ਹੋਏ ਨੇ ਆਪਣਾ ਨਿੱਕਾ ਜਿਹਾ ਮੋਬਾਇਲ ਫੋਨ ਜੇਬ ਵਿੱਚੋਂ ਕੱਢਿਆ ਤੇ ਆਪਣੇ ਭਰੇ ਹੋਏ ਗਲ ਨਾਲ ਨਿੱਕੇ ਭਰਾ ਦਾ ਨੰਬਰ ਡਾਇਲ ਕਰ ਹੀ ਲਿਆ।

**— ਵੀਰ ਸਿੰਘ ਵੀਰਾ**

## ਕੰਮ ਪ੍ਰਤੀ ਲਗਨ

ਕਹਿੰਦੇ ਨੇ ਕਿ ਕੰਮ ਬੰਦੇ ਦਾ ਕਰਮ ਹੁੰਦਾ ਹੈ। ਕਈ ਵਾਰੀ ਉਹ ਇਸ ਕੰਮ ਨਾਲ ਦਿਲੋਂ ਐਨਾ ਜੁੜ ਜਾਂਦਾ ਹੈ ਕਿ ਵਧਦੀ ਉਮਰ, ਬੀਮਾਰੀ ਤੇ ਕੁਦਰਤੀ ਆਫਤ ਵੀ ਇਨਸਾਨ ਨੂੰ ਕੰਮ ਕਰਨ ਤੋਂ ਰੋਕ ਨਹੀਂ ਸਕਦੀ, ਪਰ ਜਦੋਂ ਕਦੇ ਇਨਸਾਨ ਨੂੰ ਉਹੀ ਕੰਮ ਆਪਣੇ ਤੋਂ ਦੂਰ ਜਾਂਦਾ ਦਿਖਾਈ ਦੇਣ ਲੱਗਦਾ ਹੈ ਤਾਂ ਉਹ ਇਸ ਨੂੰ ਸਹਿਣ ਨਹੀਂ ਕਰ ਪਾਉਂਦਾ । ਉਹ ਅੰਦਰੋਂ ਬੁਰੀ ਤਰ੍ਹਾਂ ਨਾਲ ਟੁੱਟ ਜਾਂਦਾ ਹੈ ਤੇ ਕਈ ਵਾਰ ਉਸਦਾ ਟੁੱਟਿਆ ਹੌਸਲਾ ਉਸ ਨੂੰ ਇੰਨਾਂ ਕਮਜ਼ੋਰ ਕਰ ਦਿੰਦਾ ਹੈ ਕਿ ਉਹ ਆਪਣੀ ਕਰਮਭੂਮੀ ਜ਼ਿੰਦਗੀ ਨੂੰ ਵੀ ਅਲਵਿੱਦਾ ਕਹਿ ਜਾਂਦਾ ਹੈ ।

ਹਾਂ ਜੀ ਮੈਂ ਗੱਲ ਕਰਨ ਜਾ ਰਹੀ ਹਾਂ ਸਾਡੇ ਪਿੰਡ ਦੇ ਬਾਬੇ ਕਰਮੂ ਦੀ ਜੋ ਜਵਾਨੀ ਵਿੱਚ ਬੜਾ ਸੋਹਣਾ-ਸੁਨੱਖਾ , ਮਿਹਨਤੀ ਤੇ ਉੱਚੇ ਕੱਦ-ਕਾਠ ਦਾ ਗੱਭਰੂ ਸੀ । ਉਸ ਦੇ ਦਾਦੇ-ਪੜਦਾਦੇ ਆਟਾ ਚੱਕੀ ਚਲਾਉਂਦੇ ਸਨ । ਉਸ ਨੇ ਵੀ ਆਪਣੇ ਪਿਤਾ-ਪੁਰਖੀ ਕੰਮ ਨੂੰ ਅਪਣਾ ਲਿਆ ਤੇ ਉਹ ਇਹ ਕੰਮ ਕਰਦਿਆਂ ਆਸ ਅੱਸੀ ਦੀ ਉਮਰ ਤੋਂ ਉੱਪਰ ਹੋ ਗਿਆ ਸੀ। ਉਸ ਨੇ ਆਵਦੇ ਚਾਰੇ ਮੁੰਡਿਆਂ ਨੂੰ ਪੜ੍ਹਾ-ਲਿਖਾ ਕੇ ਵਧੀਆ ਨੌਕਰੀਆਂ ਤੇ ਲਗਵਾ ਦਿੱਤਾ ਸੀ । ਅਚਾਨਕ ਸਮਾਂ ਬਦਲਿਆ , ਚਾਚੇ ਸੜਕੇ ਨੇ ਉਹਦੇ ਬਿਲਕੁਲ ਸਾਹਮਣੇ ਨਵੀਂ ਤਕਨੀਕ ਦੀ ਆਟਾ ਚੱਕੀ ਚਲਾ ਲਈ । ਹੁਣ ਬਾਬੇ ਦਾ ਕੰਮ ਘਟਣ ਲੱਗਾ । ਸਾਡੇ ਪਿੰਡ ਦਾ ਚਹੇਤਾ ਬਾਬਾ ਹੁਣ ਉਦਾਸ ਹੋ ਗਿਆ ਸੀ ਅਤੇ ਇੱਕ ਦਿਨ ਉਹ ਪਿੰਡ ਨੂੰ ਅਤੇ ਇਸ ਦੁਨੀਆ ਨੂੰ ਅਲਵਿੱਦਾ ਕਹਿ ਗਿਆ । ਬਾਬੇ ਦੀ ਮੌਤ ਦਾ ਸਾਰੇ ਪਿੰਡ ਨੂੰ ਬਹੁਤ ਦੁੱਖ ਲੱਗਿਆ । ਮੈਂ ਅੱਜ ਵੀ ਜਦੋਂ ਚੱਕੀ ਅੱਗਿਓ ਲੰਘਦੀ ਹਾਂ ਤਾਂ ਬਾਬੇ ਦੀ ਬੰਦ ਪਈ ਚੱਕੀ ਦੇਖ ਕੇ ਮਨ ਉਦਾਸ ਹੋ ਜਾਂਦਾ ਹੈ।

**- ਪੁਸਪਿੰਦਰ ਕੌਰ**

## ਅਫਸਰ ! ਤੂੰ ਐਂ ਕਿ ਮੈਂ ?

ਇੱਕ ਅਫਸਰ ਪਾਰਟੀ 'ਚ ਆਪਣੇ ਨਾਲ ਤੀਜਾ ਦਰਜਾ ਕਰਮਚਾਰੀ ਨੂੰ ਸਾਥ ਵਜੋਂ ਨਾਲ ਲੈ ਗਿਆ। ਕਰਮਚਾਰੀ ਖਾਣ-ਪੀਣ ਦਾ ਘੱਟ ਈ ਸ਼ੌਕੀਨ ਸੀ, ਪਰੰਤੂ ਅਫ਼ਸਰ ਨੂੰ ਨਾਂਹ ਨਾ ਕਰ ਸਕਿਆ। ਕਰਮਚਾਰੀ ਉੱਚ ਬੌਧਿਕ ਵਿਚਾਰਾਂ ਦਾ ਧਾਰਨੀ ਹੋਣ ਕਰਕੇ ਸਮਾਜ 'ਚ ਖੜਨਾ, ਬਹਿਣਾ, ਪੜ੍ਹਨਾ ਜਾਣਦਾ ਸੀ। ਉਹ ਅਣਮੰਨੇ ਮਨ ਨਾਲ ਅਫਸਰ ਪਾਰਟੀ 'ਚ ਪਹੁੰਚ ਗਿਆ। ਵੇਟਰ ਖਾਣ-ਪੀਣ ਦੇ ਸਾਮਾਨ ਨਾਲ ਵਧੀਆ ਵਿਸਕੀ ਦੇ ਪੈੱਗ ਵੀ ਟੇਬਲ ਉਪਰ ਪਰੋਸ ਗਿਆ। ਅਫਸਰ ਬੇਸਬਰੀ ਨਾਲ ਦੋ ਪੈੱਗਾਂ ਦਾ ਇੱਕ ਬਣਾ ਕੇ ਲੱਸੀ ਵਾਂਗ ਪੀ ਗਿਆ। ਨਾਲ ਦੇ ਕਰਮਚਾਰੀ ਨੇ ਪੈੱਗ ਵੱਲ ਵੇਖ ਕੇ ਵੇਟਰ ਨੂੰ ਕਿਹਾ ਕਿ ਇਸ ਵਿੱਚ ਥੋੜ੍ਹੀ ਬਰਫ, ਥੋੜ੍ਹਾ ਸੋਢਾ ਤੇ ਪਾਣੀ ਪਾਓ, ਵੇਟਰ ਪੈੱਗ 'ਚ ਸਭ ਕੁਝ ਮਿਲਾ ਕੇ, ਅਗਲੇ ਟੇਬਲ ਵੱਲ ਤੁਰ ਗਿਆ। ਕਰਮਚਾਰੀ ਪੈੱਗ ਹੱਥ 'ਚ ਫੜ ਕਿਸੇ ਅਮੀਰਜ਼ਾਦੇ ਵਾਂਗ ਚੁਸਕੀਆਂ ਲੈਣ ਲੱਗਾ। ਜਿਵੇਂ ਸ਼ਰਾਬ ਨਾਲ ਗੱਲਾਂ ਕਰਦਾ ਹੋਵੇ। ਜਦ ਨੂੰ ਅਫਸਰ ਤਿੰਨ-ਚਾਰ ਪੈੱਗ ਹੋਰ ਖਿੱਚ ਚੁੱਕਾ ਸੀ ਤੇ ਮੁਰਗੇ ਦੀ ਟੰਗੜੀ ਨੂੰ ਚੂੰਡ ਰਿਹਾ ਸੀ। ਹੁਣ ਅਫਸਰ ਪੂਰੇ ਸਰੂਰ 'ਚ ਆ ਗਿਆ ਸੀ । ਯਕਦਮ ਉਸ ਦਾ ਧਿਆਨ ਕਰਮਚਾਰੀ ਵੱਲ ਗਿਆ, ਉਸ ਨੇ ਦੇਖਿਆ ਕਿ ਇਹ ਤਾਂ ਓਹੀ ਪੈੱਗ ਅਫਸਰਾਂ ਵਾਂਗ ਫੜੀ ਬੈਠਾ ਹੈ। ਸ਼ਿਕੰਜਵੀਂ ਵਾਂਗ ਪੀਤੀ ਵਿਸਕੀ ਨੇ ਅਖੀਰ ਅਫਸਰੀ ਦੀ ਹੈਂਕੜ ਨੂੰ ਬਾਹਰ ਕੱਢਿਆ, ਅੰਗਰੇਜ਼ੀ ਦੇ ਬਰੱਸਟ ਮਾਰਦਿਆਂ ਕਾਹਲੇਪਣ 'ਚ ਬੋਲਿਆ, "ਓਏ ਚੱਲ ਖਿੱਚ ਪੈੱਗ, ਸਾਲਾ ਇੱਕ ਪੈੱਗ ਨੂੰ ਹੀ ਅਮੀਰਜ਼ਾਦੇ ਵਾਂਗ ਫੜੀ ਬੈਠਾ ਏ।" ਅਫਸਰ ! ਤੂੰ ਐਂ ਕਿ ਮੈਂ ?"

**— ਸਨੇਹਇੰਦਰ ਸਿੰਘ ਮੀਲੂ**

## ਡਾਇਰੀ ਦਾ ਪੰਨਾ

### ਨਿੰਦਰ ਘੁਗਿਆਣਵੀ

ਇਸ ਵਾਰੀ ਵਰਧਾ ਵਿਚ ਮੇਰਾ ਭੋਰਾ ਵੀ ਦਿਲ ਨਹੀਂ ਲੱਗਿਆ। ਜਦ ਪੰਜਾਬ ਤੋਂ ਤੁਰਿਆ ਸਾਂ ਰਾਤ ਨੂੰ, 'ਪੰਜਾਬ ਮੇਲ' ਰਾਹੀਂ, ਤਾਂ ਅੰਮ੍ਰਿਤਪਾਲ ਸਿੰਘ ਦਾ ਬੜਾ ਰੌਲਾ ਪੈ ਰਿਹਾ ਸੀ। ਪੁਲਸ ਤੇ ਲੋਕਾਂ ਵਿਚ ਟਕਰਾਓ ਪੈਦਾ ਹੋ ਰਿਹਾ ਸੀ। ਇੰਟਰਨੈੱਟ ਸੇਵਾ ਬੰਦ ਹੋ ਗਈ ਸੀ। ਪੰਜਾਬ ਦੇ ਹਾਲਾਤ ਸੁਖਾਵੇਂ ਬਣੇ ਰਹਿਣ ਦੀ ਕਾਮਨਾ ਕਰਦਾ ਹੋਇਆ ਮੈਂ ਆਪਣੇ ਸਲੀਪਰ ਉਤੇ ਸੌਂ ਗਿਆ। ਚੀਕਾਂ ਕੂਕਾਂ ਮਾਰਦੀ ਜਾਂਦੀ ਰੇਲ ਬੜੀ ਓਪਰੀ-ਓਪਰੀ ਜਿਹੀ ਲੱਗ ਰਹੀ ਸੀ। ਨੀਂਦ ਕਾਹਦੀ ਆਉਣੀ ਸੀ? ਰੇਲ ਦੇ ਹਿਚਕੋਲੇ ਤੇ ਕਈ ਤਰ੍ਹਾਂ ਦੇ ਇਕੱਠੇ ਹੋ ਗਏ ਫਿਕਰਾਂ ਨੇ ਪਰੇਸ਼ਾਨ ਕਰ ਦਿੱਤਾ ਸੀ। ਜਿਵੇਂ ਕਿਵੇਂ 'ਪੰਜਾਬ ਮੇਲ' ਨੇ ਸਵੇਰੇ-ਸਾਝਰੇ ਹੀ ਦਿੱਲੀ ਅੱਪੜਦਾ ਕਰ ਦਿੱਤਾ। ਦੁਪਹਿਰ ਨੂੰ ਸੀ ਫਲਾਈਟ ਨਾਗਪੁਰ ਨੂੰ। ਸਵੇਰੇ ਜਦ ਨੈੱਟ ਖੋਲ੍ਹਿਆ ਕਿ ਪੰਜਾਬ ਦੇ ਹਾਲਾਤ ਜਾਣ ਸਕਾਂ, ਤਾਂ ਹਰ ਪਾਸੇ "ਅੰਮ੍ਰਿਤਪਾਲ ਅੰਮ੍ਰਿਤਪਾਲ" ਹੀ ਹੋਈ ਜਾਂਦੀ ਸੀ। ਕੁਝ ਪੋਸਟਾਂ ਦੇਖੀਆਂ ਸੋਸ਼ਲ ਮੀਡੀਆ ਉਤੇ ਤਾਂ ਜਾਪਿਆ ਕਿ ਹੁਣ ਦੇਸ਼-ਵਿਦੇਸ਼ ਵਿਚ ਵੀ ਲੋਕ 'ਤੱਤੇ' ਹੋਣ ਲੱਗ ਪਏ ਸਨ।

# ਬਾਬਾ ਨਾਨਕਾ, ਖੈਰ ਕਰੀਂ !

****

ਏਅਰਪੋਰਟ ਆਇਆ ਹਾਂ। ਮੀਂਹ ਲੱਥ ਪਿਆ ਹੈ ਜ਼ੋਰਾਂ ਦਾ। ਫਲਾਈਟ ਆਥਣ ਤੀਕ ਲੇਟ ਹੋ ਗਈ ਹੈ। ਘਰ ਫੋਨ ਕੀਤਾ ਤਾਂ ਦੱਸਿਆ ਗਿਆ ਕਿ ਮੀਂਹ ਫਸਲਾਂ ਖਰਾਬ ਕਰ ਰਿਹੈ, ਰੁਕਣ ਦਾ ਨਾਂਅ ਹੀ ਨਹੀਂ ਲੈ ਰਿਹਾ ਮੀਂਹ। ਤੇਜ਼ ਹਵਾ ਵੀ ਵਗ ਰਹੀ ਹੈ। ਰੱਬ ਸੁੱਖ ਰੱਖੇ।

ਘਰੋਂ ਇਹ ਸੁਣ ਦਿਲ ਬੜਾ ਢੱਠਾ! ਕੀ ਕਰੂ ਪੰਜਾਬ ਦਾ ਕਿਸਾਨ? ਕੀ ਖਾਊ ਮਜ਼ਦੂਰ? ਕੁਦਰਤ ਕਿਉਂ ਹੋਈ ਕਹਿਰਵਾਨ? ਸਾਰੇ ਪਾਸੇ ਹੀ ਹਾਲਾਤ ਖਰਾਬ-ਖਰਾਬ ਜਿਹੇ ਹੋਏ ਪਏ ਜਾਪਦੇ ਨੇ।

***

ਦੇਰ ਰਾਤ ਵਰਧਾ ਯੂਨੀਵਰਸਿਟੀ ਆਣ ਵੜਿਆ। ਲੰਮੇ ਸਫਰ ਦਾ ਭੰਨਿਆ ਸਵੇਰੇ ਲੇਟ ਉਠਿਆ ਤੇ ਉਦਾਸ ਮਨ ਨਾਲ ਦਫਤਰ ਚਲੇ ਗਿਆ। ਇੰਟਰਨੈੱਟ ਦੱਸ ਰਿਹਾ ਸੀ ਕਿ ਪੰਜਾਬ ਵਿਚ ਕੁਝ ਦਿਨ ਹੋਰ ਮੀਂਹ ਹਟਣ ਦੇ ਕੋਈ ਅਸਾਰ ਨਹੀਂ ਹਨ ਹਾਲੇ। ਆਥਣ ਤੀਕ ਫਸਲਾਂ ਵਿਛੀਆਂ ਦੀਆਂ ਫੋਟੂਆਂ ਵੀ ਆਉਣ ਲੱਗੀਆਂ। ਮੈਂ ਹੋਰ ਵੀ ਉਪਰਾਮ ਹੋ ਗਿਆ। ਮੇਰੇ ਨਾਲ ਦੇ ਕਮਰੇ ਵਿਚ ਬਹਿੰਦੇ ਹਿੰਦੀ ਦੇ ਪ੍ਰੋਫੈਸਰ ਉਮੇਸ਼ ਕੁਮਾਰ ਸਿੰਘ ਨੂੰ ਮਹਿਸੂਸ ਹੋਇਆ ਸੀ ਕਿ ਮੇਰਾ ਗੁਆਂਢੀ ਉਦਾਸ ਹੈ। ਉਨ੍ਹਾਂ ਵੀ ਬਹੁਤੀ ਗੱਲ ਨਾ ਕੀਤੀ। ਆਥਣੇ ਪਹਾੜਾਂ (ਦਫਤਰ) ਤੋਂ ਹੇਠਾਂ ਉਤਰ ਘਰ ਨੂੰ ਆਇਆ। ਕੁਝ ਸੁਣਨ ਨੂੰ, ਨਾ ਪੜ੍ਹਨ ਨੂੰ ਤੇ ਨਾ ਖਾਣ-ਪੀਣ ਨੂੰ ਦਿਲ ਕਰੇ! ਪੰਜਾਬ ਦਾ ਫਿਕਰ ਵੱਢ-ਵੱਢ ਖਾਵੇ। ਕਈ ਦੋਸਤਾਂ ਨੂੰ ਪੰਜਾਬ ਦੇ ਦੋ ਮੌਸਮਾਂ (ਮੀਂਹ ਤੇ ਅੰਮ੍ਰਿਤਪਾਲ) ਬਾਰੇ ਜਾਨਣ ਲਈ ਫੋਨ ਕੀਤੇ। ਜਾਪਿਆ ਕਿ ਸਭ ਘੁਟੇ-ਘੁਟੇ ਬੋਲ ਰਹੇ, ਸਮੇਂ ਨੇ ਸਭ ਦੇ ਸਾਹ ਪੀਤੇ! ਬੜੀ ਔਖ ਨਾਲ ਸੁੱਤਾ।

****

ਯੂਨੀਵਰਸਿਟੀ ਵੱਲੋਂ ਦਿੱਤੇ ਗਏ ਖੋਜ ਪ੍ਰੋਜੈਕਟ ਮੁਤਾਬਕ ਕਿੱਸਾ 'ਸਰਵਣ ਭਗਤ' ਮੁਕੰਮਲ ਕਰਨ ਵਾਲਾ ਪਿਆ ਸੀ। ਇਕ ਦਿਨ ਪੂਰਾ 'ਸਰਵਣ ਭਗਤ' ਉਤੇ ਲਾਇਆ ਤੇ ਕਿੱਸਾ ਮੁਕਾਇਆ। ਦੂਸਰੇ ਦਿਨ ਸੂਫੀ ਮੱਤ ਦੀ ਕਵਿਤਰੀ 'ਲੱਲੇਸ਼ਵਰੀ' ਬਾਰੇ ਸ਼ਬਦ ਚਿੱਤਰ ਛੋਹ ਲਿਆ ਤੇ ਲਿਖਦਾ ਗਿਆ। ਆਥਣ ਹੋਈ ਤੇ ਪੀਅਨ ਨੇ ਆਣ ਆਖਿਆ ਕਿ ਸਰ ਆਪ ਨੇ ਘਰ ਨਹੀਂ ਜਾਣਾ ਅੱਜ? ਬਹੁਤ ਵਕਤ ਹੋ ਗਿਆ ਹੈ। ਇਹ ਬੋਲ ਸੁਣਦੇ ਤੱਕ ਲੱਲੇਸ਼ਵਰੀ ਆਪਣੀ ਮੰਜ਼ਲ ਉਤੇ ਅੱਪੜ ਚੁੱਕੀ ਹੋਈ ਸੀ, ਕੁਲ ਤੀਹ ਪੰਨੇ ਲਿਖੇ ਗਏ ਸਨ ਉਹਦੇ ਬਾਬਤ। ਸ਼ਬਦ ਚਿੱਤਰ ਸਾਬਤ ਸਬੂਤਾ ਮੇਰੀ ਟੇਬਲ ਉਤੇ ਪਿਆ ਸੀ। ਪੰਨੇ ਇਕੱਠੇ ਕਰਕੇ ਸਟੈਪਲਰ ਕਰਿਆ ਤੇ ਘਰ ਨੂੰ ਤੁਰਿਆ। ਕਿਸੇ ਨਾਲ ਬੋਲਣ ਜਾਂ ਗੱਲ ਕਰਨ ਨੂੰ ਦਿਲ ਨਹੀਂ ਸੀ ਕਰਦਾ। ਇਸੇ ਹਾਲ ਹਵਾਲ ਵਿਚ ਹੀ 26 ਮਾਰਚ ਦੀ ਤਾਰੀਖ ਆ ਗਈ ਤੇ ਫਲਾਈਟ ਫੜ ਦਿੱਲੀ ਤੇ ਫਿਰ ਦਿੱਲੀ ਤੋਂ ਬਠਿੰਡੇ ਨੂੰ ਰੇਲ ਵੱਲ ਚਾਲੇ ਪਾਏ! ਪੰਜਾਬ ਦੇ ਖੇਤਾਂ ਨੂੰ ਦੇਖਣ ਲਈ ਦਿਲ ਕਾਹਲਾ! ਮਾਨਸਾ ਜ਼ਿਲ੍ਹੇ ਦੀ ਹੱਦ ਆਈ, ਦੇਖਿਆ ਕਿ ਕਾਫੀ ਸਾਰੇ ਖੇਤਾਂ ਵਿਚ ਕਣਕ ਸਿਰ ਚੁੱਕੀ ਖੜੀ ਸੀ। ਕਿਤੇ-ਕਿਤੇ ਸਿਰ ਸੁੱਟੀ ਪਈ ਸੀ। ਇਵੇਂ ਹੀ ਬਠਿੰਡਾ ਖਿੱਤਾ ਦੇਖਿਆ। ਪਿੰਡ ਫੋਨ ਕਰਿਆ ਤਾਂ ਮਾਸੀ ਦੇ ਮੁੰਡੇ ਦਿਆਲ ਚੰਦ ਨੇ ਦੱਸਿਆ ਕਿ ਮਲੋਟ, ਫਾਜ਼ਿਲਕਾ, ਅਬੋਹਰ ਵੱਲ ਵਧੇਰੇ ਤਬਾਹੀ ਐ, ਆਪਣੇ ਹਾਲੇ ਰੱਬ ਦੀ ਰਹਿਮਤ ਐ। ਸੋਸ਼ਲ ਮੀਡੀਆ ਵਿਚ ਆ ਰਹੀਆਂ ਖੇਤ ਤਬਾਹੀ ਦੀਆਂ ਫੋਟੂਆਂ ਦਿਲ ਡੋਬਦੀਆਂ। ਫੋਨ ਦੀ ਬੈਟਰੀ ਮੁੱਕੀ, ਟਰੇਨ ਟਿਕਾਣੇ ਲੱਗੀ। ਵਾਹਿਗੁਰੂ ਦਾ ਨਾਂਅ ਲੈ ਕੇ ਬੈਗ ਚੁੱਕਿਆ ਤੇ ਅਗਲੇ ਟਿਕਾਣੇ ਜਾਣ ਨੂੰ ਰਿਕਸ਼ਾ ਫੜਿਆ, ਆਪ-ਮੁਹਾਰੇ ਮੂੰਹੋਂ ਨਿਕਲਿਆ, "ਹੇ ਬਾਬਾ ਨਾਨਕਾ, ਖੈਰ ਕਰੀਂ, ਤੇਰੇ ਪੰਜਾਬ ਨੂੰ ਤੱਤੀ ਵਾਓ ਨਾ ਲੱਗੇ!!"

**ਮੋਬਾ : 94174-21700**

ਸਫ਼ਾ 3 ਦੀ ਬਾਕੀ

## ਅੰਦਰੂਨੀ ਤੇ ਬਾਹਰੀ ਯਥਾਰਥ ਦਾ ਸੁਹਜਮਈ ...

ਵਰਤਮਾਨ ਨੂੰ ਸਮਾਉਂਦੀ ਹੋਈ ਪੀੜ੍ਹੀ ਦਰ ਪੀੜ੍ਹੀ ਰਿਸ਼ਤਿਆਂ ਦੀਆਂ ਜੁੜੀਆਂ ਪਰਤਾਂ ਵੀ ਖੋਲ੍ਹ ਜਾਂਦੀ ਹੈ। ਕਵੀ ਸਮਾਜ ਦੇ ਵਿਕਾਸ ਵਿੱਚ ਕਿਰਤ ਅਤੇ ਵਿਕਾਸ ਦੇ ਅਨੇਕਾਂ ਬਿੰਦੂਆਂ ਦੇ ਵਿਭਿੰਨ ਪ੍ਰਸੰਗਾਂ ਦੀ ਕਾਵਿਕਾਰੀ ਕਰਦਾ ਹੋਇਆ ਧਰਤੀ ਅਤੇ ਔਰਤ ਦੇ ਤਿਆਗ ਦਾ ਅਹਿਸਾਸ ਕਰਦਾ ਹੈ। 'ਸੀਸਾ ਘਰ', 'ਖਤ ਦੀ ਖਤਾ', 'ਨੈੱਟ ਸੁਵਿਧਾ', 'ਲੋਹੇ 'ਤੇ ਲੀਕ', 'ਜਮੂਰੇ', 'ਵਕਤ ਨਹੀਂ ਬੁਰਾ', 'ਸਾਂਵਾਂ ਸਾਂਵਾਂ ਤੋਲਣਾ' ਕਈ ਸਵਾਲ ਖੜੇ ਕਰਦੀਆਂ ਕਵਿਤਾਵਾਂ ਹਨ। ਸਮੁੱਚੇ ਰੂਪ ਵਿਚ ਇਹ ਕਵਿਤਾ ਸੰਵੇਦਨਾ ਦੀ ਸੰਵਾਹਕ ਬਣਦੀ ਮਾਨਵੀ ਜ਼ਿੰਮੇਵਾਰੀ, ਬੇਖੌਫ ਹੋ ਕੇ ਸੁਹਜ ਮਿਆਰਾਂ ਨੂੰ ਖ਼ੂਬਸੂਰਤ ਸ਼ਬਦਾਂ ਵਿੱਚ ਪਰੋਂਦੀ ਹੋਈ ਕਾਲੇ ਵਿੱਚੋਂ ਗੋਰੇ ਦੇ ਉਤਪੰਨ ਹੋਣ ਦਾ ਸੰਕੇਤ ਦੇ ਕੇ ਉੱਜਵਲ ਭਵਿੱਖ ਦੀ ਆਸ ਬੀਜਦੀ ਹੈ। ਮਨੁੱਖ ਨੂੰ ਆਪਣੇ ਅੰਦਰ ਤੇ ਬਾਹਰ ਝਾਤ ਮਾਰਨ ਲਈ ਆਖਦੀ ਹੈ। ਜਿੱਥੇ ਇਹ ਕਵਿਤਾ ਬਾਹਰੀ ਯਥਾਰਥ ਨਾਲ ਸੰਵਾਦ ਰਚਾਉਂਦੀ ਹੈ ਅਤੇ ਇਹ ਆਪਣੇ-ਆਪ ਨੂੰ ਸੰਬੋਧਿਤ ਹੁੰਦੀ ਹੋਈ ਆਪਣਾ ਅਨੁਵਾਦ ਵੀ ਕਰਦੀ ਹੈ।

ਬੰਦਾ, ਅਸਲ 'ਚ
ਜੇਹਾ ਸੋਚਦਾ
ਤੇਹਾ ਵਿਹਾਰਦਾ
ਆਪਣੇ ਵਿਹਾਰ ਨਾਲ
ਆਪਣੇ ਕਿਰਦਾਰ ਨੂੰ
ਅਨੁਵਾਦਦਾ!

ਇਹ ਕਵਿਤਾ ਇਸ ਅਸਤਿਤਵੀ ਸੰਕਟ ਦੇ ਕੌੜੇ ਯਥਾਰਥ ਨੂੰ ਰੂਪਮਾਨ ਕਰਦੀ ਹੈ। ਮਨੁੱਖ ਦੀ ਨਿਘਰਦੀ ਹਾਲਤ ਤੇ ਕੁਦਰਤ ਨਾਲ ਹੋ ਰਹੇ ਖਿਲਵਾੜ ਪ੍ਰਤੀ ਚਿੰਤਾ ਜ਼ਾਹਰ ਕਰ ਇਹ ਕਵਿਤਾ ਮਨੁੱਖ ਨੂੰ ਸਵੈਮਾਣ ਕਾਇਮ ਰੱਖਣ ਲਈ ਪ੍ਰੇਰਦੀ ਹੈ। ਇਹ ਕਵਿਤਾ ਕਹਿਣੀ ਤੇ ਕਰਨੀ ਵਿਚਲੇ ਪਾੜੇ ਨੂੰ ਖਤਮ ਕਰਦਿਆਂ ਜੀਵਨ ਦੀ ਸਹਿਜ ਤੋਰ ਬਰਕਰਾਰ ਰੱਖਣ ਲਈ ਇਹ ਆਪਣੀ ਜ਼ਿੰਮੇਵਾਰੀ ਨਿਭਾਉਂਦੀ ਹੈ। ਇਸ ਕਵਿਤਾ ਵਿਚ ਵਰਤੇ ਗਏ ਪੇਂਡੂ/ਕਿਰਸਾਨੀ ਧਰਾਤਲ ਨਾਲ ਜੁੜੀ ਸ਼ਬਦਾਵਲੀ, ਪ੍ਰਤੀਕ ਇਸ ਨੂੰ ਹੋਰ ਅਮੀਰ ਬਣਾਉਂਦੇ ਹਨ। ਮਾਝੇ ਦੇ ਨਿਰੋਲ ਵਰਤੇ ਸ਼ਬਦ ਕਵੀ ਉਪਰ ਖੇਤਰਵਾਦ ਦਾ ਝਾਉਲਾ ਜ਼ਰੂਰ ਪਾਉਂਦੇ ਹਨ। ਇਸ ਵਿਚਲੀ ਪ੍ਰਕਿਰਤਕ ਬਿੰਬਾਵਲੀ ਦੀ ਵਰਤੋਂ ਮਨੁੱਖ ਨੂੰ ਕੁਦਰਤ ਦੇ ਨੇੜੇ ਲੈ ਜਾਂਦੀ ਹੈ। ਇਸ ਵਿਚਲੀ ਬਹੁ ਮੁਹੱਬਤੀ ਸੁਰ ਦਾ ਪੂਰੇ ਬ੍ਰਹਿਮੰਡ ਵਿੱਚ ਫੈਲ ਕੇ ਆਪਣੀ ਸਪੇਸ ਪ੍ਰਾਪਤ ਕਰਨਾ ਹੀ ਇਸ ਕਵਿਤਾ ਦਾ ਹਾਸਿਲ ਹੈ।

2-April-Sunday.qxd 4/1/2023 9:20 PM Page 2



# ਮੇਰੇ ਹਿੱਸੇ ਪ੍ਰੀਤ ਗਾਥਾਵਾਂ ਲਿਖਣੀਆਂ ਨਹੀਂ ਆਈਆਂ

# ਅਜ਼ੀਜ਼ ਸਰੋਏ

ਪੈੜਾਂ

## ਨਿਰੰਜਣ ਬੋਹਾ

ਜੇ ਉਮਰ ਵੱਲ ਵੇਖੀਏ ਤਾਂ ਅਜ਼ੀਜ਼ ਸਰੋਏ ਦਾ ਸ਼ੁਮਾਰ ਅਜੇ ਵੀ ਨੌਜਵਾਨ ਲੇਖਕਾਂ ਵਿੱਚ ਹੀ ਹੁੰਦਾ ਹੈ, ਪਰ ਉਸ ਦੇ ਨਾਵਲ ਹਨੇਰੀ ਰਾਤ ਦੇ ਜੁਗਨੂੰ, ਕੇਹੀ ਵਗੇ ਹਵਾ, ਆਪਣੇ ਲੋਕ ਭਾਗ ਇੱਕ ਤੇ ਆਪਣੇ ਲੋਕ ਭਾਗ ਦੋ ਵਿਚਲੀ ਵਿਚਾਰਧਾਰਕ ਪ੍ਰੋਢਤਾ ਨੇ ਸਮਕਾਲ ਵਿਚ ਲਿਖੇ ਜਾ ਰਹੇ ਦੀ ਬਰਾਬਰੀ ਕਰਨ ਦੇ ਮਾਮਲੇ ਵਿਚ ਉਸ ਨੂੰ ਪਿੱਛੇ ਨਹੀਂ ਰਹਿਣ ਦਿੱਤਾ। ਬੋਹਾ ਖੇਤਰ ਦੇ ਹਰਿਆਣਾ ਦੀ ਹੱਦ ਨਾਲ ਜੁੜਦੇ ਸਾਹਿਤਕ ਤੌਰ 'ਤੇ ਬਿਲਕੁਲ ਬੰਜਰ ਜਿਹੇ ਪਿੰਡ ਰਿਉਂਦ ਕਲਾਂ ਦਾ ਇਹ ਨੌਜਵਾਨ ਲੇਖਕ ਜਦੋਂ ਮੁੱਛ ਫੁੱਟਦੀ ਉਮਰੇ ਮੇਰੇ ਕੋਲ ਆਪਣਾ ਪਹਿਲਾਂ ਛਪਿਆ ਕਾਵਿ ਸੰਗ੍ਰਹਿ 'ਬਨੇਰੇ ਖਾਮੋਸ਼ ਹਨ' ਲੈ ਕੇ ਆਇਆ ਤਾਂ ਮੈਂ ਉਸ ਨੂੰ ਉਸ ਤਰ੍ਹਾਂ ਦਾ ਰਸਮੀ ਜਿਹਾ ਥਾਪੜਾ ਦਿੱਤਾ, ਜਿਵੇਂ ਉਮਰ ਦਰਾਜ਼ ਲੇਖਕ ਕਿਸੇ ਵੀ ਨਵੇਂ ਲੇਖਕ ਨੂੰ ਦਿੰਦੇ ਹੁੰਦੇ ਨੇ, ਪਰ ਜਦੋਂ ਸਾਲ ਕੁ ਬਾਅਦ ਉਸ ਦਾ ਪਲੇਠਾ ਨਾਵਲ 'ਹਨੇਰੀ ਰਾਤ ਦੇ ਜੁਗਨੂੰ' ਮੇਰੇ ਹੱਥਾਂ ਵਿਚ ਪਹੁੰਚਿਆ ਤਾਂ ਮੇਰਾ ਥਾਪੜਾ ਵੀ ਹੋਰ ਨਿੱਘਾ ਹੋ ਗਿਆ। ਇਹ ਨਾਵਲ ਪੜ੍ਹ ਕੇ ਮੈਨੂੰ ਲੱਗਿਆ ਕਿ ਬੰਜਰ ਧਰਤੀ ਦੀ ਹਿੱਕ ਪਾੜ ਕੇ ਜਿਹੜਾ ਇਹ ਨਵਾਂ ਬੂਟਾ ਉੱਗਿਆ ਹੈ, ਉਹ ਜ਼ਰੂਰ ਹੀ ਇੱਕ ਦਿਨ ਘਣਛਾਵਾਂ ਰੁੱਖ ਬਣੇਗਾ। ਸਮਾਂ ਬੀਤਣ ਨਾਲ ਹੁਣ ਮੈਂ ਉਸ ਬਾਰੇ ਬਣਾਈ ਧਾਰਨਾ ਸਾਕਾਰ ਹੁੰਦੀ ਵੀ ਵੇਖ ਰਿਹਾ ਹਾਂ। ਆਪਣੇ ਸਕੂਲੀ ਜੀਵਨ ਵਿੱਚ ਉਹ ਆਪਣੀ ਮਿਹਨਤ ਤੇ ਲਿਆਕਤ ਸਦਕਾ ਆਪਣੇ ਅਧਿਆਪਕਾਂ ਦਾ ਅਜ਼ੀਜ਼ ਸੀ ਤੇ ਸਾਹਿਤਕ ਖੇਤਰ ਵਿਚ ਆਉਣ 'ਤੇ ਉਹ ਮੇਰੇ ਵਰਗੇ ਕਿੰਨੇ ਹੀ ਲੇਖਕਾਂ-ਪਾਠਕਾਂ ਦਾ ਅਜ਼ੀਜ਼ ਬਣ ਗਿਆ। ਸਾਲਾਂਬੱਧੀ ਫੀਲਡ ਵਰਕ ਕਰਕੇ ਸੰਨ ਸੰਤਾਲੀ ਵਿਚ ਭਾਰਤ-ਪਾਕਿ ਵੰਡ ਬਾਰੇ ਲਿਖੇ ਉਸ ਦੇ ਨਾਵਲ ਨੂੰ ਜਿੰਨਾ ਪਾਠਕੀ ਹੁੰਗਾਰਾ ਚੜ੍ਹਦੇ ਪੰਜਾਬ ਵਿਚ ਮਿਲਿਆ, ਓਨਾ ਹੀ ਲਹਿੰਦੇ ਪੰਜਾਬ ਦੇ ਪਾਠਕਾਂ ਵੱਲੋਂ ਵੀ ਮਿਲਿਆ ਹੈ। ਲਾਹੌਰ ਦੇ ਨਾਮਵਰ ਰੋਜ਼ਾਨਾ ਪਰਚੇ 'ਭੁਲੇਖਾ' ਨੇ ਇਸ ਨੂੰ ਲਹਿੰਦੀ ਪੰਜਾਬੀ ਵਿਚ ਲਿਪੀਅੰਤਰ ਕਰਕੇ ਲੜੀਵਾਰ ਰੂਪ ਛਾਪਿਆ ਤੇ ਬਾਬਾ ਨਜ਼ਮੀ ਤੇ ਆਸਿਫ ਰਜ਼ਾ ਵਰਗੇ ਉੱਥੋਂ ਦੇ ਨਾਮਵਰ ਲੇਖਕਾਂ ਨੇ ਇਸ 'ਤੇ ਖ਼ੂਬਸੂਰਤ ਟਿੱਪਣੀਆਂ ਕੀਤੀਆਂ ਤਾਂ ਇਸ ਦੀ ਮਕਬੂਲੀਅਤ ਵਿੱਚ ਵੀ ਢੇਰ ਵਾਧਾ ਹੋ ਗਿਆ। ਮੇਰੇ ਹਰ ਸੁੱਖ-ਦੁੱਖ ਵਿਚ ਸ਼ਾਮਲ ਇਹ ਨਾਵਲਕਾਰ ਬੀਤੇ ਦਿਨੀਂ ਮੈਨੂੰ ਮਿਲਣ ਆਇਆ ਤਾਂ ਬਹਾਨੇ ਨਾਲ ਇਸ ਨਾਲ ਇਸ ਦੀ ਸਿਰਜਣ ਪ੍ਰਕਿਰਿਆ ਦੇ ਕੁਝ ਲੁਕਵੇਂ ਪਹਿਲੂਆਂ 'ਤੇ ਵੀ ਗੱਲਬਾਤ ਹੋ ਗਈ । 'ਨਵਾਂ ਜ਼ਮਾਨਾ' ਦੇ ਪਾਠਕਾਂ ਲਈ ਪੇਸ਼ ਹਨ ਇਸ ਗੱਲਬਾਤ ਦੇ ਕੁਝ ਅੰਸ਼-



ਅਜ਼ੀਜ਼ ਸਰੋਏ ਆਪਣੇ ਪਰਵਾਰ ਨਾਲ

**? ਪ੍ਰਗਟ ਨੂੰ ਅਜ਼ੀਜ਼ ਸਰੋਏ ਬਣਨ ਦੀ ਲੋੜ ਪੈ ਗਈ।**

-ਤੁਹਾਡੇ ਸਵਾਲ ਨਾਲ ਮੇਲ ਖਾਂਦਾ ਸਤਿੰਦਰ ਸਰਤਾਜ ਦਾ ਗੀਤ ਹੈ ਕਿ ਬੜੀਆਂ ਲੰਮੀਆਂ ਰਾਹਾਂ ਨੇ ਸਤਿੰਦਰ ਤੋਂ ਸਰਤਾਜ ਦੀਆਂ। ਠੀਕ ਉਸੇ ਤਰ੍ਹਾਂ ਪ੍ਰਗਟ ਤੋਂ ਅਜ਼ੀਜ਼ ਬਨਣ ਦਾ ਸਫ਼ਰ ਵੀ ਹਿੰਮਤ, ਲਗਨ ਤੇ ਸਿਰੜ ਵਾਲਾ ਹੈ। ਮੈਂ ਪੜ੍ਹਨ ਸਮੇਂ ਹੁਸ਼ਿਆਰ ਵਿਦਿਆਰਥੀ ਸੀ, ਆਪਣੀ ਜਮਾਤ 'ਚੋਂ ਸਦਾ ਅੱਵਲ ਆਉਂਦਾ ਰਿਹਾ ਹਾਂ। ਆਪਣੇ ਚਹੇਤੇ ਵਿਦਿਆਰਥੀ ਨੂੰ ਸਾਰੇ ਅਧਿਆਪਕ ਪਿਆਰ ਕਰਦੇ, ਪੰਜਾਬੀ ਦੇ ਅਧਿਆਪਕ ਅਕਸਰ ਅਜ਼ੀਜ਼ ਆਖ ਕੇ ਬੁਲਾਉਂਦੇ। ਉਹਨਾਂ ਨੇ ਹੀ ਸਕੂਲ ਦੀ ਲਾਇਬਰੇਰੀ 'ਚੋਂ ਨਾਨਕ ਸਿੰਘ ਦੇ ਨਾਵਲ ਪੜ੍ਹਨ ਲਈ ਦਿੱਤੇ। ਅੱਠਵੀਂ ਪਾਸ ਕਰਨ ਤੱਕ ਮੈਂ ਨਾਨਕ ਸਿੰਘ ਦੇ ਕਾਫੀ ਨਾਵਲ ਪੜ੍ਹ ਲਏ। ਇੰਝ ਮੇਰੀ ਸਾਹਿਤ ਪੜ੍ਹਨ ਵੱਲ ਰੁਚੀ ਵਧੀ। ਮੈਂ ਲਿਖਣਾ ਸ਼ੁਰੂ ਕੀਤਾ ਤਾਂ ਪੰਜਾਬੀ ਅਧਿਆਪਕ ਵੱਲੋਂ ਦਿੱਤੇ ਨਾਂਅ 'ਅਜ਼ੀਜ਼' ਨੂੰ ਪਹਿਲ ਦੇ ਅਧਾਰ 'ਤੇ ਸਾਹਿਤਕ ਨਾਂਅ ਵਜੋਂ ਵਰਤਿਆ।

**? ਅਜ਼ੀਜ਼ ਦੀ ਸਾਹਿਤਕ ਖੇਤਰ ਵਿੱਚ ਪਹਿਲੀ ਪਛਾਣ ਕਵੀ ਵਜੋਂ ਬਣਦੀ ਹੈ, ਫਿਰ ਉਹ ਸਿੱਧਾ ਹੀ ਨਾਵਲਕਾਰ ਕਿਉਂ ਤੇ ਕਿਵੇਂ ਬਣ ਗਿਆ।**

-ਪੰਜਾਬੀ ਸਾਹਿਤ ਵਿੱਚ ਮੈਂ 2006 ਵਿੱਚ ਕਾਵਿ ਸੰਗ੍ਰਹਿ 'ਬਨੇਰੇ ਖ਼ਾਮੋਸ਼ ਹਨ' ਨਾਲ਼ ਪ੍ਰਵੇਸ਼ ਹੋਇਆ ਸੀ। ਗਿਆਰ੍ਹਵੀਂ-ਬਾਰ੍ਹਵੀਂ ਸ਼੍ਰੇਣੀ ਵਿੱਚ ਮੈਂ ਪੰਜਾਬੀ ਸਾਹਿਤ ਰੂਪ, ਛੰਦ, ਅਲੰਕਾਰ ਆਦਿ ਬਾਰੇ ਪੜ੍ਹਿਆ। ਕਵਿਤਾ ਵਿੱਚ ਰੁਚੀ ਬਣੀ, ਮੇਰੀ ਕਵਿਤਾ 'ਤੇ ਅੰਮ੍ਰਿਤਾ ਪ੍ਰੀਤਮ, ਸੰਤ ਰਾਮ ਉਦਾਸੀ ਹੁਰਾਂ ਦੀ ਕਵਿਤਾ ਦਾ ਅਸਰ ਰਿਹਾ। ਮੈਨੂੰ ਬਹੁਤ ਜਲਦੀ ਹੀ ਆਭਾਸ ਹੋ ਗਿਆ ਸੀ ਕਿ ਮੇਰੇ ਅੰਦਰ ਕਵਿਤਾ ਨਹੀਂ, ਸਗੋਂ ਨਾਵਲ ਦੇ ਵੱਡੇ ਪਲਾਟ ਪਏ ਹਨ। ਦਲਿਤਾਂ ਦਾ ਜੀਵਨ, ਉਹਨਾਂ ਦੀਆਂ ਤੰਗੀਆਂ-ਤੁਰਸ਼ੀਆਂ, ਪੇਂਡੂ ਸੱਭਿਆਚਾਰ ਦੀਆਂ ਵੰਨਗੀਆਂ, ਖੇਤੀ ਪ੍ਰਬੰਧ ਆਦਿ ਨੂੰ ਮੈਂ ਨੇੜਿਓਂ ਵੇਖਿਆ। ਇਹ ਸਾਰੇ ਸੰਕਟ ਜਾਂ ਸਰੋਕਾਰ ਨੂੰ ਕਹਿਣ ਲਈ ਕਵਿਤਾ ਠੀਕ ਨਹੀਂ ਸੀ, ਵੱਡੀ ਗੱਲ ਨੂੰ ਵੱਡੀ ਵਿਧਾ ਰਾਹੀਂ ਹੀ ਵਧੀਆ ਢੰਗ ਨਾਲ ਫੜਿਆ ਜਾ ਸਕਦਾ ਸੀ। ਸੋ ਮੈਂ ਕਵਿਤਾ ਨੂੰ ਛੱਡ ਕੇ ਨਾਵਲ 'ਤੇ ਹੀ ਆਪਣਾ ਧਿਆਨ ਦਿੱਤਾ। ਮੇਰਾ ਪਹਿਲਾ ਨਾਵਲ 'ਹਨੇਰੀ ਰਾਤ ਦੇ ਜੁਗਨੂੰ' ਛਪਿਆ ਤਾਂ ਉਸ ਨਾਵਲ ਨੇ ਆਪਣੇ ਇਲਾਕੇ ਵਿੱਚ ਐਨੀ ਕੁ ਚਰਚਾ ਛੇੜੀ ਕਿ ਲੋਕ ਹੈਰਾਨ ਹੋਏ ਸਨ ਕਿ ਨਿੱਕੀ ਜਿਹੀ ਉਮਰ ਦੇ ਮੁੰਡੇ ਨੇ ਵੱਡਾ ਨਾਵਲ ਲਿਖਿਆ ਹੈ। ਨਾਵਲ ਲਿਖ ਕੇ ਮੈਂ ਸੰਤੁਸ਼ਟ ਹਾਂ, ਕਵੀ ਬਣ ਕੇ ਮੈਂ ਕਵਿਤਾ ਨਾਲ਼ ਨਿਆਂ ਨਹੀਂ ਸੀ ਕਰ ਸਕਦਾ।

**? ਤੇਰੀ ਕਵਿਤਾ 'ਸਕੂਲ ਦਾ ਵਿਹੜਾ' ਪੰਜਾਬ ਦੇ ਸੈਂਕੜੇ ਸਕੂਲਾਂ ਦੀਆਂ ਕੰਧਾਂ 'ਤੇ ਲਿਖੀ ਗਈ ਹੈ, ਇਸ ਕਵਿਤਾ ਨਾਲ ਜੁੜਦਾ ਤੇਰਾ ਰਿਸ਼ਤਾ ਤੈਨੂੰ ਇੱਕ ਮਿਸ਼ਨਰੀ ਭਾਵਨਾ ਵਾਲੇ ਲੇਖਕ ਵਜੋਂ ਉਭਾਰਦੈ। ਇੱਕ ਅਧਿਆਪਕ ਵਜੋਂ ਤੂੰ ਵੱਖਰਾ ਕੀ ਕਰਨਾ ਚਾਹੁੰਨੈ।**

-ਕਵਿਤਾ 'ਸਕੂਲ ਦਾ ਵਿਹੜਾ' ਨੇ ਮੈਨੂੰ ਬਹੁਤ ਮਾਣ-ਸਨਮਾਨ ਬਖਸ਼ਿਆ ਹੈ। ਸੈਂਕੜੇ ਸਕੂਲਾਂ ਦੇ ਮੇਨ ਗੇਟ, ਸਕੂਲ ਮੈਗਜ਼ੀਨਾਂ, ਲਾਇਬਰੇਰੀਆਂ, ਦਾਖਲਾ ਪੋਸਟਰਾਂ ਨਾਲ਼ ਇਸ ਕਵਿਤਾ ਨੇ ਸਾਂਝ ਪਾਈ ਹੈ। ਅਧਿਆਪਕ ਹੋਣ ਦੇ ਨਾਤੇ ਮੈਂ ਚਾਹੁੰਦਾ ਹਾਂ ਕਿ ਬੱਚੇ ਸਿਰਫ ਕਿਤਾਬੀ ਗਿਆਨ ਨਾਲ ਹੀ ਨਾ ਜੁੜੇ ਰਹਿਣ, ਉਹ ਅੰਕਾਂ ਦੀ ਦੌੜ ਤੋਂ ਮੁਕਤ ਹੋ ਕੇ ਕਦਰਾਂ-ਕੀਮਤਾਂ ਧਾਰਨ ਕਰਨ। ਮੈਂ ਆਪਣੇ ਸਕੂਲੀ ਵਿਦਿਆਰਥੀਆਂ ਜਾਂ ਰੂ-ਬ-ਰੂ ਸਮਾਗਮਾਂ ਦੌਰਾਨ ਬੱਚਿਆਂ ਨੂੰ ਇਹ ਗੱਲ ਵਿਸ਼ੇਸ਼ ਤੌਰ 'ਤੇ ਕਹਿੰਦਾ ਹਾਂ ਕਿ ਪ੍ਰੀਖਿਆ ਵਿੱਚ ਫੇਲ੍ਹ ਵਿਦਿਆਰਥੀ, ਜ਼ਿੰਦਗੀ ਵਿੱਚ ਫੇਲ੍ਹ ਨਹੀਂ ਹੁੰਦਾ। ਬੱਸ, ਆਪਣੀ ਕਾਬਲੀਅਤ ਦੀ ਪਛਾਣ ਕੀਤੀ ਜਾਵੇ। ਮੇਰੀ ਲੋਚਾ ਹੈ ਕਿ ਬੱਚੇ ਚੰਗੇ ਸਾਹਿਤ ਨਾਲ਼ ਜੁੜਨ, ਚੰਗੇ ਸੰਸਕਾਰ ਗ੍ਰਹਿਣ ਕਰਨ।

**? ਜ਼ਿਲ੍ਹਾ ਮਾਨਸਾ ਦੇ ਸਕੂਲਾਂ ਵਿੱਚੋਂ ਸਭ ਤੋਂ ਵੱਧ ਸਾਹਿਤਕ ਗਤੀਵਿਧੀਆਂ ਤੇਰੇ ਸਕੂਲ 'ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਕੁਲਰੀਆਂ' ਵਿਖੇ ਹੁੰਦੀਆਂ ਨੇ, ਇੱਥੇ ਤੁਸੀਂ ਤਿੰਨ ਅਧਿਆਪਕ ਹੋ, ਜਿਨ੍ਹਾਂ ਦੀਆਂ ਕਿਤਾਬਾਂ ਛਪ ਚੁੱਕੀਆਂ ਹਨ। ਸਕੂਲ ਦੇ ਵਾਤਾਵਰਨ ਨੂੰ ਸਾਹਿਤਕ ਬਣਾਉਣ 'ਚ ਤੇਰਾ ਕਿੰਨਾ ਕੁ ਯੋਗਦਾਨ ਹੈ ।**

-ਮੇਰੀ ਕਰਮ ਭੂਮੀ ਦੀ ਸਾਹਿਤਕ ਮਿੱਟੀ ਬਹੁਤ ਜ਼ਰਖੇਜ਼ ਹੈ। ਹਰ ਵਰ੍ਹੇ ਅਨੇਕ ਗਤੀਵਿਧੀਆਂ ਦੇ ਨਾਲ਼-ਨਾਲ਼ ਸਾਹਿਤਕ ਗਤੀਵਿਧੀਆਂ ਵੀ ਚੱਲਦੀਆਂ ਰਹਿੰਦੀਆਂ ਹਨ। ਅਜਿਹੇ ਕਾਰਜ ਇਕੱਲੇ ਵਿਅਕਤੀ ਦੇ ਵੱਸ ਨਹੀਂ, ਸਗੋਂ ਸਹਿਯੋਗ ਨਾਲ਼ ਚੱਲਦੇ ਹਨ। ਮੈਂ 2012 ਵਿੱਚ ਕੁਲਰੀਆਂ ਸਕੂਲ 'ਚ ਬਦਲੀ ਉਪਰੰਤ ਹਾਜ਼ਰ ਹੋਇਆ ਸੀ, ਆਉਂਦਿਆਂ ਸਾਰ ਹੀ ਮੈਂ ਸਕੂਲ ਮੁਖੀ ਦਰਸ਼ਨ ਸਿੰਘ ਬਰੇਟਾ ਦੇ ਸਹਿਯੋਗ ਨਾਲ਼ ਪੰਦਰਵਾਹਾ ਕੰਧ ਪੱਤ੍ਰਿਕਾ 'ਅੰਬਰ ਵੱਲ ਪ੍ਰਵਾਜ਼' ਦਾ ਆਗਾਜ਼ ਕੀਤਾ। ਇਸ ਕਾਰਜ ਨਾਲ਼ ਸਕੂਲ ਦੇ ਅਨੇਕ ਬੱਚੇ ਸਾਹਿਤ ਲਿਖਣ ਅਤੇ ਪੜ੍ਹਨ ਵੱਲ ਰੁਚਿਤ ਹੋਏ। ਇਸ ਉਪਰਾਲੇ ਦੀ ਬਦੌਲਤ ਸਕੂਲ 'ਚੋਂ ਕਈ ਬੱਚੇ ਚੰਗੇ ਲੇਖਕ ਵਜੋਂ ਉੱਭਰੇ ਹਨ। ਤਿੰਨ ਸਾਲ ਲਗਾਤਾਰ ਮੈਂ ਕੰਧ ਪੱਤ੍ਰਿਕਾ ਦੇ ਪਰਸਪਰ ਸਕੂਲ ਮੈਗਜ਼ੀਨ 'ਤਮੰਨਾ' ਦੇ ਸੰਪਾਦਕ ਵਜੋਂ ਕੰਮ ਕੀਤਾ। ਸਕੂਲ ਲਾਇਬਰੇਰੀ ਨੂੰ ਸਾਹਿਤਕ ਛੋਹ ਦਿੱਤੀ, ਨਤੀਜਾ ਇਹ ਕਿ ਲਾਇਬਰੇਰੀ ਬਾਹਰੋਂ ਆਉਣ ਵਾਲੇ ਅਧਿਕਾਰੀ ਜਾਂ ਲੇਖਕਾਂ ਲਈ ਖਿੱਚ ਦਾ ਕੇਂਦਰ ਬਣਦੀ ਹੈ। ਸਕੂਲ ਵਿੱਚ ਕਰਵਾਏ ਜਾਂਦੇ ਸਾਹਿਤਕ ਪ੍ਰੋਗਰਾਮਾਂ ਵਿੱਚ ਵਧ-ਚੜ੍ਹ ਕੇ ਬਣਦਾ ਸਹਿਯੋਗ ਦੇਣ ਲਈ ਯਤਨਸ਼ੀਲ ਰਹਿੰਦਾ ਹਾਂ। ਬਾਕੀ ਆਪ ਸਭ ਜਾਣਦੇ ਹੀ ਹੋ।

**? ਤੇਰੇ ਸਾਰੇ ਨਾਵਲਾਂ 'ਚੋਂ ਰਿਉਂਦ ਕਲਾਂ ਤੇ ਆਸਪਾਸ ਦੇ ਪਿੰਡਾਂ ਦੀ ਮਿੱਟੀ ਦੀ ਮਹਿਕ ਆਉਂਦੀ ਹੈ, ਕੀ ਇਹਨਾਂ ਪਿੰਡਾਂ ਦੇ ਲੋਕਾਂ ਨੂੰ ਵੀ ਇਸ ਗੱਲ ਦਾ ਅਹਿਸਾਸ ਹੈ ਕਿ ਤੂੰ ਇਸ ਖੇਤਰ ਦੇ ਇਤਿਹਾਸ ਨੂੰ ਸੰਭਾਲਣ ਲਈ ਵੱਡਾ ਯੋਗਦਾਨ ਪਾ ਰਿਹੈਂ।**

-ਬੋਹਾ ਜੀ, ਮੇਰੇ ਹਿੱਸੇ ਪ੍ਰੇਮ ਕਹਾਣੀਆਂ ਜਾਂ ਪ੍ਰੀਤ ਗਾਥਾਵਾਂ ਲਿਖਣਾ ਨਹੀਂ ਆਇਆ। ਆਪਣੇ ਨਾਵਲਾਂ ਰਾਹੀਂ ਮਾਲਵੇ ਦੇ ਪਿੰਡਾਂ ਨੂੰ, ਮਲਵਈ ਸੱਭਿਆਚਾਰ, ਰਸਮ-ਰਿਵਾਜ, ਇੱਥੋਂ ਦੀ ਬੋਲੀ, ਅਖੌਤਾਂ, ਅਲੋਪ ਹੋ ਰਹੇ ਸ਼ਬਦ ਭੰਡਾਰ ਆਦਿ ਨੂੰ ਸੰਭਾਲਣ ਦਾ ਯਤਨ ਕੀਤਾ ਹੈ। ਨਿਰਸੰਦੇਹ ਜਦ ਅਸੀਂ ਲੋਕਾਂ ਦੇ ਮੇਚ ਦਾ ਸਾਹਿਤ ਲਿਖਦੇ ਹਾਂ ਤਾਂ ਲੋਕ ਜ਼ਰੂਰ ਸਾਡੇ ਕਦਰਦਾਨ ਹੁੰਦੇ ਹਨ। ਚਿੰਤਕ ਲੋਕ ਜਾਂ ਪਾਠਕ ਸ਼ਾਬਾਸ਼ੇ ਦਿੰਦੇ ਹਨ। ਇੱਕ ਗੱਲ ਮੈਂ ਜ਼ਰੂਰ ਤੁਹਾਡੇ ਨਾਲ ਸਾਂਝੀ ਕਰਾਂਗਾ, ਕਾਲੀਆ ਪਿੰਡ ਵਿੱਚ ਆ ਕੇ ਵੱਸੇ ਲੋਕਾਂ ਦੇ ਪਿਛਲੇ ਇਤਿਹਾਸ ਨੂੰ ਮੈਂ ਆਪਣੇ ਨਾਵਲ ਵਿੱਚ ਵਿਸ਼ੇਸ਼ ਸਥਾਨ ਦਿੱਤਾ, ਪਰ ਉਹਨਾਂ ਲੋਕਾਂ ਨੇ ਮੇਰੀ ਕਦਰ ਨਹੀਂ ਪਾਈ। ਇਸ ਗੱਲ ਦਾ ਮੈਨੂੰ ਦੁੱਖ ਹੈ। ਫਿਰ ਵੀ ਆਪਣੀ ਤੋਰ ਲਗਾਤਾਰ ਤੁਰਦਾ ਜਾ ਰਿਹਾ ਹਾਂ।

**? ਸੰਨ ਸੰਤਾਲੀ ਦੀ ਭਾਰਤ-ਪਾਕਿ ਵੰਡ ਦੌਰਾਨ ਵਾਪਰੇ ਅਣਮਨੁੱਖੀ ਵਰਤਾਰੇ ਦੇ ਭੁਗਤ ਭੋਗੀ ਰਹੇ 95 ਫੀਸਦੀ ਲੋਕ ਹੁਣ ਇਸ ਦੁਨੀਆ ਵਿੱਚੋਂ ਜਾ ਚੁੱਕੇ ਹਨ, ਤੇਰਾ ਇਸ ਵੰਡ ਨਾਲ਼ ਸਿੱਧਾ ਕੋਈ ਰਿਸ਼ਤਾ ਨਹੀਂ ਜੁੜਦਾ, ਫਿਰ ਵੀ ਇਸ ਵਹਿਸ਼ੀ ਵਰਤਾਰੇ ਨੂੰ ਸਜੀਵਤਾ ਸਾਹਿਤ ਚਿਤਰਨ ਵਿੱਚ ਸਫਲ ਕਿਵੇਂ ਰਿਹਾ ।**

-ਭਾਰਤ-ਪਾਕਿ ਵੰਡ ਨਾਲ ਮੇਰਾ ਕੋਈ ਸਿੱਧਾ ਰਿਸ਼ਤਾ ਨਹੀਂ ਸੀ। ਇੱਕ ਸਾਂਝ ਜ਼ਰੂਰ ਸੀ, ਉਹ ਸੀ ਦਰਦ ਦੀ ਸਾਂਝ। ਆਪਣੇ ਪੁਰਖਿਆਂ ਤੋਂ ਜਦ ਉਜਾੜੇ ਸਮੇਂ ਵਾਪਰੇ ਅਣਮਨੁੱਖੀ ਵਰਤਾਰੇ ਦੀਆਂ ਘਟਨਾਵਾਂ ਸੁਣਦੇ ਤਾਂ ਅੰਦਰੋਂ ਇੱਕ ਚੀਸ ਜਿਹੀ ਉੱਠਦੀ। ਬਸ, ਉਸ ਚੀਸ ਨੇ ਹੀ ਟਿਕਣ ਨਾ ਦਿੱਤਾ। ਤੁਸੀਂ ਸਵਾਲ ਰਾਹੀਂ ਵੀ ਦਰਸਾਇਆ ਹੈ ਕਿ ਇਹ ਵਿਸ਼ਾ ਔਖਾ ਸੀ। ਬੋਹਾ ਜੀ, ਮੇਰੇ ਜਿਹੇ ਪਛੇਤੀ ਉਮਰ ਦੇ ਲੇਖਕ ਲਈ ਇਹ ਵਿਸ਼ਾ ਸੱਚਮੁੱਚ ਹੀ ਔਖਾ ਹੈ, ਪਰ ਨਾਲ਼ ਹੀ ਜੇ ਤੁਹਾਡੇ ਇਰਾਦੇ ਮਜ਼ਬੂਤ ਹਨ, ਤੁਸੀਂ ਲਗਨ ਨਾਲ ਆਪਣੇ ਥੀਮ 'ਤੇ ਲਗਾਤਾਰ ਫੀਲਡ ਵਰਕ ਕਰਦੇ ਹੋ ਤਾਂ ਸਭ ਕੁੱਝ ਸੰਭਵ ਹੈ। ਉਸ ਸਮੇਂ ਦੇ ਗਵਾਹ ਬਜ਼ੁਰਗਾਂ ਦੇ ਮੈਂ ਲਗਾਤਾਰ ਸੰਪਰਕ 'ਚ ਰਿਹਾ। ਕਾਲੀਆ, ਕਾਹਨਗੜ੍ਹ, ਗੰਢੂਆਂ, ਲੱਖੀਵਾਲ, ਭਖੜਿਆਲ ਜਿਹੇ ਪਿੰਡਾਂ ਵਿੱਚ ਮੈਂ ਪੁਰਾਣੇ ਬਜ਼ੁਰਗਾਂ ਨੂੰ ਮਿਲਿਆ। ਕਾਲੀਆ ਪਿੰਡ ਦੇ ਬਾਪੂ ਗੁਰਦੇਵ ਸਿੰਘ ਅਤੇ ਦਲੀਪ ਸਿੰਘ ਜੋ ਖ਼ੁਦ ਕਾਫਲੇ ਨਾਲ਼ ਚੱਕ ਖਲੀਲ ਤੋਂ ਆਏ ਸੀ, ਉਸ ਭੈੜੇ ਸਮੇਂ ਦੇ ਚਸ਼ਮਦੀਦ ਗਵਾਹ ਸਨ, ਉਹਨਾਂ ਦਾ ਬਹੁਤ ਸਾਥ ਰਿਹਾ। ਆਪਣੇ ਲੋਕ ਨਾਵਲ 'ਤੇ ਮੈਂ ਐਨੀ ਮਿਹਨਤ ਕੀਤੀ ਕਿ ਮੈਂ ਉਹਨਾਂ ਰਾਹਾਂ ਨੂੰ ਵੇਖਣ ਕਈ ਦਿਨ ਪੈਦਲ ਗਿਆ, ਮੈਂ ਮਹਿਸੂਸ ਕੀਤਾ ਕਿ ਕਾਫਲੇ ਕਿਵੇਂ ਇੱਥੋਂ ਲੰਘੇ ਹੋਣੇ। ਹੋਰ ਤਾਂ ਹੋਰ ਮੌਸਮ ਦੇ ਹਿਸਾਬ ਨਾਲ ਮੈਂ ਇਸ ਡੂੰਘਾਈ ਤੱਕ ਵੀ ਗਿਆ ਕਿ ਬਰਸਾਤਾਂ ਦੇ ਮੌਸਮ ਵਿੱਚ ਕਿਸ ਕਿਸਮ ਦੇ ਕੀਟ-ਪਤੰਗੇ ਨਮ ਹਵਾ ਵਿੱਚ ਉੱਡਦੇ ਹੋਣੇ। ਇਹ ਸਭ ਮਿਹਨਤ ਦਾ ਹੀ ਫਲ ਹੈ, ਨਾਵਲ ਨੂੰ ਐਨੀ ਮੁਹੱਬਤ ਮਿਲੀ, ਸ਼ਾਹਮੁਖੀ 'ਚ ਅਨੁਵਾਦ ਹੋਇਆ, ਫਿਰ ਲਾਹੌਰ ਦੇ ਨਾਮੀ ਅਖਬਾਰ 'ਡੇਲੀ ਭੁਲੇਖਾ' ਵਿੱਚ ਲੜੀਵਾਰ ਪ੍ਰਕਾਸ਼ਤ ਹੁੰਦਾ ਰਿਹਾ।

**? ਸੰਤਾਲੀ ਦੀ ਵੰਡ ਬਾਰੇ ਤੈਥੋਂ ਪਹਿਲਾਂ ਹੀ ਬਹੁਤ ਨਾਵਲ ਲਿਖੇ ਗਏ ਹਨ, ਕੀ ਤੈਨੂੰ ਲੱਗਦਾ ਹੈ ਕਿ ਤੂੰ ਪਾਠਕਾਂ ਨੂੰ ਇਸ ਬਾਰੇ ਕੋਈ ਤੱਥਾਂ ਅਧਾਰਿਤ ਨਵੀਂ ਜਾਣਕਾਰੀ ਦੇਣ ਵਿੱਚ ਸਫਲ ਰਿਹਾ ਏਂ।**

-ਸੰਤਾਲੀ ਜਾਂ ਚੁਰਾਸੀ ਅਜਿਹੇ ਦਰਦ ਹਨ ਜਾਂ ਅਜਿਹੇ ਅਮਾਨਵੀ ਵਰਤਾਰੇ ਵਾਪਰੇ ਹਨ, ਜਿਨ੍ਹਾਂ ਬਾਰੇ ਜਿੰਨਾ ਵੀ ਲਿਖਿਆ ਜਾਵੇ, ਓਨਾ ਹੀ ਘੱਟ ਹੈ। ਇਸ ਵਿਸ਼ੇ 'ਤੇ ਪਿੰਜਰ, ਤਮਸ ਜਿਹੇ ਉੱਚ ਪਾਏ ਦੇ ਨਾਵਲਾਂ ਤੋਂ ਬਿਨਾਂ ਦਰਜਨਾਂ ਕਹਾਣੀਆਂ ਲਿਖੀਆਂ ਗਈਆਂ ਹਨ। ਮੇਰੇ ਸਾਹਮਣੇ ਇੱਕ ਚੁਣੌਤੀ ਸੀ, ਉਹ ਚੁਣੌਤੀ ਇਹ ਸੀ ਕਿ ਮੈਂ ਵੱਖਰਾ ਕੀ ਦੇ ਰਿਹਾ ਹਾਂ? ਜਿੱਥੇ ਮੁਲਕ ਦੇ ਬਹੁਤੇ ਹਿੱਸੇ ਵਿੱਚ ਆਜ਼ਾਦੀ ਦੇ ਜਸ਼ਨ ਮਨਾਏ ਜਾ ਰਹੇ ਸੀ, ਉਸੇ ਸਮੇਂ ਪੰਜਾਬ ਉੱਪਰ ਬਟਵਾਰੇ ਦੇ ਬੱਦਲ ਮੰਡਰਾ ਰਹੇ ਸੀ। ਠੀਕ ਉਸੇ ਸਮੇਂ ਹੀ ਬੇਜ਼ਮੀਨੇ ਮੁਜ਼ਾਰੇ ਜ਼ਮੀਨ ਪ੍ਰਾਪਤੀ ਲਈ ਜਾਗੀਰਦਾਰਾਂ ਨਾਲ ਜ਼ਮੀਨੀ ਘੋਲ ਲੜ ਰਹੇ ਸੀ। ਆਪਣੇ ਲੋਕਾਂ ਰਾਹੀਂ ਮੈਂ ਮੁਜ਼ਾਰਾ ਲਹਿਰ ਦਾ ਪਰਸਪਰ ਜ਼ਿਕਰ ਕੀਤਾ ਹੈ। ਮੁਜ਼ਾਰਾ ਲਹਿਰ ਦੇ ਮੂਹਰਲੀਆਂ ਸਫ਼ਾਂ ਦੇ ਆਗੂ ਅਤੇ ਵਰਕਰਾਂ ਨੇ ਦੰਗੇ-ਫਸਾਦ ਰੋਕਣ ਵਿੱਚ ਬਣਦਾ ਯੋਗਦਾਨ ਦਿੱਤਾ। ਉੱਜੜ ਕੇ ਆਏ ਲੋਕਾਂ ਨੂੰ ਨਵਾਂ ਜੀਵਨ ਦਿੱਤਾ। ਨਾਵਲ ਵਿੱਚ ਜੋ ਵੀ ਜਾਣਕਾਰੀ ਦਿੱਤੀ ਗਈ ਹੈ, ਨਿਰੋਲ ਤੱਥਾਂ ਦੇ ਆਧਾਰ 'ਤੇ ਹੈ। ਅਜਿਹੇ ਵਿਸ਼ੇ ਤੱਥਾਂ ਜਾਂ ਜਾਣਕਾਰੀ ਤੋਂ ਬਿਨਾਂ ਨਹੀਂ ਲਿਖ ਸਕਦੇ। ਆਖਰ ਇਤਿਹਾਸਕ ਰਚਨਾਵਾਂ ਦੇ ਤੱਥਾਂ ਨੂੰ ਅਸੀਂ ਤੋੜ-ਮਰੋੜ ਕੇ ਪੇਸ਼ ਨਹੀਂ ਕਰ ਸਕਦੇ। ਮੇਰੇ ਨਾਵਲ ਦਾ ਇੱਕ ਪਾਠਕ ਧੂਰੀ ਤੋਂ ਇੱਕ ਦਿਨ ਸਪੈਸ਼ਲ ਮੇਰੇ ਨਾਵਲ ਨਾਲ ਜੁੜੇ ਸਥਾਨ, ਪਿੰਡ, ਪੀਰਾਂ ਵਾਲੀ ਦੀਆਂ ਮਸਜਿਦਾਂ ਵੇਖਣ ਆਇਆ। ਅਜਿਹੇ ਪਾਠਕਾਂ ਕਾਰਨ ਆਪ ਨੂੰ ਵੀ ਤਸੱਲੀ ਮਿਲਦੀ ਹੈ ਕਿ ਰਚਨਾ ਸਫਲ ਹੈ।

**? ਪੰਜਾਬੀ ਨਾਵਲ ਦੇ ਖੇਤਰ ਵਿੱਚ ਹੁਣ ਤਿੰਨ ਪ੍ਰਗਟ ਹੋ ਗਏ, ਪ੍ਰਗਟ ਸਿੰਘ ਸਿੱਧੂ, ਪ੍ਰਗਟ ਸਿੰਘ ਸਤੌਜ ਤੇ ਪ੍ਰਗਟ ਸਿੰਘ (ਅਜ਼ੀਜ਼ ਸਰੋਏ)। ਸਤੌਜ ਵਾਲੇ ਪ੍ਰਗਟ ਅਤੇ ਰਿਉਂਦ ਵਾਲੇ ਪ੍ਰਗਟ (ਅਜ਼ੀਜ਼) ਨੇ ਲੱਗਭੱਗ ਇੱਕੋ ਸਮੇਂ 'ਤੇ ਇੱਕੋ ਵਿਸ਼ੇ (ਸੰਤਾਲੀ ਦੀ ਵੰਡ) 'ਤੇ ਨਾਵਲ ਲਿਖੇ ਨੇ। ਇਹ ਮਹਿਜ਼ ਇਤਫਾਕ ਹੈ ਜਾਂ ਤੁਹਾਡੇ ਦੋਹਾਂ ਵੱਲੋਂ ਮਿਲ ਬੈਠ ਕੇ ਬਣਾਈ ਵਿਉਂਤਬੰਦੀ।**

-ਪ੍ਰਗਟ ਸਿੰਘ ਸਿੱਧੂ ਅਤੇ ਸਤੌਜ ਵਾਲਾ ਪ੍ਰਗਟ ਦੋਨੋਂ ਹੀ ਮੇਰੇ ਲਈ ਸਤਿਕਾਰਤ ਹਨ। ਸੱਚ ਆਖਾਂ ਤਾਂ ਪ੍ਰਗਟ ਸਿੰਘ ਸਿੱਧੂ ਦੇ ਨਾਵਲ 'ਆਪਣੀ ਮਿੱਟੀ ਦੀ ਸਾਜ਼ਿਸ਼' ਨੇ ਮੈਨੂੰ ਬਹੁਤ ਊਰਜਾ ਦਿੱਤੀ ਸੀ। ਉਸ ਨਾਵਲ ਨੂੰ ਪੜ੍ਹ ਕੇ ਹੀ ਮੈਨੂੰ ਜਾਪਿਆ ਸੀ ਕਿ ਨਾਵਲ ਲਿਖਿਆ ਜਾ ਸਕਦਾ ਹੈ। ਇਹ ਗੱਲ 1997-98 ਦੀ ਹੈ। ਮੈਂ ਆਪਣਾ ਪਹਿਲਾ ਨਾਵਲ 'ਹਨੇਰੀ ਰਾਤ ਦੇ ਜੁਗਨੂੰ' ਵੀ 1998 ਵਿੱਚ ਲਿਖਣਾ ਸ਼ੁਰੂ ਕਰ ਦਿੱਤਾ ਸੀ।

ਰਹੀ ਗੱਲ ਸਮਕਾਲੀ ਲੇਖਕਾਂ ਵੱਲੋਂ ਇੱਕ ਸਮੇਂ, ਇੱਕੋ ਵਿਸ਼ੇ ਨੂੰ ਅਧਾਰ ਬਣਾ ਕੇ ਲਿਖਣਾ। ਇਹ ਮਹਿਜ਼ ਇਤਫਾਕ ਹੀ ਹੈ, ਮਿਲ ਬੈਠ ਕੇ ਬਣਾਈ ਵਿਉਂਤ ਨਹੀਂ। ਬਲਕਿ 'ਆਪਣੇ ਲੋਕ' ਦਾ ਪਹਿਲਾ ਭਾਗ 2018 ਵਿੱਚ ਅਤੇ ਆਪਣੇ ਲੋਕ (ਪੂਰਾ ਨਾਵਲ) 2022 ਵਿੱਚ ਛਪਿਆ। 'ਕੀ ਪੜ੍ਹ ਰਿਹਾ ਹਾਂ ਜਾਂ ਕੀ ਲਿਖ ਰਿਹਾ ਹਾਂ' ਇਸ ਵਿਸ਼ੇ 'ਤੇ ਮੇਰੀ ਤੇ ਸਤੌਜ ਦੀ ਗੱਲਬਾਤ ਜ਼ਰੂਰ ਹੁੰਦੀ ਹੈ। ਸਤੌਜ ਨੂੰ ਵਧਾਈ, ਉਸ ਦਾ 47 ਬਾਰੇ ਲਿਖਿਆ ਨਾਵਲ ਵੀ ਹੁਣ ਪ੍ਰਕਾਸ਼ਿਤ ਹੋ ਗਿਆ ਹੈ ਤੇ ਰੋਜ਼ਾਨਾ ਅਜੀਤ ਅਖਬਾਰ ਦੇ ਐਤਵਾਰਤਾ ਅੰਕ ਵਿੱਚ ਲੜੀਵਾਰ ਸੋਹਣਾ ਚੱਲ ਰਿਹਾ ਹੈ। ਹਰ ਲੇਖਕ ਨੂੰ ਖੁੱਲ੍ਹ ਹੈ, ਉਹ ਕਿਸੇ ਵੀ ਵਿਸ਼ੇ ਨੂੰ ਅਧਾਰ ਬਣਾ ਕੇ ਲਿਖ ਸਕਦਾ ਹੈ, ਸੋ ਸਮਕਾਲੀ ਲੇਖਕ ਦੀ ਰਚਨਾ ਦਾ ਵੀ ਸਵਾਗਤ।

**? ਨਾਵਲ 'ਆਪਣੇ ਲੋਕ' ਲਹਿੰਦੇ ਪੰਜਾਬ ਦੇ ਕਿਸੇ ਪਰਚੇ ਵਿੱਚ ਸ਼ਾਹਮੁਖੀ ਵਿੱਚ ਵੀ ਛਪਿਐ ਤੇ ਉਧਰਲੇ ਪਾਠਕਾਂ ਨੇ ਵੀ ਪੰਜਾਬ ਅਤੇ ਰਫੀਕ ਦੀ ਦੋਸਤੀ ਮਜ਼ਬੂਤ ਹੋਣ ਦੀਆਂ ਦੁਆਵਾਂ ਮੰਗੀਆਂ ਨੇ, ਕੀ ਤੈਨੂੰ ਲੱਗਦੈ ਕਿ ਇਧਰਲੇ ਤੇ ਉਧਰਲੇ ਪਾਠਕਾਂ ਦੀਆਂ ਦੁਆਵਾਂ ਕਦੇ ਰੰਗ ਲਿਆਉਣਗੀਆਂ ਤੇ ਦੋਹਾਂ ਪਾਸਿਆਂ ਦੇ ਪੰਜਾਬੀ ਬਿਨਾਂ ਕਿਸੇ ਰਾਜਸੀ ਰੁਕਾਵਟ ਤੋਂ ਆਪਸ ਵਿੱਚ ਜੱਫੀਆਂ ਪਾ ਸਕਣਗੇ।**

-ਸੰਤਾਲੀ ਦੇ ਝੱਖੜ ਵਿੱਚ ਕਿੰਨੀਆਂ ਹੀ ਸਾਂਝਾਂ, ਦੋਸਤੀਆਂ, ਮੁਹੱਬਤਾਂ ਤੀਲ੍ਹਾ-ਤੀਲ੍ਹਾ ਹੋ ਗਈਆਂ। ਪੰਜਾਬ ਅਤੇ ਰਫੀਕ ਜਿਹੇ ਕਿੰਨੇ ਹੀ ਦੋਸਤ ਜੁਦਾ ਹੋਏ। ਧੂਰੀ ਤੋਂ 'ਆਪਣੇ ਲੋਕ' ਦੀ ਇੱਕ ਵਡੇਰ ਉਮਰ ਦੀ ਪਾਠਕ ਮੇਰੇ ਕੋਲ ਬਹੁਤ ਰੋਈ, ਉਹ ਵਾਰ-ਵਾਰ ਮੈਨੂੰ ਕਹਿੰਦੀ ਰਹੀ ਕਿ ਵੀਰ ਜੀ, ਪੰਜਾਬ ਤੇ ਰਫੀਕ ਮਿਲਣਗੇ ! ਜਿਵੇਂ ਮਰਜ਼ੀ ਕਰੋ, ਉਹਨਾਂ ਦਾ ਮਿਲਾਪ ਕਰਾਓ। ਸੁੱਚੀਆਂ ਮੁਹੱਬਤਾਂ ਰੰਗ ਲਿਆ ਰਹੀਆਂ ਹਨ। ਜਗਤ ਗੁਰੂ ਨਾਨਕ ਜੀ ਦੀ ਮਿਹਰ ਹੋ ਰਹੀ ਹੈ। ਕਰਤਾਰਪੁਰ ਲਾਂਘਾ ਖੁੱਲ੍ਹਣ ਨਾਲ਼ ਵਿੱਛੜੇ ਕਿੰਨੇ ਹੀ ਰਫੀਕ ਤੇ ਪੰਜਾਬ ਫਿਰ ਤੋਂ ਮਿਲ ਰਹੇ ਹਨ। ਨਵੀਂ ਪੀੜ੍ਹੀ ਨੂੰ ਚੇਤੰਨ ਹੋਣਾ ਪਵੇਗਾ, ਰਾਜਸੀ ਚਾਲਾਂ ਨੂੰ ਸਮਝਣਾ ਪਵੇਗਾ। ਫਿਰ ਰਫੀਕ ਨੂੰ ਪੰਜਾਬ ਤੋਂ ਮਿਲਣ ਲਈ ਕੋਈ ਨਹੀਂ ਰੋਕ ਸਕੇਗਾ। ਇੱਕ ਨਾਵਲਕਾਰ ਵਜੋਂ ਮੇਰਾ ਤਾਂ ਇਹੋ ਹੋਕਾ ਹੈ ਕਿ ਜਾਤਪਾਤ ਜਾਂ ਧਰਮਾਂ-ਵਰਗਾਂ ਦੀਆਂ ਦੀਵਾਰਾਂ ਤੋੜ ਕੇ ਧਰਤੀ ਨੂੰ ਸਵਰਗ ਬਣਾਈਏ।

**? ਪੰਜਾਬੀ ਸਾਹਿਤ ਵਿੱਚ ਲੇਖਕਾ ਅਤੇ ਆਲੋਚਕ ਦਾ ਰਿਸ਼ਤਾ ਹਮੇਸ਼ਾ ਦਵੰਦਾਤਮਕ ਈ ਰਿਹੈ, ਦੋਵੇਂ ਧਿਰਾਂ ਇੱਕ-ਦੂਜੇ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਵੀ ਨਹੀਂ ਹਨ ਤੇ ਦੋਹਾਂ ਦਾ ਇੱਕ ਦੂਜੇ ਤੋਂ ਬਿਨਾਂ ਸਰਦਾ ਵੀ ਨਹੀਂ, ਤੇਰੀ ਕਵਿਤਾ ਤੇ ਨਾਵਲਾਂ ਪ੍ਰਤੀ ਆਲੋਚਕਾਂ ਦਾ ਵਤੀਰਾ ਕੀ ਰਿਹੈ।**

-ਪੰਜਾਬੀ ਸਾਹਿਤ ਜਾਂ ਵਿਸ਼ਵ ਸਾਹਿਤ ਦੀ ਗੱਲ ਕਰੀਏ ਤਾਂ ਪਾਠਕ, ਲੇਖਕ ਜਾਂ ਆਲੋਚਕ ਹਰ ਕੋਈ ਆਪੋ-ਆਪਣਾ ਕਿਰਦਾਰ ਨਿਭਾਉਂਦਾ ਹੈ। ਲੇਖਕ ਅਤੇ ਆਲੋਚਕ ਦੋਨੋਂ ਇੱਕ-ਦੂਜੇ ਦੇ ਪੂਰਕ ਹਨ। ਬਿਨਾਂ ਭੇਦ-ਭਾਵ ਤੋਂ ਕੀਤੀ ਗਈ ਸਾਰਥਿਕ ਆਲੋਚਨਾ ਲੇਖਕ ਨੂੰ ਸਹੀ ਦਿਸ਼ਾ ਦਿੰਦੀ ਹੈ। ਲੇਖਕ ਨੂੰ ਵੀ ਇਮਾਨਦਾਰੀ ਨਾਲ਼ ਆਲੋਚਕਾਂ ਵੱਲੋਂ ਉਠਾਏ ਨੁਕਤਿਆਂ ਨੂੰ ਪ੍ਰਵਾਨ ਕਰਨਾ ਚਾਹੀਦਾ ਹੈ। ਮੈਂ ਹਮੇਸ਼ਾ ਇਮਾਨਦਾਰੀ ਨਾਲ਼ ਆਲੋਚਕਾਂ ਦੇ ਨੁਕਤਿਆਂ ਜਾਂ ਟਿੱਪਣੀਆਂ ਨੂੰ ਖਿੜੇ ਮੱਥੇ ਸਵੀਕਾਰ ਵੀ ਕੀਤਾ ਹੈ ਤੇ ਉਹਨਾਂ 'ਤੇ ਅਮਲ ਵੀ ਕੀਤਾ ਹੈ। ਖੈਰ ਮੇਰੀਆਂ ਰਚਨਾਵਾਂ ਪ੍ਰਤੀ ਆਲੋਚਕਾਂ ਦਾ ਵਤੀਰਾ ਸਾਰਥਿਕ ਹੀ ਰਿਹਾ ਹੈ। ਕੋਈ ਤਿੱਖੀ ਟਿੱਪਣੀ ਦਾ ਸਾਹਮਣਾ ਨਹੀਂ ਕਰਨਾ ਪਿਆ, ਜਿਸ ਨਾਲ਼ ਨਿਰਾਸ਼ਾ ਪੱਲੇ ਪਈ ਹੋਵੇ।



ਅਜ਼ੀਜ਼ ਸਰੋਏ

**? ਇੱਕ ਲੇਖਕ ਵਜੋਂ ਤੈਨੂੰ ਤੇਰੇ ਘਰ ਦੇ ਮੈਂਬਰ ਤੇ ਨੇੜਲੇ ਰਿਸ਼ਤੇਦਾਰ ਕਿੰਨੀ ਕੁ ਮਾਨਤਾ ਦਿੰਦੇ ਹਨ। ਲੇਖਕ ਉਨ੍ਹਾਂ ਲਈ ਵਾਧੂ ਦੀ ਮਗਜ਼ ਖਪਾਈ ਕਰਨ ਤੇ ਘਰ ਫੂਕ ਤਮਾਸ਼ਾ ਵੇਖਣ ਵਾਲਾ ਜੀਵ ਹੈ ਜਾਂ ਉਹ ਉਸ ਨੂੰ ਵਿਸ਼ੇਸ਼ ਸਨਮਾਨ ਦੀ ਨਜ਼ਰ ਨਾਲ਼ ਵੀ ਵੇਖਦੇ ਹਨ।**

-ਬੋਹਾ ਜੀ, (ਹੱਸਦੇ ਹੋਏ) ਘਰ ਵਿੱਚ ਤਾਂ ਉਹ ਗੱਲ ਹੈ ਅਖੇ ਘਰ ਦਾ ਜੋਗੀ ਜੋਗੜਾ ਤੇ ਬਾਹਰ ਦਾ ਜੋਗੀ ਸਿੱਧ। ਪਰਵਾਰਕ ਮੈਂਬਰਾਂ ਨੂੰ ਮੇਰੀ ਲੇਖਣੀ ਨਾਲ਼ ਜ਼ਿਆਦਾ ਸਰੋਕਾਰ ਨਹੀਂ। ਉਹਨਾਂ ਨੂੰ ਇਹ ਵੀ ਨਹੀਂ ਪਤਾ ਲੱਗਦਾ, ਘਰ ਬੈਠਾ ਮੈਂ ਕਦ ਲਿਖ ਲੈਂਦਾ ਹਾਂ। ਚੰਗੀ ਗੱਲ ਇਹ ਹੈ ਕਿ ਉਹਨਾਂ ਕਦੇ ਮੇਰੀ ਸਿਰਜਨਾ ਵਿੱਚ ਦਖਲ-ਅੰਦਾਜ਼ੀ ਵੀ ਨਹੀਂ ਕੀਤੀ, ਨਾ ਹੀ ਉਹਨਾਂ ਨੇ ਕਦੇ ਮੈਨੂੰ ਰਚਨਾ ਕਰਨ ਤੋਂ ਰੋਕਿਆ ਹੈ। ਘਰ ਦਾ ਕੋਈ ਕੰਮ ਮੇਰੇ 'ਤੇ ਨਿਰਭਰ ਨਾ ਹੋਣ ਕਾਰਨ ਮੇਰਾ ਲਿਖਣ ਅਤੇ ਪੜ੍ਹਨ ਦਾ ਕੰਮ ਸਮਾਂਤਰ ਚੱਲਦਾ ਰਹਿੰਦਾ ਹੈ। ਰਿਸ਼ਤੇਦਾਰਾਂ ਜਾਂ ਦੋਸਤਾਂ-ਮਿੱਤਰਾਂ ਵਿੱਚ ਇੱਕ ਸਾਹਿਤਕਾਰ ਵਜੋਂ ਮੇਰਾ ਜੋ ਸਤਿਕਾਰ ਹੋਣਾ ਚਾਹੀਦਾ ਹੈ, ਉਹ ਹੈ।

**? ਇੱਕ ਲੇਖਕ ਵਜੋਂ ਤਾਂ ਤੂੰ ਆਪਣੇ ਹਿੱਸੇ ਦੀ ਪਛਾਣ ਬਣਾ ਲਈ ਹੈ, ਪਰ ਮੈਂ ਇਹ ਜਾਨਣਾ ਚਾਹੁੰਦਾ ਆਂ ਕਿ ਤੂੰ ਪਾਠਕ ਕਿੰਨਾ ਕੁ ਵਧੀਆ ਏਂ, ਕਿਹੜੇ ਨਾਵਲਕਾਰਾਂ ਨੂੰ ਪੜ੍ਹਦਿਆਂ ਤੈਨੂੰ ਲੱਗਦੈ ਕਿ ਤੂੰ ਇਹਨਾਂ ਵਰਗਾ ਲਿਖੇਂ।**

-ਇੱਕ ਚੰਗਾ ਲੇਖਕ ਬਨਣ ਲਈ ਵੱਧ ਤੋਂ ਵੱਧ ਅਧਿਐਨ ਕਰਨਾ ਵੀ ਅਤਿ ਜ਼ਰੂਰੀ ਹੈ। ਸ਼ੁਰੂਆਤੀ ਦੌਰ 'ਚ ਮੈਂ ਨਾਨਕ ਸਿੰਘ, ਬਲਦੇਵ ਸੜਕਨਾਮਾ, ਗੁਰਦਿਆਲ ਸਿੰਘ, ਅਣਖੀ ਆਦਿ ਨਾਵਲਕਾਰਾਂ ਨੂੰ ਪੜ੍ਹਿਆ। ਵਕਤ ਦਰ ਵਕਤ ਪੁਰਾਣਿਆਂ ਦੇ ਨਾਲ਼-ਨਾਲ਼ ਨਵੀਂਆਂ ਕਲਮਾਂ, ਫਿਰ ਅਨੁਵਾਦਤ ਨਾਵਲ ਪਲੇਗ, ਗੋਲ਼ੀ, ਲਾਲ ਮੱਕੀ, ਕੁਫ਼ਰ, ਜ਼ੋਰਬਾ ਦਾ ਗਰੀਕ, ਪਹਿਲਾ ਅਧਿਆਪਕ ਜਿਹੀਆਂ ਕਿਰਤਾਂ ਪੜ੍ਹੀਆਂ। ਸਰੀਰ ਦੇ ਅੰਗਾਂ ਵਾਂਗ ਹਰ ਲੇਖਕ ਮਹੱਤਵਪੂਰਨ ਤੇ ਸਤਿਕਾਰਯੋਗ ਹੈ, ਪਰ ਮੈਂ ਚਾਹੁੰਦਾ ਹਾਂ ਕਿ ਮੇਰਾ ਬਦਲ ਮੈਂ ਖ਼ੁਦ ਹੀ ਹੋਵਾਂ।

**? ਆਪਣੇ ਪਰਵਾਰ ਵਿੱਚੋਂ ਹੀ ਨਹੀਂ, ਸਗੋਂ ਆਪਣੇ ਸਾਰੇ ਖਾਨਦਾਨ ਪਿਛੋਕੜ ਵਿੱਚ ਜਨਮਿਆ ਤੂੰ ਪਹਿਲਾ ਲੇਖਕ ਐਂ, ਕੀ ਤੂੰ ਚਾਹੁੰਦੈ ਕਿ ਹੁਣ ਤੈਥੋਂ ਅਗਲੀ ਪੀੜ੍ਹੀ ਇਹ ਲੇਖਕ ਬਣਨ ਦੀ ਪਰੰਪਰਾ ਨੂੰ ਅੱਗੇ ਤੋਰੇ।**

-ਬਿਲਕੁਲ ਜੀ, ਆਪਣੇ ਖਾਨਦਾਨ ਵਿੱਚੋਂ ਮੈਂ ਪਹਿਲਾ ਲੇਖਕ ਹਾਂ। ਬਚਪਨ ਵਿੱਚ ਜਾਂ ਪੜ੍ਹਨ ਰੁੱਤੇ ਮੈਨੂੰ ਰੰਗਾਂ ਨਾਲ਼ ਮੁਹੱਬਤ ਸੀ। ਬਚਪਨ ਦੀਆਂ ਰੁਚੀਆਂ ਦੱਸਦੀਆਂ ਸਨ ਕਿ ਮੈਂ ਚੰਗਾ ਚਿੱਤਰਕਾਰ ਬਣਾਂਗਾ, ਪਰ ਜਿਵੇਂ-ਜਿਵੇਂ ਸਮਾਂ ਤੇ ਪ੍ਰਸਥਿਤੀਆਂ ਬਦਲੀਆਂ, ਤੁਹਾਡੇ ਜਿਹੇ, ਡਾ. ਦੀਪ ਜਿਹੇ ਰਾਹ-ਦਸੇਰੇ ਮਿਲੇ, ਮੈਂ ਰੰਗਾਂ ਤੋਂ ਸ਼ਬਦਾਂ ਵੱਲ ਚੱਲ ਪਿਆ। ਮੈਂ ਚਾਹੁੰਦਾ ਹਾਂ ਕਿ ਮੇਰੀਆਂ ਧੀਆਂ, ਜੈਸਮੀਨ ਜਾਂ ਪਰਵੀਰ, ਉਹ ਇਸ ਪ੍ਰੰਪਰਾ ਨੂੰ ਅਗਾਂਹ ਤੋਰਨ। ਇਸੇ ਕਰਕੇ ਹੀ ਮੈਂ ਉਹਨਾਂ ਲਈ ਬਾਲ ਪੁਸਤਕਾਂ ਖਰੀਦ ਕੇ ਲਿਆਉਂਦਾ ਹਾਂ। ਛੋਟੀ ਬੇਟੀ ਤਾਂ ਤੋਤੋਚਾਨ ਦੀ ਨਕਲ ਵੀ ਕਰਦੀ ਹੈ। ਮੇਰੀਆਂ ਬੱਚੀਆਂ ਚੰਗੀਆਂ ਪਾਠਕ ਜਾਂ ਲੇਖਕ ਬਣਨ ਤਾਂ ਮੈਨੂੰ ਖ਼ੁਸ਼ੀ ਹੋਵੇਗੀ।

**? ਇਨਾਮਾਂ-ਸਨਮਾਨਾਂ ਦੇ ਖੇਤਰ ਵਿਚਲੀਆਂ ਜੁਗਾੜਬੰਦੀਆਂ ਦੇ ਖਿਲਾਫ ਰੌਲਾ ਵੀ ਬਹੁਤ ਪੈ ਰਿਹੈ, ਫਿਰ ਵੀ ਇਹ ਜੁਗਾੜਬੰਦੀਆਂ ਰੁਕਣ ਦੀ ਬਜਾਏ ਵਧ ਰਹੀਆਂ ਨੇ। ਦੂਜਿਆਂ ਨੂੰ ਕੋਈ ਇਨਾਮ ਮਿਲਣ 'ਤੇ ਰੌਲਾ ਪਾਉਣ ਵਾਲੇ ਆਪ ਵੀ ਜੁਗਾੜਬੰਦੀ ਕਰਦੇ ਵੇਖੇ ਜਾਂਦੇ ਨੇ। ਕੀ ਤੈਨੂੰ ਕਦੇ ਮਹਿਸੂਸ ਹੋਇਐ ਕਿ ਤੇਰੇ ਨਾਵਲਾਂ ਨੂੰ ਵੀ ਕੋਈ ਵੱਡਾ ਇਨਾਮ ਮਿਲਣਾ ਚਾਹੀਦਾ ਸੀ ਤੇ ਤੇਰਾ ਹੱਕ ਜੁਗਾੜਬਾਜ਼ਾਂ ਨੇ ਮਾਰ ਲਿਐ।**

-ਇਨਾਮਾਂ-ਸਨਮਾਨਾਂ ਦੇ ਸੰਦਰਭ ਵਿੱਚ, ਪੰਜਾਬੀ ਸਾਹਿਤ ਵਿੱਚ ਜੁਗਾੜਬੰਦੀਆਂ ਦਾ ਬਹੁਤ ਮਾੜਾ ਰੁਝਾਨ ਹੈ। ਬਹੁਤੇ ਲੇਖਕ ਮਾਨਾਂ-ਸਨਮਾਨਾਂ ਨੂੰ ਹੀ ਵੱਡਾ ਸਮਝਦੇ ਹਨ। ਅਜਿਹੀਆਂ ਜੁਗਾੜਬੰਦੀਆਂ ਚੰਗੇ ਸਾਹਿਤ ਨੂੰ ਅਤੇ ਪਾਠਕਾਂ ਨੂੰ ਠੇਸ ਪਹੁੰਚਾਉਂਦੀਆਂ ਹਨ। ਲੇਖਕਾਂ ਦੀਆਂ ਧੜੇਬੰਦੀਆਂ ਜਾਂ ਗੁੱਟਬੰਦੀਆਂ ਨੇ ਪੰਜਾਬੀ ਸਾਹਿਤ ਦਾ ਬਹੁਤ ਨੁਕਸਾਨ ਕੀਤਾ ਹੈ। ਮੈਂ ਹੱਥ ਖੜ੍ਹਾ ਕਰਕੇ ਦਾਅਵਾ ਕਰ ਸਕਦਾ ਹਾਂ ਕਿ ਮੈਂ ਆਪਣੇ ਨਾਵਲਾਂ ਨੂੰ ਇਨਾਮਾਂ-ਸਨਮਾਨਾਂ ਲਈ ਕਦੇ ਨੇੜਲੇ ਸਾਹਿਤਕਾਰਾਂ ਨੂੰ ਵੀ ਸਿਫਾਰਸ਼ ਨਹੀਂ ਕੀਤੀ। 'ਆਪਣੇ ਲੋਕ' ਤੋਂ ਮੈਨੂੰ ਸਾਹਿਤ ਅਕਾਦਮੀ ਦਾ ਯੁਵਾ ਪੁਰਸਕਾਰ ਮਿਲਣ ਦੀ ਉਮੀਦ ਸੀ। ਹੁਣ ਤਾਂ ਉਮਰ ਸੀਮਾ ਪਾਰ ਕਰ ਗਏ। ਇਸ ਗੱਲ ਦਾ ਕਿਸੇ ਪ੍ਰਤੀ ਕੋਈ ਗਿਲਾ-ਸ਼ਿਕਵਾ ਨਹੀਂ, ਪਰ ਮਹਿਸੂਸ ਜ਼ਰੂਰ ਹੁੰਦਾ ਹੈ ਕਿ ਮੇਰੇ ਨਾਵਲ ਵਿੱਚ ਕਿੱਥੇ ਘਾਟ ਰਹਿ ਗਈ!



ਅਜ਼ੀਜ਼ ਸਰੋਏ ਦਾ ਨਾਵਲ 'ਆਪਣੇ ਲੋਕ' ਰਿਲੀਜ਼ ਕਰਦੇ ਹੋਏ ਡਾ. ਸਤੀਸ਼ ਕੁਮਾਰ ਵਰਮਾ, ਡਾ. ਕੁਲਦੀਪ ਦੀਪ, ਨਿਰੰਜਣ ਬੋਹਾ, ਗੁਰਨਾਇਬ ਮੰਘਾਣੀਆਂ ਤੇ ਦਿਲਬਾਗ ਰਿਉਂਦ।

**? ਮਨੁੱਖੀ ਜਾਂਚ ਨੂੰ ਮਾਨਵਤਾਵਾਦੀ ਸਰੋਕਾਰਾਂ ਨਾਲ਼ ਜੋੜਨ ਵਾਲ਼ੇ ਵਿਚਾਰਾਂ ਨਾਲ਼ ਸੰਬੰਧਤ ਤੁਹਾਡੀ ਇੱਕ ਜੇਬੀ ਕਿਤਾਬ 'ਅਰਕ' ਵੀ ਛਪੀ ਹੈ, ਵੱਡ-ਆਕਾਰੀ ਨਾਵਲ ਲਿਖਦੇ-ਲਿਖਦੇ ਨਿੱਕ ਆਕਾਰੀ ਜੇਬੀ ਕਿਤਾਬ ਕੱਢਣ ਦੇ ਰਾਹ ਕਿਵੇਂ ਪੈ ਗਿਆ, ਕੀ ਇਸ ਕਿਤਾਬ ਨੂੰ ਵੀ ਤੇਰੇ ਨਾਵਲਾਂ ਜਿਹਾ ਹੀ ਪਾਠਕੀ ਹੁੰਗਾਰਾ ਮਿਲਿਆ ਹੈ।**

-ਵਿਚਾਰ ਸੰਗ੍ਰਹਿ 'ਅਰਕ' ਨੂੰ ਤਾਂ ਨਾਵਲਾਂ ਤੋਂ ਵੀ ਵੱਧ ਪਿਆਰ ਮਿਲਿਐ। ਮਿੱਤਰ-ਦੋਸਤ ਜਾਂ ਸਨੇਹੀ ਹਰ ਰੋਜ਼ ਸ਼ੁੱਭ ਸਵੇਰ ਦਾ ਮੈਸੇਜ ਭੇਜਦੇ ਹਨ, ਬਦਲੇ ਵਿੱਚ ਮੈਂ ਆਪਣੇ ਨਿੱਜੀ ਜੀਵਨ ਜਾਂ ਆਪਣੀ ਵਿਚਾਰਧਾਰਾ ਦੇ ਮੇਚਦੇ ਵਿਚਾਰ ਭੇਜਦਾ। ਮੇਰੇ ਕੋਲ ਲੱਗਭੱਗ ਤਿੰਨ ਸਾਲ ਦੇ ਵਿਚਾਰ ਇਕੱਠੇ ਹੋ ਗਏ। ਮੈਂ ਇਹਨਾਂ ਵਿਚਾਰਾਂ ਨੂੰ ਮੋਬ 'ਚੋਂ ਡਿਲੀਟ ਹੋਣ ਦੇ ਡਰੋਂ ਹੀ ਇਸ ਨੂੰ ਜੇਬੀ ਕਿਤਾਬ ਦਾ ਰੂਪ ਦਿੱਤਾ। 'ਅਰਕ' ਐਨੀ ਮਕਬੂਲ ਹੋਵੇਗੀ, ਮੈਨੂੰ ਯਕੀਨ ਨਹੀਂ ਸੀ। ਸ਼ਾਇਰ ਗੁਰਪ੍ਰੀਤ, ਗੁਰਦੀਪ ਢਿੱਲੋਂ ਤੇ ਸਤਪਾਲ ਭੀਖੀ ਨੂੰ ਪੁਸਤਕ ਦਾ ਆਕਾਰ ਬਹੁਤ ਪਸੰਦ ਆਇਆ, ਗੁਰਪ੍ਰੀਤ ਦੇ ਸਹਿਯੋਗ ਸਦਕਾ ਹੀ ਇਸ ਕਿਤਾਬ ਨੂੰ ਭਾਸ਼ਾ ਵਿਭਾਗ, ਮਾਨਸਾ ਵੱਲੋਂ 'ਮਾਂ ਬੋਲੀ ਦਿਹਾੜੇ' ਨੂੰ ਸਮਰਪਿਤ ਸਮਾਗਮ ਵਿੱਚ ਰਿਲੀਜ਼ ਕੀਤਾ ਗਿਆ, ਸੱਚ ਜਾਣਿਓ ਕਿ ਪੁਸਤਕ ਲੋਕ ਅਰਪਣ ਤੋਂ ਬਾਅਦ ਜਾਂ ਇਹ ਕਹਿ ਲਵਾਂ ਕਿ ਪੁਸਤਕ ਛਪਾਈ ਦੇ ਮਹੀਨੇ ਦੇ ਅੰਦਰ-ਅੰਦਰ ਮੇਰੇ ਤੇ ਪ੍ਰਕਾਸ਼ਕ ਦੋਹਾਂ ਕੋਲ ਖਤਮ ਹੋ ਗਈ।

# ਬਾਲ ਕੋਨਾ

## ਪੈਂਤੀ ਅੱਖਰ

ਮੇਰਾ ਊੜੇ ਐੜੇ ਵਾਲਾ ਬਸਤਾ  
ਚੰਗਾ ਲੱਗੇ ਬਾਹਲਾ ਬਸਤਾ

ਮੋਢੇ ਜਦ ਇਹ ਪਾਵਾਂ ਬਸਤਾ  
ਫਿਰ ਨਾ ਛੇਤੀ ਲਾਵ੍ਹਾਂ ਬਸਤਾ

ਊੜਾ ਐੜਾ ਜਾਨ ਹੈ ਮੇਰੀ  
ਏਸੇ ਕਰਕੇ ਸ਼ਾਨ ਹੈ ਮੇਰੀ

ਸਿਰ ਦੇ ਉੱਤੇ ਕਰਿਆ ਜੂੜਾ  
ਹੱਥਾਂ 'ਤੇ ਮੈਂ ਧਰਿਆ ਊੜਾ

ਊੜਾ ਐੜਾ ਮੇਰੇ ਪੱਕੇ ਆੜੀ  
'ਪੈਂਤੀ ਅੱਖਰ' ਮੇਰੇ ਸੱਕੇ ਆੜੀ

ਆੜੀ ਮੇਰੇ ਹੀਰਿਆਂ ਵਰਗੇ  
ਮਿੱਠੇ ਨਿਰੇ ਮਤੀਰਿਆਂ ਵਰਗੇ

ਬੁੱਲ੍ਹਾਂ 'ਤੇ ਜਦ ਰੱਖ ਲੈਨਾਂ ਵਾਂ  
ਮਜੇ ਮੈਂ ਪੂਰੇ ਚੱਖ ਲੈਨਾਂ ਵਾਂ

ਮੇਰੇ ਸਾਹਾਂ ਦੇ ਵਿਚ ਵੱਸਣ ਪੈਂਤੀ  
'ਗਿੱਲ' ਦੇ ਵਿਹੜੇ ਹੱਸਣ ਪੈਂਤੀ।

—ਬੇਅੰਤ ਗਿੱਲ







ਅਮਨਜੀਤ, ਚੌਥੀ, ਸ. ਪ. ਸ. ਲੰਡੂਕੇ



ਏਕਮ ਕੌਰ, ਚੌਥੀ, ਸ. ਪ. ਸ. ਲੰਡੂਕੇ



ਮੁਖਵਿੰਦਰ ਪਾਲ, ਚੌਥੀ, ਸ. ਪ. ਸ. ਲੰਡੂਕੇ